14-May-Sunday.qxd 5/13/2023 10:11 PM Page 1



ਕੁਲਵਿੰਦਰ ਚਾਵਲਾ ਦੀਆਂ ਕਵਿਤਾਵਾਂ
ਆਖਰੀ ਤੋਂ ਪਹਿਲੇ ਸਫ਼ੇ 'ਤੇ


# ਨਵਾਂ ਜ਼ਮਾਨਾ
# ਐਤਵਾਰਤਾ


ਨਾ ਵੱਢ ਰੁੱਖ ਬੇਕਿਰਕਿਆ
ਰੁੱਖ ਤਾਂ ਸਾਡੀ ਆਸ
ਰੁੱਖ ਤਾਂ ਮਾਂ ਕਹਿਲਾਵੰਦੇ
ਇਹ ਮਮਤਾ ਦਾ ਵਿਨਾਸ
- ਮਲਵਿੰਦਰ

Regd. No : Pb/JL-123/2021-2023, (R.N.I.)-00068/57 ਜਲੰਧਰ : ਐਤਵਾਰ, 14 ਮਈ 2023 www.nawanzamana.in ਕੀਮਤ 5.00 ਰੁਪਏ

# ਡਿਲੀਟ : ਡਾਰਵਿਨ ਦੇ ਸਿਧਾਂਤ 'ਚ ਇਹ ਸ਼ਬਦ ਨਹੀਂ ਹੈ !

ਅੰਜਨੀ ਕੁਮਾਰ

ਅਨੁ: ਬੂਟਾ ਸਿੰਘ ਮਹਿਮੂਦਪੁਰ

*ਪਿਛਲੇ ਦਿਨੀਂ ਭਾਰਤ ਵਿਚ ਸੀ ਬੀ ਐੱਸ ਈ ਦੇ ਸਿਲੇਬਸ ਵਿਚ ਵੱਡੀ ਰੱਦੋਬਦਲ ਚਰਚਾ ਦਾ ਵਿਸ਼ਾ ਬਣੀ ਹੈ। ਸਰੋਕਾਰ ਦਾ ਮੁੱਖ ਨੁਕਤਾ ਡਾਰਵਿਨ ਦੇ ਵਿਕਾਸਵਾਦ ਦੇ ਸਿਧਾਂਤ ਨੂੰ ਸਿਲੇਬਸ ਵਿੱਚੋਂ ਹਟਾਉਣਾ ਹੈ, ਜਿਸ ਦਾ ਬਹਾਨਾ ਹੋਰ ਬਣਾਇਆ ਗਿਆ ਹੈ ਅਤੇ ਅਸਲ ਨਿਸ਼ਾਨਾ ਹੋਰ ਹੈ। ਦਰਅਸਲ ਵਿਦਿਆਰਥੀ ਦੇ ਦਿਮਾਗਾਂ ਨੂੰ ਵਿਗਿਆਨਕ ਪਾਣ ਚਾੜ੍ਹਨ ਵਾਲੀ ਹਰ ਚੀਜ਼ ਆਰ ਐੱਸ ਐੱਸ-ਭਾਜਪਾ ਦੇ ਨਿਸ਼ਾਨੇ 'ਤੇ ਹੈ। ਮੁਲਕ ਦੇ 1800 ਵਿਗਿਆਨੀਆਂ ਅਤੇ ਖੋਜੀਆਂ ਨੇ ਇਸ ਰੱਦੋਬਦਲ ਦਾ ਗੰਭੀਰ ਨੋਟਿਸ ਲੈਂਦਿਆਂ ਖੁੱਲ੍ਹੀ ਚਿੱਠੀ ਲਿਖ ਕੇ ਡਾਰਵਿਨ ਦੇ ਵਿਕਾਸਵਾਦ ਦੇ ਸਿਧਾਂਤ ਨੂੰ ਸਿਲੇਬਸ ਵਿਚ ਮੁੜ ਬਹਾਲ ਕਰਨ ਦੀ ਪੁਰਜ਼ੋਰ ਮੰਗ ਕੀਤੀ ਹੈ। ਇਸ ਟਿੱਪਣੀ ਵਿਚ ਖੱਬੇ ਪੱਖੀ ਚਿੰਤਕ ਅੰਜਨੀ ਕੁਮਾਰ ਨੇ ਡਾਰਵਿਨ ਦੇ ਸਿਧਾਂਤ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ। ਇਸ ਗ਼ੌਰਤਲਬ ਟਿੱਪਣੀ ਦਾ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।* **-ਸੰਪਾਦਕ**

ਡਾਰਵਿਨ ਦੇ ਸਿਧਾਂਤ ਵਿਚ ਡਿਲੀਟ ਸ਼ਬਦ ਨਹੀਂ ਹੈ। ਉਹ ਵਿਕਾਸਵਾਦ ਦੀ ਧਾਰਨਾ ਲੈ ਕੇ ਆਇਆ ਸੀ। ਇਸ ਸਿਧਾਂਤ ਨੇ ਵਿਗਿਆਨ, ਵਾਤਾਵਰਣ ਅਤੇ ਇੱਥੋਂ ਤੱਕ ਕਿ ਮਾਨਵ ਵਿਗਿਆਨ ਦੇ ਅਧਿਐਨ ਨੂੰ ਇਕ ਨਵੀਂ ਦਿਸ਼ਾ ਦਿੱਤੀ। ਇਸ ਨੇ ਵਿਕਾਸ, ਚੋਣ, ਅਨੁਕੂਲਨ ਅਤੇ ਵਿਕਾਸ ਦੀ ਇਕ ਅਜਿਹੀ ਪੱਧਤੀ ਪੇਸ਼ ਕੀਤੀ, ਜਿਸ ਵਿਚ ਪੌਦੇ ਸਮੇਤ ਹਰੇਕ ਜੀਵ ਆਪਣੇ ਪਿੱਛੇ ਆਪਣੇ ਨਿਸ਼ਾਨ ਛੱਡਦਾ ਹੋਇਆ ਚਲਦਾ ਹੈ ਅਤੇ ਇਕ ਅਗਲੇਰੇ ਪੜਾਅ 'ਤੇ ਪਹੁੰਚਦਾ ਹੈ।

ਇਸ ਨੇ ਇਤਿਹਾਸ ਦੇ ਅਧਿਐਨ, ਖ਼ਾਸ ਕਰਕੇ ਪੂਰਵ-ਇਤਿਹਾਸ ਦੇ ਅਧਿਐਨ ਵਿਚ ਇਕ ਸਹਾਇਕ ਦੀ ਭੂਮਿਕਾ ਨਿਭਾਈ ਅਤੇ ਇਤਿਹਾਸ ਦਾ ਇਸ ਦੇ ਵਾਤਾਵਰਣ ਨਾਲ ਜੋੜ ਕੇ ਅਧਿਐਨ ਕਰਨਾ ਸੰਭਵ ਬਣਾਇਆ। ਡਾਰਵਿਨ ਦੇ ਸਿਧਾਂਤ ਦੇ ਨਾਲ-ਨਾਲ ਵਿਕਾਸਵਾਦ ਦੀ ਸੰਭਾਵਨਾ ਬਾਰੇ ਕੁਝ ਹੋਰ ਸਿਧਾਂਤ ਵੀ ਆਏ। ਇਸ ਵਿਚ ਮਿਊਟੇਸ਼ਨ ਦੀ ਧਾਰਨਾ ਵੀ ਘੱਟ ਦਿਲਚਸਪ ਨਹੀਂ ਹੈ, ਪਰ ਇਨ੍ਹਾਂ ਵਿੱਚੋਂ ਕਿਸੇ ਵੀ ਧਾਰਨਾ ਵਿਚ ਕਿਸੇ ਵੀ ਪੜਾਅ 'ਤੇ ਡਿਲੀਟ ਦੀ ਮੌਜੂਦਗੀ ਨਹੀਂ ਹੈ।

ਬਾਅਦ ਵਿਚ ਵਿਗਿਆਨੀਆਂ ਨੇ ਡਾਰਵਿਨ ਦੀ ਥਿਊਰੀ ਵਿਚ ਇਕ ਅਗਲੀ ਕੜੀ ਜੋੜਨੀ ਸ਼ੁਰੂ ਕੀਤੀ। ਖ਼ਾਸ ਕਰਕੇ ਮਨੁੱਖਾਂ ਵਿਚ ਜੋ ਵਿਹਾਰ ਦਾ ਵਿਕਾਸ ਹੋਇਆ ਹੈ, ਉਸ ਦੇ ਵਿਕਾਸ ਦੀਆਂ ਕੜੀਆਂ ਕੀ ਹਨ ? ਖ਼ਾਸ ਕਰਕੇ ਭੋਜਨ ਅਤੇ ਪ੍ਰਜਨਨ ਸੰਬੰਧੀ ਆਦਤਾਂ ਅਤੇ ਉਨ੍ਹਾਂ ਦੇ ਵਿਕਾਸ ਉੱਪਰ ਬਹੁਤ ਕੰਮ ਕੀਤਾ ਗਿਆ ਹੈ। ਇਸੇ ਤਰ੍ਹਾਂ ਮਨੋਭਾਵ, ਸਰੀਰ ਅਤੇ ਵਾਤਾਵਰਨ ਦਾ ਰਿਸ਼ਤਾ ਅੱਜ ਦੇ ਸਮੇਂ 'ਚ ਖੋਜ ਦਾ ਅਹਿਮ ਹਿੱਸਾ ਬਣਿਆ ਹੋਇਆ ਹੈ।

ਅਸੀਂ ਅਕਸਰ ਕੁਝ ਦਿਲਚਸਪ ਖ਼ਬਰਾਂ ਬਦੇਸ਼ੀ ਨਿਊਜ਼ ਏਜੰਸੀਆਂ ਦੇ ਹਵਾਲੇ ਨਾਲ ਪੜ੍ਹਦੇ ਹਾਂ ਕਿ ਸੰਗੀਤ ਪੌਦਿਆਂ ਉੱਪਰ ਕਿਵੇਂ ਪ੍ਰਭਾਵ ਪਾਉਂਦਾ ਹੈ, ਕੀ ਪੌਦੇ ਵੀ ਰੋਂਦੇ ਹਨ, ਕੀ ਉਹ ਤੁਹਾਨੂੰ ਬੁਲਾਉਂਦੇ ਹਨ, ਵਗੈਰਾ-ਵਗੈਰਾ। ਅਸੀਂ ਅਕਸਰ ਅਜਿਹੀਆਂ ਖ਼ਬਰਾਂ ਬੜੀ ਦਿਲਚਸਪੀ ਅਤੇ ਹੈਰਾਨੀ ਨਾਲ ਪੜ੍ਹਦੇ ਹਾਂ।

ਜ਼ਿਆਦਾ ਸਮਝਦਾਰ ਲੋਕ ਅਕਸਰ ਕਹਿ ਦਿੰਦੇ ਹਨ; ਠੀਕ ਹੀ ਤਾਂ ਹੈ, ਜਦੋਂ ਪਰਮਾਤਮਾ ਨੇ ਸਾਰਿਆਂ ਨੂੰ ਬਣਾਇਆ ਹੈ, ਉਨ੍ਹਾਂ ਵਿਚ ਜਾਨ ਪਾਈ ਹੈ ਤਾਂ ਭਾਵਨਾਵਾਂ ਵੀ ਉਸ ਨੇ ਸਾਰਿਆਂ 'ਚ ਪਾਈਆਂ ਹੋਣਗੀਆਂ। ਅਜਿਹੇ ਪਾਠਕਾਂ ਦੀ ਉਤਸ਼ਾਹ ਭਰੀ ਆਹ ਨਾਲ ਡਾਰਵਿਨ ਦਾ ਵਿਕਾਸਵਾਦ ਡਿਲੀਟ ਨਹੀਂ ਹੁੰਦਾ। ਖੋਜਾਂ ਹੁੰਦੀਆਂ ਰਹਿੰਦੀਆਂ ਹਨ ਅਤੇ ਅਗਲੇ ਦਿਨ ਅਜਿਹੀਆਂ ਕੁਝ ਹੋਰ ਦਿਲਚਸਪ ਖ਼ਬਰਾਂ ਆ ਜਾਂਦੀਆਂ ਹਨ।

ਮੈਂ ਤੁਹਾਡਾ ਧਿਆਨ ਅਜਿਹੀ ਹੀ ਇਕ ਖ਼ਬਰ ਵੱਲ ਦਿਵਾਉਣਾ ਚਾਹੁੰਦਾ ਹਾਂ। ਸਾਡੇ ਖੇਤਾਂ ਵਿਚ ਅਕਸਰ ਮਿਲਦੇ ਗੰਡੋਇਆਂ ਉੱਪਰ ਵਿਗਿਆਨੀਆਂ ਨੇ 40 ਸਾਲ ਅਧਿਐਨ ਕੀਤਾ ਅਤੇ ਕੁਝ ਸਿੱਟੇ ਕੱਢੇ। ਇਹ ਪੱਤੇ ਅਤੇ ਮਿੱਟੀ ਖਾਣ ਵਾਲਾ ਜੀਵ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵਧਾਉਂਦਾ ਹੈ। ਡਾਰਵਿਨ ਨੇ ਆਪਣੇ ਅਧਿਐਨ ਵਿਚ ਇਸ ਬਾਰੇ ਲਿਖਿਆ ਹੈ ਕਿ ਇਸ ਨੇ ਮਨੁੱਖੀ ਇਤਿਹਾਸ ਵਿਚ ਕਿਸੇ ਵੀ ਹੋਰ ਜੀਵ ਨਾਲੋਂ ਵਧੇਰੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਉਸ ਨੇ ਦੱਸਿਆ ਕਿ ਮਨੁੱਖੀ ਪ੍ਰਸੰਗ ਵਿਚ ਗੱਲ ਕਰਨੀ ਹੋਵੇ, ਇਹ ਨਾ ਤਾਂ ਦੇਖ ਸਕਦਾ ਹੈ ਅਤੇ ਨਾ ਹੀ ਸੁਣ ਸਕਦਾ ਹੈ, ਪਰ ਆਪਣੇ ਸਰੀਰ ਦੀ ਛੋਹ ਨਾਲ ਕਿਸੇ ਵਸਤੂ ਦੀ ਜਾਣਕਾਰੀ ਜ਼ਰੂਰ ਪ੍ਰਾਪਤ ਕਰ ਲੈਂਦਾ ਹੈ। ਇਸ ਤੋਂ ਬਾਅਦ ਹਾਲ ਹੀ 'ਚ ਵਿਗਿਆਨੀਆਂ ਨੇ ਇਸ ਜੀਵ ਉੱਪਰ 'ਖ਼ੁਸ਼ੀ' ਦੇ ਪ੍ਰਭਾਵਾਂ ਦਾ ਅਧਿਐਨ ਕੀਤਾ। ਉਨ੍ਹਾਂ ਨੇ ਦੇਖਿਆ ਕਿ ਜਦੋਂ ਵੀ ਗੰਡੋਆ ਭੰਗ ਦੇ ਪੱਤੇ ਖਾਂਦਾ ਹੈ ਤਾਂ ਉਸ ਵਿਚ ਜ਼ਿਆਦਾ ਕੈਲੋਰੀ ਲੈਣ ਦੀ ਪ੍ਰਵਿਰਤੀ ਵਧ ਜਾਂਦੀ ਹੈ। ਐਨ ਉਸੇ ਤਰ੍ਹਾਂ ਜਿਵੇਂ ਭੰਗ ਦੀ ਵਰਤੋਂ ਨਾਲ ਮਨੁੱਖ ਵਿਚ ਭੋਜਨ ਖਾਣ ਦੀ ਸਮਰੱਥਾ ਵਧ ਜਾਂਦੀ ਹੈ।


ਇੱਥੇ ਵਿਗਿਆਨੀ ਇਕ ਹੋਰ ਤੱਥ ਉੱਪਰ ਜ਼ੋਰ ਦੇ ਰਹੇ ਹਨ ਅਤੇ ਉਹ ਹੈ ਭੰਗ ਦੇ ਪੌਦੇ ਦਾ ਅਸਰ, ਜੋ ਖੇਤਾਂ ਵਿਚ ਉਂਞ ਹੀ ਉੱਗ ਪੈਂਦਾ ਹੈ, ਉਸ ਦਾ ਸਾਡੇ ਖੇਤਾਂ, ਜਾਨਵਰਾਂ ਅਤੇ ਵਾਤਾਵਰਣ 'ਤੇ ਕੀ ਅਸਰ ਪੈ ਰਿਹਾ ਹੈ।

ਜੇ ਅਸੀਂ ਜੀਵਾਂ ਦੀ ਵਿਕਾਸ ਯਾਤਰਾ ਦੇ ਕਰੋੜਾਂ ਸਾਲ ਪਿੱਛੇ ਵੱਲ ਜਾਈਏ ਤਾਂ ਜੀਵਾਂ ਦੀਆਂ ਵੱਖੋ-ਵੱਖਰੀਆਂ ਵਿਕਾਸ ਯਾਤਰਾਵਾਂ ਪਿੱਛੇ ਵੱਲ ਮੁੜਦੀਆਂ ਹੋਈਆਂ ਆਪਸ ਵਿਚ ਮਿਲਦੀਆਂ ਹੋਈਆਂ ਦਿਖਾਈ ਦਿੰਦੀਆਂ ਹਨ। ਬਹੁਤ ਸਾਰੀਆਂ ਸਹਿਜ ਜਾਂ ਅਸਹਿਜ ਜਾਪਦੀਆਂ ਪ੍ਰਵਿਰਤੀਆਂ ਵਿਕਾਸਵਾਦ ਦੇ ਸਿਧਾਂਤ ਨਾਲ ਸਮਝਣ 'ਤੇ ਸਾਨੂੰ ਸਾਡੇ ਸਮਾਜ, ਜੀਵਨ ਅਤੇ ਵਾਤਾਵਰਣ ਦੇ ਜ਼ਿਆਦਾ ਨੇੜੇ ਲੈ ਜਾਂਦੀਆਂ ਹਨ ਅਤੇ ਇਨਸਾਨ ਨੂੰ ਭਾਵਨਾ ਦੇ ਪੱਧਰ 'ਤੇ ਹੋਰ ਉੱਤਮ ਬਣਾਉਂਦੀਆਂ ਹਨ।

ਤੇਜ਼ੀ ਨਾਲ ਵਧ ਰਹੇ ਸ਼ਹਿਰੀਕਰਨ ਦਾ ਪੰਛੀਆਂ ਉੱਪਰ ਕੀ ਅਸਰ ਪੈ ਰਿਹਾ ਹੈ, ਇਸ ਪ੍ਰਸੰਗ 'ਚ 137 ਸ਼ਹਿਰਾਂ ਦੇ 3768 ਪੰਛੀਆਂ ਉੱਪਰ ਮੁੱਢਲਾ ਅਧਿਐਨ ਕੀਤਾ ਗਿਆ ਹੈ। ਸ਼ਹਿਰ ਦੇ ਵਾਤਾਵਰਣ ਨੂੰ ਝੱਲਣ ਦੇ ਸਮਰੱਥ ਹੋਣ ਲਈ ਯਕੀਨਨ ਹੀ ਇਨ੍ਹਾਂ ਪੰਛੀਆਂ ਦੇ ਸਰੀਰ 'ਚ ਰਾਤੋ-ਰਾਤ ਤਬਦੀਲੀ ਨਹੀਂ ਹੋਣ ਲੱਗੀ। ਇਹ ਤਬਦੀਲੀ ਬਹੁਤ ਹੌਲੀ-ਹੌਲੀ ਹੁੰਦੀ ਹੈ ਅਤੇ ਅਜਿਹੀ ਤਬਦੀਲੀ ਲਈ ਸਿਰਫ਼ ਜ਼ਰੂਰਤ ਹੀ ਨਹੀਂ ਹੁੰਦੀ, ਸਗੋਂ ਸਮੁੱਚੇ ਵਾਤਾਵਰਨ ਵਿਚ ਬਦਲ ਰਹੇ ਹਾਲਾਤ ਵੀ ਹੁੰਦੇ ਹਨ, ਪਰ ਸ਼ਹਿਰੀਕਰਨ ਇਨ੍ਹਾਂ ਦੇ ਸਾਹਮਣੇ ਚੁਣੌਤੀ ਜ਼ਰੂਰ ਪੇਸ਼ ਕਰ ਰਿਹਾ ਹੁੰਦਾ ਹੈ।

ਸ਼ਹਿਰੀਕਰਨ ਨੂੰ ਬਰਦਾਸ਼ਤ ਕਰ ਸਕਣ ਦੀ ਸਮਰੱਥਾ ਉਨ੍ਹਾਂ ਪੰਛੀਆਂ 'ਚ ਜ਼ਿਆਦਾ ਮਿਲਦੀ ਹੈ, ਜੋ ਛੋਟੇ ਹੋਣ, ਸਮੂਹਾਂ ਵਿਚ ਰਹਿਣ ਦੀ ਬਜਾਏ ਥੋੜ੍ਹਾ ਖਿੰਡ ਕੇ ਰਹਿੰਦੇ ਹੋਣ, ਉਨ੍ਹਾਂ ਵਿਚ ਭੋਜਨ ਦੀ ਵੰਨ-ਸੁਵੰਨਤਾ ਹੋਵੇ, ਪੰਜੇ ਮਜ਼ਬੂਤ ਹੋਣ ਅਤੇ ਘੱਟ ਉਚਾਈ 'ਤੇ ਉੱਡਣ ਦੀ ਸਮਰੱਥਾ ਹੋਵੇ। ਹਾਲਾਂਕਿ, ਵੱਖਰੇ-ਵੱਖਰੇ ਸ਼ਹਿਰਾਂ 'ਚ ਪ੍ਰਸਥਿਤੀਆਂ ਅਤੇ ਜ਼ਰੂਰਤਾਂ ਬਦਲ ਜਾਂਦੀਆਂ ਹਨ, ਇਸ ਕਰਕੇ ਪੰਛੀਆਂ ਦੇ ਵਿਹਾਰ ਅਤੇ ਉਨ੍ਹਾਂ ਦੇ ਸਲਾਮਤ ਰਹਿਣ ਦੀਆਂ ਸੰਭਾਵਨਾਵਾਂ ਵੀ ਵੱਖ-ਵੱਖ ਹੋ ਜਾਂਦੀਆਂ ਹਨ।

ਜੇਕਰ ਕੋਈ ਸਰਕਾਰ, ਸੰਸਥਾ ਜਾਂ ਵਿਅਕਤੀ ਸ਼ਹਿਰ 'ਚ ਜੀਵ ਵੰਨ-ਸੁਵੰਨਤਾ ਅਤੇ ਜੀਵ ਵਿਗਿਆਨਕ ਸੰਭਾਲ ਪ੍ਰਤੀ ਬਹੁਤ ਹੀ ਫ਼ਿਕਰਮੰਦ ਹੈ ਤਾਂ ਉਸ ਨੂੰ ਸਿਰਫ਼ ਆਪਣੀਆਂ ਭਾਵਨਾਵਾਂ, ਦਾਅਵਿਆਂ ਆਦਿ ਉੱਪਰ ਨਿਰਭਰ ਹੋਣ ਦੀ ਬਜਾਏ ਜੀਵਾਂ ਦੇ ਵਿਹਾਰ ਅਤੇ ਹਾਸਲ ਹਾਲਾਤ ਦਾ ਅਧਿਐਨ ਕਰਨਾ ਬੇਹੱਦ ਜ਼ਰੂਰੀ ਹੋਵੇਗਾ। ਇਹ ਮੰਨ ਕੇ ਚੱਲਣਾ ਕਿ ਬਦਲਾਅ ਤਾਂ ਜ਼ਰੂਰੀ ਹੈ ਅਤੇ ਇਸ ਦੇ ਨਾਲ ਜੋ ਪ੍ਰਸਥਿਤਕੀ



(ਇਕਾਲੋਜੀ, ਜੀਵ ਵਿਗਿਆਨ ਅਤੇ ਭੂਗੋਲ ਦੀ ਇਕ ਸ਼ਾਖ਼ਾ, ਜੋ ਜੀਵ ਸਮੂਹ ਦੇ ਉਨ੍ਹਾਂ ਦੇ ਵਾਤਾਵਰਣ ਨਾਲ ਦੁਵੱਲੇ ਸੰਬੰਧਾਂ ਦਾ ਅਧਿਐਨ ਕਰਦੀ ਹੈ) ਬਣੇਗੀ, ਸਾਰੇ ਉਸ ਦੇ ਅਨੁਕੂਲ ਢਲ ਜਾਣਗੇ, ਬੇਹੱਦ ਖ਼ਤਰਨਾਕ ਧਾਰਨਾ ਹੈ।

ਇੱਥੇ ਅਸੀਂ ਭੁੱਲ ਜਾਂਦੇ ਹਾਂ ਕਿ ਪਰਿਵਰਤਨ ਦਾ ਮੁੱਖ ਕਾਰਕ ਮਨੁੱਖ ਦੀਆਂ ਹਰਕਤਾਂ ਹਨ, ਜੋ ਕਿ ਬਹੁਤ ਹੀ ਸੁਚੇਤ ਅਤੇ ਤੈਅਸ਼ੁਦਾ ਦਖ਼ਲਅੰਦਾਜ਼ੀ ਕਰ ਰਿਹਾ ਹੁੰਦਾ ਹੈ, ਇਸ ਦਾ ਪ੍ਰਸਥਿਤਕੀ ਉੱਪਰ ਪ੍ਰਭਾਵ ਇਕਪਾਸੜ ਹੁੰਦਾ ਹੈ ਅਤੇ ਇਸ ਦਾ ਨਤੀਜਾ ਬਹੁਤ ਘਾਤਕ ਹੁੰਦਾ ਹੈ। ਇਹ ਅਨੁਕੂਲਣ ਦੀ ਸਥਿਤੀ ਦੀ ਬਜਾਏ ਵਿਨਾਸ਼ ਦੀ ਸਥਿਤੀ ਪੈਦਾ ਕਰਦਾ ਹੈ।

ਅਜਿਹਾ ਹੀ ਇਕ ਖ਼ਤਰਨਾਕ ਨਤੀਜਾ ਗ਼ੌਰਤਲਬ ਹੈ, ਕੋਲਕਾਤਾ ਵਿਚ ਇਕ ਆਦਮੀ ਦੇ ਪੌਦਿਆਂ ਦੀ ਉੱਲੀ ਤੋਂ ਪੀੜਤ ਹੋਣ ਦਾ ਕੇਸ ਸਾਹਮਣੇ ਆਇਆ ਹੈ। ਇਹ ਅਜੀਬੋ-ਗਰੀਬ ਲੱਗਦੀ ਖ਼ਬਰ ਬਹੁਤ ਚਿੰਤਾਜਨਕ ਹੈ। ਇਹ ਪਹਿਲੀ ਪੌਦਿਆਂ ਦੀ ਉੱਲੀ (ਪਲਾਂਟ ਫੰਗਸ) ਬਿਮਾਰੀ ਹੈ, ਜੋ ਮਨੁੱਖ ਨੂੰ ਚਿੰਬੜੀ ਹੈ। ਬਿਮਾਰੀ ਤੋਂ ਪੀੜਤ ਵਿਅਕਤੀ ਦੀ ਆਵਾਜ਼ ਭਾਰੀ ਹੋ ਗਈ, ਉਹ ਥੱਕਿਆ-ਥੱਕਿਆ ਰਹਿਣ ਲੱਗਾ ਅਤੇ ਉਸ ਨੂੰ ਭੋਜਨ ਨਿਗਲਣ ਵਿਚ ਮੁਸ਼ਕਲ ਆਉਣ ਲੱਗੀ। ਉਸ ਨੂੰ ਲਗਾਤਾਰ ਬੁਖ਼ਾਰ ਰਹਿ ਰਿਹਾ ਸੀ। ਉਸ ਨੂੰ ਇਹ ਸਮੱਸਿਆ ਤਿੰਨ ਮਹੀਨੇ ਤੱਕ ਰਹੀ। ਇਹ ਵਿਅਕਤੀ ਪੌਦਿਆਂ ਨੂੰ ਹੋਣ ਵਾਲੀ ਬਿਮਾਰੀ ਸਿਲਵਰ ਲੀਫ ਡਿਸੀਜ਼ ਨੂੰ ਪੈਦਾ ਕਰਨ ਵਾਲੀ ਕੋਂਡਰੋਸਟੇਰੀਅਮ ਪਰਪਿਊਰੀਅਮ ਨਾਂਅ ਦੀ ਪੌਦੇ ਦੀ ਉੱਲੀ ਦੀ ਲਪੇਟ 'ਚ ਆ ਗਿਆ ਸੀ।

ਜੇ ਅਸੀਂ ਹੋਣੀਵਾਦ ਨੂੰ ਮੰਨੀਏ ਤਾਂ ਇਹੀ ਕਹਾਂਗੇ ਕਿ ਬਿਮਾਰੀ ਤਾਂ ਬਿਮਾਰੀ ਹੈ, ਪੌਦਾ ਹੋਵੇ ਜਾਂ ਮਨੁੱਖ, ਸਾਰੇ ਇਸ ਦੀ ਲਪੇਟ 'ਚ ਆਉਂਦੇ ਹੀ ਹਨ, ਪਰ ਜੇਕਰ ਅਸੀਂ ਵਿਗਿਆਨ ਤੋਂ ਥੋੜ੍ਹੇ ਜਿਹੇ ਵੀ ਜਾਣੂ ਹਾਂ ਤਾਂ ਇਹ ਖ਼ਬਰ ਪ੍ਰੇਸ਼ਾਨ ਕਰ ਦੇਵੇਗੀ। ਆਮ ਤੌਰ 'ਤੇ ਉੱਲੀ 12 ਡਿਗਰੀ ਸੈਂਟੀਗਰੇਡ ਤੋਂ 30 ਡਿਗਰੀ ਸੈਂਟੀਗਰੇਡ ਤੱਕ ਸਰਗਰਮ ਰਹਿੰਦੀ ਹੈ, ਪਰ ਇਹ ਦੇਖਿਆ ਗਿਆ ਹੈ ਕਿ ਕੁਝ ਉੱਲੀ 37 ਡਿਗਰੀ ਸੈਂਟੀਗਰੇਡ ਵਿਚ ਵੀ ਜਿਉਂਦੀ ਰਹਿ ਸਕੀ ਹੈ।

ਮਨੁੱਖ ਦੇ ਸਰੀਰ ਦਾ ਤਾਪਮਾਨ ਆਮ ਤੌਰ 'ਤੇ 33 ਡਿਗਰੀ ਤੋਂ ਉੱਪਰ ਰਹਿੰਦਾ ਹੈ। ਅਜਿਹੀ ਸਥਿਤੀ ਵਿਚ ਸਰੀਰ ਦੇ ਕੁਝ ਹਿੱਸਿਆਂ ਨੂੰ ਛੱਡ ਕੇ, ਉੱਲੀ ਦੀ ਲਪੇਟ 'ਚ ਆਉਣ ਦੀ ਸੰਭਾਵਨਾ ਘੱਟ ਹੁੰਦੀ ਹੈ। ਸਰੀਰ ਦੇ ਅੰਦਰਲੇ ਹਿੱਸੇ ਵਿਚ ਇਸ ਦੀ ਸੰਭਾਵਨਾ ਹੋਰ ਵੀ ਘਟ ਜਾਂਦੀ ਹੈ। ਵਿਗਿਆਨੀਆਂ ਨੇ ਕੋਲਕਾਤਾ 'ਚ ਮਨੁੱਖ ਨੂੰ ਫੰਗਸ ਦੀ ਪਹਿਲੀ ਲਾਗ ਉੱਪਰ ਚਿੰਤਾ ਜ਼ਾਹਿਰ ਕੀਤੀ ਹੈ ਅਤੇ ਇਸ ਲਈ ਆਲਮੀ ਤਪਸ਼ ਨਾਲ ਪੈਣ ਵਾਲੇ ਪ੍ਰਭਾਵ ਦੀ ਇਕ ਕਾਰਨ ਦੇ ਰੂਪ 'ਚ ਨਿਸ਼ਾਨਦੇਹੀ ਕੀਤੀ ਹੈ।

ਆਲਮੀ ਤਪਸ਼ ਯਾਨਿ ਧਰਤੀ ਦੇ ਕੁਲ ਤਾਪਮਾਨ ਵਿਚ ਹੋਏ ਵਾਧੇ 'ਚ ਪੌਦਿਆਂ ਅਤੇ ਉਨ੍ਹਾਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਹੁਣ ਉੱਚ ਤਾਪਮਾਨ ਵਿਚ ਬਣੇ ਰਹਿਣ ਦੀ ਅਨੁਕੂਲਣ ਸਮਰੱਥਾ ਹਾਸਲ ਕਰ ਰਹੀਆਂ ਹਨ। ਇਹ ਖ਼ਤਰਨਾਕ ਸਥਿਤੀ ਹੈ। ਚਾਹੇ ਅਸੀਂ ਡਾਰਵਿਨ ਨੂੰ ਪੜ੍ਹੀਏ ਜਾਂ ਨਾ ਪੜ੍ਹੀਏ, ਪਰ ਪ੍ਰਸਥਿਤਕੀ 'ਚ ਹੋ ਰਹੀਆਂ ਤਬਦੀਲੀਆਂ ਨੂੰ ਸਮਝਣ ਦੀ ਖਿੜਕੀ ਡਾਰਵਿਨ ਦੇ ਸਿਧਾਂਤ ਨਾਲ ਹੀ ਖੁੱਲ੍ਹਦੀ ਹੈ।

ਜੇਕਰ ਤੁਸੀਂ 'ਘਾਸੀਰਾਮ ਕੋਤਵਾਲ' ਨਾਟਕ ਪੜ੍ਹਿਆ ਜਾਂ ਦੇਖਿਆ ਹੈ ਤਾਂ ਤੁਸੀਂ ਉਸ ਦ੍ਰਿਸ਼ ਵਿੱਚੋਂ ਜ਼ਰੂਰ ਗੁਜ਼ਰੋਗੇ, ਜਿਸ ਵਿਚ ਈਸ਼ਵਰ ਬਾਰੇ ਰਚੀ ਗਈ ਸ਼ਿੰਗਾਰ-ਰਸ ਕਵਿਤਾ ਦਾ ਪਾਠ ਰਾਜੇ ਦੇ ਅੰਦਰ ਕਾਮੁਕਤਾ ਪੈਦਾ ਕਰਦਾ ਹੈ। ਸ਼੍ਰੇਸਟਤਾ ਦੇ ਪ੍ਰਸੰਗ 'ਚ ਇਹ ਦ੍ਰਿਸ਼ ਰਾਜੇ ਦੇ ਵਿਭਚਾਰ ਅਤੇ ਸਤਹੀਪਣ ਨੂੰ ਉਜਾਗਰ ਕਰ ਦਿੰਦਾ ਹੈ। ਜਿਨਸੀ ਪਵਿੱਤਰਤਾ ਅਤੇ ਵਿਹਾਰ ਸੰਬੰਧੀ ਪੂਰੀ ਦੁਨੀਆ ਵਿਚ ਵੱਖੋ-ਵੱਖਰੀ ਨੈਤਿਕਤਾ ਮਿਲਦੀ ਹੈ ਅਤੇ ਉਨ੍ਹਾਂ ਨਾਲ ਸੰਬੰਧਤ ਕਾਨੂੰਨ ਵੀ ਵੱਖੋ-ਵੱਖਰੇ ਹਨ, ਜਿਸ ਦੀ ਉਲੰਘਣਾ ਕੀਤੇ ਜਾਣ 'ਤੇ ਸਜ਼ਾ ਤੈਅ ਕੀਤੀ ਜਾਂਦੀ ਹੈ।

ਅਨੈਤਿਕਤਾ ਨੂੰ ਆਮ ਤੌਰ 'ਤੇ ਜਾਨਵਰਾਂ ਦੇ ਜਿਨਸੀ ਵਿਹਾਰ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਪ੍ਰਸੰਗ 'ਚ ਮਨੁੱਖਾਂ ਤੋਂ ਸ਼੍ਰੇਸ਼ਟ ਵਿਹਾਰ ਦੀ ਉਮੀਦ ਕੀਤੀ ਜਾਂਦੀ ਹੈ। ਸ਼੍ਰੇਸ਼ਟਤਾ ਦੀ ਸਿਖ਼ਰ ਆਮ ਤੌਰ 'ਤੇ ਈਸ਼ਵਰੀ ਵਿਹਾਰਾਂ ਨਾਲ ਜੋੜ ਦਿੱਤੀ ਜਾਂਦੀ ਹੈ। ਹਾਲਾਂਕਿ ਅਸੀਂ ਜਾਣਦੇ ਹੁੰਦੇ ਹਾਂ ਕਿ ਜਿਨਸੀ ਵਿਹਾਰ ਕਿਸੇ ਤੈਅਸ਼ੁਦਾ ਨਿਯਮਾਂ ਤੋਂ ਬਾਅਦ ਵਿਕਸਤ ਨਹੀਂ ਹੋਏ, ਸਗੋਂ ਇਹ ਸਮਾਜ ਦੇ ਵਿਕਾਸ ਦੇ ਵੱਖ-ਵੱਖ ਪੜਾਵਾਂ ਵਿੱਚੋਂ ਲੰਘਦੇ ਹੋਏ ਬਣੇ ਹਨ ਅਤੇ ਸਮਾਜ ਬਣਨ ਤੋਂ ਪਹਿਲਾਂ ਇਨਸਾਨ ਬਣਨ ਦੀ ਪ੍ਰਕਿਰਿਆ ਵਿਚ ਉਹ ਉਹਨਾਂ ਹੀ ਜਿਨਸੀ ਵਿਹਾਰਾਂ ਨਾਲ ਸਾਹਮਣੇ ਆਏ, ਜੋ ਉਸ ਨੂੰ ਆਪਣੇ ਪੁਰਖਿਆਂ ਤੋਂ ਵਿਰਾਸਤ ਵਿਚ ਮਿਲੇ ਸਨ।

ਇੱਥੋਂ ਤੱਕ ਕਿ ਸ਼ਹਿਦ ਦੀਆਂ ਮੱਖੀਆਂ ਦਾ ਜਿਨਸੀ ਵਿਹਾਰ, ਖ਼ਾਸ ਕਰਕੇ ਸੰਗੀ ਚੁਣਨ ਦੀ ਪ੍ਰਕਿਰਿਆ ਦੇ ਚਿੰਨ੍ਹ ਮਨੁੱਖਾਂ ਤੱਕ ਆ ਪਹੁੰਚਦੇ ਹਨ। ਥਣਧਾਰੀ ਜੀਵਾਂ ਦਾ ਬਹੁਤ ਸਾਰਾ ਜਿਨਸੀ ਵਿਹਾਰ, ਇੱਥੋਂ ਤੱਕ ਕਿ ਕਥਿਤ ਅਲਫਾ ਦਾ ਦਾਅਵਾ, ਮਨੁੱਖਾਂ ਦੇ ਵਿਹਾਰ ਵਿਚ ਨਜ਼ਰ ਆਉਂਦਾ ਹੈ। ਅਸੀਂ ਭਾਵੇਂ ਕੁੱਤਿਆਂ, ਬਿੱਲੀਆਂ ਜਾਂ ਬਾਂਦਰਾਂ ਨੂੰ ਆਪਣੀ ਨੈਤਿਕਤਾ ਉੱਪਰ ਪਰਖਣ ਦੀ ਆਦਤ ਪਾ ਰੱਖੀ ਹੋਵੇ, ਪਰ ਅਕਸਰ ਹੀ ਅਸੀਂ ਉਸ ਤੋਂ ਬਦਤਰ ਹਾਲਾਤ ਦਾ ਸਾਹਮਣਾ ਉਦੋਂ ਤੱਕ ਕਰਦੇ ਹਾਂ, ਜਦੋਂ ਤੱਕ ਸਾਡੇ ਆਪਣੇ ਪਰਵਾਰ, ਸਮਾਜ, ਮੁਲਕ ਦੇ ਲੋਕ ਉਸੇ ਨੈਤਿਕਤਾ ਦੇ ਆਧਾਰ 'ਤੇ ਜਾਨ ਲੈਣ 'ਤੇ ਉਤਰ ਆਉਂਦੇ ਹਨ।

ਜਿਨਸੀ ਪਵਿੱਤਰਤਾ ਅਤੇ ਵਿਹਾਰ ਉੱਪਰ ਜਬਰੀ ਕੰਟਰੋਲ ਇਕ ਉਦੇਸ਼ ਦੇ ਤਹਿਤ ਹੀ ਕੀਤਾ ਜਾਂਦਾ ਹੈ। ਇਸ ਦਾ ਸਭ ਤੋਂ ਵਧੇਰੇ ਸਪੱਸ਼ਟ ਟੀਚਾ ਕਿਰਤ ਅਤੇ ਕਿਰਤੀ ਨੂੰ ਆਪਣੇ ਕੰਟਰੋਲ 'ਚ ਕਰਨਾ ਹੈ। ਭਾਰਤ ਵਰਗੇ ਸਮਾਜ ਵਿਚ ਜਿਨਸੀ ਸ਼ੁੱਧਤਾ ਅਤੇ ਵਿਹਾਰ ਨੂੰ ਜਾਤ ਦੇ ਆਧਾਰ 'ਤੇ ਵੱਖ-ਵੱਖ ਤੈਅ ਕੀਤਾ ਗਿਆ ਅਤੇ ਇਸ ਦੀ ਉਲੰਘਣਾ ਕਰਨ 'ਤੇ ਜਾਤ ਦੇ ਅਨੁਸਾਰ ਹੀ ਸਜ਼ਾ ਤੈਅ ਕੀਤੀ ਗਈ। ਇਨ੍ਹਾਂ ਤਮਾਮ ਵੰਡੀਆਂ ਅਤੇ ਸਜ਼ਾਵਾਂ ਲਈ ਈਸ਼ਵਰੀ ਮਾਨਤਾਵਾਂ ਸਥਾਪਤ ਕੀਤੀਆਂ ਗਈਆਂ ਅਤੇ ਇਸ ਨੂੰ ਹੋਣੀ ਵਾਂਗ ਸਥਾਪਤ ਕੀਤਾ ਗਿਆ।

ਖ਼ਾਨਿਆਂ ਵਿਚ ਵੰਡਿਆ ਸਮਾਜ ਆਪਣੀ ਹੋਣੀ ਨਾਲ ਵਿਕਸਤ ਹੋਇਆ ਅਤੇ ਹੋਣੀਵਾਦ ਨਾਲ ਗ੍ਰਸਤ ਰਿਹਾ, ਜਦੋਂ ਕਿ ਹਾਕਮ ਜਮਾਤ ਸ਼੍ਰੇਸ਼ਟਤਾ ਦੀਆਂ ਗੱਲਾਂ ਕਰਦਿਆਂ ਪੂਰੀ ਤਰ੍ਹਾਂ ਵਿਭਚਾਰੀ, ਅਰਥਹੀਣ, ਵਿਨਾਸ਼ਕਾਰੀ ਵਿਭਚਾਰੀ ਜ਼ਿੰਦਗੀ ਜੀ ਰਹੀ ਹੈ। ਅੱਜ ਵੀ ਇਸ ਵਿਚ ਕੋਈ ਕਮੀ ਨਹੀਂ ਆਈ। ਇਸ ਦੇ ਲਈ ਵਿਕਾਸਵਾਦ ਦਾ ਸਿਧਾਂਤ ਇਸ ਦੇ ਹੋਣੀਵਾਦ ਦੇ ਅਨੁਕੂਲ ਨਹੀਂ ਹੈ। ਇਸ ਹਾਕਮ ਜਮਾਤ 'ਚ ਹਾਲਾਤ ਅਨੁਸਾਰ ਢਲਣ ਦੀ ਸਮਰੱਥਾ ਵੀ ਨਹੀਂ ਹੈ। ਅਜਿਹੀ ਸਥਿਤੀ ਵਿਚ ਇਸ ਨੇ ਤੈਅ ਕੀਤਾ ਕਿ ਡਾਰਵਿਨ ਨੂੰ ਹੀ ਹਟਾ ਦਿੱਤਾ ਜਾਵੇ।

ਪਰ ਡਾਰਵਿਨ ਨੂੰ ਡਿਲੀਟ ਨਹੀਂ ਕੀਤਾ ਜਾ ਸਕਦਾ, ਵਿਕਾਸਵਾਦ ਦਾ ਸਿਧਾਂਤ ਕਾਇਮ ਰਹੇਗਾ।

# ਵਾਈਪਰਾਂ ਨਾਲ ਡਾਲਰ ਹੂੰਝਦੇ ਪੰਜਾਬੀ

ਪ੍ਰੋ. ਕੁਲਵੰਤ ਔਜਲਾ

ਸਾਡੇ ਮਾਪਿਆਂ ਦਾ ਯੁੱਗ ਸਾਊ, ਸਾਦਾ, ਸੁਪਨਸਾਜ਼ ਤੇ ਸਿਰੜੀ ਮਨੁੱਖਾਂ ਦਾ ਯੁੱਗ ਸੀ। ਸਾਡੇ ਮਾਪੇ ਕਿਰਸਾਂ ਕਰ-ਕਰ ਕੇ ਗਰਜ਼ਾਂ ਪੂਰੀਆਂ ਕਰਦੇ ਰਹੇ ਅਤੇ ਤੀਲ੍ਹਾ-ਤੀਲ੍ਹਾ ਜੋੜ ਕੇ ਆਲ੍ਹਣੇ ਬਣਾਉਂਦੇ ਰਹੇ। ਇਹ ਮਹਾਂਕਾਵਿਕ ਸਾਧਨਾਂ ਤੇ ਸੰਘਰਸ਼ ਦਾ ਜ਼ਮਾਨਾ ਸੀ। ਬੇਅੰਤ ਤੰਗੀਆਂ-ਤੁਰਸ਼ੀਆਂ ਸਨ, ਪਰ ਅਲਾਮਤਾਂ ਥੋੜ੍ਹੀਆਂ ਸਨ। ਵਿਰਲਾ-ਵਿਰਲਾ ਵੈਲੀ ਸੀ, ਵਿਰਲਾ-ਵਿਰਲਾ ਨਸ਼ਈ ਸੀ ਤੇ ਕੋਈ-ਕੋਈ ਬੇਈਮਾਨ ਸੀ। ਯੁੱਗ ਦੇ ਲੋਕਾਂ ਦਾ ਮੁਹਾਂਦਰਾ ਮੌਲਿਕ, ਮੋਹਖੋਰੇ ਤੇ ਮਾਨਵੀ ਸੁਭਾਅ ਵਾਲਾ ਸੀ। ਕਠੋਰ, ਕਾਵਿਕ ਤੇ ਕਰਮਸ਼ੀਲ ਇਸ ਯੁੱਗ ਨੇ ਸਦੀਵੀ ਮੁੱਲਾਂ ਵਾਲੀ ਤਹਿਰੀਕ ਸਿਰਜੀ। ਸੂਫੀ, ਜੋਗੀ, ਸਾਧੂ, ਸੰਤ, ਲੇਖਕ ਤੇ ਫਕੀਰ ਸੁਭਾਅ ਵਾਲੇ ਲੋਕ ਇਸ ਜ਼ਰਖੇਜ਼ ਯੁੱਗ ਦੀ ਇਤਿਹਾਸਕ ਪੈਦਾਇਸ਼ ਹਨ। ਇਹ ਲੋਕ ਤਹਿਰੀਕਾਂ ਤੇ ਤਕਦੀਰਾਂ ਦੇ ਘਾੜੇ ਸਨ। ਇਹ ਲੋਕ ਸੁਪਨਿਆਂ ਦੇ ਸਿਰਜਣਹਾਰੇ ਸਨ। ਮੈਨੂੰ ਤੇ ਮੇਰੇ ਜਿਹੇ ਅਨੇਕਾਂ ਲੋਕਾਂ ਨੂੰ ਅਜਿਹੇ ਸੰਘਰਸ਼ਪੂਰਵਕ ਤੇ ਸਖਤ ਯੁੱਗ ਦੀ ਉਪਜ ਹੋਣ ਦਾ ਮਾਣ ਹੈ। ਮੇਰੀ ਕਵਿਤਾ ਵਿੱਚ ਅਜਿਹੇ ਸਦ-ਸ਼ੁਕਰ ਅਹਿਸਾਸ ਵਾਰ-ਵਾਰ ਆਉਂਦੇ ਹਨ :

***ਮੈਂ ਉਹਨਾ ਹਲਵਾਹਕਾਂ ਦੀ ਕਠੋਰ ਤੇ ਕਾਵਿਕ ਉਪਜ ਹਾਂ***
***ਜਿਨ੍ਹਾਂ ਪੂਰੀ ਉਮਰ ਨਿੱਕੀਆਂ-ਨਿੱਕੀਆਂ ਗਰਜ਼ਾਂ ਦੇ ਵੱਡੇ ਜੋਗ ਕਮਾਏ***

ਅਜੋਕਾ ਯੁੱਗ ਪਰ ਅਜਿਹਾ ਨਹੀਂ ਹੈ। ਇਹ ਮਿਲਾਵਟਾਂ, ਮਸ਼ਹੂਰੀਆਂ, ਮੰਡੀਆਂ ਤੇ ਮਹਾਂਮਾਰੀਆਂ ਦਾ ਯੁੱਗ ਹੈ। ਬਹੁਤ ਕੁਝ ਹੁੰਦਿਆਂ ਵੀ ਨਿੱਕੇ-ਨਿੱਕੇ ਤਰਲਿਆਂ ਲਈ ਰੋਈ ਜਾਣ ਵਾਲਾ ਯੁੱਗ। ਹਰ ਬੰਦੇ ਦੇ ਮਸਤਕ ਵਿੱਚ ਮੰਡੀ ਦਾ ਮੰਤਰ ਹੈ। ਹਰ ਬੰਦੇ ਦੇ ਮਨ ਵਿੱਚ ਡਿਜੀਟਲ ਸ਼ਨਾਖਤ ਦਾ ਸ਼ੈਦਾਅ ਹੈ। ਅਜੋਕਾ ਬੰਦਾ ਦੀਨ, ਧਰਮ, ਇਮਾਨ ਲਈ ਬੰਦ-ਬੰਦ ਕਟਵਾਉਣ ਤੋਂ ਡਰਦਾ ਹੈ, ਲੇਕਿਨ ਕਾਰਪੋਰੇਟ ਕਰਤੂਤਾਂ ਤੇ ਕਰਾਮਾਤਾਂ ਲਈ ਜਿਸਮ ਤੇ ਜ਼ਮੀਰ ਅਰਪਿਤ ਕਰਨ ਲਈ ਖੂਬ ਤੜਪਦਾ ਤੇ ਤਰਸਦਾ ਰਹਿੰਦਾ ਹੈ। ਇਹ ਸਜੀਵ, ਸੁਰੀਲੇ ਤੇ ਸਿਹਤਮੰਦ ਸੁਪਨਿਆਂ ਦਾ ਵਕਤ ਨਹੀਂ। ਅੰਬਾਨੀ ਤੇ ਅਡਾਨੀ ਬਣਨ ਦੇ ਵਣਜ ਨੇ ਮਨ, ਮਸਤਕ, ਮੁਹਾਵਰੇ ਤੇ ਮੁਹਾਂਦਰੇ ਬੁਰੀ ਤਰ੍ਹਾਂ ਝੁਲਸ ਦਿੱਤੇ ਹਨ। ਸੁਧਾਰ ਦੀ ਗੁੰਜਾਇਸ਼ ਹੀ ਨਹੀਂ ਬਚੀ। ਆਪਣੀ-ਆਪਣੀ ਸਿਆਸਤ ਅਨੁਕੂਲ ਬਹੁਤ ਸਾਰੇ ਲੋਕ ਸੁਧਾਰ ਲਈ ਸ਼ੋਰ ਸਿਰਜ ਰਹੇ ਹਨ, ਸਿਰਜਣਾ ਵੀ ਚਾਹੀਦਾ। ਸ਼ਾਇਦ ਕੁਝ ਵਾਪਰ ਜਾਵੇ। ਜ਼ਿਲ੍ਹੇ ਦੇ ਪੁਲਸ ਮੁਖੀ ਨੂੰ ਕਿਸੇ ਫਿਕਰਮੰਦ ਨੇ ਪ੍ਰਸ਼ਨ ਕੀਤਾ। ਕੀ ਕੋਈ ਸੁਧਾਰ ਆਏਗਾ ? ਕਹਿੰਦਾ ਨਹੀਂ। ਸਾਰਾ ਜਿਸਮ ਹੀ ਬਿਮਾਰ ਹੋ ਗਿਆ ਹੈ। ਕਿਹੜੇ-ਕਿਹੜੇ ਅੰਗ ਦਾ ਅਪਰੇਸ਼ਨ ਕਰੋਗੇ ? ਕਿਹੜੇ-ਕਿਹੜੇ ਜ਼ਖ਼ਮ 'ਤੇ ਮੱਲ੍ਹਮ ਲਾਵੋਗੇ ? ਸਟੇਟ ਦੀਆਂ ਕਾਰਪੋਰੇਟੀ ਚਲਾਕੀਆਂ ਤੇ ਚਾਲਾਂ ਨੇ ਅਜੋਕੇ ਬੰਦੇ ਨੂੰ ਸ਼ੋਹਰਤ, ਸਿਆਸਤ, ਸਜਾਵਟ ਤੇ ਸਵੈ ਦੀਆਂ ਨੀਹਾਂ ਵਿੱਚ ਚਿਣ ਦਿੱਤਾ ਹੈ। ਹਰ ਕੋਈ ਆਪਣੇ ਦ੍ਰਿਸ਼ਟੀਕੋਣ ਤੇ ਦਰਸ਼ਨ ਅਨੁਸਾਰ ਧੜਕਦਾ ਤੇ ਬੋਲਦਾ ਹੈ। ਦਿਲ ਵਿੱਚੋਂ ਬੋਲਣ ਵਾਲਿਆਂ ਦੀ ਜਮਾਤ ਖਤਮ ਹੋ ਗਈ ਹੈ। ਸਨਸਨੀਖੇਜ਼, ਸੁਆਦਲੇ ਤੇ ਸੌਦੇਬਾਜ਼ ਬਿਰਤਾਂਤ ਸਿਰਜਣ ਲਈ ਭਾਂਤ-ਭਾਂਤ ਦੀਆਂ ਦੁਕਾਨਦਾਰੀਆਂ ਚੱਲ ਰਹੀਆਂ ਹਨ। ਵਕਤ ਦੇ ਅਨੁਕੂਲ ਢਲ-ਢਲ ਕੇ ਰੀੜ੍ਹ ਦੀਆਂ ਹੱਡੀਆਂ ਸਾਹ-ਸਤਹੀਣ ਹੋ ਜਾਂਦੀਆਂ ਹਨ। ਸੰਭਾਵਨਾਵਾਂ ਨੂੰ ਬਚਾਉਣ ਲਈ ਸ਼ਬਦ ਨੂੰ ਤੇ ਆਵਾਜ਼ਾਂ ਨੂੰ ਸਤਰਕ ਹੋਣਾ ਚਾਹੀਦਾ।

***ਵਕਤ ਨੂੰ ਬੋਲਣਾ ਤੇ ਧੜਕਣਾ ਸਿਖਾਉਂਦੇ ਨੇ ਅੱਖਰ***
***ਕਦੇ ਬਾਬਰਵਾਣੀ, ਕਦੇ ਜ਼ਫਰਨਾਮਾ ਬਣ ਕੇ ਆਉਂਦੇ ਨੇ ਅੱਖਰ***

ਪਰ ਕਰੇ ਤੇ ਕੀ ਕਰੇ ਬੰਦਾ ? ਸ਼ਬਦ ਬੋਲਣ ਨਾਲੋਂ ਛਪਣ ਨੂੰ ਕਾਹਲੇ ਹੋ ਗਏ ਹਨ ਅਤੇ ਆਵਾਜ਼ਾਂ ਸਿਰਫ ਤੇ ਸਿਰਫ ਉਪਦੇਸ਼ਕ ਹੋ ਗਈਆਂ ਹਨ। ਅਜੋਕੇ ਮਨੁੱਖ ਲਈ ਸ਼ਬਦ ਨਾਲੋਂ ਟ੍ਰੈਕਟਰ, ਟਰਾਲੇ, ਟੈਂਕ ਤੇ ਟੈਰ ਵਧੇਰੇ ਮੁੱਲਵਾਨ ਹੋ ਗਏ ਹਨ। ਤਮਾਮ ਫਿਕਰਾਂ ਦੇ ਬਾਵਜੂਦ ਟੌਹਰ ਤੇ ਟੁਣਕਾਰ ਵਕਤ ਦੀ ਸਭ ਤੋਂ ਪਸੰਦੀਦਾ ਖੁਰਾਕ ਹੈ। ਟੌਹਰ ਤੇ ਟੁਣਕਾਰ ਦੇ ਜਸ਼ਨਮਈ ਬਿਰਤਾਂਤ ਸਿਰਜੇ ਜਾ ਰਹੇ ਹਨ। ਨਜਾਇਜ਼ ਕਮਾਏ ਪੈਸਿਆਂ ਨੇ ਅਜਿਹੀ ਦੇਹ-ਵਰਧਕ ਸਿਰਜਣਾ ਨੂੰ ਵੱਡਾ ਹੁਲਾਰਾ ਦਿੱਤਾ ਹੈ। ਪਰਵਾਸ ਨੇ ਵੀ ਬਹੁਤ ਸਾਰੀਆਂ ਬੇਅਦਬ ਅਲਾਮਤਾਂ ਨੂੰ ਸਥਾਪਤ ਕਰਨ ਵਿੱਚ ਮੋਹਰੀ ਰੋਲ ਅਦਾ ਕੀਤਾ ਹੈ। ਉਹਨਾ ਦੇ ਪੈਸੇ ਪੰਜਾਬ ਵਿੱਚ ਆ ਕੇ ਕਈ ਗੁਣਾ ਹੋ ਜਾਂਦੇ ਹਨ। ਸਿੱਟੇ ਵਜੋਂ ਉਹ ਧੜਾਧੜ ਖਰਚ ਕਰਦੇ ਹਨ। ਉਹਨਾ ਦੀਆਂ ਫੈਲਸੂਫੀਆਂ ਦੇਖ-ਦੇਖ ਕੇ ਪੰਜਾਬ ਵਿਚਲਿਤ ਹੋ ਰਿਹਾ ਹੈ। ਪਰਵਾਸੀਆਂ ਦੀ ਵਕਤੀ ਟੌਹਰ ਦੇ ਚਮਤਕਾਰ ਨੇ ਪੰਜਾਬ ਨੂੰ ਉਖੇੜਨ ਦਾ ਕਾਰਜ ਕੀਤਾ ਹੈ। ਪੰਜਾਬ ਦਾ ਹੁਣ ਏਥੇ ਜੀਅ ਨਹੀਂ ਲੱਗਦਾ। ਪਰਵਾਸੀਆਂ ਦਾ ਖਾਣ-ਪੀਣ, ਰਹਿਣ-ਸਹਿਣ ਤੇ ਪਹਿਰਾਵਾ ਏਧਰਲਿਆਂ ਨੂੰ ਟੁੰਬਦਾ ਹੈ। ਜ਼ਮੀਨੀ ਹਕੀਕਤ ਕੁਝ ਵੀ ਹੋਵੇ। ਪਰਵਾਸੀਆਂ ਦੀ ਸ਼ਾਨੋ-ਸ਼ੌਕਤ ਤੇ ਸਜਾਵਟ ਨੇ ਪੰਜਾਬ ਨੂੰ ਉਧੇੜ ਦਿੱਤਾ ਹੈ। ਲਿਬਾਸ ਦੇ ਤੌਰ 'ਤੇ ਪੰਜਾਬੀ ਬਹੁਤ ਅਮੀਰ ਹੋ ਗਏ ਨੇ, ਪਰ ਲਿਬਾਸ ਹੀ ਸਭ ਕੁਝ ਨਹੀਂ ਹੁੰਦਾ। ਰੂਹਾਂ, ਰਮਜ਼ਾਂ, ਰਵਾਇਤਾਂ ਤੇ ਰਾਗਦਾਰੀਆਂ ਲਿਬਾਸ ਨਹੀਂ ਹੁੰਦੀਆਂ। ਕੁੜੀਆਂ ਦੇ ਨੰਗੇਜ ਤੇ ਮੁੰਡਿਆਂ ਦੇ ਗੈਂਗਸਟਰੀ ਅੰਦਾਜ਼ ਨੇ ਪੰਜਾਬ ਦੇ ਫਲਸਫੇ ਤੇ ਫਕੀਰੀ ਦੀਆਂ ਮੁੱਲਵਾਨ ਰਵਾਇਤਾਂ ਨੂੰ ਨਿਗਲ ਲਿਆ ਹੈ। ਸਾਡੇ ਧਾਰਮਿਕ ਲਿਬਾਸ ਤੇ ਵਰਤ-ਵਰਤਾਰੇ ਵਿੱਚੋਂ ਵੀ ਗੁਰੂਆਂ ਤੇ ਪੈਗੰਬਰਾਂ ਦੀ ਮਹਾਨ ਪ੍ਰੰਪਰਾ ਦੇ ਅੰਦਰੂਨੀ ਤੇ ਆਸਤਕ ਦੀਦਾਰ ਨਹੀਂ ਹੁੰਦੇ। ਅਸੀਂ ਧਰਮ, ਮਰਿਆਦਾ, ਕਥਾ, ਬਿਰਤਾਂਤ ਤੇ ਨੈਤਿਕਤਾ ਨੂੰ ਆਪਣੇ ਅਨੁਕੂਲ ਢਾਲਣ ਤੇ ਘੜਨ ਦੇ ਆਦੀ ਹੋ ਗਏ ਹਾਂ। ਸਾਡੇ ਬੋਲਾਂ, ਅਮਲਾਂ ਤੇ ਉਪਦੇਸ਼ਾਂ ਵਿੱਚੋਂ ਨਾਨਕ ਬਾਬਾ ਨਹੀਂ ਬੋਲਦਾ, ਸਗੋਂ ਅਸੀਂ ਖੁਦ ਬੋਲਦੇ ਹਾਂ। ਅਜਿਹੇ ਵਿਗਾੜ ਭਾਵੁਕ ਤੇ ਮਾਨਸਿਕ ਰੋਗਾਂ ਨੂੰ ਜਨਮ ਦਿੰਦੇ ਹਨ ਅਤੇ ਸ਼ਨਾਖਤ ਦੇ ਖੇੜੂੰ-ਖੇੜੂੰ ਹੋਣ ਦੀ ਆਹਟ ਆਉਣ ਲੱਗਦੀ ਹੈ।

ਅਮਰੀਕਾ ਰਹਿੰਦੇ ਸਾਡੇ ਰਿਸ਼ਤੇਦਾਰ ਦੇ ਬੇਟੇ ਦਾ ਵਿਆਹ ਸੀ। ਸਾਨੂੰ ਦੋਵਾਂ ਜੀਆਂ ਨੂੰ ਸੱਦਾ ਪੱਤਰ ਆਇਆ। ਉਮਰ ਤੇ ਤਹਿਜ਼ੀਬ ਦੇ ਹਿਸਾਬ ਨਾਲ ਸਾਡੇ ਕੋਲੋਂ ਫਿਲਮੀ ਅੰਦਾਜ਼ ਵਿੱਚ ਹੋ ਰਹੇ ਅਜੋਕੇ ਵਿਆਹ ਹੁਣ ਦੇਖੇ ਨਹੀਂ ਜਾਂਦੇ। ਪਕਵਾਨਾਂ, ਪਹਿਰਾਵਿਆਂ, ਸਜਾਵਟਾਂ, ਗੱਡੀਆਂ ਤੇ ਨਖਰਿਆਂ ਦੇ ਜਸ਼ਨ ਰੂਹ ਅੰਦਰ ਨਹੀਂ ਉੱਤਰਦੇ। ਹਰ ਸਮਾਗਮ ਵਿੱਚ ਵੱਖਰਾ

**ਪੈਸੇ ਦੀ ਹਸਰਤ ਨੇ ਬੰਦੇ ਨੂੰ ਖਾ ਲਿਆ,**
**ਵੇਂਹਦੇ-ਵੇਂਹਦੇ ਨਗਰ ਨੇ ਭਾਈ ਲਾਲੋ ਭੁਲਾ ਲਿਆ।**

-------------------------

**ਸਹਿਜੇ-ਸਹਿਜੇ ਜੀਰਨਾ ਤੇ ਜੀਰ-ਜੀਰ ਕੇ ਮਹੀਨ ਕਰਨਾ,**
**ਬਹੁਤ ਔਖਾ ਹੁੰਦਾ ਦੁੱਖਾਂ ਨੂੰ ਸੁਰਜ਼ਮੀਨ ਕਰਨਾ।**

ਮੁਕਾਬਲਾ ਦੇਖਣ ਨੂੰ ਮਿਲਦਾ ਹੈ। ਖਾਣ ਲਈ ਪਰੋਸੇ ਗਏ ਪਕਵਾਨਾਂ ਵਿੱਚੋਂ ਆਪਣੇ ਅਨੁਕੂਲ ਚੋਣ ਕਰਨੀ ਔਖੀ ਹੋ ਜਾਂਦੀ ਹੈ। ਜਸ਼ਨ ਦੀ ਵਿਕਸਿਤ ਹੋਈ ਉੱਤਰ-ਆਧੁਨਿਕ ਸ਼ੈਲੀ, ਸ਼ਬਦਾਵਲੀ ਤੇ ਤਹਿਜ਼ੀਬ ਸਿੱਖਣੀ ਸਾਡੇ ਵਰਗੇ ਸਾਦਾ ਲੋਕਾਂ ਲਈ ਔਖੀ ਹੋ ਗਈ ਹੈ। ਅਮਰੀਕਾ ਵਾਲੇ ਵਿਆਹ ਅਸੀਂ ਭਾਵੇਂ ਗਏ ਨਹੀਂ, ਪਰ ਉਸ ਸੈਵਨ ਸਟਾਰ ਵਿਆਹ ਦੀਆਂ ਵੀਡੀਓ ਸਾਡੇ ਕੋਲ ਆਈਆਂ। ਵਿਆਹ ਦਾ ਹਰ ਦ੍ਰਿਸ਼ ਸਵਰਗ ਦਾ ਭੁਲੇਖਾ ਪਾਉਂਦਾ ਹੈ। ਜਿਸ ਚੀਜ਼ ਨੇ ਪਰ ਮੈਨੂੰ ਬਹੁਤ ਜ਼ਿਆਦਾ ਅਚਰਜ ਕੀਤਾ, ਉਹ ਸੀ ਜਸ਼ਨਾਂ ਵੇਲੇ ਸੁੱਟੇ ਜਾ ਰਹੇ ਡਾਲਰਾਂ ਦੇ ਢੇਰ ਦਾ ਫਿਲਮਾਂਕਣ ਅਤੇ ਉਸ ਢੇਰ ਨੂੰ ਵਾਈਪਰ ਨਾਲ ਇਕੱਠੇ ਕਰਨ ਦਾ ਸ਼ਾਨਾਮੱਤਾ ਅੰਦਾਜ਼। ਪੰਜਾਬੀਆਂ ਨੇ ਬਹੁਤ ਤਰੱਕੀ ਕੀਤੀ ਹੈ। ਪੰਜਾਬੀ ਪੂਰੀ ਦੁਨੀਆ ਵਿੱਚ ਫੈਲ ਗਏ ਹਨ। ਕੋਈ ਮੇਵਿਆਂ ਦਾ ਰਾਜਾ ਹੈ। ਕੋਈ ਸਮੋਸਿਆਂ ਦਾ ਬਾਦਸ਼ਾਹ ਹੈ। ਕੋਈ ਗੋਰਿਆਂ ਨੂੰ ਸਿੱਖ ਬਣਾ ਰਿਹਾ ਹੈ। ਪੰਜਾਬੀਆਂ ਕੋਲ ਹਜ਼ਾਰਾਂ ਏਕੜ ਖੇਤ ਹਨ। ਪੰਜਾਬੀਆਂ ਕੋਲ ਕਈ-ਕਈ ਟਰਾਲੇ ਹਨ। ਨਿਰਸੰਦੇਹ ਪੰਜਾਬੀ ਹੁਣ ਵਾਈਪਰਾਂ ਨਾਲ ਡਾਲਰ ਇਕੱਠੇ ਕਰਨਗੇ। ਅਸੀਂ ਆਪਣੇ ਬਾਪ ਨੂੰ ਤੰਗਲੀ ਨਾਲ ਕਣਕ ਦਾ ਨਾੜ ਜਾਂ ਤੂੜੀ ਇਕੱਠੀ ਕਰਦੇ ਵੇਖਿਆ ਹੈ। ਇਸ ਲਈ ਸਾਡੇ ਵਰਗੇ ਅਲਪ ਬੁੱਧੀ ਵਾਲੇ ਲੋਕਾਂ ਲਈ ਵਾਈਪਰਾਂ ਨਾਲ ਨੋਟ ਹੂੰਝਣਾ ਖਤਰਨਾਕ ਵਰਤਾਰਾ ਹੈ। ਅਜਿਹੇ ਖਤਰਨਾਕ ਵਰਤਾਰੇ ਇੱਧਰ ਵੀ ਹੋ ਰਹੇ ਹਨ। ਕਿੱਧਰ ਨੂੰ ਜਾ ਰਹੇ ਹਾਂ ਅਸੀਂ ?

***ਪੈਸੇ ਦੀ ਹਸਰਤ ਨੇ ਬੰਦੇ ਨੂੰ ਖਾ ਲਿਆ***
***ਵੇਂਹਦੇ ਵੇਂਹਦੇ ਨਗਰ ਨੇ ਭਾਈ ਲਾਲੋ ਭੁਲਾ ਲਿਆ।***

ਅਜੋਕੇ ਰੱਜਿਆਂ-ਪੁੱਜਿਆਂ ਦੀਆਂ ਕਹਾਣੀਆਂ ਮੁੱਕਣ ਵਾਲੀਆਂ ਨਹੀਂ। ਨਿਮਾਣਿਆਂ-ਨਿਤਾਣਿਆਂ ਨੂੰ ਤਾਂ ਧਰਮ, ਸਿਆਸਤ ਤੇ ਸੰਸਥਾਵਾਂ ਵੀ ਆਸਰਾ ਨਹੀਂ ਦਿੰਦੀਆਂ। ਬਾਬਿਆਂ ਦੀ ਅਰਦਾਸ ਰੁਟੀਨ ਵਰਕ ਬਣ ਕੇ ਰਹਿ ਗਈ ਹੈ। ਦੋ ਘਟਨਾਵਾਂ ਸੁਣਾ ਕੇ ਆਪਣਾ ਥੀਸਿਸ ਨਿਬੇੜਨਾ ਚਾਹੁੰਦਾ ਹਾਂ। ਇੱਕ ਘਟਨਾ ਮੈਨੂੰ ਮੇਰੇ 88 ਸਾਲਾ ਅਨਪੜ੍ਹ ਚਾਚੇ ਮੂਰਤੀ ਨੇ ਸੁਣਾਈ ਹੈ, ਜਿਸ ਦੀ ਕਰਮਯੋਗੀ ਤੇ ਕਾਵਿਕ ਸ਼ਖ਼ਸੀਅਤ ਨੂੰ ਮੈਂ ਆਪਣੀ ਕਾਵਿ ਪੁਸਤਕ 'ਜਾਗ ਪੰਜਾਬ ਤੂੰ ਜਾਗ' ਸਮਰਪਿਤ ਕੀਤੀ ਹੈ। ਸਾਡੇ ਪਿੰਡ ਦੇ ਨਿਮਨ ਕਿਰਸਾਨ ਨੇ ਜ਼ਮੀਨ ਵੇਚ ਕੇ 35 ਲੱਖ ਰੁਪਏ ਇਕੱਠੇ ਕੀਤੇ ਅਤੇ ਆਪਣੇ ਇਕਲੌਤੇ ਪੁੱਤਰ ਨੂੰ ਕੈਨੇਡਾ ਭੇਜਣ ਲਈ ਏਜੰਟ ਨੂੰ ਦੇ ਦਿੱਤੇ। ਵਿਦੇਸ਼ ਜਾਣ ਦਾ ਸੁਪਨਾ ਸਾਕਾਰ ਨਾ ਹੋਇਆ ਅਤੇ ਇਕੱਠੇ ਕੀਤੇ ਰੁਪਏ ਵੀ ਮਰ ਗਏ। ਹੁਣ ਉਸ ਦਾ ਮੁੰਡਾ ਰੋਜ਼ ਨਸ਼ਾ ਕਰਕੇ ਸੁੱਤਾ ਰਹਿੰਦਾ ਹੈ। ਪੀੜਤ ਕਿਰਸਾਨ ਮੇਰੇ ਚਾਚੇ ਕੋਲ ਢਿੱਡ ਦਾ ਦਰਦ ਹੌਲਾ ਕਰਨ ਆਇਆ। ਚਾਚੇ ਨੇ ਆਪਣੀ ਸਮਝ ਮੁਤਾਬਕ ਉਸ ਨੂੰ ਹੌਸਲਾ ਦਿੱਤਾ ਅਤੇ ਮੈਨੂੰ ਇਹ ਦੁਖਾਂਤ ਪੂਰੇ ਦਰਦ ਵਿੱਚ ਭਿੱਜ ਕੇ ਸੁਣਾਇਆ। ਸਮਝ ਨਹੀਂ ਆਉਂਦਾ ਸ਼ਬਦਾਂ ਦੇ ਕਿਸ ਵਾਈਪਰ ਨਾਲ ਉਸ ਪੀੜਤ ਕਿਰਸਾਨ ਦਾ ਦਰਦ ਇਕੱਠਾ ਕਰਕੇ ਇਸ ਦਰਦ ਨੂੰ ਕੋਈ ਜ਼ੁਬਾਨ ਦੇਵਾਂ ਤਾਂ ਕਿ ਇਹ ਦਰਦ ਬੋਲੇ :

*ਸਹਿਜੇ ਸਹਿਜੇ ਜੀਰਨਾ ਤੇ ਜੀਰ ਜੀਰ ਕੇ ਮਹੀਨ ਕਰਨਾ*
*ਬਹੁਤ ਔਖਾ ਹੁੰਦਾ ਦੁੱਖਾਂ ਨੂੰ ਸੁਰਜ਼ਮੀਨ ਕਰਨਾ।*

ਪੰਜਾਬੀਆਂ ਦਾ ਰੱਬ ਰਾਖਾ। ਇਹ ਜਦੋਂ ਰੱਜ ਜਾਂਦੇ ਨੇ ਤਾਂ ਇਹ ਆਫਰ ਜਾਂਦੇ ਨੇ। ਸਭ ਤੋਂ ਪਹਿਲਾਂ ਜੜ੍ਹਾਂ ਨੂੰ ਭੁੱਲਦੇ ਨੇ। ਪੰਜਾਬੀ ਲੋਕ ਉੱਤਰ-ਆਧੁਨਿਕ ਰੈਸਟੋਰੈਂਟ ਸ਼ੈਲੀ ਦੇ ਸ਼ੌਕੀਨ ਤੇ ਸ਼ੈਦਾਈ ਹੋਣ ਨੂੰ ਫਿਰਦੇ ਨੇ। ਦਾਲ-ਫੁਲਕੇ ਵਾਲੀਆਂ ਗੱਲਾਂ ਸਿਰਫ ਗੱਲਾਂ ਰਹਿ ਗਈਆਂ ਹਨ। ਇਹ ਲੋਕ ਘਰਾਂ ਨੂੰ ਰੈਸਟੋਰੈਂਟ ਬਣਾਉਣਾ ਚਾਹੁੰਦੇ ਨੇ। ਏਸੇ ਕਰਕੇ ਬਹੁਤੇ ਪਰਵਾਸੀ ਬੱਚੇ ਵਿਆਹ ਕਰਵਾਉਣ ਤੋਂ ਮੁਨਕਰ ਹੋ ਰਹੇ ਹਨ। ਨਿਊਯਾਰਕ ਰਹਿੰਦੇ ਸਾਡੇ ਰਿਸ਼ਤੇਦਾਰ ਦੇ ਡਾਕਟਰ ਬੇਟੇ ਦੀ ਦਾਦੀ ਆਪਣੇ ਪੋਤਰੇ ਦੇ ਵਿਆਹ ਦੀ ਵਿਰਲਾਪ ਕਰਦੀ-ਕਰਦੀ ਯਾਤਰਾ ਸੰਪੰਨ ਕਰ ਗਈ। ਹੁਣ ਉਸ ਦੇ ਵਿਆਹ ਦਾ ਲੰਬੀ ਕਹਾਣੀ ਵਰਗਾ ਕਾਰਡ ਆਇਆ ਹੈ। ਐਕਟਰਾਂ ਦੇ ਵਿਆਹਾਂ ਵਾਂਗੂ ਕਈ-ਕਈ ਦਿਨ ਚੱਲਣ ਵਾਲੇ ਜਸ਼ਨਾਂ ਦਾ ਮਨਮੋਹਕ ਵਰਨਣ ਟੁੰਬਦਾ ਹੈ। ਇਸ ਪ੍ਰਕਾਰ ਦੇ ਮਹਿੰਗੇ ਤੇ ਮਕਬੂਲ ਵਿਆਹ ਅਜੋਕੇ ਯੁੱਗ ਦੀ ਫਿਲਮੀ ਜੀਵਨ ਸ਼ੈਲੀ ਦੇ ਪ੍ਰਮਾਣ ਤੇ ਪ੍ਰਤੀਕ ਹਨ। ਕਾਰਡ ਵਿੱਚ ਡਾਕਟਰ ਲਾੜੇ ਨੇ ਡਾਕਟਰ ਲਾੜੀ ਦੇ ਮੇਲ-ਮਿਲਾਪ ਦੀ ਫਿਲਮੀ ਕਥਾ ਚਸਕੇ ਲੈ -ਲੈ ਬਿਆਨ ਕੀਤੀ ਹੈ। ਕਈ ਨਾਟਕੀ ਦ੍ਰਿਸ਼ਾਂ ਤੋਂ ਬਾਅਦ ਵਿਆਹ ਲਈ ਦੋਵਾਂ ਦੀ ਰਜ਼ਾਮੰਦੀ ਹੁੰਦੀ ਹੈ। ਜੇ ਤੁਸੀਂ ਮੈਨੂੰ ਥੋੜ੍ਹੀ ਜਿਹੀ ਖੁੱਲ੍ਹ ਦਿਓ ਤਾਂ ਮੈਂ ਕਹਾਂਗਾ ਕਿ ਜੱਟਾਂ ਦੇ ਮੁੰਡੇ ਦੀ ਗੈਰ ਜਾਤ ਦੀ ਕੁੜੀ ਨੂੰ ਫਸਾਉਣ ਦੀ ਕਥਾ ਕਿਸੇ ਰੁਮਾਂਟਿਕ ਫਿਲਮ ਦੇ ਨਾਟਕੀ ਅੰਦਾਜ਼ ਵਰਗੀ ਹੈ। ਫਿਲਮਸਤਾਨੀ ਦੁਨੀਆ ਦੇ ਅਜਿਹੇ ਜਸ਼ਨ ਤੇ ਜਲਵੇ ਪੰਜਾਬੀ ਬੰਦੇ ਦੀ ਵਿਰਾਸਤੀ ਸੋਚ ਤੇ ਸੰਵੇਦਨਾ ਨੂੰ ਚੂਸਣ ਲਈ ਕਾਹਲੇ ਹਨ। ਕਵੀ ਸੁਖਵਿੰਦਰ ਕੰਬੋਜ ਕਹਿੰਦਾ ਅਸੀਂ ਕਾਰਾਂ, ਕੋਠੀਆਂ ਵਾਲੇ ਦਿਹਾੜੀਦਾਰ ਹਾਂ। ਕਵੀਆਂ-ਲੇਖਕਾਂ ਨੂੰ ਕੌਣ ਪੁੱਛਦਾ। ਵੱਡੇ-ਵੱਡੇ ਫਾਰਮਾਂ ਦੇ ਮਾਲਕਾਂ ਨੂੰ ਸ਼ਬਦਾਂ ਦੀ ਲੋੜ ਨਹੀਂ। ਜਾਇਦਾਦਾਂ ਨਾਲ ਭਰੇ ਹੋਏ ਢਿੱਡ ਸ਼ਬਦਾਂ ਨਾਲ ਨਹੀਂ ਭਰਦੇ। ਵੱਡੇ-ਵੱਡੇ ਲੋਕਾਂ ਨੇ ਧਰਮ ਨੂੰ ਵਕਤ ਤੇ ਵਣਜ ਅਨੁਸਾਰ ਵਰਤਣਾ ਸਿੱਖ ਲਿਆ ਹੈ। ਕਮਿਊਨਿਟੀ ਵਿੱਚ ਸ਼ਨਾਖਤ ਵਧਾਉਣ ਲਈ ਧਰਮ ਦੇ ਨਾਂਅ ਉੱਤੇ ਚੈਰਿਟੀ ਕਰਨੀ ਪੁੰਨ ਨਹੀਂ, ਵਪਾਰ ਹੈ। ਨਾਂਅ ਚਮਕਾਉਣ ਦਾ ਝੱਸ ਬੰਦੇ ਨੂੰ ਟਿਕਣ ਨਹੀਂ ਦਿੰਦਾ। ਇਸ ਕਾਰਜ ਲਈ ਅਖਬਾਰਾਂ, ਚੈਨਲਾਂ ਤੇ ਡਿਜੀਟਲ ਯੰਤਰਾਂ ਦਾ ਇਸਤੇਮਾਲ ਕਰਨਾ ਧਨੀ ਬੰਦਿਆਂ ਦੀ ਲੋੜ ਹੈ ਇਹ, ਪਰ ਸਾਰਿਆਂ ਦੀ ਹਕੀਕਤ ਨਹੀਂ। ਜੱਦੋ-ਜਹਿਦ ਕਰ ਰਹੇ ਲੋਕ ਵੀ ਹੋਣਗੇ। ਦਿਹਾੜੀਆਂ ਨਾਲ ਪਿੱਸ ਰਹੀ ਲੋਕਾਈ ਵੀ ਹੋਵੇਗੀ। ਮੈਂ ਸਿਰਫ ਪ੍ਰਚੱਲਤ ਹੋ ਰਹੇ ਕੁਝ ਭਾਰੂ ਵਰਤਾਰਿਆਂ ਦੀ ਨਬਜ਼ ਫੜੀ ਹੈ, ਜਿਨ੍ਹਾਂ ਪ੍ਰਤੀ ਸਾਨੂੰ ਸੁਚੇਤ ਤੇ ਸੰਵੇਦਨਸ਼ੀਲ ਹੋਣ ਦੀ ਲੋੜ ਹੈ। ਅਜਿਹੇ ਦਹਿਸ਼ਤੀ ਵਰਤਾਰੇ ਪੂਰਾ ਜਹਾਜ਼ ਡੋਬ ਦੇਣਗੇ। ਕੌਮਾਂ, ਜਾਤਾਂ ਜਾਂ ਜੀਵਨ-ਸ਼ੈਲੀਆਂ ਬਾਰੇ ਦਹਿਸ਼ਤੀ ਗੀਤ ਗਾਉਣ ਵਾਲਿਆਂ ਅਤੇ ਫਿਲਮਾਂ ਬਣਾਉਣ ਵਾਲਿਆਂ ਨੂੰ ਆਪਣੇ-ਆਪਣੇ ਢਿੱਡ ਭਰੂ ਅੰਦਾਜ਼ ਨੂੰ ਛੱਡਣਾ ਪਵੇਗਾ। ਚੰਗੀਆਂ ਕਿਤਾਬਾਂ ਪੜ੍ਹਨ ਨਾਲ, ਚੰਗੇ ਗੀਤ ਸੁਣਨ ਨਾਲ, ਚੰਗੀਆਂ ਫਿਲਮਾਂ ਦੇਖਣ ਨਾਲ ਅਤੇ ਚੰਗੀ ਸੰਗਤ ਨਾਲ ਤਨ-ਮਨ ਧੋਤਾ ਜਾਂਦਾ ਹੈ। ਜ਼ਿੰਦਗੀ ਨੂੰ ਮਾਨਣ, ਸਮਝਣ ਤੇ ਬਦਲਣ ਦੀ ਸੋਝੀ ਜਾਗਦੀ ਹੈ। ਹਾਲਾਤ ਕੈਸੇ ਵੀ ਹੋਣ, ਜੀਊਣ ਦੇ ਖਾਬ ਮੁੱਕਣੇ ਨਹੀਂ ਚਾਹੀਦੇ। ਚੰਗੇ ਖ਼ਾਬ ਬੀਜਦੇ ਰਹਿਣਾ ਚਾਹੀਦਾ ਹੈ।

*ਫਿਰ ਵੀ ਜੀਊਣ ਦੇ ਖ਼ਾਬ ਬੀਜੀ ਜਾਈਏ*
*ਐਸਾ ਬੀਜਣਾ ਬੇਸ਼ੱਕ ਮੁਹਾਲ ਹੋ ਗਿਆ।*

# ਕੀ ਬਿਆਨ ਕਰਦਾ ਹੈ ਜਲੰਧਰ ਦੀ ਲੋਕ ਸਭਾ ਚੋਣ ਦਾ ਨਤੀਜਾ!

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਇਹ ਸਤਰਾਂ ਲਿਖਣ ਤੱਕ ਪੰਜਾਬ ਦੇ ਜਲੰਧਰ ਲੋਕ ਸਭਾ ਹਲਕੇ ਦੀ ਉੱਪ ਚੋਣ ਦਾ ਨਤੀਜਾ ਆ ਚੁੱਕਾ ਹੈ। ਪੰਜਾਬ ਦੀ ਸਰਕਾਰ ਦੀ ਅਗਵਾਈ ਕਰਦੀ ਆਮ ਆਦਮੀ ਪਾਰਟੀ ਦਾ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਇਹ ਸੀਟ ਵੱਡੇ ਫਰਕ ਨਾਲ ਜਿੱਤਣ ਵਿੱਚ ਸਫਲ ਹੋਇਆ ਹੈ। ਕਾਂਗਰਸ ਪਾਰਟੀ ਦੇ ਚੌਧਰੀ ਸੰਤੋਖ ਸਿੰਘ ਪਿਛਲੀ ਪਾਰਲੀਮੈਂਟ ਚੋਣ ਦੌਰਾਨ ਇਸ ਹਲਕੇ ਤੋਂ ਜਿੱਤੇ ਸਨ ਅਤੇ ਇਸ ਸਾਲ ਦੇ ਸ਼ੁਰੂ ਵਿੱਚ ਕਾਂਗਰਸ ਪਾਰਟੀ ਦੇ ਕੌਮੀ ਲੀਡਰ ਰਾਹੁਲ ਗਾਂਧੀ ਜਦੋਂ ਸਾਰੇ ਦੇਸ਼ ਵਿੱਚ ਯਾਤਰਾ ਕਰਦੇ ਹੋਏ ਏਥੇ ਆਏ ਸਨ ਤਾਂ ਉਨ੍ਹਾ ਨਾਲ ਤੁਰੇ ਜਾਂਦੇ ਚੌਧਰੀ ਸੰਤੋਖ ਸਿੰਘ ਨੂੰ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਉਨ੍ਹਾ ਦਾ ਦੇਹਾਂਤ ਹੋ ਗਿਆ ਸੀ। ਕਾਂਗਰਸ ਪਾਰਟੀ ਨੇ ਆਪਣੇ ਆਗੂ ਚੌਧਰੀ ਸੰਤੋਖ ਸਿੰਘ ਦੇ ਦੇਹਾਂਤ ਕਾਰਨ ਖਾਲੀ ਹੋਈ ਸੀਟ ਉੱਤੇ ਉਸ ਦੀ ਪਤਨੀ ਬੀਬੀ ਕਰਮਜੀਤ ਕੌਰ ਨੂੰ ਇਹ ਸੋਚ ਕੇ ਖੜਾ ਕੀਤਾ ਸੀ ਕਿ ਹਮਦਰਦੀ ਦੀ ਵੋਟ ਵੀ ਮਿਲੇਗੀ ਤੇ ਉਸ ਦੇ ਬਹਾਨੇ ਪੰਜਾਬ ਦੀ ਸਾਰੀ ਲੀਡਰਸ਼ਿਪ ਇਕੱਠੀ ਹੋ ਕੇ ਵੀ ਚੱਲ ਪਵੇਗੀ। ਬਾਅਦ ਵਿੱਚ ਇਹ ਗੱਲ ਵੇਖੀ ਗਈ ਕਿ ਪਾਰਟੀ ਦੀ ਪੰਜਾਬ ਦੀ ਲੀਡਰਸ਼ਿਪ ਕਾਗਜ਼ ਦਾਖਲ ਕਰਾਉਣ ਤੱਕ ਹੀ ਇਕੱਠੀ ਰਹੀ ਤੇ ਉਸ ਦੇ ਬਾਅਦ ਸਾਰਿਆਂ ਦੇ ਰਾਹ ਵੀ ਅੱਡੋ-ਅੱਡ ਅਤੇ ਬੋਲੀ ਵੀ ਹਰ ਕੋਈ ਆਪਣੀ ਵੱਖਰੀ ਬੋਲਦਾ ਸੁਣਦਾ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਬਹੁਤ ਜ਼ੋਰਦਾਰ ਚੋਣ ਮੁਹਿੰਮ ਚਲਾਉਣ ਦੇ ਬਾਵਜੂਦ ਕਾਂਗਰਸ ਆਪਣੀ ਰਵਾਇਤੀ ਸੀਟ ਗੁਆ ਬੈਠੀ ਹੈ। ਉਂਜ ਇਸ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਵੀ ਆਪਣੀ ਪੰਜਾਬ ਦੀ ਲੀਡਰਸ਼ਿਪ ਅਤੇ ਜਲੰਧਰ ਦੀ ਉਮੀਦਵਾਰ ਬੀਬੀ ਕਰਮਜੀਤ ਕੌਰ ਦਾ ਸਾਥ ਓਦਾਂ ਨਹੀਂ ਦਿੱਤਾ, ਜਿੱਦਾਂ ਦੇਣਾ ਚਾਹੀਦਾ ਸੀ ਤੇ ਹੋਰ ਤਾਂ ਹੋਰ, ਕੇਂਦਰ ਤੋਂ ਕੋਈ ਪ੍ਰਮੁੱਖ ਲੀਡਰ ਵੀ ਜਲੰਧਰ ਵਿੱਚ ਚੋਣ ਪ੍ਰਚਾਰ ਕਰਨ ਲਈ ਨਹੀਂ ਸੀ ਆਇਆ, ਪੰਜਾਬ ਵਾਲੇ ਹੀ ਤੁਰੇ ਫਿਰਦੇ ਦਿੱਸਦੇ ਸਨ।

ਦੂਸਰੇ ਪਾਸੇ ਅਕਾਲੀ ਦਲ ਦਾ ਗੱਠਜੋੜ ਬਹੁਜਨ ਸਮਾਜ ਪਾਰਟੀ ਨਾਲ ਸੀ ਤੇ ਦਾਅਵੇ ਭਾਵੇਂ ਉਹ ਇਸ ਸੀਟ ਨੂੰ ਜਿੱਤਣ ਦੇ ਕਰਦੇ ਸਨ, ਅਮਲ ਵਿੱਚ ਉਹ ਬੁਰੀ ਤਰ੍ਹਾਂ ਪਛੜ ਗਏ। ਉਮੀਦਵਾਰ ਉਨ੍ਹਾਂ ਨੇ ਬੰਗਾ ਹਲਕੇ ਦਾ ਵਿਧਾਇਕ ਤੇ ਨਵਾਂ ਸ਼ਹਿਰ ਇਲਾਕੇ ਵਿੱਚ ਜਾਣਿਆ-ਪਛਾਣਿਆ ਤੇ ਸੁਥਰੇ ਅਕਸ ਵਾਲਾ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਲਿਆ ਕੇ ਪੇਸ਼ ਕੀਤਾ ਸੀ। ਉਹ ਬੰਗਾ ਹਲਕੇ ਵਿੱਚੋਂ ਓਦੋਂ ਵੀ ਅਕਾਲੀ ਦਲ ਵੱਲੋਂ ਵਿਧਾਇਕ ਚੁਣਿਆ ਗਿਆ ਸੀ ਤੇ ਸਾਰੇ ਦੋਆਬੇ ਵਿੱਚੋਂ ਇਕੱਲਾ ਅਕਾਲੀ ਵਿਧਾਇਕ ਬਣਿਆ ਸੀ, ਜਦੋਂ ਸਾਰੇ ਪੰਜਾਬ ਵਿੱਚ ਇਸ ਪਾਰਟੀ ਦੀ ਏਨੀ ਬੁਰੀ ਹਾਲਤ ਸੀ ਕਿ ਇੱਕ ਸੌ ਸਤਾਰਾਂ ਵਿੱਚੋਂ ਮਸਾਂ ਤਿੰਨ ਸੀਟਾਂ ਜਿੱਤ ਸਕੀ ਸੀ। ਅਕਾਲੀ ਦਲ ਨੂੰ ਇਸ ਸਮੇਂ ਦੌਰਾਨ ਇੱਕ ਸੱਟ ਸਾਬਕਾ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਦੇਹਾਂਤ ਕਾਰਨ ਵੀ ਪਈ। ਉਸ ਕਾਰਨ ਕਈ ਦਿਨ ਪਾਰਟੀ ਲੀਡਰਸ਼ਿਪ ਚੋਣ ਪ੍ਰਚਾਰ ਵਿੱਚੋਂ ਲਾਂਭੇ ਰਹਿਣ ਨੂੰ ਮਜਬੂਰ ਹੋਈ ਤੇ ਉਹੀ ਪੰਜ-ਛੇ ਦਿਨ ਬਾਕੀ ਪਾਰਟੀਆਂ ਚੋਖਾ ਕੰਮ ਕਰਨ ਨਾਲ ਇਸ ਤੋਂ ਅੱਗੇ ਲੰਘ ਗਈਆਂ ਹੋਣਗੀਆਂ। ਪਾਰਟੀ ਦੇ ਹੇਠਲੇ ਪੱਧਰ ਦੇ ਵਰਕਰਾਂ ਵਿੱਚ ਪਿਛਲੇ ਸਾਲ ਦੀਆਂ ਵਿਧਾਨ ਸਭਾ ਚੋਣਾਂ ਦੇ ਵਕਤ ਵੇਖੀ ਗਈ ਬੇ-ਦਿਲੀ ਵੀ ਹਾਲੇ ਤੱਕ ਦੂਰ ਨਹੀਂ ਹੋ ਸਕੀ, ਉਹ ਬੇਅਦਬੀ ਅਤੇ ਹੋਰ ਮੁੱਦਿਆਂ ਕਾਰਨ ਆਮ ਲੋਕਾਂ ਕੋਲ ਜਾਣ ਵਿੱਚ ਝਿਜਕ ਮਹਿਸੂਸ ਕਰਦੇ ਰਹੇ ਤੇ ਪਤਾ ਨਹੀਂ ਹੋਰ ਕਦੋਂ ਤੱਕ ਮਹਿਸੂਸ ਕਰਦੇ ਰਹਿਣਗੇ। ਇਨ੍ਹਾਂ ਗੱਲਾਂ ਦਾ ਇਸ ਪਾਰਟੀ ਦੀ ਹਾਰ ਨਾਲੋਂ ਵੀ ਵੱਧ ਬਹੁਤ ਹੀ ਘੱਟ ਵੋਟ ਮਿਲਣ ਪਿੱਛੇ ਵੱਡਾ ਕਾਰਨ ਜਾਪਦਾ ਹੈ।

ਭਾਰਤੀ ਜਨਤਾ ਪਾਰਟੀ ਵਾਲਿਆਂ ਦੀ ਕੇਂਦਰੀ ਲੀਡਰਸ਼ਿਪ ਨੇ ਸਾਰਾ ਤਾਣ ਇਸ ਗੱਲ ਲਈ ਲਾਇਆ ਸੀ ਕਿ ਸੀਟ ਜਿੱਤਣ ਦੀ ਸੰਭਾਵਨਾ ਤਾਂ ਬਣਦੀ ਨਹੀਂ ਲੱਗਦੀ, ਅਕਾਲੀ ਪਾਰਟੀ ਤੋਂ ਆਪਣੀਆਂ ਵੋਟਾਂ ਵਧਾ ਕੇ ਇਹ ਸਾਬਤ ਕੀਤਾ ਜਾਵੇ ਕਿ ਉਹ ਪੰਜਾਬ ਵਿੱਚ ਅਕਾਲੀ ਦਲ ਤੋਂ ਵੱਡੇ ਆਧਾਰ ਵਾਲੇ ਹਨ। ਅਗਲੇ ਸਾਲ ਲੋਕ ਸਭਾ ਚੋਣਾਂ ਤੋਂ ਪਹਿਲਾਂ ਫਿਰ ਦੋਵਾਂ ਪਾਰਟੀਆਂ ਦੇ ਗੱਠਜੋੜ ਦੀਆਂ ਸੰਭਾਵਨਾਵਾਂ ਵਾਸਤੇ ਇਹ ਗੱਲ ਭਾਜਪਾ ਲਈ ਜ਼ਰੂਰੀ ਸੀ ਕਿ ਜਿਵੇਂ ਸੰਗਰੂਰ ਚੋਣ ਦੌਰਾਨ ਉਸ ਦੀਆਂ ਅਕਾਲੀਆਂ ਤੋਂ ਵੱਧ ਵੋਟਾਂ ਨਿਕਲੀਆਂ ਸਨ, ਏਥੇ ਜਲੰਧਰ ਵਿੱਚ ਵੀ ਹੋਣ, ਪਰ ਉਹ ਇਸ ਵਿੱਚ ਸਫਲ ਨਹੀਂ ਹੋ ਸਕੇ ਅਤੇ ਅਕਾਲੀਆਂ ਦੀਆਂ ਵੋਟਾਂ ਕੁਝ ਵਧ ਗਈਆਂ ਹਨ। ਫਿਰ ਵੀ ਹਰ ਕੋਈ ਜਾਣਦਾ ਹੈ ਕਿ ਇਹ ਵੋਟਾਂ ਇਕੱਲੇ ਅਕਾਲੀ ਦਲ ਦੀਆਂ ਨਾ ਹੋ ਕੇ ਬਹੁਜਨ ਸਮਾਜ ਪਾਰਟੀ ਦੇ ਸਿਰੜੀ ਸਮਰਥਕਾਂ ਦੀਆਂ ਵੋਟਾਂ ਸਮੇਤ ਹਨ ਤੇ ਬਸਪਾ ਦੀਆਂ ਵੋਟਾਂ ਅਕਾਲੀਆਂ ਤੋਂ ਵੱਧ ਹੋ ਸਕਦੀਆਂ ਹਨ। ਇੱਕ ਤਰ੍ਹਾਂ ਇਸ ਚੋਣ ਵਿੱਚ ਅਕਾਲੀ ਦਲ ਦੀ ਲੀਡਰਸ਼ਿਪ ਲਈ ਬਹੁਜਨ ਸਮਾਜ ਪਾਰਟੀ ਦਾ ਸਾਥ ਇਨ੍ਹਾਂ ਦੀ ਇੱਜ਼ਤ ਬਚਾਉਣ ਵਾਲਾ ਸਾਬਤ ਹੋਇਆ ਹੈ, ਵਰਨਾ ਹੋਰ ਵੋਟਾਂ ਘਟਣ ਨਾਲ ਭਾਜਪਾ ਤਾਂ ਭਾਰੂ ਹੋਣੀ ਹੀ ਸੀ, ਪੰਜਾਬੀਆਂ ਦੀ ਖੇਤਰੀ ਪਾਰਟੀ ਹੋਣ ਦਾ ਦਾਅਵਾ ਵੀ ਹੋਰ ਕਮਜ਼ੋਰ ਹੋ ਜਾਣਾ ਸੀ।

ਰਹਿ ਗਈ ਗੱਲ ਆਮ ਆਦਮੀ ਪਾਰਟੀ ਦੀ, ਉਸ ਦੀ ਇਹ ਅਪੀਲ ਆਮ ਲੋਕਾਂ ਉੱਤੇ ਚੋਖਾ ਅਸਰ ਕਰਨ ਵਾਲੀ ਸੀ ਕਿ ਬਾਕੀ ਪਾਰਟੀਆਂ ਨੂੰ ਪਿਛਲੇ ਸੱਤਰ ਸਾਲਾਂ ਤੋਂ ਮੌਕਾ ਦਿੱਤਾ ਜਾਂਦਾ ਰਿਹਾ ਹੈ, ਸਾਡੀ ਪਾਰਟੀ ਨੂੰ ਅਗਲੀ ਲੋਕ ਸਭਾ ਚੋਣ ਤੱਕ ਦਾ ਬਾਕੀ ਰਹਿੰਦਾ ਇੱਕ ਸਾਲ ਦੇ ਕੇ ਪਰਖ ਲਿਆ ਜਾਵੇ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਕਹਿਣਾ ਸੀ ਕਿ ਉਸ ਨੇ ਪੰਜ ਸਾਲ ਲੋਕ ਸਭਾ ਵਿੱਚ ਲੋਕਾਂ ਦੇ ਮੁੱਦੇ ਚੁੱਕੇ ਤਾਂ ਸੰਗਰੂਰ ਵਾਲਿਆਂ ਨੇ ਫਿਰ ਓਸੇ ਨੂੰ ਚੁਣ ਲਿਆ ਸੀ ਤੇ ਜਲੰਧਰ ਤੋਂ ਉਨ੍ਹਾਂ ਦਾ ਉਮੀਦਵਾਰ ਚੁਣਿਆ ਗਿਆ ਤਾਂ ਉਹ ਵੀ ਪਾਰਟੀ ਲੀਡਰਸ਼ਿਪ ਦੀ ਅਗਵਾਈ ਹੇਠ ਇਹ ਸਾਬਤ ਕਰੇਗਾ ਕਿ ਲੋਕਾਂ ਦੀ ਅਸਲੀ ਪ੍ਰਤੀਨਿਧਤਾ ਇਸ ਤਰ੍ਹਾਂ ਕੀਤੀ ਜਾਂਦੀ ਹੈ। ਵਿਰੋਧੀ ਪਾਰਟੀਆਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਕਾਂਗਰਸ ਤੋਂ ਦਲਬਦਲੀ ਕਰ ਕੇ ਆਉਣ ਦਾ ਮੁੱਦਾ ਚੋਖਾ ਚੁੱਕਿਆ, ਪਰ ਲੋਕਾਂ ਨੇ ਇਸ ਨੂੰ ਇਸ ਕਰ ਕੇ ਨਹੀਂ ਗੌਲਿਆ ਕਿ ਬਾਕੀ ਪਾਰਟੀਆਂ ਵਿੱਚੋਂ ਵੀ ਕਈ ਆਗੂ ਕਈ-ਕਈ ਵਾਰੀ ਇਹੋ ਕੁਝ ਕਰ ਚੁੱਕੇ ਹਨ ਅਤੇ ਇਹ ਖੇਡ ਆਮ ਆਦਮੀ ਪਾਰਟੀ ਨੇ ਨਹੀਂ ਸੀ ਸ਼ੁਰੂ ਕੀਤੀ, ਪਹਿਲਾਂ ਤੋਂ ਚੱਲਦੀ ਆਈ ਸੀ। ਜਿਸ ਪੰਜਾਬ ਰਾਜ ਵਿੱਚ ਮੁੱਖ ਮੰਤਰੀ ਵੀ ਦਲਬਦਲੀਆਂ ਕਰਦੇ ਫਿਰਦੇ ਹੋਣ, ਓਥੇ ਲੋਕ ਸਭਾ ਚੋਣ ਲਈ ਖੜੇ ਉਮੀਦਵਾਰ ਦੀ ਚਰਚਾ ਨਹੀਂ ਸੀ ਚੱਲਣੀ।

ਆਮ ਆਦਮੀ ਪਾਰਟੀ ਦਾ ਇਹ ਦਾਅਵਾ ਵੀ ਹੱਕੀ ਜਾਪਦਾ ਹੈ ਕਿ ਉਸ ਨੇ ਪਿਛਲੇ ਸਮੇਂ ਵਿੱਚ ਆਮ ਲੋਕਾਂ ਲਈ ਸਹੂਲਤਾਂ ਦੇਣ ਦਾ ਉਪਰਾਲਾ ਚੋਖਾ ਕੀਤਾ ਸੀ। ਜਦੋਂ ਉਸ ਨੇ ਹਰ ਕਿਸੇ ਘਰ ਲਈ ਬਿਜਲੀ ਮੁਫਤ ਕਰਨ ਵਾਲਾ ਐਲਾਨ ਕੀਤਾ ਤਾਂ ਦੋ ਗੱਲਾਂ ਉਸ ਦੇ ਖਿਲਾਫ ਕਹੀਆਂ ਜਾ ਰਹੀਆਂ ਸਨ। ਇੱਕ ਤਾਂ ਇਹ ਕਿ ਮੁਫਤ ਬਿਜਲੀ ਦਾ ਏਡਾ ਬੋਝ ਪੰਜਾਬ ਦੀ ਬਿਜਲੀ ਕਾਰਪੋਰੇਸ਼ਨ ਤੋਂ ਚੁੱਕਿਆ ਨਹੀਂ ਜਾਣਾ ਤੇ ਪੰਜਾਬ ਸਰਕਾਰ ਹੋਰ ਕਰਜ਼ੇ ਹੇਠ ਆ ਜਾਵੇਗੀ ਅਤੇ ਦੂਸਰਾ ਇਹ ਕਿ ਆਮ ਆਦਮੀ ਪਾਰਟੀ ਲੋਕਾਂ ਨੂੰ ਮੁਫਤ ਰਿਉੜੀਆਂ ਵੰਡਣ ਦਾ ਚਸਕਾ ਲਾ ਰਹੀ ਹੈ। ਮੁਫਤ ਰਿਉੜੀਆਂ ਵੰਡਣ ਵਾਲਾ ਕੰਮ ਬਹੁਤ ਪਹਿਲਾਂ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐੱਨ ਟੀ ਰਾਮਾ ਰਾਓ ਨੇ ਸ਼ੁਰੂ ਕੀਤਾ ਅਤੇ ਫਿਰ ਸਭ ਪਾਰਟੀਆਂ ਹੀ ਇਹ ਕੰਮ ਕਰਦੀਆਂ ਰਹੀਆਂ ਸਨ ਤੇ ਇਹ ਵੀ ਸਾਰੇ ਲੋਕ ਜਾਣਦੇ ਸਨ। ਬਿਜਲੀ ਸਬਸਿਡੀ ਨਾਲ ਪੈਂਦੇ ਬੋਝ ਬਾਰੇ ਇਹ ਪਾਰਟੀ ਸਾਫ ਕਹਿੰਦੀ ਸੀ ਕਿ ਚੋਰ-ਮਘੋਰੇ ਬੰਦ ਕਰਵਾ ਕੇ ਇਹ ਖਰਚਾ ਵੀ ਪੂਰਾ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਮੁਫਤ ਦਿੱਤੀ ਬਿਜਲੀ ਵਾਲੇ ਵੀਹ ਹਜ਼ਾਰ ਕਰੋੜ ਰੁਪਏ ਆਪਣੇ ਵਾਅਦੇ ਮੁਤਾਬਕ ਪਾਵਰ ਕਾਰਪੋਰੇਸ਼ਨ ਦੇ ਖਾਤੇ ਵਿੱਚ ਪਾ ਦਿੱਤੇ ਤੇ ਪਿਛਲੀ ਸਰਕਾਰ ਵੇਲੇ ਦੇ ਮੁਫਤ ਬਿਜਲੀ ਦੇ ਕਰਜ਼ੇ ਵਾਲੇ ਨੌਂ ਹਜ਼ਾਰ ਕਰੋੜ ਵਿੱਚੋਂ ਵੀ ਇਸ ਨੇ ਅਠਾਰਾਂ ਸੌ ਕਰੋੜ ਰੁਪਏ ਭੁਗਤਾਨ ਅਤੇ ਸਾਢੇ ਛੇ ਸੌ ਕਰੋੜ ਤੋਂ ਵੱਧ ਦਾ ਵਿਆਜ ਵੀ ਭਰ ਦਿੱਤਾ। ਇਸ ਨਾਲ ਪੰਜਾਬ ਦੇ ਲੋਕਾਂ ਕੋਲ ਇਹ ਗੱਲ ਚਲੀ ਗਈ ਕਿ ਇਹ ਸਰਕਾਰ ਖਜ਼ਾਨੇ ਦੀ ਦੁਰਵਰਤੋਂ ਰੋਕ ਕੇ ਅਸਲ ਕੰਮਾਂ ਲਈ ਖਰਚਣ ਦੇ ਨਾਲ ਠੀਕ ਸੇਧ ਵਿੱਚ ਚੱਲ ਰਹੀ ਹੈ, ਜਿਸ ਕਾਰਨ ਸਰਕਾਰ ਤੇ ਪਾਰਟੀ ਦਾ ਅਕਸ ਵਧਿਆ ਹੈ। ਨਤੀਜਾ ਇਸ ਦਾ ਇਹ ਹੈ ਕਿ ਜਦੋਂ ਪਿਛਲੇ ਸਾਲ ਪੂਰੇ ਪੰਜਾਬ ਵਿੱਚ ਇਸ ਪਾਰਟੀ ਦੀ ਲਹਿਰ ਸੀ, ਓਦੋਂ ਇਸ ਜ਼ਿਲ੍ਹੇ ਵਿੱਚ ਲੋਕ ਸਭਾ ਸੀਟ ਹੇਠਲੀਆਂ ਨੌਂ ਵਿਧਾਨ ਸਭਾ ਸੀਟਾਂ ਵਿੱਚੋਂ ਮਸਾਂ ਚਾਰ ਜਿੱਤ ਸਕੀ ਸੀ, ਪਰ ਇਸ ਵਾਰ ਉਹ ਕਾਂਗਰਸ ਪਾਰਟੀ ਦਾ ਰਵਾਇਤੀ ਗੜ੍ਹ ਗਿਣੇ ਜਾਂਦੇ ਇਸ ਇਲਾਕੇ ਵਿੱਚੋਂ ਪਾਰਲੀਮੈਂਟ ਸੀਟ ਵੀ ਜਿੱਤ ਕੇ ਹਿੱਕ ਠੋਕਣ ਦੇ ਲਾਇਕ ਸਾਬਤ ਹੋ ਗਈ ਹੈ।

ਫਿਰ ਵੀ ਇਹ ਸਾਰੇ ਪ੍ਰਭਾਵ ਅੱਜ ਆਏ ਇਸ ਸੀਟ ਦੇ ਚੋਣ ਨਤੀਜੇ ਬਾਰੇ ਮੁੱਢਲੇ ਹੀ ਹਨ, ਇਸ ਸੀਟ ਅਤੇ ਇਸ ਰਾਜ ਦੀ ਸਿਆਸਤ ਬਾਰੇ ਅਸਲੀ ਅਤੇ ਸਾਰਾ ਲੇਖਾ-ਜੋਖਾ ਕੁਝ ਸਮਾਂ ਬਾਅਦ ਵੀ ਕੀਤਾ ਜਾ ਸਕਦਾ ਹੈ।

# ਟੁੱਟਦੇ ਪਰਵਾਰ ਬੱਚਿਆਂ ਲਈ ਖ਼ਤਰਾ

**ਗੁਰਮੀਤ ਸਿੰਘ ਪਲਾਹੀ**

ਘਰ ਦੇ ਵੱਡਿਆਂ ਦੀ ਆਪਸੀ ਅਣਬਣ ਦੇ ਕਾਰਨ ਬਣੇ ਪ੍ਰੇਸ਼ਾਨ ਕਰਨ ਵਾਲੇ ਪਰਵਾਰਕ ਵਾਤਾਵਰਨ ਵਿੱਚ ਬੱਚੇ ਸੁੱਖ ਦਾ ਸਾਹ ਨਹੀਂ ਲੈ ਸਕਦੇ। ਬੱਚਿਆਂ ਨੂੰ ਆਪਣਾ ਵਰਤਮਾਨ ਏਨਾ ਉਲਝਣ ਭਰਿਆ ਲੱਗਣ ਲਗਦਾ ਹੈ ਕਿ ਉਹਨਾਂ ਦਾ ਮਨ ਆਉਣ ਵਾਲੇ ਸਮੇਂ 'ਚ ਜੋ ਆਸ਼ਾਵਾਂ ਉਹਨਾਂ ਦੇ ਮਨ 'ਚ ਉਗਮਣੀਆਂ ਹਨ, ਉਹਨਾ ਤੋਂ ਵੀ ਵਿਰਵਾ ਹੋ ਜਾਂਦਾ ਹੈ। ਉਹ ਇਕੱਲੇਪਨ ਦੇ ਆਦੀ ਹੋ ਜਾਂਦੇ ਹਨ।

ਇਹਨਾ ਦਿਨਾਂ 'ਚ ਅਮਰੀਕਾ ਦੀ ਵਿਸਕੋਨਸਿਨ ਮੈਡੀਸਨ ਯੂਨੀਵਰਸਿਟੀ ਨੇ ਇੱਕ ਖੋਜ ਛਾਪੀ ਹੈ। ਇਸ ਖੋਜ ਅਨੁਸਾਰ ਜਿਹੜੇ ਬੱਚੇ ਅਸਥਿਰ ਪਰਵਾਰਾਂ ਵਿੱਚ ਵੱਡੇ ਹੁੰਦੇ ਹਨ, ਉਹਨਾਂ ਦੇ ਸੁਭਾਅ ਅਤੇ ਵਰਤਾਓ ਵਿੱਚ ਚਿੰਤਾ, ਤਣਾਅ ਦਿਸਦਾ ਹੈ। ਉਹਨਾਂ 'ਚ ਆਤਮ ਨਿਰਭਰਤਾ 'ਚ ਕਮੀ ਆ ਜਾਂਦੀ ਹੈ। ਖੋਜ ਇਹ ਵੀ ਕਹਿੰਦੀ ਹੈ ਕਿ ਬੱਚਿਆਂ ਦੇ ਵਿਕਾਸ ਵਿੱਚ ਮਾਂ-ਪਿਓ ਦੇ ਉਦਾਸ ਰਹਿਣ ਦਾ ਅਸਰ ਪੈਂਦਾ ਹੈ। ਉਦਾਸ ਮਾਂ-ਪਿਓ ਨਾਲ ਰਹਿਣਾ, ਅਸਥਿਰ ਅਤੇ ਘਰੇਲੂ ਰੌਲੇ-ਰੱਪੇ ਵਾਲੇ ਮਾਹੌਲ ਵਿੱਚ ਜਿਊਣਾ, ਪਰਵਾਰ ਵਿੱਚ ਅਣਬਣ ਵੇਖਣਾ, ਇਹ ਸਭ ਕੁਝ ਉਹਨਾਂ ਦੀ ਪੜ੍ਹਾਈ ਉਤੇ ਅਸਰ ਤਾਂ ਪਾਉਂਦਾ ਹੀ ਹੈ, ਉਸ ਵਿੱਚ ਮਾਨਵੀ ਗੁਣ ਵੀ ਮਨਫ਼ੀ ਹੋ ਜਾਂਦੇ ਹਨ। ਕਿੰਨਾ ਦੁਖਾਂਤ ਹੈ ਇਹ ਕਿ ਬੱਚੇ ਇੱਕ ਅਧੂਰੇ ਵਿਅਕਤੀਤਵ ਦੇ ਰੂਪ 'ਚ ਵੱਡੇ ਹੁੰਦੇ ਹਨ। ਇਹ ਉਹਨਾਂ ਵਿੱਚ ਨਾਂਹ-ਪੱਖੀ ਸੋਚ ਦੀ ਬਹੁਤਾਤ ਪੈਦਾ ਕਰਦਾ ਹੈ।

ਪਤੀ-ਪਤਨੀ 'ਚ ਝਗੜਾ ਬੱਚੇ ਦੇ ਮਨ 'ਚ ਡਰ ਪੈਦਾ ਕਰਦਾ ਹੈ। ਕਈ ਸ਼ੰਕੇ ਉਹਦੇ ਬਾਲ ਮਨ 'ਚ ਇਕੱਠੇ ਹੁੰਦੇ ਜਾਂਦੇ ਹਨ। ਪਤੀ-ਪਤਨੀ ਵਿਚਲਾ ਤਣਾਅ ਵਾਲਾ ਮਾਹੌਲ ਬੱਚੇ ਦੇ ਸੁਭਾਅ ਨੂੰ ਖੰਡਤ ਕਰਦਾ ਹੈ। ਅਸੁਰੱਖਿਆ ਦੀ ਭਾਵਨਾ ਉਹਨਾਂ 'ਚ ਵਧਦੀ ਹੈ। ਘਰ ਵਿੱਚ ਕਿਹੋ ਜਿਹੇ ਵੀ ਹਾਲਾਤ ਹੋਣ, ਵੱਡਿਆਂ ਦਾ ਆਪਸੀ ਲੜਾਈ-ਝਗੜਾ ਹੋਵੇ, ਪਰ ਬੱਚਿਆਂ ਲਈ ਘਰ 'ਚ ਚੰਗਾ ਮਾਹੌਲ ਜ਼ਰੂਰੀ ਹੈ, ਨਹੀਂ ਤਾਂ ਬੱਚਿਆਂ ਦੇ ਮਨ 'ਚ ਨਿਰਾਸ਼ਾ ਭਰ ਜਾਂਦੀ ਹੈ। ਕਈ ਹਾਲਤਾਂ ਵਿੱਚ ਤਾਂ ਉਹ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ।

ਵੱਡਿਆਂ ਜਾਂ ਮਾਂ-ਪਿਓ ਦੇ ਝਗੜੇ ਕਾਰਨ ਉਹਨਾਂ ਦੇ ਮਨ 'ਚ ਆਉਣ ਵਾਲੇ ਸਮੇਂ ਨੂੰ ਲੈ ਕੇ ਉਲਝਣਾਂ ਪੈਦਾ ਹੋ ਜਾਂਦੀਆਂ ਹਨ। ਅੱਜ ਦੇ ਬੱਚੇ ਇਸ ਦਾ ਹੱਲ ਕਈ ਵੇਰ ਇਲੈਕਟ੍ਰਾਨਿਕ ਉਪਕਰਨਾਂ 'ਚ ਲੱਭਣ ਲਗਦੇ ਹਨ। ਉਹ ਇਸ ਹੱਦ ਤੱਕ ਇਹਨਾਂ ਉਪਕਰਨਾਂ, ਮੋਬਾਇਲ, ਟੈਬਲਟ ਆਦਿ 'ਚ ਉਲਝ ਜਾਂਦੇ ਹਨ ਕਿ ਉਪਰੋਂ ਭਾਵੇਂ ਉਹਨਾ ਦਾ ਗੁੱਸਾ ਅਤੇ ਚਿੰਤਾ ਸ਼ਾਂਤ ਦਿਸਦੀ ਹੈ, ਪਰ ਅੰਦਰੋਂ ਉਹਨਾ ਦਾ ਹੌਸਲਾ ਟੁੱਟ ਜਾਂਦਾ ਹੈ। ਕਈ ਮਾਮਲੇ ਤਾਂ ਇਹੋ ਜਿਹੇ ਹਾਲਾਤ ਪੈਦਾ ਕਰ ਦਿੰਦੇ ਹਨ ਕਿ ਬੱਚੇ ਖ਼ੁਦਕੁਸ਼ੀ ਦਾ ਰਾਹ ਤੱਕ ਫੜ ਲੈਂਦੇ ਹਨ ਜਾਂ ਘਰ ਛੱਡ ਜਾਂਦੇ ਹਨ ਅਤੇ ਬਹੁਤੀ ਵੇਰ ਅਪਰਾਧਿਕ ਦੁਨੀਆ 'ਚ ਜਾ ਫਸਦੇ ਹਨ।

ਵਿਆਹੇ ਜੋੜਿਆਂ ਵਿੱਚ ਆਪਸੀ ਤਕਰਾਰ ਅਤੇ ਲੜਾਈ, ਝਗੜਾ ਵਿਆਹ ਦੇ ਕਈ ਸਾਲਾਂ ਬਾਅਦ ਤੱਕ ਬਣਿਆ ਰਹਿੰਦਾ ਹੈ, ਕਿਉਂਕਿ ਬਹੁਤੀ ਵੇਰ ਵਿਚਾਰਾਂ ਦਾ ਵਖਰੇਵਾਂ ਅਤੇ ਕਈ ਵੇਰ 'ਈਗੋ' ਵਾਲੀ ਸਥਿਤੀ ਇਸ ਝਗੜੇ ਦਾ ਕਾਰਨ ਬਣਦੀ ਹੈ। ਘਰ ਟੁੱਟ ਜਾਂਦੇ ਹਨ ਜਾਂ ਘਰ ਲੜਾਈ ਦਾ ਅਖਾੜਾ ਬਣੇ ਰਹਿੰਦੇ ਹਨ।

ਨਸ਼ਿਆਂ ਦੇ ਆਦੀ ਨੌਜਵਾਨ ਘਰ 'ਚ ਕਲੇਸ਼ ਦਾ ਵੱਡਾ ਕਾਰਨ ਬਣਦੇ ਹਨ, ਲੜਕੀਆਂ ਆਪਣੇ ਸਾਥੀ ਨਾਲ ਆਖ਼ਰ ਤੱਕ ਨਿਭਾਉਣ ਦਾ ਯਤਨ ਕਰਦੀਆਂ ਆਪਣੀਆਂ ਖੁਸ਼ੀਆਂ, ਸੁਪਨਿਆਂ ਤੱਕ ਨੂੰ ਕੁਰਬਾਨ ਕਰ ਦਿੰਦੀਆਂ ਹਨ, ਪਰ ਮਰਦ ਪ੍ਰਧਾਨ ਸਮਾਜ 'ਚ ਮਰਦਾਂ ਦੀ ਹੈਂਕੜਬਾਜ਼ੀ, ਰੰਘੜਊਪੁਣਾ ਘਰ ਦਾ ਮਾਹੌਲ ਖਰਾਬ ਕਰੀ ਰੱਖਦਾ ਹੈ। ਵਿਸ਼ਵਾਸ ਦੀਆਂ ਤੰਦਾਂ ਜਦੋਂ ਟੁੱਟਦੀਆਂ ਹਨ, ਜੀਵਨ ਨਰਕ ਬਣ ਜਾਂਦਾ ਹੈ। ਦਰਅਸਲ, ਵਰ੍ਹਿਆਂ ਦੇ ਵਰ੍ਹੇ ਇਕੱਠੇ ਰਹਿਣ ਦੇ ਬਾਅਦ ਵੀ ਵਿਆਹ ਸੰਬੰਧ 'ਚ ਬਖੇੜਾ ਅਤੇ ਟੁੱਟ-ਭੱਜ ਅੱਜ ਦੇ ਸਮੇਂ ਦਾ ਸੱਚ ਹੈ। ਇਸੇ ਕਰਕੇ ਤਲਾਕ ਕੇਸਾਂ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਪਿਛਲੇ ਵਰ੍ਹੇ ਭਾਰਤੀ ਸੰਸਦ 'ਚ ਪੇਸ਼ ਕੀਤੇ ਅੰਕੜਿਆਂ ਮੁਤਾਬਕ ਦੇਸ਼ ਦੀਆਂ ਵੱਖੋ-ਵੱਖਰੀਆਂ ਅਦਾਲਤਾਂ 'ਚ ਲਗਭਗ 11.4 ਲੱਖ ਮਾਮਲੇ ਸੁਣਵਾਈ ਦੀ ਉਡੀਕ 'ਚ ਪਏ ਹਨ। ਦੇਸ਼ 'ਚ 26 ਸੂਬੇ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਹਨ, ਜਿਥੇ 715 ਪਰਵਾਰਕ ਅਦਾਲਤਾਂ ਹਨ, ਪਰ ਵਰ੍ਹਿਆਂ ਤੱਕ ਵੀ ਕੇਸਾਂ ਦਾ ਨਿਪਟਾਰਾ ਨਹੀਂ ਹੋ ਰਿਹਾ, ਜਿਸ ਦਾ ਖਮਿਆਜ਼ਾ ਵੀ ਆਮ ਤੌਰ 'ਤੇ ਬੱਚਿਆਂ ਦਾ ਬਚਪਨ ਭੁਗਤ ਰਿਹਾ ਹੈ। ਜੇਕਰ ਦੇਸ਼ 'ਚ ਸੁਵਿਧਾ ਜਾਂ ਯਤਨ ਇਸ ਕਿਸਮ ਦੇ ਹੋਣ ਕਿ ਇਹਨਾਂ ਪਰਵਾਰਕ ਅਦਾਲਤਾਂ 'ਚ ਕੇਸਾਂ ਦਾ ਨਿਪਟਾਰਾ ਦੋਹਾਂ ਧਿਰਾਂ ਨੂੰ ਸਮਝਾਉਣ ਨਾਲ ਹੱਲ ਹੋਵੇ ਤਾਂ ਇਹ ਵਿਹਾਰਕ ਵੀ ਹੋ ਸਕਦਾ ਹੈ ਅਤੇ ਪਰਵਾਰਕ ਹਿੱਤ ਖ਼ਾਸ ਕਰਕੇ ਬੱਚਿਆਂ ਦੇ ਹਿੱਤ 'ਚ ਵੀ ਹੋ ਸਕਦਾ ਹੈ। ਭਾਰਤ ਅੱਜ ਦੁਨੀਆ ਦੀ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ ਅਤੇ ਭਾਰਤ ਹੀ ਸਭ ਤੋਂ ਵੱਧ ਅਦਾਲਤੀ ਲੰਬਿਤ ਮਾਮਲਿਆਂ ਵਾਲਾ ਦੇਸ਼ ਹੈ। ਕੁਲ ਮਿਲਾ ਕੇ ਭਾਰਤ ਦੀਆਂ ਅਦਾਲਤਾਂ ਵਿੱਚ 4.70 ਕਰੋੜ ਮਾਮਲੇ ਅਦਾਲਤਾਂ 'ਚ ਲਟਕਦੇ ਹਨ। ਇਹਨਾਂ ਵਿਚੋਂ 6.50 ਲੱਖ ਤੋਂ ਵੀ ਜ਼ਿਆਦਾ ਵਿਆਹ ਸੰਬੰਧੀ ਮਾਮਲੇ ਹਨ। ਇਹਨਾਂ ਮਾਮਲਿਆਂ 'ਚ ਮਾਮੂਲੀ ਮਨ-ਮਟਾਅ ਵਾਲੀਆਂ ਹਾਲਤਾਂ ਕਈ ਵੇਰ ਲੰਮੀ ਕਾਨੂੰਨੀ ਲੜਾਈ ਦਾ ਕਾਰਨ ਬਣ ਜਾਂਦੀਆਂ ਹਨ। ਇਹ ਇੱਕ-ਦੂਜੇ ਪ੍ਰਤੀ ਇਲਜ਼ਾਮਬਾਜੀ ਬੱਚਿਆਂ ਦੀ ਮਨੋਸਥਿਤੀ ਵਿਗਾੜਨ 'ਚ ਸਹਾਈ ਹੁੰਦੀ ਹੈ। ਜੇਕਰ ਮਾਪੇ ਲੜਾਈ ਝਗੜੇ ਦੇ ਬਾਵਜੂਦ ਇੱਕ-ਦੂਜੇ ਨਾਲ ਸਮਝਦਾਰੀ ਨਾਲ ਪੇਸ਼ ਆਉਣ ਤਾਂ ਬੱਚੇ ਉਸੇ ਅਨੁਸਾਰ ਖੁਦ ਨੂੰ ਵਿਕਸਤ ਕਰਦੇ ਹਨ।

ਭਾਰਤੀ ਸੱਭਿਆਚਾਰ ਵਿੱਚ ਬੱਚਿਆਂ ਦਾ ਪਾਲਣ-ਪੋਸ਼ਣ ਅਤੇ ਜ਼ੁੰਮੇਵਾਰੀ ਟੱਬਰ ਦੀਆਂ ਤਿੰਨ ਪੀੜ੍ਹੀਆਂ ਤੱਕ ਜੁੜੀ ਹੋਈ ਹੈ ਅਤੇ ਪ੍ਰਭਾਵਤ ਵੀ ਤਿੰਨ ਪੀੜ੍ਹੀਆਂ ਨੂੰ ਕਰਦੀ ਹੈ। ਰਿਸ਼ਤਿਆਂ ਵਿੱਚ ਜਦੋਂ ਕੁੜੱਤਣ ਆਉਂਦੀ ਹੈ, ਪਰਵਾਰ ਟੁੱਟਦੇ ਹਨ, ਆਪਸੀ ਮੇਲਜੋਲ ਅਤੇ ਜਜ਼ਬਾਤੀ ਸੰਬੰਧ ਪ੍ਰਭਾਵਤ ਹੁੰਦਾ ਹੈ। ਇਹ ਵੇਖਣ 'ਚ ਆ ਰਿਹਾ ਹੈ ਕਿ ਦੇਸ਼ ਦੇ ਹਰ ਖਿੱਤੇ, ਹਰ ਵਰਗ ਵਿੱਚ ਪਰਵਾਰਕ ਝਗੜੇ ਵਧ ਰਹੇ ਹਨ। ਸਿੱਟਾ ਤਾਂ ਸਾਫ਼ ਹੈ, ਬੱਚੇ ਦਾ ਭਵਿੱਖ ਦਾਅ 'ਤੇ ਲੱਗ ਜਾਂਦਾ ਹੈ। ਪੁਰਾਣੇ ਸਮਿਆਂ 'ਚ ਦਾਦਾ-ਦਾਦੀ, ਨਾਨਾ-ਨਾਨੀ ਬੱਚਿਆਂ ਦਾ ਪਾਲਣ-ਪੋਸ਼ਣ ਕਰਨ 'ਚ ਹੱਥ ਵਧਾਉਂਦੇ ਸਨ, ਬੱਚੇ ਜਜ਼ਬਾਤੀ ਤੌਰ 'ਤੇ ਇਹਨਾਂ ਨਾਲ ਹੀ ਨਹੀਂ, ਮਾਸੀ, ਭੂਆ, ਤਾਈ, ਚਾਚੀ, ਚਾਚੇ ਆਦਿ ਰਿਸ਼ਤਿਆਂ ਨਾਲ ਜੁੜੇ ਰਹਿੰਦੇ ਸਨ, ਅਪਣੱਤ ਵਧਦੀ ਸੀ।

ਪਿਛਲੇ ਦਿਨੀ ਦਿੱਲੀ ਹਾਈ ਕੋਰਟ ਨੇ ਇਕ ਪਰਵਾਰਕ ਝਗੜੇ ਦਾ ਫ਼ੈਸਲਾ ਦੇਣ ਵੇਲੇ ਲਿਖਿਆ, 'ਇਸ 'ਚ ਦੋ ਰਾਵਾਂ ਨਹੀਂ ਕਿ ਬੱਚੇ ਦਾ ਪਾਲਣ-ਪੋਸ਼ਣ ਇੱਕ ਖੁਸ਼ਹਾਲ ਪਰਵਾਰ ਵਿੱਚ ਹੀ ਹੋਵੇ ਤਾਂ ਉਹਨਾਂ ਦੇ ਭਾਵਨਤਮਕ ਰੂਪ ਵਿੱਚ ਮਜ਼ਬੂਤ ਹੋਣ ਅਤੇ ਪੜ੍ਹਾਈ 'ਚ ਉਹਨਾਂ ਦਾ ਪ੍ਰਦਰਸ਼ਨ ਬਿਹਤਰ ਹੋਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ।' ਇਹ ਗੱਲ ਅਸਲੋਂ ਸੱਚ ਹੈ ਕਿ ਮਾਪੇ, ਜਿਸ ਸਮਝਦਾਰੀ ਨਾਲ ਆਪਸ ਵਿੱਚ ਪੇਸ਼ ਆਉਂਦੇ ਹਨ, ਬੱਚੇ ਉਸੇ ਅਨੁਸਾਰ ਖ਼ੁਦ ਨੂੰ ਵਿਕਸਤ ਕਰਦੇ ਹਨ। ਅੱਜ ਸਿਰੇ ਦੇ ਉਪਭੋਗਤਾਵਾਦੀ ਸਮੇਂ 'ਚ ਜਿੱਥੇ ਕਦਰਾਂ-ਕੀਮਤਾਂ ਛੱਡ ਕੇ ਅੱਗੇ ਵਧਣ ਦੀ ਹੋੜ ਲੱਗੀ ਹੋਈ ਹੈ, ਮਨੁੱਖ ਵਿੱਚ ਸਹਿਜਤਾ ਖ਼ਤਮ ਹੋ ਰਹੀ ਹੈ। ਫਜ਼ੂਲ ਕਿਸਮ ਦੇ ਦਬਾਅ ਅਧੀਨ ਵਿਖਾਵੇ ਭਰੀ ਜ਼ਿੰਦਗੀ ਜਿਊਂਦਾ ਆਪਣੇ ਤੋਂ ਉੱਪਰ ਜਿਊਣ ਦੀ ਲਾਲਸਾ ਨਾਲ ਉਤਪੋਤ ਕਈ ਵੇਰ ਕੁਝ ਇਹੋ ਜਿਹਾ ਕਰ ਬੈਠਦਾ ਹੈ, ਜੋ ਉਸ ਦੇ ਆਪਣੇ ਜੀਵਨ ਵਿੱਚ ਤਾਂ ਕੁੜੱਤਣ ਤਾਂ ਭਰਦਾ ਹੀ ਹੈ, ਸਗੋਂ ਅਪਣੇ ਪਰਵਾਰਕ ਜੀਵਨ ਨੂੰ ਵੀ ਦਾਅ 'ਤੇ ਲਾਅ ਦਿੰਦਾ ਹੈ, ਜਿਸ ਦਾ ਖਮਿਆਜ਼ਾ ਆਮ ਤੌਰ 'ਤੇ ਬੱਚਿਆਂ ਨੂੰ ਭੁਗਤਣਾ ਪੈਂਦਾ ਹੈ।

ਬੱਚਿਆਂ ਦੇ ਪਾਲਣ-ਪੋਸ਼ਣ 'ਚ ਔਖਿਆਈਆਂ, ਮਾਨਸਕ ਕਸ਼ਟ, ਬੱਚੇ ਦੇ ਸੁਭਾਅ 'ਚ ਚਿੜਚਿੜਾਪਨ ਕੁਝ ਇਹੋ ਜਿਹੀਆਂ ਗੱਲਾਂ ਹਨ, ਜਿਹੜੀਆਂ ਬੱਚਿਆਂ ਦੇ ਪੱਲੇ ਪੈ ਜਾਂਦੀਆਂ ਹਨ। ਜਿਹੜੀਆਂ ਜ਼ਿੰਦਗੀ ਭਰ ਉਹਨਾਂ ਦਾ ਪਿੱਛਾ ਨਹੀਂ ਛੱਡਦੀਆਂ। ਦੁਨੀਆ ਭਰ 'ਚ ਕਾਨੂੰਨ ਨਾਲ ਇਹਨਾਂ ਸਮੱਸਿਆਵਾਂ ਨੂੰ ਨਜਿੱਠਣ ਵਾਲੇ ਦਾਨਸ਼ਵਰ, ਪੰਚਾਇਤਾਂ, ਜੱਜ ਅਤੇ ਹੋਰ ਸੂਝਵਾਨ ਲੋਕ ਆਮ ਤੌਰ 'ਤੇ ਇਹਨਾਂ ਝਗੜਿਆਂ ਦਾ ਹੱਲ ਸੰਬੰਧਤ ਜੋੜਿਆਂ ਦੀ ਆਪਸੀ ਗੱਲਬਾਤ ਨਾਲ ਸੁਲਝਾਉਣ ਦੇ ਹੱਕ 'ਚ ਰਹਿੰਦੇ ਹਨ, ਤਾਂ ਕਿ ਆਉਣ ਵਾਲੀ ਪੀੜ੍ਹੀ ਨੂੰ ਰਿਸ਼ਤਿਆਂ ਦੀ ਟੁੱਟਭੱਜ ਦੀ ਬਹੁਤੀ ਕੀਮਤ ਨਾ ਚੁਕਾਉਣੀ ਪਵੇ।

—**ਸੰਪਰਕ** 98158-02070

# ਇੰਝ ਵੇਖੀ ਵਲੈਤੀ ਅਦਾਲਤ

**ਡਾਇਰੀ ਦਾ ਪੰਨਾ**

**ਨਿੰਦਰ ਘੁਗਿਆਣਵੀ**

ਕੈਨੇਡਾ-ਅਮਰੀਕਾ ਵੀ ਭਾਵੇਂ ਜਾ ਚੁੱਕਾ ਹਾਂ, ਤੇ ਚਾਹਤ ਵੀ ਰਹੀ ਕਿ ਉਥੋਂ ਦੀਆਂ ਅਦਾਲਤਾਂ ਦੇਖਾਂ, ਪਰ ਮੌਕਾ ਨਹੀਂ ਸੀ ਬਣਿਆ। ਇਹਨਾਂ ਦੇਸ਼ਾਂ ਦੀ ਅਦਾਲਤੀ ਪ੍ਰਕਿਰਿਆ ਬਾਰੇ ਵੱਧ ਤੋਂ ਵੱਧ ਜਾਨਣ ਦੀ ਚਾਹਤ ਸ਼ਾਇਦ ਇਸ ਲਈ ਵੀ ਰਹੀ ਹੈ ਕਿ ਖ਼ੁਦ ਵੀ ਕੁਝ ਸਮਾਂ ਭਾਰਤੀ ਅਦਾਲਤੀ ਪ੍ਰਣਾਲੀ ਵਿੱਚ ਕੰਮ ਕਰਦਾ ਰਿਹਾ ਹਾਂ, ਭਾਵੇਂ ਕਿ ਇੱਕ ਛੋਟੇ ਮੁਲਾਜ਼ਮ ਵਜੋਂ ਹੀ ਸਾਂ।

ਗਲੌਸਟਰ ਸ਼ਹਿਰ ਵਿੱਚ ਸਥਿਤ ਕਰਾਊਨ ਕੋਰਟ ਦੇਖਣ ਜਾਂਦੇ ਹਾਂ। ਨਾਲ ਨਿਰਮਲ ਥਿੰਦ ਅੰਕਲ ਹੈ। ਉਹ ਹੱਸਦਾ ਹੈ-'ਰੱਬ ਨਾ ਹੀ ਗੇੜੇ ਪੁਵਾਵੇ ਅਦਾਲਤਾਂ ਦੇ...ਅੱਜ ਤੇਰੇ ਕਰਕੇ ਪਹਿਲੀ ਵਾਰੀ ਆਇਆਂ ਹਾਂ ਮੈਂ ਵੀ...। ਕਰਾਊਨ ਕੋਰਟ ਇੱਥੇ ਉੱਚ ਅਦਾਲਤ ਹੁੰਦੀ ਹੈ, ਇੰਡੀਆ ਦੀ ਸੈਸ਼ਨ ਕੋਰਟ ਦੇ ਬਰਾਬਰ ਦੀ। ਇਸ ਤੋਂ ਬਾਅਦ ਹਾਈਕੋਰਟ। ਅਸੀਂ ਇੱਕ ਵੱਡੀ ਚੌਰਸ ਬਿਲਡਿੰਗ ਵਿੱਚ ਜਾ ਵੜੇ। ਸਕਿਉਰਿਟੀ ਅਫ਼ਸਰ ਨੇ ਫਿੱਕੀ ਜਿਹੀ ਮੁਸਕਰਾਹਟ ਨਾਲ ਆਉਣ ਦਾ ਮਕਸਦ ਪੁੱਛਿਆ। ਅੰਕਲ ਨੇ ਦੱਸਿਆ ਕਿ ਇੰਡੀਆ ਤੋਂ ਆਇਆ ਹੈ...ਵਿਜ਼ਟਰ ਹੈ...ਉਥੇ ਖੁਦੀ ਅਦਾਲਤਾਂ ਵਿੱਚ ਕੰਮ ਕਰਦਾ ਰਿਹਾ ਹੈ। ਲੇਖਕ ਹੈ। ਇਥੋਂ ਦੀ ਕੋਰਟ ਦੇਖਣੀ ਚਾਹੁੰਦਾ ਹੈ। ਸੁਰੱਖਿਆ ਅਧਿਕਾਰੀ ਨੇ ਆਖਿਆ, 'ਵੈੱਲਕਮ...ਆਪਣੇ ਸੈੱਲ ਫੋਨ ਬੰਦ ਕਰ ਲਓ ਤੇ ਉੱਪਰ ਪੌੜੀਆਂ ਚੜ੍ਹ ਜਾਵੋ...ਕੋਰਟ ਲੱਗੀ ਹੋਈ ਹੈ।

ਅਸੀਂ ਲੋਕਾਂ ਦੇ ਬੈਠਣ ਵਾਲੀ ਗੈਲਰੀ ਵਿੱਚ ਦਾਖਲ ਹੋਏ। ਸੈਂਕੜੇ ਲੋਕਾਂ ਦੇ ਬਹਿਣ ਲਈ ਬਣੀ ਗੈਲਰੀ ਵਿੱਚ ਸਿਰਫ਼ ਇੱਕੋ ਔਰਤ ਬੈਠੀ ਅਦਾਲਤੀ ਕਾਰਵਾਈ ਨੂੰ ਦੇਖ ਰਹੀ ਸੀ। ਹੇਠਾਂ ਖ਼ੂਬਸੂਰਤ ਗੋਲ ਗੈਲਰੀ ਵਿੱਚ ਅਦਾਲਤ ਲੱਗੀ ਹੋਈ ਸੀ। ਕਾਲਾ ਗਾਊਨ ਤੇ ਸਿਰ 'ਤੇ ਵਿੱਗ ਪਹਿਨੀ ਬੈਠਾ ਪੰਜਾਹ ਕੁ ਸਾਲਾ ਗੋਰਾ ਜੱਜ ਲਿਖ ਰਿਹਾ ਸੀ। ਸਾਹ ਲੈਣ ਤੱਕ ਦੀ ਆਵਾਜ਼ ਨਹੀਂ ਸੀ ਆ ਰਹੀ ਕਿਤੋਂ...ਤੇ ਨਾ ਹੀ ਪੈਰਾਂ ਦਾ ਖੜਾਕ। ਜੇ ਕੋਈ ਤੁਰਦਾ ਵੀ, ਤਾਂ ਸੰਭਲ-ਸੰਭਲ ਕੇ ਪੱਬ ਧਰਦਾ। ਅਦਾਲਤ ਦੇ ਸਤਿਕਾਰ ਵਜੋਂ ਸਿਰ ਝੁਕਾਅ ਕੇ ਅੰਦਰ ਆਉਂਦਾ ਤੇ ਸਿਰ ਝੁਕਾਅ ਕੇ ਹੀ ਬਾਹਰ ਜਾਂਦਾ। ਅਦਾਲਤ ਵਿੱਚ ਭੀੜ ਤੇ ਭਾਜੜ ਨਹੀਂ ਸੀ। ਨਾ ਕਿਸੇ ਨੂੰ ਕਾਹਲ ਸੀ, ਨਾ ਕੋਈ ਅਫ਼ਰਾ-ਤਫ਼ਰੀ। ਗੈਲਰੀ ਵਿੱਚ ਬੈਠਾ ਮੈਂ ਭਾਰਤੀ ਅਦਾਲਤਾਂ ਖ਼ਾਸ ਕਰਕੇ ਪੰਜਾਬ ਦੀਆਂ ਨਿਆਂਇਕ ਅਦਾਲਤਾਂ ਬਾਰੇ ਸੋਚਣ ਲੱਗਿਆ...ਜਦੋਂ ਮੈਂ ਅਰਦਲੀ ਹੁੰਦਾ ਸਾਂ, ਤਾਂ ਦੇਖਦਾ ਕਿਵੇਂ ਲੋਕ ਹਾਲ-ਪਾਹਰਿਆ ਮਚਾਉਂਦੇ...ਮੇਰੀ 'ਵਾਜ਼ ਪਹਿਲਾਂ ਮਾਰ ਭਾਈ...ਮੇਰੀ 'ਵਾਜ਼ ਕਦੋਂ ਵੱਜੂ...ਦਿਨ ਏਥੇ ਈ ਛਿਪ ਗਿਆ...ਕੋਈ ਦੌੜਦਾ ਤੇ ਹਫ਼ਦਾ ਹੋਇਆ ਆਉਂਦਾ। ਕੋਈ ਵਕੀਲਾਂ ਤੇ ਉਹਨਾਂ ਦੇ ਮੁਨਸ਼ੀਆਂ ਨੂੰ ਹਾਕਾਂ ਮਾਰਦਾ ਫਿਰਦਾ ਕਿ ਆਜੋ ਹੁਣ ਆਜੋ...ਜੱਜ ਸੱਦੀ ਜਾਂਦਾ...ਕਦੋਂ ਦੀ 'ਵਾਜ਼ ਪੈ ਗਈ...ਲੇਟ ਹੋਗੇ ਤਾਂ ਜੱਜ ਕੇਸ ਉਲਟ ਕਰਦੂ।

ਪਰ ਇੱਥੇ ਵਲੈਤ ਦੀ ਅਦਾਲਤ ਵਿੱਚ ਅਜਿਹਾ ਕੁਝ ਨਹੀਂ ਸੀ। ਨਾ ਕੋਈ ਦੌੜਦਾ ਸੀ। ਨਾ ਕੋਈ ਹਫ਼ਦਾ ਸੀ। ਨਾ ਕੋਈ ਕਿਸੇ ਨੂੰ ਵਾਜ਼ਾਂ ਮਾਰਦਾ ਸੀ। ਜੇ ਕੋਈ ਬੋਲਦਾ ਤਾਂ ਮੂੰਹ ਵਿੱਚ ਬੋਲ ਕੇ ਹੀ ਆਪਣੀ ਗੱਲ ਕਰਦਾ ਸੀ। ਜੱਜ ਦੇ ਸਾਹਮਣੇ ਹੇਠਾਂ ਕਰਕੇ ਉਸ ਦੀਆਂ ਦੋ ਸਹਾਇਕ ਬੈਠੀਆਂ ਹੋਈਆਂ ਸਨ, ਇੱਕ ਦੀ ਵਰਦੀ ਜੱਜ ਵਾਲੀ ਸੀ ਤੇ ਦੂਜੀ ਸਾਦੇ ਕੱਪੜਿਆਂ ਵਿੱਚ। ਇੱਕ ਕੰਪਿਊਟਰ 'ਤੇ ਕੰਮ ਕਰਦੀ ਸੀ ਤੇ ਦੂਜੀ ਕੁਝ ਆਡੀਓ ਕੈਸਟਾਂ 'ਤੇ ਨੰਬਰ ਲਾ ਰਹੀ ਸੀ, ਜ਼ਾਹਿਰ ਸੀ ਕਿ ਉਹਨਾਂ ਕੈਸਟਾਂ ਵਿੱਚ ਬਿਆਨ ਰਿਕਾਰਡ ਕੀਤੇ ਜਾਂਦੇ ਹੋਣਗੇ। ਉਥੇ ਸੀਡੀਜ਼ ਸਿਸਟਮ ਵੀ ਪਿਆ ਸੀ। ਇਹ ਵੀ ਸਾਰਾ ਅਦਾਲਤੀ ਕਾਰਵਾਈ ਲਈ ਸੀ। ਜੱਜ ਦੇ ਖੱਬੇ ਪਾਸੇ ਹੇਠਾਂ ਕਰਕੇ 12 ਲੋਕਾਂ ਦੀ ਜਿਊਰੀ ਬੈਠੀ ਹੋਈ ਸੀ। ਸਭਨਾਂ ਦੇ ਹੱਥਾਂ ਵਿੱਚ ਨੋਟ ਬੁੱਕਾਂ ਸਨ। ਇਹ ਜਿਊਰੀ ਲੋਕਾਂ ਵਿੱਚੋਂ ਚੁਣ ਕੇ ਬਣਾਈ ਜਾਂਦੀ ਹੈ। ਇਹ ਆਪਣਾ ਫੈਸਲਾ ਜੱਜ ਨੂੰ ਦਿੰਦੀ ਹੈ। ਅੱਗੇ ਜੱਜ ਇਸ ਦਾ ਫੈਸਲਾ ਸੁਣਾਉਂਦਾ ਹੈ।

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਕਹੇ ਕਬੀਰ ਪ੍ਰੇਮ ਕਾ ਮਾਰਗ, ਸਿਰ ਦੇਣਾ ਤੋਂ ਰੌਣਾ ਕਿਆ ਰੇ

**ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ**

**ਡਾ. ਸ਼ਿਆਮ ਸੁੰਦਰ ਦੀਪਤੀ**

ਬਹੁਤਿਆਂ ਨੂੰ ਪਤਾ ਹੈ, ਖਾਸ ਕਰਕੇ ਸਾਹਿਤਕ ਹਲਕਿਆਂ ਵਿਚ ਕਿ ਮੈਂ ਮਿੰਨੀ ਕਹਾਣੀ ਲੇਖਕ ਹਾਂ। ਭਾਵੇਂ ਮੈਂ ਤਕਰੀਬਨ ਹਰ ਵਿਧਾ ਵਿਚ ਲਿਖਿਆ ਹੈ। ਕਵਿਤਾ ਤੋਂ ਸ਼ੁਰੂਆਤ ਕਰਕੇ, ਨਾਟਕ ਲੇਖਣ ਤੱਕ। ਜੋ ਲਿਖਿਆ ਹੈ, ਆਪਣੇ ਪੈਮਾਨੇ ਮੁਤਾਬਕ ਠੀਕ ਲੱਗਦਾ ਹੈ, ਗੌਲਣਯੋਗ। ਪਤਾ ਨਹੀਂ ਆਪਣਾ ਪੈਮਾਨਾ ਕਿੰਨਾ ਕੁ ਦਰੁਸਤ ਹੈ। ਉਂਜ ਪਿਛਲੇ ਕੁਝ ਕੁ ਸਾਲਾਂ ਤੋਂ ਕਾਲਮਨਵੀਸੀ ਵੱਲ ਰੁਖ਼ ਕੀਤਾ ਹੋਇਆ ਹੈ, ਜੋ ਕਿ ਬਹੁਤਿਆਂ ਦੀ ਨਜ਼ਰ ਵਿਚ ਸਾਹਿਤ ਦਾ ਹਿੱਸਾ ਹੀ ਨਹੀਂ ਮੰਨੀ ਜਾਂਦੀ।

ਚਲੋ, ਵਾਪਸ ਮਿੰਨੀ ਕਹਾਣੀ ਵੱਲ ਹੀ ਮੁੜਦਾ ਹਾਂ। ਮਿੰਨੀ ਕਹਾਣੀ ਦੀ ਪ੍ਰਵਾਨਗੀ ਲਈ ਕਈ ਸਾਲਾਂ ਤੋਂ ਨਿਰੰਤਰ ਕਾਰਜ ਹੋ ਰਿਹਾ ਹੈ, ਲਿਖਣ ਤੋਂ ਇਲਾਵਾ ਆਲੋਚਨਾ ਅਤੇ ਸਮਾਗਮਾਂ ਰਾਹੀਂ। ਪੰਜਾਬ ਤੋਂ ਛਪਦੀ ਹਿੰਦੀ ਦੀ ਨਿਰੋਲ ਲਘੂਕਥਾ ਵਿਧਾ ਨਾਲ ਜੁੜੀ ਮੈਗਜ਼ੀਨ, 'ਲਘੂਕਥਾ ਕਲਸ਼' ਨੇ ਸੱਦਾ ਦਿੱਤਾ ਕਿ ਆਉਣ ਵਾਲਾ ਅੰਕ ਪ੍ਰਯੋਗਾਤਮਕ ਲਘੂਕਥਾਵਾਂ ਦਾ ਹੋਵੇਗਾ ਤੇ ਮੈਗਜ਼ੀਨ ਦੇ ਸੰਪਾਦਕ ਯੋਗਰਾਜ ਪ੍ਰਭਾਕਰ ਨੇ ਮੈਨੂੰ ਉਚੇਚੇ ਤੌਰ 'ਤੇ ਕਿਹਾ, ਉਂਜ ਪਿਛਲੇ ਦੋ ਸਾਲ ਤੋਂ ਉਹ ਹਰ ਵਾਰੀ ਹਾਜ਼ਰੀ ਲਗਾਉਣ ਲਈ ਯਾਦ ਕਰਦੇ ਹਨ।

ਮੈਂ ਕੁਝ ਕੁ ਮਿੰਨੀ ਕਹਾਣੀਆਂ ਨੂੰ ਨਵੀਂ ਪੇਸ਼ਕਾਰੀ ਤਹਿਤ ਲਿਖਿਆ ਸੀ, ਪੱਤਰ ਸ਼ੈਲੀ, ਡਾਇਰੀ ਸ਼ੈਲੀ, ਟੈਲੀਫੋਨ, ਸੰਵਾਦ ਆਦਿ। ਇਸ ਵਾਰੀ ਇਕ ਹੋਰ ਸ਼ੈਲੀ ਅਜ਼ਮਾਉਣ ਦੀ ਕੋਸ਼ਿਸ਼ ਕੀਤੀ।

ਉਹ ਰਚਨਾ ਕੁਝ ਇਸ ਤਰ੍ਹਾਂ ਬਣੀ। ਆਧਾਰ ਸੀ, ਪਿੰਗਲਵਾੜਾ ਸੰਸਥਾ ਦਾ ਸਫ਼ਰ, ਸਫ਼ਰਨਾਮਾ।

ਗੱਡੀ ਵਿਚ ਬੈਠਦਿਆਂ ਹੀ ਕਾਮਨੀ ਦੇ ਬੋਲ ਚੇਤੇ ਆਏ, 'ਅੰਮ੍ਰਿਤਸਰ ਚੱਲਿਆ ਹੈ ਤਾਂ ਵੀਰੇ, ਪਿੰਗਲਵਾੜੇ ਜ਼ਰੂਰ ਹੋ ਕੇ ਆਈਂ।' ਪੁੱਛਣ 'ਤੇ ਉਸ ਦਾ ਜਵਾਬ ਸੀ, 'ਦੱਸਣ ਦੀ ਨਹੀਂ, ਦੇਖਣ ਦੀ ਥਾਂ ਹੈ, ਬਸ।'

'ਪਿੰਗਲਵਾੜਾ-ਪਿੰਗਲਿਆਂ ਦੇ ਰਹਿਣ ਦੀ ਥਾਂ, ਠੀਕ ਹੈ, ਸੇਵਾ ਦਾ ਕੰਮ ਹੈ, ਅਪਾਹਜਾਂ, ਲੂਲੇ-ਲੰਗੜਿਆਂ, ਪਿੰਗਲਿਆਂ ਨੂੰ ਸਾਂਭਣਾ, ਪਿੰਗਲਿਆਂ ਦਾ ਰੈਣ-ਬਸੇਰਾ। ਦੇਖਣਾ ਕੀ ਹੈ? ਚਲੋ ਕੁਝ ਮਦਦ ਕਰ ਆਵਾਂਗੇ।' ਮਨਬਚਨੀ ਚੱਲਦੀ ਰਹੀ ਸੀ। ਫਿਰ ਖਿਆਲ ਆਇਆ। ਏਨਾ ਕੁ ਹੀ ਨਹੀਂ ਹੋਣਾ। ਕਾਮਨੀ ਦੇ ਕਹਿਣ ਦਾ ਤਰੀਕਾ ਹੀ ਹੋਰ ਸੀ। ਕੁਝ ਤਾਂ ਹੋਵੇਗਾ, ਖਾਸ। ਖੈਰ! ਇਹ ਵੀ ਚੇਤੇ ਆਇਆ, ਜੋ ਉਹ ਕਿਹਾ ਸੀ, 'ਦੱਸਣ ਵਾਲੀ ਨਹੀਂ, ਅਹਿਸਾਸ ਵਾਲੀ, ਮਹਿਸੂਸ ਕਰਨ ਵਾਲੀ ਥਾਂ।'

ਗੱਡੀ ਮੇਨ ਗੇਟ 'ਤੇ ਪਹੁੰਚੀ ਤਾਂ ਗੇਟ ਖੋਲ੍ਹਣ ਵਾਲੇ ਨੇ ਕਿਹਾ, "ਸਾਈਡ 'ਤੇ ਪਾਰਕਿੰਗ ਹੈ, ਉੱਥੇ ਲਾ ਦਿਓ, ਅੰਦਰ ਪੈਦਲ ਜਾਣਾ ਹੈ।"

ਗੱਡੀ ਵਿੱਚੋਂ ਉੱਤਰ ਬਾਹਰ ਆਏ ਤਾਂ ਇੰਜ ਜਾਪਿਆ ਜਿਵੇਂ ਕਿ ਕਿਸੇ ਪਾਰਕ ਵਿਚ ਆ ਗਏ ਹੋਈਏ ਜਾਂ ਸਹੀ ਕਹਾਂ ਤਾਂ ਕਿਸੇ ਛੋਟੇ ਜਿਹੇ ਜੰਗਲ ਵਿਚ। ਹਰੇ-ਹਰੇ ਦਰੱਖਤ, ਹਰੇ-ਹਰੇ ਘਾਹ ਦਾ ਮੈਦਾਨ, ਵਿਚ ਵਿਚਕਾਰ ਫੁੱਲਾਂ ਦੀਆਂ ਕਿਆਰੀਆਂ। ਇਕ ਬਸਤੀ ਵਸੀ ਹੋਵੇ, ਸੜਕ ਦੇ ਧੂੰਏਂ ਤੋਂ ਦੂਰ। ਸ਼ੋਰ ਤੋਂ ਬੇਖ਼ਬਰ। ਕਿਸੇ ਤਰ੍ਹਾਂ ਦਾ ਕੋਈ ਸਕੂਟਰ ਜਾਂ ਅਜਿਹਾ ਕੋਈ ਹੋਰ ਵਾਹਨ ਵੀ ਨਹੀਂ।

ਥੋੜ੍ਹੀ ਦੂਰ ਗਏ ਤਾਂ ਸੜਕਾਂ 'ਤੇ ਵ੍ਹੀਲ ਚੇਅਰ 'ਤੇ ਤੁਰਦੇ-ਫਿਰਦੇ ਲੋਕ ਦਿਸੇ, ਫੌੜ੍ਹੀਆਂ 'ਤੇ ਤੁਰਦੇ ਵੀ। ਵ੍ਹੀਲ ਚੇਅਰ 'ਤੇ ਬੈਠੇ ਵਿਅਕਤੀ, ਜਿਸ ਤਰੀਕੇ ਨਾਲ ਚਿਲਾ ਰਹੇ ਸਨ, ਜਿਵੇਂ ਆਪਸ ਵਿਚ ਰੇਸ ਲਾ ਰਹੇ ਹੋਣ, ਕਿਉਂਕਿ ਇਕ-ਦੂਸਰੇ ਤੋਂ ਅੱਗੇ ਨਿਕਲਣ ਦਾ ਭਾਵ ਸਾਫ਼ ਉਨ੍ਹਾਂ ਦੇ ਚਿਹਰਿਆਂ ਤੋਂ ਝਲਕਦਾ ਸੀ। ਇਕ-ਦੂਸਰੇ ਤੋਂ ਅੱਗੇ ਹੋ ਪਿਛਲੇ ਵਾਲੇ ਨੂੰ, 'ਆ ਜਾ.. ਲਾ ਜ਼ੋਰ' ਕਹਿੰਦੇ ਤੇ ਨਾਲ ਹੀ ਹੱਸਦੇ ਵੀ।

ਦੇਖਿਆ ਕਿ ਇਕ ਵ੍ਹੀਲ ਚੇਅਰ ਵਾਲਾ ਲੜਕਾ ਉਲਟ ਗਿਆ। ਮੈਂ ਕੁਝ ਤੇਜ਼ ਤੁਰਨ ਦੀ ਕੋਸ਼ਿਸ਼ ਕੀਤੀ ਤਾਂ ਦੂਰੋਂ ਕੋਈ ਬਹੁਤ ਹੀ ਤੇਜ਼ ਰਫ਼ਤਾਰ ਨਾਲ ਭੱਜਦਾ ਹੋਇਆ ਆਇਆ। ਕਿਤੇ ਲੁਕਿਆ ਨਿਗਰਾਨੀ ਕਰ ਰਿਹਾ ਸੀ। ਨਾਲ ਦਾ ਸਾਥੀ ਪਹਿਲਾਂ ਹੀ ਰੁਕ ਕੇ ਕੋਲ ਆ ਗਿਆ ਸੀ। ਵ੍ਹੀਲ ਚੇਅਰ 'ਤੇ ਬੈਠਿਆਂ ਹੀ ਹੱਥ ਵਧਾ ਕੇ ਉਠਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਦੂਰੋਂ ਆਏ ਨੌਜਵਾਨ ਨੇ ਉਸ ਨੂੰ ਉਠਾਇਆ, ਵ੍ਹੀਲ ਚੇਅਰ ਸਿੱਧੀ ਕੀਤੀ ਤੇ ਫਿਰ ਤੋਂ ਬਿਠਾਇਆ। ਉਸ ਨੇ ਫਿਰ ਤੋਂ ਉਸੇ ਤਰ੍ਹਾਂ ਹੀ ਤੁਰੰਤ ਮੁਸਕਰਾ ਕੇ, ਆਪਣੇ ਸਾਥੀ ਅਤੇ ਸੇਵਾਦਾਰ ਵੱਲ ਸ਼ੁਕਰਾਨੇ ਦੇ ਲਹਿਜੇ ਵਿਚ ਦੇਖਿਆ ਤੇ ਆਪਣੀ ਸਹਿਜ ਹਾਲਤ ਵਿਚ ਮੁੜ ਆਇਆ।

ਵ੍ਹੀਲ ਚੇਅਰ 'ਤੇ ਸੀ। ਸੋਚ ਸਕਦੇ ਹੋ ਕਿ ਵ੍ਹੀਲ ਚੇਅਰ 'ਤੇ ਕਿਉਂ ਸੀ? ਪਰ ਪੂਰੀ ਤਰ੍ਹਾਂ ਜ਼ਿੰਦਗੀ ਮਾਣ ਰਹੇ ਸੀ, ਆਨੰਦ ਲੈ ਰਹੇ ਸੀ। ਹੋਰ ਕੀ ਚਾਹੀਦਾ ਹੁੰਦਾ ਹੈ, ਹਾਸਾ-ਖੇੜਾ, ਸੰਤੁਸ਼ਟੀ। ਇਕੋਦਮ ਖਿਆਲ ਵਿਚ ਇਹ ਅਹਿਸਾਸ ਪ੍ਰਗਟ ਹੋਇਆ।

ਅਸੀਂ ਤੁਰਦੇ ਗਏ। ਅੱਗੋਂ ਇਕ ਬਿਲਡਿੰਗ ਅੰਦਰ ਕੁਝ ਬੱਚੇ ਵਾਲੀਬਾਲ ਖੇਡ ਰਹੇ ਸੀ। ਇਕ-ਦੂਸਰੇ ਨੂੰ ਇਸ਼ਰਿਆਂ ਨਾਲ ਗੱਲਬਾਤ ਸਮਝਾ ਰਹੇ ਸੀ। ਉਹ ਗੂੰਗੇ-ਬੋਲਿਆਂ ਦੀ ਆਪਣੀ ਹੀ ਦੁਨੀਆ ਸੀ। ਉਥੋਂ ਦੇ ਸੇਵਾਦਾਰ ਭਾਵੇਂ ਉਨ੍ਹਾਂ ਦੀ ਭਾਸ਼ਾ ਵਿਚ ਸਮਝ-ਸਮਝਾ ਰਹੇ ਸੀ।

ਅਸੀਂ ਦੇਖਿਆ ਇੱਕ ਨੌਜਵਾਨ ਨੇ ਜ਼ੋਰਦਾਰ ਠਹਾਕਾ ਲਾਇਆ ਤਾਂ ਸੰਸਥਾ ਦਾ ਚੱਕਰ ਲਗਵਾ ਰਹੇ, ਦਿਖਾ-ਦੱਸ ਰਹੇ ਸੇਵਾਦਾਰ ਨੇ ਕਿਹਾ, "ਉਸ ਨੇ ਚੁਟਕਲਾ ਸੁਣਾਇਆ ਸੀ, ਜਿਸ 'ਤੇ ਇਹ ਲੋਟ-ਪੋਟ ਹੋਇਆ ਹੈ।"

ਕੀ ਬੋਲ ਰਹੇ ਸੀ ਸਾਨੂੰ ਸਮਝ ਨਹੀਂ ਆ ਰਿਹਾ ਸੀ, ਪਰ ਬੋਲ, ਸ਼ਬਦ, .. ਇਕਦਮ ਆਪਣੀ ਦੁਨੀਆ ਨਜ਼ਰ ਆਈ ਕਿ ਸਾਡੇ ਕੋਲ ਬੋਲਣ ਦੀ ਸਮਰੱਥਾ ਹੈ, ਪਰ ਸ਼ਬਦਾਂ ਵਿਚ ਕਿੰਨਾ ਨੁਕਸ ਹੈ ਕਿ ਤਲਵਾਰਾਂ-ਬੰਦੂਕਾਂ ਚੱਲ ਜਾਂਦੀਆਂ ਨੇ।

ਇਸੇ ਤਰ੍ਹਾਂ ਬੱਚਿਆਂ, ਬਜ਼ੁਰਗਾਂ, ਔਰਤਾਂ ਦੇ ਵਾਰਡ, ਜਿਸ 'ਤੇ ਲਿਖਿਆ ਸੀ 'ਆਪਣਾ ਘਰ' ਤਾਂ ਸਾਰੇ ਹੀ ਅੱਗੇ ਹੋ-ਹੋ ਕੇ ਮਿਲਦੇ, ਸਾਸਰੀਕਾਲ ਬੁਲਾਉਂਦੇ। ਜਿਸ ਦਾ ਵੀ ਹੱਥ ਫੜਦੇ, ਉਹ ਕਲਾਵੇ ਵਿਚ ਹੀ ਲੈ ਲੈਂਦਾ। ਬਾਹਰ ਦੀ ਦੁਨੀਆ ਤੋਂ ਇਕੋਦਮ ਬੇਖ਼ਬਰ। ਕਾਮਨੀ ਦੀ ਕਹੀ ਗੱਲ ਚੇਤੇ ਆ ਰਹੀ ਸੀ, ਮਹਿਸੂਸ ਕਰਨ ਵਾਲੀ ਥਾਂ।

ਵਾਪਸ ਪਰਤ ਰਹੇ ਹਾਂ। ਗੱਡੀ ਤੱਕ ਪਹੁੰਚਣ ਨੂੰ ਹੋਏ। ਗੇਟ ਤੋਂ ਬਾਹਰ ਨਿਕਲਦਿਆਂ ਇਕ ਸਵਾਲ ਲੈ ਕੇ ਜਾ ਰਹੇ ਹਾਂ। ਕੀ ਆਪਸ ਵਿਚ ਮੇਲ-ਮਿਲਾਪ ਨਾਲ, ਪਿਆਰ ਨਾਲ, ਸਹਿਹੋਂਦ ਨਾਲ ਰਹਿਣ ਲਈ, ਗੂੰਗੇ-ਬੋਲੇ, ਪਿੰਗਲੇ ਹੋਣਾ ਪੈਂਦਾ ਹੈ, ਇਹ ਪਿੰਗਲੇ-ਲਵਾਰਿਸ ਨਹੀਂ। ਇਕ ਦੂਸਰੇ ਦੇ ਵਾਰਿਸ ਹਨ। ਇਨ੍ਹਾਂ ਦਾ ਕੋਈ ਅਜਿਹਾ ਵਾਰਿਸ ਹੈ, ਜੋ ਇਨ੍ਹਾਂ ਨੂੰ ਇਸ ਕੁਦਰਤ ਤੋਂ ਮਿਲੀ ਕਮੀ ਨੂੰ, ਘਾਟ ਨੂੰ ਮਹਿਸੂਸ ਹੀ ਨਹੀਂ ਹੋਣ ਦਿੰਦਾ। ਇਹ ਲਵਾਰਿਸ ਨਹੀਂ? ਬਾਵਾਰਿਸ ਹਨ। ਇਹ ਖਿਆਲ ਆਇਆ ਹੈ ਤੇ ਗੱਡੀ ਸੜਕ 'ਤੇ ਚੜ੍ਹ ਗਈ।

ਬੁੱਲ੍ਹੇ ਸ਼ਾਹ ਚੇਤੇ ਆਇਆ, ਜਿਸ ਦੀ ਚਾਹਤ ਇਸ ਕਾਫ਼ੀ ਵਿਚ ਵੀ ਝਲਕਦੀ ਹੈ, 'ਚੱਲ ਬੁੱਲਿਆ ਚੱਲ ਉੱਥੇ ਚੱਲੀਏ, ਜਿੱਥੇ ਵੱਸਣ ਗੁੰਗੇ-ਅੰਨ੍ਹੇ, ਨਾ ਕੋਈ ਸਾਡੀ ਜਾਤ ਪਛਾਣੇ, ਨਾ ਕੋਈ ਸਾਨੂੰ ਮੰਨੇ।' ਇਹ ਕਲਪਨਾ ਨਾਲ ਬੁਣੀ ਕਹਾਣੀ ਹੈ। ਧਾਗਾ ਮੇਰੇ ਕੋਲ ਪਿਆ ਸੀ। ਧਾਗੇ ਨਾਲ ਬੁਣਤੀ ਤੇ ਬਣਤਰ? ਕਲਪਨਾ ਸਾਹਿਤ ਦਾ, ਕਿਸੇ ਵੀ ਸਿਰਜਣਾ ਦਾ ਅਹਿਮ ਹਿੱਸਾ ਹੈ। ਉਂਜ ਕਲਪਨਾ ਅਤੇ ਸਿਰਜਣਾ ਦਾ ਹੁਨਰ ਮਨੁੱਖ ਦੇ ਹਿੱਸੇ ਆਇਆ ਹੈ। ਇਸ ਖਾਸੇ ਕਰਕੇ ਉਹ ਕੁਦਰਤ ਨੂੰ ਵੀ ਚੁਣੌਤੀ ਦੇਣ ਦੇ ਕਾਬਲ ਹੋ ਸਕਿਆ ਹੈ। ਪਿੰਗਲਵਾੜਾ ਵੀ ਕੁਦਰਤ ਦੇ ਨੇਮਾਂ ਦੇ ਉਲਟ ਭੁਗਤ ਰਹੇ ਇਨਸਾਨ ਦੀ ਵੀ ਗੱਲ ਕਰਦਾ ਹੈ ਤੇ ਕੁਦਰਤ ਨਾਲ ਛੇੜਛਾੜ ਕਰਨ ਦੇ ਨਤੀਜੇ ਨੂੰ ਆਪਣੇ ਸੁਰ-ਤਾਲ ਨਾਲ ਸਾਂਭ ਵੀ ਰਿਹਾ ਹੈ। ਉਸ ਨੇ ਮਨੁੱਖ ਵੱਲੋਂ ਪੈਦਾ ਕੀਤੀ ਇਸ ਚੁਣੌਤੀ ਨੂੰ ਸਵੀਕਾਰਿਆ ਹੈ।

ਅੰਮ੍ਰਿਤਸਰ ਵਿਚ ਮੇਰਾ ਆਉਣਾ ਹੋਇਆ ਤਾਂ ਸਾਡੇ ਵਿਭਾਗ ਦੀ ਇਕ ਸ਼ਾਖਾ, ਵੈਕਸੀਨੇਸ਼ਨ ਸੈਂਟਰ, ਦਰਬਾਰ ਸਾਹਿਬ ਦੇ ਬਿਲਕੁਲ ਨੇੜੇ ਹੈ। ਕਿਸੇ ਵਪਾਰੀ ਨੇ ਕਿਸੇ ਸਮੇਂ ਦਾਨ ਕੀਤੀ ਹੈ ਇਹ ਥਾਂ, ਵਿਭਾਗ ਦਾ ਹਿੱਸਾ ਹੋਣ ਨਾਤੇ ਹਫ਼ਤੇ-ਪੰਦਰਾਂ ਦਿਨੀਂ ਮੈਂ ਉੱਥੇ ਜਾਂਦਾ। ਉੱਥੇ ਹਰਿਮੰਦਰ ਸਾਹਿਬ ਦੇ ਬਾਹਰ ਇਕ ਫ਼ਕੀਰਨੁਮਾ ਭੇਸ ਵਿਚ ਇਕ ਸ਼ਖਸ ਬੈਠਾ ਹੁੰਦਾ। ਇਕ ਪਾਸੇ ਬਾਟਾ ਪਿਆ ਹੁੰਦਾ ਤੇ ਥੱਲੇ ਇਕ ਚਾਦਰ 'ਤੇ ਅਨੇਕਾਂ ਹੀ ਪੈਂਫਲੈਟ ਰੱਖੇ ਹੁੰਦੇ। ਇਨ੍ਹਾਂ ਪੈਂਫਲੈਟਾਂ ਵਿੱਚੋਂ ਕੋਈ ਆਪਣੀ ਦਿਲਚਸਪੀ ਮੁਤਾਬਕ ਚੁੱਕ ਲੈਂਦਾ। ਵਾਤਾਵਰਨ ਸੰਬੰਧੀ ਲੇਖ ਵੱਧ ਹੁੰਦੇ ਅਤੇ ਸਿਹਤ ਨਾਲ ਜੁੜੇ ਵੀ। ਵਾਤਾਵਰਨ ਦਾ ਸਿੱਧਾ ਰਿਸ਼ਤਾ ਸਿਹਤ ਨਾਲ ਹੈ ਹੀ। ਕਦੀ ਗੱਲ ਕਰਨ ਦਾ ਮੌਕਾ ਨਹੀਂ ਬਣਾਇਆ। ਉਂਜ ਮੌਕਾ ਮੇਲ ਦੇਖੋ, ਉਨ੍ਹਾਂ ਦੇ ਜੀਉਂਦੇ ਜੀਅ ਦਰਸ਼ਨ ਕੀਤੇ ਤੇ ਬਾਅਦ ਵਿਚ ਉਨ੍ਹਾਂ ਦੀਆਂ ਕਿਤਾਬਾਂ ਤੋਂ ਅਤੇ ਉਨ੍ਹਾਂ ਦੇ ਵਾਰਸ ਬੀਬੀ ਇੰਦਰਜੀਤ ਕੌਰ ਨਾਲ ਗੱਲਾਂਬਾਤਾਂ ਕਰਕੇ, ਭਗਤ ਪੂਰਨ ਸਿੰਘ ਨਾਲ ਕਾਲਪਨਿਕ ਗੁਫ਼ਤਗੂ ਕੀਤੀ। ਜਿਸ ਨੂੰ 'ਕੁਦਰਤ ਦਾ ਹਾਣੀ' ਸਿਰਲੇਖ ਹੇਠ ਪਿੰਗਲਵਾੜਾ ਸੰਸਥਾ ਨੇ ਛਾਪਿਆ।

ਪਿੰਗਲਵਾੜਾ ਸੰਸਥਾ ਨਾਲ ਮੇਰਾ ਪਹਿਲਾ ਵਾਸਤਾ 2009 ਵਿਚ ਪਿਆ, ਜਦੋਂ ਮੈਨੂੰ ਲਿਖਿਆ ਪੱਤਰ ਮਿਲਿਆ, ਜਿਸ ਵਿਚ 5 ਅਗਸਤ 2005 ਨੂੰ ਭਗਤ ਪੂਰਨ ਸਿੰਘ ਜੀ ਦੀ 19ਵੀਂ ਬਰਸੀ ਮੌਕੇ ਸ਼ਾਮਲ ਹੋਣ ਨੂੰ ਸੱਦਾ ਆਇਆ ਤੇ ਨਾਲੇ ਇਹ ਵੀ ਸੂਚਿਤ ਕੀਤਾ ਗਿਆ ਕਿ ਮੇਰੀ ਇਕ ਕਿਤਾਬ 'ਬੱਚੇ ਕਦੇ ਤੰਗ ਨਹੀਂ ਕਰਦੇ' ਰਿਲੀਜ਼ ਕੀਤੀ ਜਾਵੇਗੀ। ਕਿਸੇ ਲੇਖਕ ਲਈ ਇਸ ਤੋਂ ਮਾਣ ਵਾਲੀ ਗੱਲ ਕੀ ਹੋਵੇਗੀ ਕਿ ਕਿਤਾਬ ਆਪੇ ਹੀ ਪੜ੍ਹ ਕੇ, ਚੋਣ ਕਰਕੇ ਛਾਪੀ ਜਾ ਰਹੀ ਹੋਵੇ ਤੇ ਨਾਲ ਹੀ ਰਿਲੀਜ਼ ਕੀਤੀ ਜਾ ਰਹੀ ਹੋਵੇ, ਜਦੋਂ ਕਿ ਕਿਤਾਬਾਂ ਦੇ ਛਾਪਣ ਅਤੇ ਪੜ੍ਹਨ ਦਾ ਸੰਕਟ ਹੋਵੇ। ਮੈਂ ਬਰਸੀ ਦੇ ਸਮਾਗਮ 'ਤੇ ਪਹੁੰਚਿਆ ਤਾਂ ਦੂਸਰੀ ਹੈਰਾਨੀ ਦੀ ਗੱਲ ਇਹ ਹੋਈ ਕਿ ਕਿਤਾਬ ਦੀ ਛਪਣ ਗਿਣਤੀ ਦਸ ਹਜ਼ਾਰ ਸੀ। ਲਗਾਤਾਰ ਛਪਦੀ ਇਹ ਕਿਤਾਬ ਹੁਣ ਤੱਕ ਚਾਲੀ ਹਜ਼ਾਰ ਛਪ ਚੁੱਕੀ ਹੈ।

ਪਿੰਗਲਵਾੜੇ ਨਾਲ ਜੁੜਨ ਦਾ ਇਹ ਮੌਕਾ ਲਗਾਤਾਰਤਾ ਵਿਚ ਬਦਲ ਗਿਆ, ਜੇਕਰ ਕਹਾਂ ਕਿ ਇਸ ਤੋਂ ਪਹਿਲਾਂ ਭਾਵੇਂ ਭਾਰਤ ਗਿਆਨ-ਵਿਗਿਆਨ ਸੰਮਤੀ, ਤਰਕਸ਼ੀਲ ਸੁਸਾਇਟੀ ਅਤੇ ਲੇਖਕ ਸਭਾਵਾਂ ਨਾਲ ਵਾਹ-ਵਾਸਤਾ ਜ਼ਰੂਰ ਸੀ, ਪਰ ਇਕ ਸੰਸਥਾ ਦੇ ਵਿਆਪਕ, ਕਈ ਪੱਖਾਂ ਤੋਂ ਫੈਲੇ ਕਾਰਜਾਂ ਨੇ ਪ੍ਰਭਾਵਿਤ ਕੀਤਾ। ਸਭ ਤੋਂ ਵੱਖਰਾ ਕਾਰਜ ਸੀ ਪੁਸਤਕ ਪ੍ਰਕਾਸ਼ਨ, ਜਿਸ ਦੇ ਲਈ ਭਗਤ ਪੂਰਨ ਸਿੰਘ ਪ੍ਰਿੰਟਿੰਗ ਪ੍ਰੈੱਸ ਵੀ ਆਪਣੀ ਸੀ। ਹਜ਼ਾਰਾਂ ਦੀ ਗਿਣਤੀ ਵਿਚ ਕਿਤਾਬਾਂ ਛਪਦੀਆਂ ਤੇ ਮੁਫ਼ਤ ਭੇਟ ਹੁੰਦੀਆਂ। ਇਸ ਮੁਫ਼ਤ ਵੰਡਣ ਪਿੱਛੇ ਕਈ ਤਰ੍ਹਾਂ ਦੀਆਂ ਵਿਚਾਰਾਂ ਚੱਲਦੀਆਂ ਹਨ। ਰਾਜਨੀਤੀ ਵਿਚ ਮੁਫ਼ਤ ਸਹੂਲਤਾਂ ਨੂੰ, ਰੇਵੜੀਆਂ ਵੰਡਣ ਕਹਿ ਕੇ ਆਲੋਚਨਾ ਵੀ ਹੁੰਦੀ ਹੈ।

ਬੀਬੀ ਇੰਦਰਜੀਤ ਕੌਰ, ਜੋ ਅੱਜ ਇਸ ਸੰਸਥਾ ਦੀ ਕਮਾਨ ਸੰਭਾਲ ਰਹੇ ਹਨ। ਇਕ ਵਾਰੀ ਅਸੀਂ ਆਪਣੇ ਸਮਾਗਮ ਵਿਚ ਬੁਲਾਇਆ। ਉਸ ਦਿਨ ਨਵੇਂ ਸਾਲ ਦਾ ਕੈਲੰਡਰ ਵੀ ਰਿਲੀਜ਼ ਕਰਨਾ ਸੀ। ਸਟੇਜ ਤੋਂ ਐਲਾਨ ਹੋ ਰਿਹਾ ਸੀ ਕਿ ਸੌ ਰੁਪਏ ਦੇ ਦਸ ਕੈਲੰਡਰ ਲੈ ਕੇ ਜਾਓ ਤੇ ਆਪਣੇ ਦੋਸਤਾਂ-ਰਿਸ਼ਤੇਦਾਰਾਂ ਨੂੰ ਸ਼ੁੱਭ ਕਾਮਨਾਵਾਂ ਦੇ ਰੂਪ ਵਿਚ ਕੈਲੰਡਰ ਦਿਓ।

ਸਮਾਗਮ ਖ਼ਤਮ ਹੋਣ 'ਤੇ ਬੀਬੀ ਜੀ ਕਹਿਣ ਲੱਗੇ, ਸਾਹਿਤ ਜਾਂ ਗਿਆਨ ਸਮੱਗਰੀ ਪਿੱਛੇ ਭਗਤ ਜੀ ਦੀ ਧਾਰਨਾ ਸੀ ਕਿ ਇਹ ਮੁਫ਼ਤ ਦੇਣੇ ਚਾਹੀਦੇ ਹਨ। ਇਕ ਤਾਂ ਤੁਸੀਂ ਕਿਸੇ ਦੇ ਦਾਨ ਦੇਣ ਦੀ ਭਾਵਨਾ ਨੂੰ ਸੀਮਤ ਕਰ ਰਹੇ ਹੁੰਦੇ ਹੋ ਤੇ ਦੂਸਰਾ ਜਿਸ ਕੋਲ ਪੈਸੇ ਨਹੀਂ ਹੁੰਦੇ, ਉਸ ਨੂੰ ਚੰਗੇ ਵਿਚਾਰਾਂ ਤੋਂ ਵਾਂਝਾ ਰੱਖ ਰਹੇ ਹੁੰਦੇ ਹੋ।

ਅਜਿਹੀਆਂ ਹੀ ਭਾਵਨਾਵਾਂ ਨਾਲ ਲੈਸ ਹੈ ਇਹ ਸੰਸਥਾ। ਭਾਵੇਂ ਅੱਜ-ਕੱਲ੍ਹ ਬੀਬੀ ਇੰਦਰਜੀਤ ਕੌਰ ਹਨ ਤੇ ਪਹਿਲਾਂ ਭਗਤ ਪੂਰਨ ਸਿੰਘ, ਜਿਨ੍ਹਾਂ ਨੇ ਇਸ ਦੀ ਸਥਾਪਨਾ ਕੀਤੀ, ਪਰ ਇਨ੍ਹਾਂ ਕਾਰਜਾਂ ਪਿੱਛੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਿਚਾਰਧਾਰਾ ਹੈ ਤੇ ਉਸ ਵਿਚੋਂ ਵੀ ਪ੍ਰਮੁੱਖ ਤੌਰ 'ਤੇ ਬਾਬਾ ਨਾਨਕ ਜੀ ਦੀ, ਜਿਨ੍ਹਾਂ ਦੀ ਬਾਣੀ ਵਿਚ ਬਰਾਬਰੀ ਅਤੇ ਆਪਸੀ ਪ੍ਰੇਮ ਦਾ ਸੰਦੇਸ਼ ਹੈ, ਜਿਸ ਦੀ ਲੋੜ ਮਨੁੱਖਤਾ ਨੂੰ ਸਦੀਵੀ ਹੈ। ਮੇਰੇ ਕਈ ਤਰਕਸ਼ੀਲ ਸਾਥੀ, ਧਰਮ ਤੋਂ ਪਰਹੇਜ਼, ਗੁਰੇਜ਼ ਕਰਨ ਵਾਲੇ, ਅਜਿਹੀ ਸੰਸਥਾ ਤੋਂ ਦੂਰੀ ਬਣਾ ਕੇ ਰੱਖਣ ਦੀ ਗੱਲ ਕਰਦੇ ਹਨ, ਪਰ ਇਕ ਗੱਲ ਜੋ ਸਮਝਣ ਵਾਲੀ ਹੈ ਕਿ ਹਰ ਸੰਸਥਾ ਅਤੇ ਹਰ ਵਿਅਕਤੀ ਨੂੰ ਚਾਲਕ ਸ਼ਕਤੀ ਦੇ ਤੌਰ 'ਤੇ, ਵਿਚਾਰਧਾਰਾ ਦੀ ਲੋੜ ਹੁੰਦੀ ਹੈ। ਨਿਸ਼ਚਿਤ ਹੀ ਉਹ ਮਨੁੱਖਤਾ ਪੱਖੀ ਹੋਵੇ। ਤਰਕਸ਼ੀਲ ਸਾਥੀ ਵੀ ਡਾ. ਕੋਵੂਰ ਦੇ ਫਲਸਫੇ ਨੂੰ ਆਧਾਰ ਬਣਾ ਕੇ ਲੋਕਾਂ ਵਿਚ ਵਿਚਰਦੇ ਹਨ। ਡਾ. ਕੋਵੂਰ ਦੀ ਕਿਤਾਬ, 'ਦੇਵਪੁਰਸ਼ ਹਾਰ ਗਏ', ਤਰਕਸ਼ੀਲਾਂ ਦੀ ਕਾਰਜਪ੍ਰਣਾਲੀ ਦਾ ਧੁਰਾ ਹੈ। ਮਕਸਦ ਤਾਂ ਹੈ ਲੋਕਾਂ ਨੂੰ ਅੰਧ-ਵਿਸ਼ਵਾਸ ਦੇ ਹਨੇਰੇ ਤੋਂ ਮੁਕਤ ਕਰਵਾਉਣਾ।

ਤਰਕਸ਼ੀਲ ਅਤੇ ਪਿੰਗਲਵਾੜਾ ਦੇ ਵਿਚਾਰ-ਆਧਾਰ ਅੱਡ-ਅੱਡ ਹਨ, ਪਰ ਨਤੀਜਾ ਕੀ ਹੈ? ਬਾਬਾ ਨਾਨਕ ਦਾ ਪੰਜ ਸੌ ਪੰਜਾਹ ਸਾਲਾ ਜਨਮ ਦਿਹਾੜਾ, ਪਿੰਗਲਵਾੜਾ ਸੰਸਥਾ ਨੇ 'ਕਿਰਤੀ ਮੇਲੇ' ਦੇ ਰੂਪ ਵਿਚ ਮਨਾਇਆ। ਹੱਥੀਂ ਕੰਮ ਕਰਨ ਵਾਲਿਆਂ ਦਾ ਸਨਮਾਨ ਕਰਕੇ। ਮੈਂ ਮੰਨਦਾ ਕਿ ਬਾਬਾ ਨਾਨਕ ਨੂੰ ਸਹੀ ਅਰਥਾਂ ਵਿਚ ਯਾਦ ਕਰਨ ਦਾ ਇਹੀ ਤਰੀਕਾ ਹੈ, ਜੋ ਤਰਕਸ਼ੀਲ ਸਾਥੀ 'ਮਹਾਂਰਾਸ਼ਟਰ ਅੰਧ-ਵਿਸ਼ਵਾਸ ਨਿਰਮੂਲਨ ਸੰਮਤੀ' ਦੇ ਸੰਸਥਾਪਕ ਡਾ. ਨਰੇਂਦਰ ਦਭੋਲਕਰ ਦਾ ਸ਼ਹੀਦੀ ਦਿਹਾੜਾ ਮਨਾਉਂਦੇ ਹੋਏ ਲੋਕਾਂ ਨੂੰ ਸੁਚੇਤ ਕਰਨੇ ਦਾ ਪ੍ਰੋਗਰਾਮ ਉਲੀਕਦੇ ਹਨ।

*ਮੋਬਾ : 98158-08506*

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

# 'ਤੀਸਰੀ ਖਿੜਕੀ' 'ਚੋਂ ਝਾਕਦੀਆਂ ਪਰਵਾਰਕ ਪ੍ਰਸਥਿਤੀਆਂ

## ਤੀਸਰੀ ਖਿੜਕੀ

**ਕਹਾਣੀ ਸੰਗ੍ਰਹਿ**
**ਨਿਰੰਜਣ ਬੋਹਾ**
**ਸਫੇ. 144, ਮੁੱਲ : 250**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**



ਕਿਤਾਬ ਦੀ ਪਰਖ ਪੜਚੋਲ



**ਰਵਿੰਦਰ ਸਿੰਘ ਸੋਢੀ**

ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਕਿਹਾ ਜਾਂਦਾ ਹੈ। ਇਸ ਦਾ ਭਾਵ ਇਹ ਨਹੀਂ ਕਿ ਸਾਹਿਤਕਾਰ ਸਮਾਜਿਕ ਵਰਤਾਰਿਆਂ ਨੂੰ ਹੂਬਹੂ ਹੀ ਆਪਣੀ ਰਚਨਾ ਵਿਚ ਪੇਸ਼ ਕਰਦਾ ਹੈ। ਕਈ ਵਾਰ ਸਾਹਿਤਕ ਕਿਰਤਾਂ ਵਿਚ ਸੱਚ ਭਾਰੂ ਹੁੰਦਾ ਹੈ ਅਤੇ ਕਲਪਨਾ ਘੱਟ ਅਤੇ ਕਈ ਵਾਰ ਇਸ ਤੋਂ ਉਲਟ ਅਤੇ ਜਾਂ ਨਿਰੋਲ ਸੱਚ ਜਾਂ ਕਲਪਨਾ ਦੇ ਸਹਾਰੇ ਵੀ ਕਿਸੇ ਸਾਹਿਤਕ ਕਿਰਤ ਦਾ ਤਾਣਾ ਬੁਣਿਆ ਹੁੰਦਾ ਹੈ। ਅਜਿਹੀਆਂ ਲਿਖਤਾਂ ਵਿਚ ਵੀ ਲੇਖਕ ਦੀ ਕਲਾ ਦੇ ਇਸ ਪੱਖ ਨੂੰ ਦੇਖਣਾ ਪੈਂਦਾ ਹੈ ਕਿ ਉਸ ਨੇ ਸੱਚ ਵਿਚ ਕਲਪਨਾ ਨੂੰ ਕਿਵੇਂ ਰਚਾਇਆ ਹੈ ਜਾਂ ਕਲਪਨਾ ਨੂੰ ਸਚਾਈ ਦੀ ਪੁੱਠ ਕਿਵੇਂ ਚਾੜ੍ਹੀ ਹੈ। ਨਿਰੰਜਣ ਬੋਹਾ ਦੇ ਕਹਾਣੀ ਸੰਗ੍ਰਹਿ 'ਤੀਸਰੀ ਖਿੜਕੀ' ਦੇ ਅਧਿਐਨ ਸਮੇਂ ਪਾਠਕਾਂ ਅਤੇ ਅਲੋਚਕਾਂ ਨੂੰ ਆਪਣਾ ਤੀਸਰਾ ਨੇਤਰ ਖੋਲ੍ਹਣਾ ਪੈਂਦਾ ਹੈ, ਕਿਉਂਕਿ ਇਹਨਾਂ ਕਹਾਣੀਆਂ ਵਿਚ ਸਾਡੇ ਦੇਸ਼ ਦੇ ਮੱਧ ਵਰਗੀ ਪਰਵਾਰਾਂ ਵਿਚ ਵਾਪਰਦੀਆਂ ਰੋਜ਼ਮਰਾ ਦੀਆਂ ਨਿਰੋਲ ਸੱਚੀਆਂ ਘਟਨਾਵਾਂ ਅਤੇ ਲੇਖਕ ਦੀ ਕਲਪਨਾ ਸ਼ਕਤੀ, ਖੰਡ-ਖੀਰ ਦੀ ਤਰ੍ਹਾਂ ਇਕ-ਦੂਜੇ ਵਿਚ ਇੱਕ-ਮਿੱਕ ਹੋਈਆਂ ਮਿਲਦੀਆਂ ਹਨ। ਭਾਵੇਂ ਸਾਡੇ ਦੇਸ਼ ਦੇ ਵੱਖ-ਵੱਖ ਰਾਜਾਂ ਦਾ ਆਪਣਾ-ਆਪਣਾ ਵੱਖਰਾ ਸੱਭਿਆਚਾਰ ਹੈ, ਪਰ ਤਾਂ ਵੀ ਪਰਵਾਰਕ ਜ਼ਿੰਦਗੀ ਦੀਆਂ ਉਲਝਣਾਂ ਤਕਰੀਬਨ-ਤਕਰੀਬਨ ਇਕੋ ਜਿਹੀਆਂ ਹੀ ਹਨ। ਇਸ ਲਈ ਨਿਰੰਜਣ ਬੋਹਾ ਦੀ 'ਤੀਸਰੀ ਖਿੜਕੀ' ਵਿੱਚੋਂ ਸਮੁੱਚੇ ਦੇਸ਼ ਦੇ ਆਮ ਪਰਵਾਰਕ ਹਾਲਾਤ ਦੀ ਝਲਕ ਦਿਖਾਈ ਦਿੰਦੀ ਹੈ। ਮਸਲਨ ਮਰਦ ਦੂਜੇ ਵਿਆਹ ਤੋਂ ਬਾਅਦ ਆਪਣੇ ਪਹਿਲੇ ਬੱਚੇ ਆਪਣੇ ਨਾਲ ਹੀ ਰੱਖਦਾ ਹੈ, ਪਰ ਜੇ ਪਤਨੀ ਦੇ ਪਹਿਲੇ ਵਿਆਹ ਦੇ ਬੱਚੇ ਹੋਣ ਤਾਂ ਉਸ ਨੂੰ ਪੇਕੇ ਛੱਡ ਕੇ ਆਉਣਾ ਪੈਂਦਾ ਹੈ (ਉਹ ਮੇਰਾ ਵੀ ਕੁਝ ਲੱਗਦੈ), ਔਰਤ ਦਾ ਆਪਣੇ ਜੀਵਨ ਸਾਥੀ ਨਾਲ ਤਨ ਦਾ ਸਾਥ ਤਾਂ ਹੀ ਸੁਖਦ ਹੁੰਦਾ ਹੈ, ਜੇ ਉਸ ਦਾ ਮਨ ਵੀ ਅਜਿਹੇ ਕਾਰਜ ਨਾਲ ਖੁਸ਼ ਹੋਵੇ (ਉਹ ਰਾਤ), ਕੁਝ ਔਰਤਾਂ ਆਪਣੇ ਪਤੀ ਦੀ ਬਿਮਾਰੀ ਦੇ ਹਾਲਾਤ ਅਤੇ ਉਸ ਦੀ ਆਰਥਿਕ ਬਦਹਾਲੀ ਕਾਰਨ ਉਸ ਨੂੰ ਆਪਣੇ 'ਤੇ ਭਾਰ ਸਮਝਦੀਆਂ ਹਨ, ਭਾਵੇਂ ਪਤੀ ਨੇ ਆਪਣੀ ਪਤਨੀ ਲਈ ਕਿੰਨੀਆਂ ਵੀ ਕੁਰਬਾਨੀਆਂ ਕਿਉਂ ਨਾ ਕੀਤੀਆਂ ਹੋਣ (ਕੋਈ ਤਾਂ ਹੈ!), ਪਤੀ-ਪਤਨੀ ਦਾ ਆਪਸੀ ਬੋਲ-ਬੁਲਾਰਾ ਤਾਂ ਚੱਲਦਾ ਹੀ ਰਹਿੰਦਾ ਹੈ, ਪਰ ਪਤੀ ਆਪਣੇ ਦੋਸਤਾਂ ਦੇ ਸਾਹਮਣੇ ਆਪਣੀ ਪਤਨੀ ਵੱਲੋਂ ਕੁਝ ਬੋਲਣ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰ ਸਕਦਾ, ਆਪ ਜੋ ਮਰਜ਼ੀ ਕਹੀ ਜਾਵੇ, ਅੱਜ ਦੇ ਸਮੇਂ ਵਿਚ ਵੀ ਕਈ ਮਾਪੇ ਬੱਚਿਆਂ ਦੇ ਅੰਤਰ-ਜਾਤੀ ਵਿਆਹ ਨੂੰ ਸਹਿਮਤੀ ਨਹੀਂ ਦਿੰਦੇ। ਭਾਵੇਂ ਉਹਨਾਂ ਦੇ ਦਿਲ ਵਿਚ ਆਪਣੇ ਬੱਚਿਆਂ ਪ੍ਰਤੀ ਪਿਆਰ ਦੀ ਭਾਵਨਾ ਖਤਮ ਨਹੀਂ ਹੁੰਦੀ, ਪਰ ਫੋਕੀ ਆਕੜ ਉੱਤੇ ਅੜੇ ਉਹ ਆਪਣੇ ਬੱਚਿਆਂ ਤੋਂ ਮੂੰਹ ਮੋੜੀ ਹੀ ਰੱਖਦੇ ਹਨ (ਇਸ ਤਰ੍ਹਾਂ ਹੀ ਹੋਵੇਗਾ ਹੁਣ—), ਨਿਖੱਟੂ ਪਤੀ ਵੀ ਆਪਣੀ ਪਤਨੀ ਦੀ ਕਮਾਈ 'ਤੇ ਆਪਣਾ ਪੂਰਾ ਹੱਕ ਸਮਝਦੇ ਹਨ, ਪਰ ਆਪਣੀ ਥੋੜ੍ਹੀ ਕਮਾਈ ਵਿੱਚੋਂ ਪਤਨੀ ਦੀ ਕੋਈ ਖਾਹਿਸ਼ ਪੂਰੀ ਕਰਨ ਲਈ ਤਿਆਰ ਨਹੀਂ ਹੁੰਦੇ ਅਤੇ ਕਈ ਵਾਰ ਵਿਆਹ ਵਰਗੇ ਅਹਿਮ ਮਾਮਲੇ ਵਿਚ ਜਜ਼ਬਾਤੀ ਫੈਸਲੇ ਬਾਅਦ ਵਿਚ ਮੁਸ਼ਕਲ ਪੈਦਾ ਕਰਦੇ ਹਨ (ਇਕ ਦਾਅ ਹੋਰ), ਭਰਾਵਾਂ ਵਿਚ ਛੋਟੀ-ਛੋਟੀ ਗੱਲ 'ਤੇ ਆਪਸੀ ਮਨ-ਮੁਟਾਵ ਅਤੇ ਪਿਉ ਦੀ ਜਾਇਦਾਦ ਵਿੱਚੋਂ ਜ਼ਿਆਦਾ ਹਿੱਸਾ ਲੈਣ ਦਾ ਲਾਲਚ (ਹੋਰ ਵੰਡ ਨਹੀਂ), ਸਾਧ/ਸਾਧਵੀਆਂ ਦੇ ਡੇਰਿਆਂ ਦੀ ਸੱਚਾਈ, ਸਕੀ ਮਾਂ ਵੱਲੋਂ ਹੀ ਆਪਣੀ ਅਜ਼ਾਦੀ ਵਿਚ ਵਿਘਨ ਪਾਉਣ ਵਾਲੀ ਕੁੜੀ ਨਾਲ ਨੀਚ ਹਰਕਤ (ਇਕ ਹੋਰ ਟਿਕਾਣਾ), ਸਧਾਰਨ ਪਰਵਾਰ ਦੀਆਂ ਆਰਥਿਕ ਥੁੜਾਂ ਦਾ ਵਰਣਨ (ਖਲਾਅ ਵਿਚ ਭਟਕਦੇ ਰਿਸ਼ਤੇ), ਮਾਮੇ ਦੇ ਮੁੰਡੇ ਵੱਲੋਂ ਹੀ ਜਵਾਨ ਕੁੜੀ 'ਤੇ ਭੈੜੀ ਨਜ਼ਰ ਰੱਖਣੀ, ਆਪ ਲੱਭੇ ਜੀਵਨ ਸਾਥੀ ਦਾ ਵੀ ਗਲਤ ਨਿਕਲਣਾ (ਤੀਸਰੀ ਖਿੜਕੀ), ਕੱਚੀ ਉਮਰੇ ਹੀ ਮਾਂ ਦੇ ਚਹੇਤੇ ਵੱਲੋਂ ਕੁੜੀ ਨਾਲ ਬਲਾਤਕਾਰ, ਜਿਸ ਕਾਰਨ ਉਸ ਕੁੜੀ ਦੇ ਮਨ ਵਿਚ ਸੈਕਸ ਸ਼ਬਦ ਤੋਂ ਹੀ ਨਫ਼ਰਤ ਹੋਣ ਕਾਰਨ ਉਹ ਲੜਕੀ ਆਪਣੀ ਵਿਆਹੁਤਾ ਜ਼ਿੰਦਗੀ ਦਾ ਸੁੱਖ ਮਾਨਣ ਤੋਂ ਘਬਰਾਉਂਦੀ ਹੈ (ਤੂੰ ਇੰਜ ਨਾ ਕਰੀਂ), ਆਦਮੀਆਂ ਵੱਲੋਂ ਕਿਸੇ ਦੂਜੀ ਔਰਤ ਪ੍ਰਤੀ ਖਿੱਚ ਪੈਦਾ ਹੋਣ ਕਾਰਨ ਪਰਵਾਰਕ ਜੀਵਨ ਵਿਚ ਖਟਾਸ, ਅਜਿਹੇ ਸਮੇਂ ਸੱਸ ਵੱਲੋਂ ਨੂੰਹ ਦਾ ਸਾਥ ਦੇਣਾ ਅਤੇ ਅੰਤ ਵਿਚ ਆਪਣੇ ਮੁੰਡੇ ਨੂੰ ਮੁਆਫ਼ ਕਰਨ ਲਈ ਕਹਿਣਾ (ਬੋਲਾਂ ਤਾਂ ਕੀ ਬੋਲਾਂ), ਆਪਣੇ ਬਚਪਨ ਦੀਆਂ ਅਧੂਰੀਆਂ ਇੱਛਾਵਾਂ ਨੂੰ ਬੱਚਿਆਂ ਰਾਹੀਂ ਪੂਰੀ ਕਰਨ ਦੀ ਚਾਹਤ (ਆਪਣਾ ਹੀ ਪਰਛਾਵਾਂ)। 'ਤੀਸਰੀ ਖਿੜਕੀ' ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਦੇ ਅਜਿਹੇ ਵਿਸ਼ਿਆਂ ਤੋਂ ਅਸੀਂ ਸਹਿਜੇ ਹੀ ਇਹ ਅਨੁਮਾਨ ਲਾ ਸਕਦੇ ਹਾਂ ਕਿ ਕਹਾਣੀਕਾਰ ਨੇ ਆਪਣੀਆਂ ਕਹਾਣੀਆਂ ਵਿਚ ਮੱਧ ਵਰਗੀ ਪਰਵਾਰ ਦੀ ਜ਼ਿੰਦਗੀ ਦੇ ਕਈ ਪੱਖਾਂ ਨੂੰ ਪਾਠਕਾਂ ਦੇ ਸਨਮੁੱਖ ਪੇਸ਼ ਕੀਤਾ ਹੈ।

ਸਾਹਿਤਕ ਕ੍ਰਿਤਾਂ ਦੀ ਪਰਖ ਕਰਨ ਸਮੇਂ ਇਹ ਤੱਥ ਹੀ ਕਾਫੀ ਨਹੀਂ ਹੁੰਦਾ ਕਿ ਲੇਖਕ ਨੇ ਆਪਣੀਆਂ ਰਚਨਾਵਾਂ ਵਿਚ ਕੀ ਦਰਸਾਇਆ ਹੈ। ਇਹ ਵੀ ਦੇਖਣਾ ਪੈਂਦਾ ਹੈ ਕਿ ਉਸ ਨੇ ਉਹ ਸਭ ਕੁਝ ਕਿਵੇਂ ਪੇਸ਼ ਕੀਤਾ ਹੈ। ਇਸ "ਕਿਵੇਂ" ਨੂੰ ਅਸੀਂ ਲੇਖਕ ਦੀ ਸਾਹਿਤਕ ਮੁਹਾਰਤ, ਕਲਾ, ਸ਼ੈਲੀ ਜਾਂ ਹੋਰ ਅਜਿਹਾ ਕੁਝ ਕਹਿ ਸਕਦੇ ਹਾਂ।

ਪ੍ਰਸਤੁਤ ਪੁਸਤਕ ਦੇ ਅਧਿਐਨ ਉਪਰੰਤ ਕੁਝ ਪ੍ਰਮੁੱਖ ਨੁਕਤੇ ਸਾਹਮਣੇ ਆਉਂਦੇ ਹਨ। ਲੇਖਕ ਦੀ ਕਹਾਣੀ ਸ਼ੁਰੂ ਕਰਨ ਦੇ ਢੰਗ ਵਿਚ ਮੁਹਾਰਤ ਹੈ। ਉਹ ਕਹਾਣੀ ਦਾ ਪਹਿਲਾ ਵਾਕ ਹੀ ਅਜਿਹਾ ਲਿਖਦਾ ਹੈ ਕਿ ਪਾਠਕਾਂ ਵਿਚ ਉਤਸੁਕਤਾ ਪੈਦਾ ਹੁੰਦੀ ਹੈ ਕਿ ਕਹਾਣੀਕਾਰ ਕਹਿਣਾ ਕੀ ਚਾਹੁੰਦਾ ਹੈ ਜਾਂ ਕਿਸ ਚੀਜ਼ ਸੰਬੰਧੀ ਗੱਲ ਕਰਨ ਲੱਗਿਆ ਹੈ। ਪਹਿਲੀ ਕਹਾਣੀ 'ਉਹ ਮੇਰਾ ਵੀ ਕੁਝ ਲੱਗਦੈ' ਦਾ ਮੁੱਢ ਇਹਨਾਂ ਸਤਰਾਂ ਨਾਲ ਹੁੰਦਾ ਹੈ, "ਅੱਖਾਂ ਮੀਟ ਕੇ ਸੌਣ ਦਾ ਨਾਟਕ ਜ਼ਰੂਰ ਕਰ ਲੈਂਦੀ ਹਾਂ ਪਰ ਨੀਂਦ ਆਉਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ, ਮੈਂ ਇਹ ਨਾਟਕ ਨਹੀਂ ਕਰਨਾ ਚਾਹੁੰਦੀ, ਪਰ——— —।" ਇਹ ਵਾਕ ਪੜ੍ਹਦੇ ਹੀ ਪਾਠਕ ਇਹ ਜਾਨਣ ਲਈ ਕਾਹਲਾ ਪੈਂਦਾ ਹੈ ਕਿ ਉਹ ਇਸ ਤਰ੍ਹਾਂ ਕਿਉਂ ਕਰ ਰਹੀ ਹੈ? ਉਸ ਦੀ ਅਜਿਹੀ ਹਾਲਤ ਲਈ ਕੌਣ ਜ਼ਿੰਮੇਵਾਰ ਹੈ ਜਾਂ ਉਸ ਨਾਲ ਕੀ ਅਣਹੋਣੀ ਵਾਪਰ ਚੁੱਕੀ ਹੈ? ਇਸੇ ਤਰ੍ਹਾਂ ਹੀ 'ਤੂੰ ਇੰਜ ਨਾ ਕਰੀਂ' ਕਹਾਣੀ ਨੂੰ ਦੇਖਿਆ ਜਾ ਸਕਦਾ ਹੈ। ਸਵੇਰੇ ਮੇਰੇ ਸਹੁਰਿਆਂ ਵੱਲੋਂ ਪੰਚਾਇਤ ਆਉਣੀ ਹੈ, ਇਸ ਲਈ ਸਾਰੀ ਰਾਤ ਫਿਕਰਾਂ ਨਾਲ ਪਾਸੇ ਮਾਰਦਿਆਂ ਹੀ ਲੰਘੀ ਹੈ। ਪਾਠਕ ਇਹ ਪੜ੍ਹ ਕੇ ਸੋਚਦੇ ਹਨ ਕਿ ਇਹ ਪਾਤਰ ਕੌਣ ਹੈ, ਆਦਮੀ ਹੈ ਜਾਂ ਔਰਤ, ਉਸ ਦੇ ਸਹੁਰਿਆਂ ਦੇ ਪਿੰਡ ਤੋਂ ਪੰਚਾਇਤ ਕਿਉਂ ਆਉਣੀ ਹੈ? ਅਜਿਹੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਉਹ ਜਲਦੀ-ਜਲਦੀ ਕਹਾਣੀ ਪੜ੍ਹਨੀ ਚਾਹੁੰਦਾ ਹੈ। ਅੱਗੇ ਜਾ ਕੇ ਹੋਰ ਕਈ ਅਜਿਹੇ ਵਾਕ ਹਨ, ਜਿਨ੍ਹਾਂ ਤੋਂ ਪਾਠਕਾਂ ਵਿਚ ਕਹਾਣੀ ਪ੍ਰਤੀ ਵਧੇਰੇ ਰੁਚੀ ਜਾਗਦੀ ਹੈ। "ਕੋਈ ਵੀ ਕੁੜੀ ਆਪਣੇ ਮਾਮੇ ਸਾਹਮਣੇ ਆਪਣੀ ਮਾਂ ਦਾ ਪਰਦਾ ਨਹੀਂ ਚੁੱਕ ਸਕਦੀ"; "ਪਾਪਾ ਮਰੇ ਨਹੀਂ ਸਨ, ਸਗੋਂ ਉਨ੍ਹਾਂ ਨੂੰ ਮੰਮੀ ਦੀਆਂ ਸੈਕਸ ਇੱਛਾਵਾਂ ਨੇ ਮਾਰਿਐ" ਆਦਿ। ਇਹੋ ਜਿਹੀਆਂ ਸਤਰਾਂ ਪਾਠਕਾਂ ਨੂੰ ਕਹਾਣੀ ਇਕੋ ਸਾਹੇ ਪੜ੍ਹਨ ਲਈ ਖਿੱਚ ਪਾਉਂਦੀਆਂ ਹਨ। ਜਿਹੜੀ ਕਹਾਣੀ ਪਾਠਕਾਂ ਨੂੰ ਅੰਤ ਤੱਕ ਆਪਣੇ ਨਾਲ ਜੋੜੀ ਰੱਖਦੀ ਹੈ, ਉਹੀ ਕਹਾਣੀ ਸਫਲ ਮੰਨੀ ਜਾਂਦੀ ਹੈ।

ਕਹਾਣੀ ਦੇ ਮੁੱਢ ਦੇ ਨਾਲ-ਨਾਲ ਕਹਾਣੀ ਦੇ ਅੰਤ ਵੀ ਅਜਿਹਾ ਹੋਣਾ ਚਾਹੀਦਾ ਹੈ ਕਿ ਕਹਾਣੀ ਖਤਮ ਹੋਣ ਤੋਂ ਬਾਅਦ ਵੀ ਪਾਠਕ ਉਸ ਸੰਬੰਧੀ ਸੋਚਣ 'ਤੇ ਮਜਬੂਰ ਹੋ ਜਾਵੇ, ਉਸ ਦੇ ਦਿਲ ਵਿਚ ਇਹ ਆਵੇ ਕਿ ਇਸ ਤੋਂ ਬਾਅਦ ਹੋਰ ਕੀ ਹੋ ਸਕਦਾ ਹੈ? ਕਹਾਣੀ ਦਾ ਅੰਤ ਹੋ ਜਾਵੇ, ਪਰ ਪਾਠਕ ਨੂੰ ਕਹਾਣੀ ਦੇ ਕਿਸੇ ਪਾਤਰ ਸੰਬੰਧੀ ਇਹ ਜਿਗਿਆਸਾ ਬਣੀ ਰਹੇ ਕਿ ਉਸ ਨਾਲ ਇਸ ਤੋਂ ਬਾਅਦ ਕੀ ਵਾਪਰਿਆ ਹੋਵੇਗਾ? 'ਕੋਈ ਤਾਂ ਹੈ' ਕਹਾਣੀ ਦੇ ਅੰਤ ਵਿਚ ਜਦੋਂ ਸੰਤੋਖ ਦਾ ਮਤਰੇਆ ਮੁੰਡਾ ਅਤੇ ਉਸ ਦੀ ਪਤਨੀ ਉਸ ਨੂੰ ਆਪਣੇ ਨਾਲ ਰਹਿਣ ਦਾ ਸੱਦਾ ਦੇਣ ਆਉਂਦੇ ਹਨ ਤਾਂ ਸੰਤੋਖ ਇਸ ਗੱਲ ਦਾ ਸਪੱਸ਼ਟ ਜੁਆਬ ਨਹੀਂ ਦਿੰਦਾ। ਕਹਾਣੀ ਖਤਮ ਹੋ ਜਾਂਦੀ ਹੈ, ਪਰ ਪਾਠਕ ਸੋਚਦੇ ਰਹਿੰਦੇ ਹਨ ਕਿ ਕੀ ਸੰਤੋਖ, ਉਹਨਾਂ ਨਾਲ ਰਹਿਣ ਲਈ ਜਾਵੇਗਾ ਜਾਂ ਨਹੀਂ? ਕਹਾਣੀ 'ਬੋਲਾਂ ਤਾਂ ਕੀ ਬੋਲਾਂ' ਦੇ ਅਖੀਰ ਵਿਚ ਜਦੋਂ ਨਾਇਕਾ ਆਪਣੀ ਸੱਸ ਨੂੰ ਆਪਣਾ ਫੈਸਲਾ ਸੁਣਾਉਂਦੀ ਹੈ ਕਿ ਉਹ ਆਪਣੇ ਪੁੱਤਰ ਕੋਲ ਜਾ ਸਕਦੀ ਹੈ ਜਾਂ ਆਪਣੇ ਇਸ ਘਰ ਵਿਚ ਲਿਆ ਸਕਦੀ ਹੈ ਤਾਂ ਇਕੋ ਦਮ ਉਸ ਦੀ ਨਜ਼ਰ ਦਰਵਾਜ਼ੇ 'ਤੇ ਖੜ੍ਹੇ ਆਪਣੇ ਪਤੀ ਵੱਲ ਜਾਂਦੀ ਹੈ। ਇਥੇ ਕਹਾਣੀਕਾਰ ਇਕ ਵੇਰ ਫੇਰ ਬੜੇ ਕਲਾਮਈ ਢੰਗ ਨਾਲ ਕਹਾਣੀ ਨੂੰ ਖਤਮ ਕਰਦੇ ਹੋਏ ਲਿਖਦਾ ਹੈ, "ਆਪਣੀਆਂ ਅੱਖਾਂ ਦੇ ਬੰਨ੍ਹ ਨੂੰ ਟੁੱਟਣ ਤੋਂ ਬਚਾਉਂਦੀ ਹੋਈ ਕਾਹਲੀ ਨਾਲ ਕਮਰੇ ਅੰਦਰ ਚਲੀ ਗਈ"। ਲੇਖਕ ਨੇ ਭਾਵੇਂ ਕਹਾਣੀ ਖਤਮ ਕਰ ਦਿੱਤੀ ਹੈ, ਪਰ ਪਾਠਕ ਲਈ ਕਹਾਣੀ ਖਤਮ ਨਹੀਂ ਹੋਈ। ਉਸ ਦੇ ਦਿਲ ਵਿਚ ਇਹ ਜਾਨਣ ਦੀ ਜਿਗਿਆਸਾ ਬਣੀ ਰਹਿੰਦੀ ਹੈ ਕਿ ਕਈ ਪਤੀ-ਪਤਨੀ ਦਾ ਆਪਸ ਵਿਚ ਸਮਝੌਤਾ ਹੋਇਆ ਜਾਂ ਨਹੀਂ? ਕੀ ਪਤਨੀ ਘਰ ਨੂੰ ਛੱਡ ਕੇ ਗਈ ਜਾਂ ਨਹੀਂ। ਪਾਠਕ ਦੀ ਅਜਿਹੀ ਮਨੋ ਦਸ਼ਾ ਕਹਾਣੀ ਲਈ ਸੰਜੀਵਨੀ ਬੂਟੀ ਦਾ ਕੰਮ ਕਰਦੀ ਹੈ, ਜਿਸ ਤੋਂ ਸਹਿਜੇ ਹੀ ਕਹਾਣੀਕਾਰ ਦੀ ਪ੍ਰਤਿਭਾ ਉਜਾਗਰ ਹੁੰਦੀ ਹੈ। ਇਸ ਸੰਗ੍ਰਹਿ ਦੀਆਂ ਕੁਝ ਹੋਰ ਕਹਾਣੀਆਂ ਵਿਚ ਵੀ ਅਜਿਹੀ ਜੁਗਤ ਅਪਣਾਈ ਗਈ ਹੈ।

ਕਹਾਣੀ ਦੀ ਸਫਲਤਾ ਇਸ ਗੱਲ 'ਤੇ ਵੀ ਨਿਰਭਰ ਕਰਦੀ ਹੈ ਕਿ ਕਹਾਣੀਕਾਰ ਦੀ ਭਾਸ਼ਾ 'ਤੇ ਕਿੰਨੀ ਕੁ ਪਕੜ ਹੈ। ਕੀ ਉਹ ਇਸ਼ਾਰਿਆਂ ਨਾਲ ਹੀ ਗੱਲ ਸਮਝਾਉਣ ਦੇ ਸਮਰੱਥ ਹੈ? ਕੀ ਉਸ ਕੋਲ ਗੁੱਝੀਆਂ ਗੱਲਾਂ ਨੂੰ ਵੀ ਸਧਾਰਨ ਢੰਗ ਨਾਲ ਕਹਿਣ ਦੀ ਕਲਾ ਹੈ? ਕੀ ਉਹ ਸੰਖੇਪਤਾ ਨਾਲ ਹੀ ਸਾਰੀਆਂ ਗੱਲਾਂ ਦੱਸਣ ਦੇ ਯੋਗ ਹੈ? ਅਜਿਹੀਆਂ ਕਲਾਤਮਿਕ ਛੋਹਾਂ ਵਾਲੀ ਕਹਾਣੀ ਪਾਠਕਾਂ ਨੂੰ ਜ਼ਿਆਦਾ ਪ੍ਰਭਾਵਿਤ ਕਰਦੀ ਹੈ। ਇਸ ਪੱਖੋਂ ਵੀ ਨਿਰੰਜਣ ਬੋਹਾ ਪੂਰਨ ਤੌਰ 'ਤੇ ਸਫਲ ਰਿਹਾ ਹੈ। 'ਤੀਸਰੀ ਖਿੜਕੀ' ਕਹਾਣੀ ਸੰਗ੍ਰਹਿ ਦੀਆਂ ਕੁਝ ਕਹਾਣੀਆਂ ਵਿੱਚੋਂ ਕੁਝ ਉਦਾਹਰਨਾਂ ਦੇਖਣ ਵਾਲੀਆਂ ਹਨ। "ਮੈਨੂੰ ਨੌਕਰੀ ਤਾਂ ਲੱਗ ਲੈਣ ਦਿਓ—ਕਿਉਂ ਘਰੋਂ ਕੱਢਣ ਦੀ ਏਨੀ ਕਾਹਲ ਕੀਤੀ ਹੈ।" (ਬੋਲਾਂ ਤਾਂ ਕੀ ਬੋਲਾਂ), "ਜਿਹੜਾ ਕੁਝ ਧੀਰਜ ਮੇਰੇ ਨਾਲ ਪਹਿਲੀ ਰਾਤ ਕਰਨਾ ਚਾਹੁੰਦਾ ਸੀ, ਉਹ ਤਾਂ ਮੇਰੇ ਨਾਲ ਤੇਰਾਂ ਸਾਲ ਦੀ ਬਾਲੜੀ ਉਮਰ ਵਿਚ ਹੀ ਹੋ ਚੁੱਕਾ ਸੀ।" (ਤੂੰ ਇੰਜ ਨਾ ਕਰੀਂ), "ਉਹ ਦਿਨ ਸੋ ਇਹ ਦਿਨ, ਕਿਸੇ ਨਾਲ ਸੈਕਸ ਕਰਨ ਦੀ ਗੱਲ ਤਾਂ ਦੂਰ, ਮੇਰਾ ਸਰੀਰ ਤਾਂ ਸੈਕਸ ਦੀ ਗੱਲ ਸੁਣ ਕੇ ਹੀ ਠੰਢਾ ਪੈ ਜਾਂਦਾ ਹੈ।", ਮੇਰਾ ਹਾਸਾ ਵੀ ਮੇਰੀ ਉਦਾਸੀ ਵਰਗਾ ਫਿੱਕਾ ਹੁੰਦਾ। (ਉਹ ਮੇਰਾ ਕੀ ਲੱਗਦੈ)। ਲੇਖਕ ਨੇ ਕੁਝ ਵਰਜਿਤ ਵਿਸ਼ਿਆਂ ਬਾਰੇ ਬੜੇ ਹੀ ਸਾਊ ਢੰਗ ਨਾਲ ਗੱਲ ਕੀਤੀ ਹੈ।

ਪ੍ਰਸਤੁਤ ਕਹਾਣੀ ਸੰਗ੍ਰਹਿ ਦੀਆਂ ਕਈ ਕਹਾਣੀਆਂ ਵਿਚ ਪਾਤਰਾਂ ਦੀ ਮਨੋਸਥਿਤੀ ਨੂੰ ਵੀ ਵਧੀਆ ਢੰਗ ਨਾਲ ਪ੍ਰਗਟਾਇਆ ਹੈ। ਜਿਵੇਂ 'ਉਹ ਮੇਰਾ ਵੀ ਕੁਝ ਲੱਗਦੈ' ਵਿਚ ਮੰਮੀ ਅਤੇ ਉਸ ਦੇ ਛੋਟੇ ਜਿਹੇ ਪੁੱਤਰ ਦੇ ਅੰਤਰੀਵ ਭਾਵਾਂ ਦਾ ਪ੍ਰਗਟਾਉ, 'ਕੋਈ ਤਾਂ ਹੈ!' ਦੇ ਸੰਤੋਖ ਸਿੰਘ ਦਾ ਅੰਦਰੂਨੀ ਸੰਘਰਸ਼, 'ਕੋਈ ਹੋਰ ਟਿਕਾਣਾ' ਦੀ ਮਿਨਾਕਸ਼ੀ, ਤੀਸਰੀ ਖਿੜਕੀ ਦੀ ਨਾਇਕਾ, 'ਤੂੰ ਇੰਜ ਨਾ ਕਰੀਂ' ਦੀ ਸੁਮਨ ਆਦਿ।

ਕਹਾਣੀਕਾਰ ਨੇ ਭਾਵੇਂ ਆਪਣੀ ਪੁਸਤਕ ਦਾ ਨਾਮਕਰਨ 'ਤੀਸਰੀ ਖਿੜਕੀ' ਵਾਲੀ ਕਹਾਣੀ ਦੇ ਨਾਂਅ 'ਤੇ ਕੀਤਾ ਹੈ, ਪਰ ਮੇਰੇ ਮੁਤਾਬਕ ਇਸ ਸੰਗ੍ਰਹਿ ਦੀ ਸਭ ਤੋਂ ਵਧੀਆ ਕਹਾਣੀ 'ਤੂੰ ਇੰਜ ਨਾ ਕਰੀਂ' ਹੈ। ਇਹ ਕਹਾਣੀ ਪੰਜਾਬੀ ਸਾਹਿਤ ਦੀਆਂ ਕੁਝ ਖਾਸ ਕਹਾਣੀਆਂ ਵਿਚ ਸ਼ੁਮਾਰ ਹੋਣ ਦੀ ਹੱਕਦਾਰ ਹੈ।

ਏਨੀਆਂ ਖੂਬੀਆਂ ਵਾਲੇ ਕਹਾਣੀ ਸੰਗ੍ਰਹਿ ਵਿਚ ਇਕ-ਦੋ ਕਹਾਣੀਆਂ ਵਿਚ ਕੁਝ ਲਟਕ ਗਈਆਂ ਵੀ ਪ੍ਰਤੀਤ ਹੁੰਦੀਆਂ ਹਨ। ਉਹਨਾਂ ਵਿਚ ਦਿੱਤੇ ਵਿਸਤਾਰ ਨੂੰ ਕੁਝ ਘਟਾਇਆ ਜਾ ਸਕਦਾ ਸੀ।

ਸਮੁੱਚੇ ਰੂਪ ਵਿਚ ਨਿਰੰਜਣ ਬੋਹਾ ਨੇ 'ਤੀਸਰੀ ਖਿੜਕੀ' ਕਹਾਣੀ ਸੰਗ੍ਰਹਿ ਨਾਲ ਪੰਜਾਬੀ ਕਹਾਣੀ ਪਰੰਪਰਾ ਨੂੰ ਨਵੀਂ ਸੇਧ ਦਿੱਤੀ ਹੈ। ਅਸਲ ਵਿਚ ਇਹ ਕਹਾਣੀਕਾਰ ਜ਼ਿਆਦਾ ਲਿਖਣ ਨਾਲੋਂ ਜ਼ਿਆਦਾ ਪੜ੍ਹਨ ਵਿਚ ਵਿਸ਼ਵਾਸ ਰੱਖਦਾ ਹੈ, ਜਿਸ ਨਾਲ ਉਸ ਕੋਲ ਗਿਆਨ ਦਾ ਵਿਸ਼ਾਲ ਜ਼ਖੀਰਾ ਹੈ। ਉਹ ਪੜਚੋਲਵੀਂ ਨਜ਼ਰ ਨਾਲ ਚੰਗੀਆਂ ਸਾਹਿਤਕ ਪੁਸਤਕਾਂ ਨੂੰ ਘੋਖ ਕੇ ਉਹਨਾਂ ਸੰਬੰਧੀ ਲਿਖਦਾ ਰਹਿੰਦਾ ਹੈ। ਚੇਤਨਾ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਇਸ ਪੁਸਤਕ ਵਿਚ 12 ਕਹਾਣੀਆਂ ਦਰਜ ਹਨ ਅਤੇ 142 ਪੰਨਿਆਂ ਦੀ ਇਸ ਪੁਸਤਕ ਦੀ ਦਿੱਖ ਵੀ ਪ੍ਰਭਾਵਸ਼ਾਲੀ ਹੈ। ਪੰਜਾਬੀ ਪਾਠਕਾਂ ਅਤੇ ਅਲੋਚਕਾਂ ਵੱਲੋਂ ਇਸ ਪੁਸਤਕ ਦਾ ਜੋ ਖੈਰ ਮਕਦਮ ਹੋਇਆ ਹੈ, ਇਹ ਉਸ ਦੀ ਪੂਰੀ ਹੱਕਦਾਰ ਹੈ।

# ਪੁਸਤਕ ਰੀਵਿਊ

## ਗਵੱਈਆਂ ਤੇ ਜਰਨੈਲਾਂ ਦਾ ਗਵਾਹ ਹਰਿਆਣਾ

**(ਵਾਰਤਕ)**
**ਵਰਿੰਦਰ ਸਿੰਘ ਨਿਮਾਣਾ**
**ਪੰਨੇ : 120, ਮੁੱਲ : 225/ ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਨੌਜਵਾਨ ਲੇਖਕ ਵਰਿੰਦਰ ਸਿੰਘ ਨਿਮਾਣਾ ਦੀ ਹੱਥਲੀ ਪੁਸਤਕ 'ਗਵੱਈਆਂ ਤੇ ਜਰਨੈਲਾਂ ਦਾ ਗਵਾਹ ਹਰਿਆਣਾ' ਵਿੱਚ ਹੋਏ ਹਰਿਆਣਾ ਸ਼ਬਦ ਦੇ ਆਉਂਦੇ ਹੀ ਮਨ ਵਿੱਚ ਹਰਿਆਣਾ ਰਾਜ ਦੀ ਤਸਵੀਰ ਉਕਰ ਆਉਂਦੀ ਹੈ, ਪਰ ਇਹ ਹਰਿਆਣਾ ਸੂਬਾ ਨਹੀਂ, ਸਗੋਂ ਪੰਜਾਬ ਦਾ ਇੱਕ ਕਸਬਾ ਹੈ, ਜੋ ਪੰਜਾਬ ਵਿਚਲੇ ਹੁਸ਼ਿਆਰਪੁਰ ਜ਼ਿਲ੍ਹੇ ਦਾ ਹਿੱਸਾ ਹੈ। ਹੁਸ਼ਿਆਰਪੁਰ ਇਲਾਕਾ ਪਹਾੜੀ ਇਲਾਕੇ ਦੇ ਨਾਲ ਖੁਸ਼ਗਵਾਰ ਇਲਾਕਾ ਵੀ ਹੈ। ਨਿਮਾਣਾ ਨੇ ਇਸ ਪੁਸਤਕ ਦੀ ਰਚਨਾ ਕਾਫ਼ੀ ਲੰਮੇ ਸਮੇਂ ਦੇ ਅਧਿਐਨ ਤੋਂ ਬਾਅਦ ਕੀਤੀ ਹੈ। ਹਾਲਾਂਕਿ ਨਿਮਾਣਾ ਪੰਜਾਬੀ ਵਿਕਾਸ ਮੰਚ ਹਰਿਆਣਾ (ਹੁਸ਼ਿਆਰਪੁਰ) ਦਾ ਸਕੱਤਰ ਵੀ ਹੈ ਅਤੇ ਪਲੇਠੀ ਵਾਰਤਕ ਪੁਸਤਕ 'ਸੰਧੂਰੀ ਅੰਬੀਆਂ' ਨਾਲ ਸਾਹਿਤ ਵਿੱਚ ਪ੍ਰਵੇਸ਼ ਕੀਤਾ ਹੈ।

ਪੁਸਤਕ ਵਿੱਚ ਇਸ ਦੁਆਬੇ ਇਲਾਕੇ ਦੇ ਕਸਬੇ ਹਰਿਆਣਾ ਬਾਰੇ ਭੂਗੋਲਿਕ, ਰਾਜਨੀਤਕ, ਸੱਭਿਆਚਾਰਕ, ਸਾਹਿਤਕ ਅਤੇ ਸੰਗੀਤਕ ਜਾਣਕਾਰੀ ਦੇ ਨਾਲ-ਨਾਲ ਉਥੋਂ ਦੇ ਰਹਿਣ ਵਸੇਵੇਂ, ਬੋਲੀ, ਚੋਆਂ, ਨਹਿਰਾਂ, ਨਾਲਿਆਂ, ਦਰਿਆਵਾਂ ਅਤੇ ਪਹਾੜੀ ਇਲਾਕੇ ਬਾਰੇ ਖੁੱਲ੍ਹ ਕੇ ਚਾਨਣਾ ਪਾਇਆ ਹੈ। ਪੁਸਤਕ ਵਿੱਚ ਹਰਿਆਣਾ ਕਸਬੇ ਦੇ ਇਰਦ-ਗਿਰਦ ਦੇ ਇਲਾਕਿਆਂ ਦੀ ਜਾਣਕਾਰੀ ਵੀ ਦਿੰਦੀ ਹੈ। ਇੱਥੋਂ ਤੱਕ ਕਿ ਉਸ ਇਲਾਕੇ ਦੀਆਂ ਮਸ਼ਹੂਰ ਵਸਤਾਂ ਅੰਬ, ਸ਼ਹਿਤੂਤ, ਬਦਾਨਾ ਅਤੇ ਕੰਬਲ ਸੰਬੰਧੀ ਵੀ ਜਾਣਕਾਰੀ ਦਿੱਤੀ ਹੈ। ਪੁਸਤਕ ਉੱਥੋਂ ਦੇ ਪ੍ਰਸਿੱਧ ਆਜ਼ਾਦੀ ਘੁਲਾਈਏ ਆਦਿ ਬਾਰੇ ਦੱਸਦਿਆਂ ਪਾਠਕਾਂ ਸਾਹਮਣੇ ਲਿਆਉਂਦੀ ਹੈ ਕਿ ਹੁਸ਼ਿਆਰਪੁਰ ਦਾ ਪ੍ਰਾਚੀਨ ਕਸਬਾ ਹਰਿਆਣਾ ਭਾਰਤੀ ਸੰਗੀਤ ਦੇ ਨਾਲ ਜਰਨੈਲ ਬਘੇਲ ਸਿੰਘ ਅਤੇ ਗਦਰੀ ਪਾਰਟੀ ਦੇ ਬਾਬਾ ਹਰਨਾਮ ਸਿੰਘ ਟੁੰਡੀਲਾਟ, ਸਿੱਖ ਰਾਜ ਨਾਲ ਹਰਿਆਣੇ ਦੇ ਸੰਬੰਧ, ਸਿੱਖ ਇਤਿਹਾਸਕਾਰੀ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਡਾ. ਗੰਡਾ ਸਿੰਘ ਦਾ ਜ਼ਿਕਰ ਵੀ ਆਉਂਦਾ ਹੈ।

ਪੁਸਤਕ ਦੀ ਸਿਰਜਣਾ ਲਈ ਲੇਖਕ ਨੇ ਵੱਖ-ਵੱਖ ਪੁਸਤਕਾਂ, ਵਿਦਵਾਨਾਂ ਨਾਲ ਮੁਲਾਕਾਤਾਂ ਅਤੇ ਅਖ਼ਬਾਰਾਂ ਦਾ ਵਿਵਰਣ ਵੀ ਦਿੱਤਾ ਹੈ, ਜਿਨ੍ਹਾਂ ਦੇ ਆਧਾਰ 'ਤੇ ਉਸ ਨੇ ਇਸ ਪੁਸਤਕ ਦੀ ਸਿਰਜਣਾ ਕੀਤੀ ਹੈ। ਲੇਖਕ ਨੇ ਆਪਣਾ ਫਲਸਫ਼ਾ ਬਿਆਨ ਕਰਦਾ ਲੇਖ 'ਮੈਂ ਤੇ ਹਰਿਆਣਾ' ਵੀ ਸ਼ਾਮਲ ਕੀਤਾ ਹੈ। ਇਸ ਤੋਂ ਇਲਾਵਾ ਪੰਡਤ ਜਗਤ ਰਾਮ ਵੱਲੋਂ ਜੇਲ੍ਹ ਵਿੱਚ ਕਵਿਤਾ, ਗੁਲਾਬ ਕੌਰ ਦਾ ਗੀਤ, ਅਹਿਮਦ ਕੁਰੈਸ਼ੀ ਵੱਲੋਂ ਕਵਿਤਾਵਾਂ ਵਿੱਚ ਹਰਿਆਣਾ ਵੀ ਸ਼ਾਮਲ ਕੀਤੀਆਂ ਹਨ।

ਜਿਵੇਂ ਕਿ ਸਾਹਿਤ ਵਿੱਚ ਕਈ ਲੇਖਕਾਂ ਵੱਲੋਂ ਆਪੋ-ਆਪਣੇ ਇਲਾਕੇ ਦਾ ਇਤਿਹਾਸ ਲਿਖਿਆ ਗਿਆ ਹੈ, ਉਸੇ ਤਰ੍ਹਾਂ ਇਹ ਪੁਸਤਕ ਵੀ ਇਲਾਕੇ ਦੀ ਇਤਿਹਾਸਕ ਪੁਸਤਕ ਹੋ ਨਿਬੜਦੀ ਹੈ। ਇਸ ਪੁਸਤਕ ਰਾਹੀਂ ਦੂਜੇ ਇਲਾਕੇ ਦੇ ਲੋਕਾਂ ਨੂੰ ਜਾਣਕਾਰੀ ਮਿਲਦੀ ਹੈ ਅਤੇ ਉਹਨਾਂ ਦੇ ਗਿਆਨ ਵਿੱਚ ਵਾਧਾ ਕਰਦੀ ਹੈ। ਇਸ ਲਈ ਇਸ ਪੁਸਤਕ ਨੂੰ ਜੀ ਆਇਆਂ ਕਹਿਣਾ ਬਣਦਾ ਹੈ।

**— ਤੇਜਿੰਦਰ ਚੰਡਿਹੋਕ**

## ਕੋਸੀ ਕੋਸੀ ਧੁੱਪ

**(ਮਿੰਨੀ ਕਹਾਣੀ ਸੰਗ੍ਰਹਿ)**
**ਬਿੰਦਰ ਸਿੰਘ ਖੁੱਡੀ ਕਲਾਂ**
**ਮੁੱਲ-200 ਰੁਪਏ**
**ਸਪਰੈਡ ਪਬਲੀਕੇਸ਼ਨ, ਲੁਧਿਆਣਾ**

ਬਿੰਦਰ ਸਿੰਘ ਖੁੱਡੀ ਕਲਾਂ ਪੇਸ਼ੇ ਵਜੋਂ ਅਧਿਆਪਕ ਹੈ ਅਤੇ ਅੱਜਕੱਲ੍ਹ ਜ਼ਿਲ੍ਹਾ ਭਾਸ਼ਾ ਦਫਤਰ ਬਰਨਾਲਾ ਵਿਖੇ ਖੋਜ ਅਫਸਰ ਵਜੋਂ ਸੇਵਾਵਾਂ ਨਿਭਾਅ ਰਿਹਾ ਹੈ। ਬਿੰਦਰ ਚਲੰਤ ਮਸਲਿਆਂ 'ਤੇ ਅਕਸਰ ਹੀ ਬੇਬਾਕੀ ਨਾਲ ਲਿਖਦਾ ਰਹਿੰਦਾ ਹੈ। ਉਹ ਸਾਹਿਤਕ ਖੇਤਰ ਦਾ ਇੱਕ ਜਾਣਿਆ-ਪਛਾਣਿਆ ਨਾਂਅ ਬਣ ਗਿਆ ਹੈ। ਉਹਨਾ ਦੇ ਲੇਖ ਪੰਜਾਬੀ ਦੇ ਅਖ਼ਬਾਰਾਂ ਵਿੱਚ ਪ੍ਰਮੁੱਖਤਾ ਨਾਲ ਛਪਦੇ ਰਹਿੰਦੇ ਹਨ। ਮਿੰਨੀ ਕਹਾਣੀਆਂ ਦੀ ਪੁਸਤਕ 'ਕੋਸੀ ਕੋਸੀ ਧੁੱਪ' ਭਾਵੇਂ ਬਿੰਦਰ ਦੀ ਪਲੇਠੀ ਪੁਸਤਕ ਹੈ, ਪਰ ਉਹਦੀਆਂ ਕਹਾਣੀਆਂ ਉਹਨੂੰ ਇੱਕ ਪ੍ਰੌੜ੍ਹ ਲੇਖਕ ਤਸਲੀਮ ਕਰਦੀਆਂ ਹਨ। ਬਿੰਦਰ ਕੋਲ ਸ਼ਬਦਾਂ ਦਾ ਭੰਡਾਰ ਹੈ, ਉਹ ਸਮਾਜਕ ਵਰਤਾਰਿਆਂ ਨੂੰ ਸੁਚੇਤ ਰੂਪ ਵਿੱਚ ਸਮਝਦਾ ਹੈ। ਉਹਦੀ ਕਲਮ ਦਾ ਰੁਖ ਅਕਸਰ ਹੀ ਨਿੱਤ ਦਿਨ ਵਾਪਰਦੇ ਵਰਤਾਰਿਆ ਵੱਲ ਕੇਂਦਰਤ ਰਹਿੰਦਾ ਹੈ। ਸਮਾਜਕ ਨਾ-ਬਰਾਬਰੀ, ਉਚ-ਨੀਚ, ਭਿੰਨ-ਭੇਦ, ਬੇਰੁਜ਼ਗਾਰੀ ਕਾਰਨ ਪੰਜਾਬ ਦੀ ਜੁਆਨੀ ਦਾ ਨਸ਼ਿਆਂ ਚ ਗਲਤਾਨ ਹੋ ਕੇ ਸਿਵਿਆਂ ਦੇ ਰਾਹ ਪੈਣਾ, ਬਾਕੀ ਬਚਦੀ ਪੜ੍ਹਾਕੂ ਜੁਆਨੀ ਦਾ ਚੰਗੇਰੇ ਭਵਿੱਖ ਦੀ ਖੋਜ ਵਿੱਚ ਪੰਜਾਬ ਨੂੰ ਛੱਡ ਸੱਤ ਸਮੁੰਦਰੋਂ ਪਾਰ ਜਾਣ ਦਾ ਰੁਝਾਨ, ਕਿਸਾਨੀ ਦੀ ਅਜੋਕੀ ਹਾਲਤ ਵਰਗੇ ਗੰਭੀਰ ਮੁੱਦਿਆਂ ਨੂੰ ਬਿੰਦਰ ਨੇ ਆਪਣੀਆਂ ਕਹਾਣੀਆਂ ਦਾ ਕੇਂਦਰ ਬਿੰਦੂ ਬਣਾਇਆ ਹੈ। ਉਹਦੀਆਂ ਸਾਰੀਆਂ ਹੀ ਕਹਾਣੀਆਂ ਵਿਸ਼ੇ ਪੱਖੋਂ ਉਮਦਾ ਹਨ। ਕੁਝ ਕੁ ਕਹਾਣੀਆਂ ਦਾ ਇੱਥੇ ਖਾਸ ਤੌਰ 'ਤੇ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ।

ਉਹਦੀ ਪਹਿਲੀ ਕਹਾਣੀ 'ਦੋ ਕਿਉਂ ਚਾਰ' ਕਿਸਾਨੀ ਪਰਵਾਰ ਦੀ ਮੌਜੂਦਾ ਆਰਥਕ ਸਥਿਤੀ ਨੂੰ ਇੰਨ-ਬਿੰਨ ਬਿਆਨ ਕਰਦੀ ਅਸਲੀਅਤ ਵਰਗੀ ਕਹਾਣੀ ਹੈ। 'ਅਸਲੀ ਅਰਥ' ਵਾਤਾਵਰਣ ਚ ਆਈ ਗੈਰ-ਕੁਦਰਤੀ ਤਬਦੀਲੀ ਲਈ ਸਮੁੱਚੀ ਮਨੁੱਖੀ ਨਸਲ ਨੂੰ ਜ਼ੁੰਮੇਵਾਰ ਠਹਿਰਾਉਂਦੀ ਹੈ। 'ਉਪਦੇਸ਼' ਨੇ ਸ਼ਾਹੀ ਠਾਠ ਨਾਲ ਜ਼ਿੰਦਗੀ ਬਸਰ ਕਰਨ ਵਾਲੇ ਸੰਤ-ਬਾਬਿਆਂ ਦੀ ਕਹਿਣੀ ਅਤੇ ਕਰਨੀ ਦੇ ਅੰਤਰ ਨੂੰ ਬੇਪਰਦ ਕੀਤਾ ਹੈ। 'ਖੋਖਲੇ' ਪੰਜਾਬ ਦੀ ਡਗਮਗਾ ਰਹੀ ਆਰਥਿਕਤਾ ਵੱਲ ਇਸ਼ਾਰਾ ਕਰਦੀ ਹੈ। 'ਅਧਿਕਾਰ' ਚ ਕਰਤਾਰ ਸਿਹੁੰ ਨਾਂਅ ਦਾ ਪਾਤਰ ਸਮੁੱਚੇ ਪੰਜਾਬ ਦੀ ਤਰਜਮਾਨੀ ਕਰਦਾ ਭਾਸਦਾ ਹੈ। 'ਭੁਲੇਖਾ' ਕਹਾਣੀ ਪੰਜਾਬ ਦੀ ਸਿੱਖਿਆ ਨੀਤੀ 'ਤੇ ਗੁੱਝੀ ਚੋਟ ਕਰਦੀ ਹੈ। 'ਅਸਲੀਅਤ' ਵੱਡੇ ਕਾਰਖਾਨੇਦਾਰ ਦੀ ਮੁਨਾਫੇਖੋਰ ਨੀਅਤ ਨੂੰ ਨੰਗਾ ਕਰਦੀ ਹੈ। ਬਿਜ਼ਨਿਸ, ਸਰਬਸੰਮਤੀ ਅਤੇ ਫਾਈਲਾਂ ਦੀ ਚੋਣ ਕਹਾਣੀਆਂ ਰਾਜਨੀਤੀ 'ਚ ਆਏ ਨਿਘਾਰ 'ਤੇ ਚੋਟ ਕਰਦੀਆਂ ਹਨ। 'ਸੁਪਨੇ ਦੀ ਮੌਤ' ਅਤੇ 'ਵਤਨ' ਕਹਾਣੀਆਂ ਵਿਸ਼ੇ ਪੱਖੋਂ ਵਧੀਆ ਹੋਣ ਦੇ ਬਾਵਜੂਦ ਦੋਨੋਂ ਕਹਾਣੀਆਂ ਵਿੱਚ ਹਰਪਾਲ ਨਾਂਅ ਦਾ ਇੱਕੋ ਪਾਤਰ ਕੁਝ ਰੜਕਦਾ ਹੈ। 'ਸਵਰਗ', 'ਫਿਕਰ' ਅਤੇ 'ਵੱਡੀ ਪੜ੍ਹਾਈ' ਵਰਗੀਆਂ ਕਹਾਣੀਆਂ ਪੰਜਾਬ ਦੀ ਜੁਆਨੀ ਦੇ ਪਰਵਾਸ ਦੀ ਬਾਤ ਪਾਉਂਦੀਆਂ ਹਨ। ਅਖੀਰਲੀ ਕਹਾਣੀ 'ਵਿਭਾਗੀ ਕਾਰਨ' ਸਿਸਟਮ 'ਤੇ ਡੂੰਘੀ ਸੱਟ ਮਾਰਨ ਦੇ ਸਮਰੱਥ ਹੈ। 'ਸ਼ੀਸ਼ਾ', 'ਗੁਨਾਹ', 'ਸਹੀ ਅਰਥ', 'ਕਾਰਵਾਈ', 'ਹੜਤਾਲ', 'ਰਿਕਸ਼ਾ', 'ਸਰਕਾਰੀ ਭਾਣਾ', 'ਸਵਾਲ' ਅਤੇ 'ਜ਼ਿੰਦਗੀ ਦੀ ਸਿੱਖਿਆ' ਵਰਗੀਆਂ ਕਹਾਣੀਆਂ ਪੜ੍ਹਨ ਵਾਲੇ ਨੂੰ ਧੁਰ ਅੰਦਰ ਤੱਕ ਹਿਲਾ ਦੇਣ ਦੀ ਸਮਰੱਥਾ ਰੱਖਦੀਆਂ ਹਨ। ਭਾਵੇਂ ਇਸ ਪੁਸਤਕ ਵਿਚਲੀਆਂ ਬਹੁਤ ਸਾਰੀਆਂ ਕਹਾਣੀਆਂ ਦਾ ਇੱਕੋ ਜਿਹਾ ਅੰਤ ਪੜ੍ਹਨ ਵਾਲੇ ਨੂੰ ਕੁਝ ਰੜਕਦਾ ਹੈ, ਪ੍ਰੰਤੂ ਬਿੰਦਰ ਦੀ ਸਾਹਿਤ ਸਿਰਜਣਾ ਦਾ ਉਸਾਰੂ ਪੱਖ ਇਹ ਹੈ ਕਿ ਉਹਦੀਆਂ ਸਾਰੀਆਂ ਹੀ ਕਹਾਣੀਆਂ ਸਮਾਜਕ ਸਰੋਕਾਰਾਂ ਦੀ ਗੱਲ ਕਰਦੀਆਂ ਹਨ ਅਤੇ ਯਥਾਰਥ ਦੇ ਨੇੜੇ-ਤੇੜੇ ਰਹਿੰਦੀਆਂ ਹਨ। ਸੋ ਲੇਖਕ ਤੋਂ ਆਸ ਕਰਨੀ ਬਣਦੀ ਹੈ ਕਿ ਉਹ ਭਵਿੱਖ ਵਿੱਚ ਹੋਰ ਵੀ ਪਰਪੱਕ ਹੋ ਕੇ ਉੱਚ ਪਾਏ ਦੀ ਸਾਹਿਤ ਸਿਰਜਣਾ ਕਰਦਾ ਰਹੇਗਾ।

**— ਬਘੇਲ ਸਿੰਘ ਧਾਲੀਵਾਲ**

## ਮਾਣਮੱਤੀ ਮਹਾਰਾਣੀ ਜਿੰਦ ਕੌਰ

**(ਜੀਵਨੀ)**
**ਕਰਤਾਰ ਸਿੰਘ ਸੰਘਾ**
**ਮੁੱਲ : 295, ਪੰਨੇ : ਸਚਿੱਤਰ : ਸੁਜਿਲਦ : 124**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਇਹ ਪੁਸਤਕ ਮਾਣਮੱਤੀ ਮਹਾਰਾਣੀ 'ਜਿੰਦ ਕੌਰ' ਦੇ ਸੰਦਰਭ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸਮੁੱਚੇ ਸਿੱਖ ਇਤਿਹਾਸ ਦੀ ਦਰਦਨਾਕ ਕਹਾਣੀ ਹੈ। ਇਤਿਹਾਸਕ ਤੱਥਾਂ ਅਥਵਾ ਵਸਤੂ ਵੇਰਵਿਆਂ ਨੂੰ ਪੇਸ਼ ਕਰਨ ਲਈ ਉਸ ਵਿਸ਼ੇ ਨਾਲ ਸੰਬੰਧਤ ਪੁਸਤਕਾਂ ਦੇ ਅਧਿਐਨ ਦੀ ਲੋੜ ਪੈਂਦੀ ਹੈ। ਵਿਸ਼ੇ ਨਾਲ ਸੂਚਨਾਵਾਂ ਲਈ ਜੋ ਵਿਸ਼ੇ ਇਸ ਪੁਸਤਕ ਨਾਲ ਸੰਬੰਧਤ ਹਨ, ਉਹਨਾ ਦਾ ਵੇਰਵਾ ਇਸ ਪ੍ਰਕਾਰ ਹੈ : ਸਿੱਖ ਰਾਜ ਦੇ ਪਦ-ਚਿੰਨ੍ਹ ਘਟਨਾਵਾਂ 2 ਕੰਵਰ ਦਲੀਪ ਸਿੰਘ ਦਾ ਪਰਵਾਰ 3. ਜੰਗਨਾਮਾ, ਹਿੰਦ-ਪੰਜਾਬ, ਸ਼ਾਹ ਮੁਹੰਮਦ 4. ਕਿੱਸਾ ਵਾਰ ਜਾਂ ਜੰਗਨਾਮਾ 5. ਮਾਂ-ਪੁੱਤ ਦੀ ਮਿਲਣੀ ਕਲਕੱਤਾ 6. ਰੰਗ ਦੇਸ਼ ਪੰਜਾਬ ਦਾ 7. ਪੰਜਾਬ ਦੇਸ਼ ਖਾਤਰ ਪ੍ਰਸੰਗ ਹੋਣ। ਵਸਤੂ ਵੇਰਵਿਆਂ ਦਾ ਵਰਨਣ, ਕਵਿਤਾ ਤੇ ਵਾਰਤਕ ਵਿਧਾਵਾਂ ਰਾਹੀਂ ਸੰਪੰਨ ਕੀਤਾ ਹੈ। ਅੰਤ ਵਿੱਚ ਦਸਤਾਵੇਜ਼ੀ ਇਤਿਹਾਸ ਦਾ ਮਾਧਿਅਮ, ਅੰਗਰੇਜ਼ੀ ਭਾਸ਼ਾ ਪੰਨਾ 103-124 ਤੱਕ ਅੰਗਰੇਜ਼ੀ ਹੈ। ਲੇਖਕ ਇਸ ਦਸਤਾਵੇਜ਼ ਨੂੰ ਸਿੱਖ ਇਤਿਹਾਸ ਕਹਿੰਦਾ ਹੈ, ਜਿਸ ਨਾਲ ਪੰਜਾਬੀਆਂ ਦੀਆਂ ਭੁੱਲੀਆਂ-ਵਿਸਰੀਆਂ (ਕੌੜੀਆਂ ਯਾਦਾਂ) ਉਹਨਾਂ ਨੂੰ ਮੁੜ ਚੇਤੇ ਆਉਣ। ਪੁਸਤਕ ਵਿੱਚ ਮਹਾਰਾਣੀ ਜਿੰਦ ਕੌਰ, ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਸ਼ੇਰ ਸਿੰਘ ਅਤੇ ਬਾਬਾ ਬੰਦਾ ਬਹਾਦਰ ਦੀਆਂ ਖੂਬਸੂਰਤ ਰੰਗੀਨ ਤਸਵੀਰਾਂ ਵੀ ਹਨ।

ਪੁਸਤਕ : ਮਹਾਰਾਣੀ ਦੀ ਸਮੁੱਚੀ ਜੀਵਨ ਕਹਾਣੀ ਦੇ ਸੰਖੇਪ ਪਰ ਬਹੁਤ ਜ਼ਰੂਰੀ ਵਸਤੂ ਵੇਰਵੇ ਬਿਆਨ ਕਰਦੀ ਹੈ। ਪੰਨਾ 21 ਉੱਪਰ ਮਹਾਰਾਣੀ ਜਿੰਦਾ ਤੇ ਮਹਾਰਾਜਾ ਦਲੀਪ ਸਿੰਘ (The king of lost Kingdom) ਵੀ ਹੈ। ਛੰਦਾ ਬੰਦੀ ਅਤੇ ਵਿਲੱਖਣ ਸ਼ਖ਼ਸੀਅਤ ਗੁਰੂ ਗੋਬਿੰਦ ਸਿੰਘ ਜੀ ਕਵਿਤਾਵਾਂ ਲੇਖਕ ਦੀਆਂ ਰਚਨਾਵਾਂ ਪਿੱਛੋਂ ਪੰਨਾ 26-27 ਉੱਪਰ ਸਿੱਖ ਰਾਜ ਦੇ ਪਦਚਿੰਨ੍ਹ ਘਟਨਾਵਾਂ ਦਰਜ ਹਨ, ਜੋ ਇਤਿਹਾਸਕ ਤੌਰ 'ਤੇ ਪ੍ਰਸਿੱਧ ਘਟਨਾਵਾਂ ਹਨ।

ਲੇਖਕ ਕੰਵਰ ਦਲੀਪ ਸਿੰਘ ਦੇ ਪਰਵਾਰ ਦਾ ਵਸਤੂ-ਵੇਰਵਾ ਪੇਸ਼ ਕਰਦਾ ਹੈ, ਜਿਸ ਅਨੁਸਾਰ ਉਸ ਦੇ ਪੰਜ ਪੁੱਤਰ ਅਤੇ ਇੱਕ ਬੇਟੀ ਦੇ ਨਾਂਅ ਹਨ। ਲੇਖਕ ਨੇ ਪੰਨਾ 29 ਉੱਪਰ 'ਜੰਗ ਹਿੰਦ ਪੰਜਾਬ (1845-46) ਦਾ ਨਕਸ਼ਾ ਵੀ ਦਿੱਤਾ ਹੈ। ਅੱਗੇ ਉਸ ਨੇ 'ਜੰਗਨਾਮਾ ਹਿੰਦ-ਪੰਜਾਬ-ਸ਼ਾਹ ਮੁਹੰਮਦ' ਉੱਪਰ ਆਪਣੇ ਵਿਚਾਰ ਪੇਸ਼ ਕੀਤੇ ਹਨ। ਫਿਰ ਕਿੱਸਾ, ਵਾਰ ਜਾਂ ਜੰਗਨਾਮਾ' ਆਪਣੇ ਆਲੋਚਨਾਤਮਿਕ ਵਿਚਾਰ ਪੇਸ਼ ਕੀਤੇ ਹਨ।

ਪੁਸਤਕ ਦੇ ਅਗਲੇ ਭਾਗ ਦੀਆਂ ਜੋ ਕਵਿਤਾਵਾਂ ਹਨ, ਉਹਨਾਂ ਦੇ ਸਿਰਲੇਖ ਹਨ : ਮਾਂ-ਪੁੱਤ ਦੀ ਕਲਕੱਤਾ ਮਿਲਣੀ, ਰੰਗ ਦੇਸ਼ ਪੰਜਾਬ ਦਾ, ਪੰਜਾਬ ਦੇਸ਼ ਖ਼ਾਤਰ, ਕਿਸਮਤ, ਹੱਡ-ਬੀਤੀ ਮਹਾਰਾਣੀ ਜਿੰਦ ਕੌਰ-ਸ਼ਾਹੀ ਕਿਲ੍ਹਾ ਲਾਹੌਰ, ਸੂਰਮੇ ਸਿੰਘ, ਮਹਾਰਾਣੀ ਜਿੰਦ ਕੌਰ, ਅਣਖ ਪੰਜਾਬ ਦੀ, ਜਿੰਦ ਕੌਰ ਦੇ ਮਨ ਵਿੱਚ ਵਿਚਾਰ ਆਉਣਾ ਤੇ ਸਿੱਖਾਂ ਦੀ ਪਹਿਲੀ ਝੜਪ, ਅੰਗਰੇਜ਼ਾਂ ਨਾਲ ਮੁਦਕੀ ਲੜਾਈ ਸੰਬੰਧੀ 18 ਦਸੰਬਰ 1845 ਈ: ਨੂੰ ਹੋਈ ਲੜਾਈ ਦਾ ਹਾਲ ਕਵਿਤਾਇਆ ਗਿਆ ਹੈ। ਪੰਨਾ 79 ਉੱਪਰ ਸਿੱਖਾਂ ਤੇ ਅੰਗਰੇਜ਼ਾਂ ਦੀ ਮੁਦਕੀ ਦੀ ਲੜਾਈ (18 ਦਸੰਬਰ 1945 ਈ:) ਦਾ ਨਕਸ਼ਾ ਵੀ ਹੈ।

ਅਗਲੀਆਂ ਕੁਝ ਕਵਿਤਾਵਾਂ ਦੇ ਨਾਂਅ ਹੋਰ ਘਟਨਾਵਾਂ ਦੇ ਨਾਵਾਂ ਨਾਲ ਕਵਿਤਾਏ ਹਨ। ਇਹਨਾਂ ਕਵਿਤਾਵਾਂ ਲਈ 'ਬੈਂਤ ਛੰਦ ਦੀ ਸੁਵਰਤੋਂ' ਕੀਤੀ ਗਈ ਹੈ।

ਭਾਗ-2 ਵਿੱਚ ਪੰਜਾਬ ਦੇ ਇਤਿਹਾਸ ਬਾਰੇ ਕੁਝ ਕੁ ਮਹਾਨ ਸ਼ਖ਼ਸੀਅਤਾਂ ਅਤੇ ਉਹਨਾਂ ਦੇ ਕੀਤੇ ਕੰਮਾਂ ਬਾਰੇ ਅੰਗਰੇਜ਼ੀ ਮਾਧਿਅਮ ਵਿੱਚ ਕੁਝ ਪੰਨੇ ਪੇਸ਼ ਹਨ ਅਤੇ ਸਿੱਖ ਰਾਜ ਦੀ ਮਾਣਮੱਤੀ ਨਿਸ਼ਾਨੀ : ਕੋਹਿ-ਨੂਰ ਹੀਰੇ ਦਾ ਵਰਨਣ ਹੈ। ਅੰਗਰੇਜ਼ੀ ਪੰਨੇ 103 ਤੋਂ 124 ਪੰਨਾ ਤੱਕ ਹਨ।

ਪੁਸਤਕ ਨੂੰ ਜਦ ਪਾਠਕ ਵਿਸਥਾਰ-ਪੂਰਵਕ ਪੜ੍ਹਨਗੇ ਤਾਂ ਮਹਾਰਾਣੀ ਜਿੰਦ ਕੌਰ ਦੀ ਜੀਵਨ ਕਹਾਣੀ ਦੇ ਨਾਲ ਸਮੁੱਚੇ ਸਿੱਖ ਰਾਜ ਦੀਆਂ ਘਟਨਾਵਾਂ, ਇਤਿਹਾਸਕ ਸੰਘਰਸ਼ਾਂ, ਜੰਗਾਂ ਅਤੇ ਅੰਗਰੇਜ਼ਾਂ ਵੱਲੋਂ ਪੰਜਾਬੀ ਰਾਜ ਨੂੰ ਜਿੱਤਣ ਲਈ ਕੀਤੀਆਂ ਵਧੀਕੀਆਂ ਦਾ ਹਾਲ ਬਾ-ਖੂਬੀ ਪੜ੍ਹ ਸਕਦੇ ਹੋ।

ਮਾਣਮੱਤੀ ਮਹਾਰਾਜੀ ਜਿੰਦ ਕੌਰ ਦੀ ਇਹ ਅਮਰ ਕਹਾਣੀ ਪੰਜਾਬੀਆਂ ਲਈ ਇੱਕ ਪ੍ਰਸਿੱਧ ਤੇ ਗੌਰਵਮਈ ਅਭੁੱਲ ਇਤਿਹਾਸ ਦਾ ਨਰੋਆ ਦਸਤਾਵੇਜ਼ ਹੈ। ਪਾਠਕ ਇਸ ਪੁਸਤਕ ਨੂੰ ਜ਼ਰੂਰ ਪੜ੍ਹਨ।

**- ਡਾ. ਅਮਰ ਕੋਮਲ**

## ਤੂੰ ਨਿਹਾਲਾ ਨਾ ਬਣੀਂ

**(ਕਹਾਣੀ ਸੰਗ੍ਰਹਿ)**
**ਸਾਂਵਲ ਧਾਮੀ**
**ਪੰਨੇ-176, ਮੁੱਲ-250 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਇਕ ਕਾਵਿ ਸੰਗ੍ਰਹਿ ਅਤੇ ਦੋ ਆਲੋਚਨਾ ਦੀਆਂ ਪੁਸਤਕਾਂ ਤੋਂ ਬਾਅਦ 2013 ਵਿੱਚ ਸਾਂਵਲ ਧਾਮੀ ਦੀ ਕਹਾਣੀਆਂ ਦੀ ਪੁਸਤਕ 'ਤੂੰ ਨਿਹਾਲਾ ਨਾ ਬਣੀਂ' ਪ੍ਰਕਾਸ਼ਤ ਹੋਈ ਹੈ। ਉਸ ਦੀਆਂ ਪਹਿਲੀਆਂ ਕਿਤਾਬਾਂ ਵਾਂਗ ਇਹ ਕਹਾਣੀਆਂ ਪਾਠਕਾਂ ਵਿੱਚ ਮਕਬੂਲ ਹੋਈਆਂ ਅਤੇ ਇਸੇ ਕਾਰਨ 2017 ਵਿੱਚ ਦੂਜਾ ਅਤੇ 2022 ਵਿੱਚ ਇਸ ਕਹਾਣੀਆਂ ਦੀ ਪੁਸਤਕ ਦਾ ਤੀਜਾ ਸੰਸਕਰਣ ਪ੍ਰਕਾਸ਼ਤ ਹੋਇਆ। ਇਸ ਸੰਗ੍ਰਹਿ ਵਿੱਚ ਛੇ ਲੰਮੀਆਂ ਕਹਾਣੀਆਂ ਹਨ। ਇਹਨਾਂ ਕਹਾਣੀਆਂ ਵਿੱਚ ਜ਼ਿੰਦਗੀ ਵਿਚਲੀਆਂ ਜਟਿਲ ਪ੍ਰਕ੍ਰਿਆਵਾਂ ਨੂੰ ਸਰਲ ਤੇ ਸਹਿਜ ਢੰਗ ਨਾਲ ਮੂਰਤੀਮਾਨ ਕੀਤਾ ਗਿਆ ਹੈ। ਹਰ ਇਕ ਕਹਾਣੀ ਆਪਣੇ ਆਪ ਵਿੱਚ ਪੂਰਾ ਸੰਸਾਰ ਸਮੋਈ ਬੈਠੀ ਹੈ ਤੇ ਕਹਾਣੀਕਾਰ ਦੀ ਬਿਰਤਾਂਤ ਸਿਰਜਣ ਦੀ ਤਕਨੀਕੀ ਕਹਾਣੀ ਕਲਾ ਇਹਨਾਂ ਵਿਸ਼ਿਆਂ ਤੇ ਸਰੋਕਾਰਾਂ ਨੂੰ ਉਤਮ ਢੰਗ ਨਾਲ ਪੇਸ਼ ਕਰਦੀ ਹੈ। ਸਾਂਵਲ ਧਾਮੀ ਦੀਆਂ ਇਹਨਾਂ ਕਹਾਣੀਆਂ ਦੇ ਵਿਸ਼ੇ ਵੀ ਵਕਤੀ ਮਹੱਤਤਾ ਵਾਲੇ ਨਹੀਂ, ਸਗੋਂ ਸਮਾਜ ਦੀਆਂ ਗੁੰਝਲਦਾਰ ਬਣਤਰ ਨੂੰ ਸਮਝਾਉਂਦੇ ਨਿਪੁੰਨਤਾ ਨਾਲ ਚਿਤਰਤ ਕੀਤੇ ਗਏ ਹਨ। ਆਧੁਨਿਕਤਾ ਕਾਰਨ ਸਮਾਜ ਦੇ ਨਿਘਾਰ ਅਤੇ ਸ਼ਹਿਰੀਕਰਨ ਕਾਰਨ ਪੰਜਾਬੀ ਲੋਕ ਮਨ ਦੀ ਹੋਂਦ ਅਤੇ ਸਮਾਜਕ ਸਥਿਤੀ ਦੇ ਬਦਲਾਅ ਨੂੰ ਇਹਨਾਂ ਕਹਾਣੀਆਂ ਵਿੱਚ ਉਹਨਾਂ ਦੇ ਪ੍ਰਭਾਵਾਂ ਸਮੇਤ ਉਸਾਰਿਆ ਗਿਆ ਹੈ।

ਪਹਿਲੀ ਕਹਾਣੀ ਦਾ ਸਿਰਲੇਖ ਹੀ ਪੁਸਤਕ ਦਾ ਸਿਰਲੇਖ ਬਣਿਆ ਹੈ। 'ਤੂੰ ਨਿਹਾਲਾ ਨਾ ਬਣੀਂ' ਨਾਮਕ ਇਸ ਕਹਾਣੀ ਵਿੱਚ ਨਿਹਾਲਾ ਬਣਨ ਦੀ ਪ੍ਰਕ੍ਰਿਆ ਅਧੀਨ ਆਧੁਨਿਕ ਸਮਾਜ ਦੇ ਉਹ ਵਰਤਾਰੇ ਸ਼ਾਮਲ ਕੀਤੇ ਗਏ ਹਨ, ਜੋ ਭਾਰਤੀ ਸਮਾਜ ਦੀਆਂ ਪਰੰਪਰਾਗਤ ਰਹੁ-ਰੀਤਾਂ ਦੇ ਵਿਰੋਧ ਵਿੱਚ ਖੜ੍ਹੇ ਦਿਖਾਈ ਦਿੰਦੇ ਹਨ। ਦੇਸ਼ ਦੀ ਅਰਥ ਵਿਵਸਥਾ ਲਈ ਜ਼ਰੂਰੀ ਹੋਣ ਅਤੇ ਲੋਕ ਮਨਾਂ ਦੀ ਚਾਹ ਹੋਣ ਦੇ ਬਾਵਜੂਦ ਪੇਂਡੂ ਸਮਾਜ ਇਹਨਾਂ ਵਰਤਾਰਿਆਂ ਦੇ ਉਲਟ ਦਿਸਦਾ ਹੈ। ਇਹ ਕਹਾਣੀ ਜਿਥੇ ਆਧੁਨਿਕਤਾ ਵੱਲ ਵਧਦੀ ਮਾਨਸਿਕਤਾ ਅਤੇ ਸ਼ਹਿਰੀਕਰਨ ਦੀ ਇੱਛਾ ਨੂੰ ਚਿਤਰਤ ਕਰਦੀ ਹੈ, ਉਥੇ ਦੇਸੀ ਕਦਰਾਂ-ਕੀਮਤਾਂ ਦੇ ਹੱਕ ਵਿੱਚ ਬੋਲਦੀ ਨਜ਼ਰ ਆਉਂਦੀ ਹੈ। ਨਿਹਾਲਾ ਬਣਨ ਨੂੰ ਇਕ ਗਾਲ੍ਹ ਵਜੋਂ ਸਥਾਪਤ ਕਰਨ ਦੇ ਨਾਂਅ ਨਾਲ ਕਹਾਣੀਕਾਰ ਨੇ ਸੁੰਦਰ ਬਿਰਤਾਂਤ ਸਿਰਜਣ ਦਾ ਨਮੂਨਾ ਵੀ ਪੇਸ਼ ਕੀਤਾ ਹੈ। ਪਿਛਲਝਾਤ ਵਿਧੀ ਰਾਹੀਂ ਭੂਤਕਾਲ ਅਤੇ ਦ੍ਰਿਸ਼ ਸਿਰਜਣ ਵਿਧੀ ਰਾਹੀਂ ਵਰਤਮਾਨ ਸਮੇਂ ਦੇ ਬਿਰਤਾਂਤ ਆਪਣੇ ਆਪਣੇ ਫਰੇਮਾਂ ਵਿੱਚ ਨਾਲ-ਨਾਲ ਚਲਦੇ ਹਨ ਤੇ ਨਿਹਾਲਾ ਬਣਨ ਦੇ ਪਿੱਛੇ ਕੰਮ ਕਰਦੀ ਮਾਨਸਿਕਤਾ ਨੂੰ ਕਲਮਬੱਧ ਕਰਦੇ ਜਾਂਦੇ ਹਨ। ਦੂਜੀ ਕਹਾਣੀ 'ਗਾਈਡ' ਵੀ ਸਾਹਿਤਕ ਖੇਤਰਾਂ ਵਿੱਚ ਕਾਫੀ ਮਕਬੂਲ ਰਹੀ ਹੈ ਅਤੇ ਜਿਸ ਵਿੱਚ ਇਕ ਗਾਈਡ ਦੀ ਪ੍ਰਤੀਕਾਤਮਕ ਵਰਤੋਂ ਰਾਹੀਂ ਸਾਰਾ ਬਿਰਤਾਂਤ ਸਿਰਜਿਆ ਗਿਆ ਹੈ। ਅਕਾਦਮਕ ਖੇਤਰ ਦੇ ਗਾਈਡਾਂ ਦੇ ਪਾਜ ਖੋਲ੍ਹਦਾ ਮੈਂ ਪਾਤਰ ਖੁਦ ਵੀ ਮਤਲਬੀ ਗਾਈਡ ਵਜੋਂ ਸਿੱਧ ਹੁੰਦਾ ਹੈ। ਗਾਈਡ ਦੇ ਅਸਲ ਮਾਅਨਿਆਂ ਦੇ ਉਲਟ ਅਰਥ ਅਤੇ ਹੋਂਦ ਸਥਾਪਤ ਕਰ ਕਹਾਣੀਕਾਰ ਨੇ ਕਲਾਤਮਕ ਚਰਿਤਰ ਚਿਤਰਣ ਕਲਾ ਦਾ ਮੁਜ਼ਾਹਰਾ ਕੀਤਾ ਹੈ। ਤੀਜੀ ਕਹਾਣੀ ਸੂਤਰਧਾਰ ਤਕਨੀਕ ਵਰਤ ਕੇ ਲਿਖੀ ਗਈ ਹੈ। ਸੂਤਰਧਾਰ ਕਰਤਾਰ ਸਿੰਘ ਪਨੂੰ ਉਰਫ ਖੰਡ ਦੇ ਖਿਡੌਣਿਆਂ ਵਾਲੇ ਬਾਰੇ ਕਹਾਣੀਕਾਰ ਲਿਖਦਾ ਹੈ: ਸਵਾ ਛੇ ਫੁੱਟ ਦੇ ਕਰੀਬ ਕੱਦ, ਪਤਲਾ ਸਰੀਰ, ਗੋਰਾ ਨਿਛੋਹ ਰੰਗ, ਤੇਜ਼ ਨੀਲਾ ਚੋਲਾ ਤੇ ਕਛਹਿਰਾ, ਸਿਰ 'ਤੇ ਨਿਹੰਗਾਂ ਵਾਲੀ ਪੱਗ ਤੇ ਹੱਥ 'ਚ ਬਰਛਾ। ਕਹਾਣੀ 'ਚ ਉਹ ਇਕ ਅਜਿਹੇ ਪਾਤਰ ਵਜੋਂ ਸਥਾਪਤ ਹੁੰਦਾ ਹੈ, ਜੋ ਸਾਰੀ ਕਹਾਣੀ ਪਰਵਾਰਕ ਇਤਿਹਾਸ ਰੂਪ ਵਿੱਚ ਸੁਣਾਉਂਦਾ ਹੈ ਅਤੇ ਪਾਠਕ ਦੇ ਜ਼ਿਹਨ ਵਿੱਚ ਕਹਾਣੀ ਦਾ ਕਥਾਨਕ ਸਿਰਜਦਾ ਹੈ। 'ਮੱਲ੍ਹਮ' ਭਾਰਤ-ਪਾਕਿਸਤਾਨ ਦੀ ਵੰਡ ਸਮੇਂ ਹੋਈ ਤ੍ਰਾਸਦੀ ਅਤੇ ਜ਼ੁਲਮ ਦੀ ਕਹਾਣੀ ਹੈ। ਕਹਾਣੀਕਾਰ ਨੇ ਮੱਲ੍ਹਮ ਨੂੰ ਪ੍ਰਤੀਕਾਤਮਕ ਰੂਪ ਵਿੱਚ ਵਰਤ ਕੇ ਸਰੀਰਕ, ਜ਼ਿਹਨੀ ਅਤੇ ਸਮਾਜਕ ਅਰਥਾਤ ਹਰ ਤਰ੍ਹਾਂ ਦੇ ਜ਼ਖ਼ਮਾਂ ਦੇ ਠੀਕ ਹੋਣ ਲਈ ਵਰਤਿਆ ਹੈ। ਇਸੇ ਤਰ੍ਹਾਂ ਅੰਤਮ ਕਹਾਣੀ 'ਸੁਖਮਣੀ' ਵੀ ਇਕ ਸ਼ਾਨਦਾਰ ਪਰਵਾਰਕ ਕਹਾਣੀ ਹੈ, ਜੋ ਸਾਡੇ ਸਮਾਜ ਦੇ ਨਾਸੂਰ ਬਣ ਚੁੱਕੇ ਉਸ ਵਰਤਾਰੇ ਬਾਰੇ ਬਿਰਤਾਂਤ ਸਿਰਜਦੀ ਹੈ, ਜਿਸ ਕਾਰਨ ਬੁੱਢੇ ਮਾਂ-ਬਾਪ ਨੂੰ ਸਾਂਭਣਾ ਜਵਾਨ ਬੱਚਿਆਂ ਲਈ ਮਜਬੂਰੀ ਬਣਦਾ ਜਾ ਰਿਹਾ ਹੈ।

ਕਹਾਣੀਕਾਰ ਦੀ ਮਿੱਠੀ ਬੋਲੀ ਪਾਠਕ ਨੂੰ ਉਸ ਦੀ ਉਪ ਬੋਲੀ ਦੁਆਬੀ ਦੇ ਦਰਸ਼ਨ ਕਰਵਾਉਂਦੀ ਹੈ। ਆਪਣੀਆਂ ਕਹਾਣੀਆਂ ਵਿੱਚ ਵਿਲੱਖਣ ਬਿਰਤਾਂਤਕ ਤਕਨੀਕਾਂ ਵਰਤਣਾ ਕਹਾਣੀਕਾਰ ਦੀ ਮੁੱਢਲੀ ਕਲਾ ਵਿੱਚ ਸ਼ੁਮਾਰ ਹੈ। ਕਹਾਣੀ ਪੜ੍ਹਨ ਤੋਂ ਬਾਅਦ ਪਾਠਕ ਉਨ੍ਹਾਂ ਨਵੀਆਂ ਤਕਨੀਕਾਂ ਤੋਂ ਜਾਣੂੰ ਹੁੰਦਾ ਹੈ, ਜੋ ਕਹਾਣੀ ਦਾ ਫ਼ਿਲਮੀ ਦ੍ਰਿਸ਼ ਹੋਣ ਦਾ ਭੁਲੇਖਾ ਪਾਉਂਦੀਆਂ ਹਨ। ਗਲਪ ਦਾ ਤਾਲਬੱਧ ਹੋਣਾ ਇਕ ਅਜਿਹੀ ਵਿਸ਼ੇਸ਼ਤਾ ਹੈ, ਜੋ ਵਿਰਲੇ ਗਲਪਕਾਰ ਦੇ ਹਿੱਸੇ ਆਉਂਦੀ ਹੈ। ਇਹ ਸੱਚ ਹੈ ਕਿ ਅਲੰਕਾਰਾਂ ਅਤੇ ਪ੍ਰਤੀਕਾਂ ਦੀ ਵਰਤੋਂ ਉਸ ਦੀਆਂ ਕਹਾਣੀਆਂ ਵਿੱਚਲੀ ਭਾਸ਼ਾ ਨੂੰ ਹੋਰ ਸੁੰਦਰ ਬਣਾਉਂਦੀ ਹੈ। ਆਸ ਕੀਤੀ ਜਾਂਦੀ ਹੈ ਕਿ ਕਹਾਣੀਕਾਰ ਦੇ ਪਿਛਲੇ ਸੰਸਕਰਨਾਂ ਵਾਂਗ ਇਸ ਸੰਸਕਰਨ ਦਾ ਆਲੋਚਕਾਂ ਅਤੇ ਪ੍ਰਸੰਸਕਾਂ ਵੱਲੋਂ ਭਰਪੂਰ ਸਵਾਗਤ ਕੀਤਾ ਜਾਵੇਗਾ।

**— ਡਾ. ਸੰਦੀਪ ਰਾਣਾ**

## ਰਾਵੀ ਦੀ ਰੀਝ

**(ਗ਼ਜ਼ਲ ਸੰਗ੍ਰਹਿ)**
**ਮਨ ਮਾਨ**

ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਨਿੱਤ ਨਵੇਂ ਰਚਨਾਕਾਰ ਪ੍ਰਵੇਸ਼ ਕਰ ਰਹੇ ਹਨ। ਔਰਤਾਂ ਦੀ ਇਸ ਖੇਤਰ ਵਿਚ ਗਿਣਤੀ ਮੁਕਾਬਲਤਨ ਕਾਫ਼ੀ ਘੱਟ ਹੈ। ਔਰਤ ਗ਼ਜ਼ਲਕਾਰਾਂ ਦੀ ਗਿਣਤੀ ਵਿਚ ਮਨ ਮਾਨ ਦਾ ਨਾਂਅ ਜੁੜਨਾ ਇਕ ਤਸੱਲੀਦੇਹ ਅਹਿਸਾਸ ਹੈ। ਉਂਝ ਮਨ ਮਾਨ ਦੀ ਸ਼ਾਇਰੀ ਵਿਚ ਨਾਰੀ ਸਰੋਕਾਰ ਬਹੁਤ ਘੱਟ ਮਾਤਰਾ ਵਿਚ ਹਨ। ਉਸ ਦੀ ਸ਼ਾਇਰੀ ਦੇ ਕੇਂਦਰ ਵਿਚ ਸਮੁੱਚੀ ਲੋਕਾਈ ਹੈ। ਉਸ ਦੀ ਸ਼ਾਇਰੀ ਵਿਚ ਆਲੇ-ਦੁਆਲੇ ਵਾਪਰ ਰਹੇ ਤਮਾਮ ਵਰਤਾਰਿਆਂ ਦੀ ਕਾਵਿ-ਅਭਿਵਿਅਕਤੀ/ ਫ਼ਿਕਰਮੰਦੀ ਹੈ। ਉਹ ਜ਼ਿੰਦਗੀ ਦੇ ਸਾਰੇ ਖ਼ੂਬਸੂਰਤ ਰੰਗਾਂ ਨੂੰ ਜਲਵਾਗਰ ਹੋਏ ਵੇਖਣਾ ਚਾਹੁੰਦੀ ਹੈ। ਉਹ ਸਾਹਾਂ ਦੇ ਚੱਲਣ ਨੂੰ ਹੀ ਜ਼ਿੰਦਗੀ ਮੰਨਣ ਦੇ ਹੱਕ ਵਿਚ ਨਹੀਂ-

ਪਿਆਸੀ ਆਸ ਦੀ ਖ਼ਾਤਰ ਅਕਾਸ਼ੋਂ ਜਲ ਨੇ ਆਉਣਾ ਏ,
ਕਿ ਧਰਤੀ ਥਾਰ ਨਾ ਹੋਵੇ ਅਸਾਂ ਗੁਲਸ਼ਨ ਉਗਾਉਣਾ ਏ।

ਸਮੇਂ ਦੀ ਹਿੱਕ ਦੇ ਉੱਤੇ ਤੂੰ ਭਾਵੇਂ ਬੀਜਦੈਂ ਨਫ਼ਰਤ,
ਮੁਹੱਬਤ ਨਾਲ ਰੰਗੇ ਹਾਂ, ਚੁਫ਼ੇਰੇ ਨੂੰ ਸਜਾਉਣਾ ਏ।

ਸ਼ਾਇਰਾ ਨੂੰ ਹਰ ਪੀੜਤ ਧਿਰ ਨਾਲ ਹਮਦਰਦੀ ਹੈ। ਉਹ ਪੀੜਤ ਧਿਰ ਭਾਵੇਂ ਔਰਤ ਹੈ, ਘੱਟ-ਗਿਣਤੀ ਭਾਈਚਾਰਾ ਹੈ, ਕਿਰਤੀ ਹੈ ਜਾਂ ਸੱਤਾ ਦਾ ਵਿਰੋਧ ਕਰਨ ਵਾਲਾ ਕੋਈ ਹੱਸਾਸ ਸ਼ਖ਼ਸ ਹੈ। ਉਹ ਹਰ ਪੀੜਤ ਧਿਰ ਨਾਲ ਸੰਵੇਦਨਾ ਜ਼ਾਹਿਰ ਕਰਦੀ ਹੈ ਅਤੇ ਭਾਰੂ ਧਿਰ ਦੇ ਜਾਬਰ ਵਿਹਾਰ ਦਾ ਢੁਕਵਾਂ ਚਿੱਤਰ ਉਲੀਕਦੀ ਹੈ-

ਚੋਗਾ ਹਮੇਸ਼ਾ ਪਾਉਂਦੇ ਕਰ ਕੇ ਤਿਆਰ ਘੇਰਾ,
ਬੋਟਾਂ ਨੂੰ ਮਾਰ ਸੁੱਟਦੇ ਜ਼ਾਲਮ ਨਾ ਤਰਸ ਕਰਦੇ।

ਗ਼ਜ਼ਲ ਲਿਖਣ ਲਈ ਭਾਵੇਂ ਬਹਿਰ-ਵਜ਼ਨ ਦਾ ਗਿਆਨ ਹੀ ਕਾਫ਼ੀ ਨਹੀਂ, ਪਰ ਇਸ ਗਿਆਨ ਬਿਨਾਂ ਵੀ ਗ਼ਜ਼ਲ ਸਿਰਜਣਾ ਨਹੀਂ ਹੋ ਸਕਦੀ। ਮਨ ਮਾਨ ਕੋਲ ਬਹਿਰ-ਵਜ਼ਨ ਦਾ ਵੀ ਚੰਗਾ ਗਿਆਨ ਹੈ। ਉਸ ਨੇ ਵੱਖ-ਵੱਖ ਤਰ੍ਹਾਂ ਦੀਆਂ ਬਹਿਰਾਂ ਬਖ਼ੂਬੀ ਨਿਭਾਈਆਂ ਹਨ। ਉਸ ਕੋਲ ਭਾਸ਼ਾ ਦਾ ਵੀ ਵਿਸ਼ਾਲ ਭੰਡਾਰ ਹੈ। ਉਸ ਦੀ ਭਾਸ਼ਾ ਪੰਜਾਬੀ ਸੱਭਿਆਚਾਰ ਅਤੇ ਰਹਿਤਲ ਨਾਲ ਬਹੁਤ ਨੇੜਿਓਂ ਜੁੜੀ ਹੋਈ ਹੈ। ਹੋਰ ਮਿਹਨਤ ਅਤੇ ਅਭਿਆਸ ਨਾਲ ਉਸ ਦੀ ਸ਼ਾਇਰੀ ਵਿਚ ਹੋਰ ਨਵੇਂ ਰੰਗ ਅਤੇ ਜਾਦੂਈ ਅਸਰ ਆ ਜਾਣ ਦੀ ਪੂਰੀ ਆਸ ਹੈ।

**- ਸ਼ਮਸ਼ੇਰ ਮੋਹੀ**

# ਸੱਜਰਾ ਸਾਹਿਤ

## ਵਲਵਲੇ ਅਤੇ ਤਰਕ ਸੰਗਤ ਸੋਚ

**ਟੀ ਆਰ ਸ਼ਰਮਾ**
**ਪੰਨੇ : 174, ਮੁੱਲ : 225 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**





ਜ਼ਿੰਦਗੀ ਵਿੱਚ ਸੁੱਖ ਦੇ ਪਲ ਵੀ ਆਉਂਦੇ ਹਨ ਤੇ ਦੁੱਖ ਦੇ ਲਮਹੇ ਵੀ ਹੁੰਦੇ ਹਨ। ਮੁਸੀਬਤਾਂ ਵੀ ਆਉਂਦੀਆਂ ਹਨ ਤੇ ਖੁਸ਼ੀ ਦੇ ਸੁਨੇਹੇ ਵੀ ਬੇਸ਼ੁਮਾਰ ਪਲੇ-ਪਲੇ ਮਿਲਦੇ ਹਨ। ਅਜਿਹਾ ਵੀ ਹੁੰਦਾ ਹੈ ਕਿ ਅਫਸੋਸਨਾਕ ਘਟਨਾ ਦੇ ਨਾਲ-ਨਾਲ ਹਰਸ਼ ਉਲਾਸ ਦੀ ਵੀ ਘਟਨਾ ਵਾਪਰ ਜਾਂਦੀ ਹੈ, ਦੋ ਪੁੱਤਰਾਂ ਵਿੱਚੋਂ ਇੱਕ ਪਾਸ ਹੋ ਜਾਂਦਾ ਹੈ ਤੇ ਦੂਜਾ ਫੇਲ੍ਹ ਹੋ ਜਾਂਦਾ ਹੈ, ਮਾਂ ਤਰੱਕੀ ਪਾ ਕੇ ਟੀਚਰ ਤੋਂ ਹੈੱਡ ਮਿਸਟਰੈੱਸ ਬਣ ਜਾਂਦੀ ਹੈ ਅਤੇ ਬਾਪ ਰਿਸ਼ਵਤ ਲੈਣ ਦੇ ਕੇਸ ਵਿੱਚ ਗ੍ਰਿਫਤਾਰ ਕਰ ਲਿਆ ਜਾਂਦਾ ਹੈ। ਇਹ ਵੀ ਜ਼ਿੰਦਗੀ ਦੇ ਰੰਗ ਹਨ, ਸ਼ਹਿਨਸ਼ਾਹ ਨੂੰ ਕੰਗਾਲ ਤੇ ਰੰਕ ਨੂੰ ਰਾਜਾ ਵੀ ਬਣਦੇ ਦੇਖਿਆ ਗਿਆ ਹੈ।

-ਭੂਮਿਕਾ 'ਚੋਂ

## ਬੇਤਰਤੀਬ

**(ਕਾਵਿ ਸੰਗ੍ਰਹਿ)**
**ਸੰਦੀਪ ਮਨਨ**
**ਪੰਨੇ : 102, ਮੁੱਲ : 180 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ**





ਕਵਿਤਾ ਕੀ ਹੈ? ਇਸ ਨੂੰ ਸਮਝਣ ਜਾਂ ਇਸ ਨੂੰ ਪ੍ਰੀਭਾਸ਼ਤ ਕਰਨ ਦਾ ਯਤਨ ਕਰੀਏ ਤਾਂ ਇਹ ਮਨੁੱਖੀ ਭਾਵਾਂ ਅਤੇ ਵਿਚਾਰਾਂ ਨੂੰ ਇੱਕ ਵਿਸ਼ੇਸ਼ ਤਰ੍ਹਾਂ ਦੇ ਰੂਪਾਤਮਿਕ ਅਤੇ ਰਚਨਾਤਮਿਕ ਨੇਮਾਂ 'ਚ ਬੰਨ੍ਹਣ ਦੀ ਕਿਰਿਆ ਹੈ। ਕਵਿਤਾ ਵਿੱਚ ਪੇਸ਼ ਹੋਣ ਵਾਲੇ ਵਿਚਾਰ ਇਹਨਾਂ ਵਿਸ਼ੇਸ਼ ਨੇਮਾਂ 'ਚ ਬੱਝ ਕੇ ਇੱਕ ਅਮੂਰਤ ਸੰਦੇਸ਼ ਦੀ ਸਿਰਜਣਾ ਕਰਦੇ ਹੋਏ ਨਾ ਸਿਰਫ ਪਾਠਕ ਨੂੰ ਸੁਹਜਮਈ ਆਨੰਦ ਪ੍ਰਦਾਨ ਕਰਦੇ ਹਨ, ਸਗੋਂ ਉਸ ਦੇ ਬੁੱਧ-ਵਿਵੇਕ ਨੂੰ ਵੀ ਝੰਜੋੜ ਦਿੰਦੇ ਹਨ। ਕਵਿਤਾ ਦੇ ਰਵਾਇਤੀ ਨੇਮਾਂ ਵਿੱਚ ਛੰਦ, ਬਹਿਰ, ਲੈਅ ਦਾ ਵਿਸ਼ੇਸ਼ ਮਹੱਤਵ ਰਿਹਾ ਹੈ, ਜਿਹੜਾ ਕਵਿਤਾ ਨੂੰ ਪ੍ਰਗੀਤਕ ਅਤੇ ਸਰੋਦੀ ਬਣਾਉਂਦਾ ਹੋਇਆ ਅਲੰਕਾਰਾਂ, ਬਿੰਬਾਂ ਅਤੇ ਪ੍ਰਤੀਕਾਂ ਨਾਲ ਸ਼ਿੰਗਾਰਦਾ ਰਿਹਾ ਹੈ, ਪਰ ਪਿਛਲੀ ਸਦੀ ਨੇ ਕਵਿਤਾ ਦੀ ਇਸ ਰਵਾਇਤੀ ਪ੍ਰੀਭਾਸ਼ਾ ਨੂੰ ਮੋਕਲਾ ਕਰਨ ਦਾ ਯਤਨ ਕੀਤਾ ਹੈ।

-ਭੂਮਿਕਾ 'ਚੋਂ

## ਗੁਰਮਤਿ ਮਨੁੱਖੀ ਹੋਂਦ ਅਤੇ ਮਨੋਵਿਗਿਆਨ

**ਡਾ. ਸੁਰਿੰਦਰ ਸਿੰਘ, ਡਾ. ਜਤਿੰਦਰਪਾਲ ਕੌਰ**
**ਪੰਨੇ : 182, ਮੁੱਲ : 350 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**





ਸਰੀਰ-ਵਿਗਿਆਨ ਅਤੇ ਮਨੋਵਿਗਿਆਨ ਵਿੱਚ ਅਨੇਕਾਂ ਸਮਾਨਤਾਵਾਂ ਹਨ। ਸਰੀਰ-ਵਿਗਿਆਨ ਮਨੁੱਖੀ ਸਰੀਰ ਦੇ ਵਿਭਿੰਨ ਅੰਗਾਂ ਨੂੰ ਇੱਕ-ਦੂਜੇ ਨਾਲੋਂ ਨਿਖੇੜ ਕੇ ਅਧਿਐਨ ਕਰਦਾ ਹੈ, ਜਦ ਕਿ ਮਨੋਵਿਗਿਆਨਕ ਸਮੁੱਚੇ ਸਰੀਰਕ ਵਰਤਾਰੇ ਦਾ ਅਧਿਐਨ ਕਰਦਾ ਹੈ। ਮਨੋਵਿਗਿਆਨਕ ਸਰੀਰ-ਵਿਗਿਆਨ ਦੇ ਸਿਰਫ ਉਹਨਾਂ ਪੱਖਾਂ ਨੂੰ ਧਿਆਨ ਵਿੱਚ ਰੱਖਦਾ ਹੈ, ਜਿਹੜੇ ਮਨੁੱਖੀ ਵਿਵਹਾਰ ਦੀ ਦ੍ਰਿਸ਼ਟੀ ਦੇ ਪ੍ਰਸੰਗ ਤੋਂ ਮਹੱਤਵਪੂਰਨ ਹਨ। ਅਜੋਕਾ ਮਨੋਵਿਗਿਆਨ ਮਨੁੱਖੀ ਵਿਵਹਾਰ ਦੇ ਨਾਲ-ਨਾਲ ਮਨੁੱਖੀ ਅਨੁਭਵ ਨੂੰ ਵੀ ਆਪਣੇ ਅਧਿਐਨ ਕਾਰਜ ਅਧੀਨ ਲਿਆਉਂਦਾ ਹੈ।

-ਪੁਸਤਕ 'ਚੋਂ

14-May-Sunday.qxd 5/13/2023 10:13 PM Page 6



# ਸਾਹਿਤ ਚਿੰਤਨ ਦੀ ਮਾਸਿਕ ਬੈਠਕ



**ਚੰਡੀਗੜ੍ਹ**- ਸਾਹਿਤ ਚਿੰਤਨ ਚੰਡੀਗੜ੍ਹ ਦੀ ਮਾਸਿਕ ਇਕੱਤਰਤਾ ਚੰਡੀਗੜ੍ਹ ਵਿਖੇ ਬਲਬੀਰ ਪਰਵਾਨਾ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਪਿਛਲੇ ਦਿਨੀਂ ਵਿੱਛੜੇ ਸਾਥੀਆਂ ਨੂੰ ਦੋ ਮਿੰਟ ਮੌਨ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਫਿਰ ਮਹੀਨੇ ਦੀ ਕਾਰਵਾਈ ਪੜ੍ਹੀ ਤੇ ਪ੍ਰਵਾਨ ਕੀਤੀ ਗਈ।

ਦੋ ਮਤੇ ਸਰਬ-ਸੰਮਤੀ ਨਾਲ ਪਾਸ ਕੀਤੇ ਗਏ-ਮਹਿਲਾ ਕੁਸ਼ਤੀ ਖਿਡਾਰੀਆਂ ਦੇ ਦਿੱਲੀ ਧਰਨੇ ਦੀ ਹਮਾਇਤ ਕੀਤੀ ਗਈ।

ਐੱਨ ਸੀ ਈ ਆਰ ਟੀ ਦੇ ਸਿਲੇਬਸ ਵਿੱਚੋਂ ਚਾਰਲਸ ਡਾਰਵਨ ਦੇ ਵਿਕਾਸ ਸਿਧਾਂਤ ਨੂੰ ਦੁਬਾਰਾ ਪਾਠਕ੍ਰਮ ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ ਗਈ।

ਇਹ ਮੀਟਿੰਗ ਕਾਰਲ ਮਾਰਕਸ ਦੇ ਜਨਮ ਦਿਵਸ ਨੂੰ ਸਮਰਪਿਤ ਸੀ। ਅਭੈ ਸਿੰਘ ਸੰਧੂ ਨੇ ਮਾਰਕਸ ਨੂੰ ਯਾਦ ਕਰਦਿਆਂ ਕਿਹਾ ਕਿ ਮਾਰਕਸ ਦੀ ਸੋਚ ਤੇ ਸਿਧਾਂਤ ਦਾ ਕਿਲ੍ਹਾ ਜਿੰਨਾ ਮਰਜ਼ੀ ਢਾਹ ਲਓ, ਇਹ ਫਿਰ ਉਸਰਦਾ ਰਹੇਗਾ। ਸਮਾਜ ਮਾਰਕਸ ਦੀ ਵਿਚਾਰਧਾਰਾ ਤੋਂ ਅਗਵਾਈ ਲੈਂਦਾ ਰਹੇਗਾ।

ਡਾ. ਮੇਘਾ ਸਿੰਘ ਦੀ ਨਵੀਂ ਪੁਸਤਕ-'ਨਕਸਲਵਾੜੀ ਲਹਿਰ ਅਤੇ ਖੱਬੇ ਪੱਖੀ ਪੰਜਾਬੀ ਪੱਤਰਕਾਰੀ' ਬਾਰੇ ਸੰਖੇਪ ਚਰਚਾ ਕਰਦਿਆਂ ਪ੍ਰੋ. ਅਜਾਇਬ ਸਿੰਘ ਟਿਵਾਣਾ ਨੇ ਕਿਹਾ ਕਿ ਇਹ ਵੱਡਮੁੱਲੀ ਇਤਿਹਾਸਕ ਕਿਰਤ ਹੈ। ਦਰਜ ਕੀਤੇ ਵੇਰਵਿਆਂ ਤੋਂ ਸਮਕਾਲੀ ਸਮਾਜਿਕ, ਰਾਜਨੀਤਕ ਹਾਲਾਤ ਬਾਰੇ ਜਾਣਕਾਰੀ ਮਿਲਦੀ ਹੈ। ਉਨ੍ਹੀਵੀਂ ਸਦੀ ਦੀ ਪੱਤਰਕਾਰੀ ਧਾਰਮਿਕ ਅਤੇ ਅੰਗਰੇਜ਼ ਪ੍ਰਸਤੀ ਵਾਲੀ ਸੀ। ਇਸ ਨੇ ਰੂਸੀ ਇਨਕਲਾਬ ਲਈ ਸੰਘਰਸ਼ ਦੇ ਪ੍ਰਭਾਵ ਨੂੰ ਕਬੂਲ ਕੀਤਾ ਹੈ। ਨਕਸਲੀ ਲਹਿਰ ਦੀ ਵੰਡ ਨਾਲ ਸੰਬੰਧਤ ਤੱਥ ਵੀ ਦਰਜ ਹਨ। ਸੁਖਦਰਸ਼ਨ ਨੱਤ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਖੱਬੀ ਲਹਿਰ ਦਾ ਬੌਧਿਕ ਤੇ ਸਾਹਿਤਕ ਖੇਤਰ ਵਿੱਚ ਚੋਖਾ ਅਸਰ ਹੈ। ਇਸੇ ਅਸਰ ਕਰਕੇ 1984 ਵਿੱਚ ਪੰਜਾਬ ਵਿੱਚ ਫਿਰਕੂ ਦੰਗੇ ਨਹੀਂ ਹੋਏ। ਪੰਜਾਬੀਆਂ ਨੇ ਅਜ਼ਾਦੀ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ।

ਜੋਗਿੰਦਰ ਸਿੰਘ ਨੇ ਕਿਹਾ ਕਿ ਇਹ ਲੋਕ-ਇਤਿਹਾਸ ਦਾ ਵੱਡਮੁੱਲਾ ਸਰੋਤ ਹੈ। ਅਭੈ ਸਿੰਘ ਸੰਧੂ ਨੇ ਕਿਹਾ ਕਿ ਨਕਸਲੀ ਲਹਿਰ ਹਥਿਆਰਬੰਦ ਇਨਕਲਾਬ ਦੀ ਹਾਮੀ ਹੈ। ਇਨਕਲਾਬ ਤੋਂ ਉਰ੍ਹੇ ਵੀ ਬਹੁਤ ਕੁਝ ਹੈ। ਡਾ. ਹਜ਼ਾਰਾ ਸਿੰਘ ਚੀਮਾ ਨੇ ਕਿਹਾ ਕਿ ਨਕਸਲੀ ਲਹਿਰ ਦੀ ਵੰਡ ਦੇ ਕਈ ਕਾਰਨ ਹਨ। ਬਲਵਿੰਦਰ ਸਿੰਘ ਮਾਲੀ ਨੇ ਕਿਹਾ ਕਿ ਮਾਰਕਸ ਦੀਆਂ ਜੜ੍ਹਾਂ ਧਰਤੀ ਵਿੱਚ ਹਨ। ਡਾ. ਸਰਬਜੀਤ ਸਿੰਘ ਕੰਗਣੀਵਾਲ ਨੇ ਕਿਹਾ ਕਿ ਸੱਜੇ ਦਾ ਬਦਲ ਖੱਬਾ ਹੀ ਹੋ ਸਕਦਾ ਹੈ। ਸੰਗੀਤ ਤੂਰ ਨੇ ਕਿਹਾ ਕਿ ਵਿਅਕਤੀਗਤ ਉਭਾਰ ਨਾਲੋਂ ਸਚਾਈ ਨੂੰ ਪੁਨਰ ਸਥਾਪਤ ਕਰਨ ਦੀ ਲੋੜ ਹੈ। ਡਾ. ਮੇਘਾ ਸਿੰਘ ਨੇ ਸਰੋਤਿਆਂ ਦੇ ਸਨਮੁੱਖ ਹੁੰਦਿਆਂ ਕਿਹਾ ਕਿ ਇਹ ਨਕਸਲੀ ਲਹਿਰ ਦਾ ਇਤਿਹਾਸ ਨਹੀਂ, ਨਕਸਲੀ ਰਸਾਲਿਆਂ ਬਾਰੇ ਜਾਣਕਾਰੀ ਹੈ। ਬਲਬੀਰ ਪਰਵਾਨਾ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਇਹ ਭੂਮੀਗਤ ਲਹਿਰਾਂ ਦਾ ਇਤਿਹਾਸ ਹੈ। ਇਸ ਨੇ ਲੋਕਾਂ ਦੀ ਸੋਚ ਦਾ ਪੱਧਰ ਉੱਚਾ ਕੀਤਾ ਹੈ। ਸਮਾਜਕ ਬਦਲਾਅ ਲਈ ਪ੍ਰਾਪਤੀਆਂ ਤੇ ਕਮੀਆਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਮੀਟਿੰਗ ਦੀ ਕਾਰਵਾਈ ਸਰਦਾਰਾ ਸਿੰਘ ਚੀਮਾ ਨੇ ਚਲਾਈ।

**—ਸਰਦਾਰਾ ਸਿੰਘ ਚੀਮਾ**

# 'ਇਕ ਮਜ਼ਾਰ ਹੋਰ' ਰਿਲੀਜ਼



**ਮਾਨਸਾ**-ਅਨੇਮਨ ਸਿੰਘ ਦੀ ਸਾਲ 2022 ਦੀਆਂ ਚੋਣਵੀਆਂ ਕਹਾਣੀਆਂ ਭਾਗ-2 ਦੀ ਸੰਪਾਦਿਤ ਪੁਸਤਕ 'ਇਕ ਮਜ਼ਾਰ ਹੋਰ' ਲੇਖਕ ਪਾਠਕ ਮੰਚ ਮਾਨਸਾ ਵੱਲੋਂ ਡਾ. ਜਗਤਾਰ ਸਿੰਘ ਜੋਗਾ ਹੁਰਾਂ ਦੀ ਪ੍ਰਧਾਨਗੀ 'ਚ ਲੋਕ ਅਰਪਣ ਕੀਤੀ ਗਈ।

ਇਸ ਮੌਕੇ ਡਾ. ਜੋਗਾ ਨੇ ਕਿਹਾ ਕਿ ਅਨੇਮਨ ਦੀ ਇਸ ਪੁਸਤਕ 'ਚ 15 ਨਵੇਂ-ਪੁਰਾਣੇ ਕਹਾਣੀਕਾਰਾਂ ਦੀਆਂ ਕਹਾਣੀਆਂ ਨੂੰ ਸ਼ਾਮਲ ਕੀਤਾ ਗਿਆ ਹੈ, ਜੋ ਕਿ ਪੰਜਾਬੀ ਕਹਾਣੀ ਦੇ ਸੁਨਹਿਰੀ ਭਵਿੱਖ ਦੀ ਨਿਸ਼ਾਨਦੇਹੀ ਕਰਦੇ ਹਨ। ਕਹਾਣੀਕਾਰ ਜਸਬੀਰ ਢੰਡ ਹੁਰਾਂ ਦਾ ਕਹਿਣਾ ਸੀ ਕਿ ਅਨੇਮਨ ਬਹੁਪਰਤੀ ਸ਼ਖ਼ਸੀਅਤ ਦਾ ਮਾਲਕ ਹੈ, ਜਿਸ ਨੇ ਸਾਹਿਤ ਦੀ ਹਰ ਵਿਧਾ 'ਤੇ ਚੰਗਾ ਨਾਮਣਾ ਖੱਟਿਆ ਹੈ। ਉਨ੍ਹਾਂ ਕਿਹਾ ਕਿ ਅਨੇਮਨ ਆਪਣੀ ਸੰਪਾਦਨਾ ਦਾ ਕਾਰਜ ਅਲੱਗ-ਅਲੱਗ ਸਮਾਜਿਕ ਵਿਸ਼ਿਆਂ ਨੂੰ ਲੈ ਕੇ ਕਰ ਰਿਹਾ ਹੈ, ਜੋ ਕਿ ਸਮੇਂ ਦੀ ਲੋੜ ਹੈ। ਕਹਾਣੀਕਾਰ ਦਰਸ਼ਨ ਜੋਗਾ ਨੇ ਕਿਹਾ ਕਿ ਇਸ ਪੁਸਤਕ 'ਚ ਜ਼ਿੰਦਗੀ ਦੇ ਕਰੂਰ ਯਥਾਰਥ ਨੂੰ ਬਿਆਨ ਕਰਦੀਆਂ ਕਹਾਣੀਆਂ ਦਰਜ ਹਨ, ਜੋ ਵਰਤਮਾਨ ਸਮਾਜ ਦੀ ਪੀੜਾ ਨੂੰ ਬਿਆਨਦੇ ਹਨ। ਉਹਨਾਂ ਕਿਹਾ ਕਿ ਪੁਸਤਕ ਦੀ ਇਹ ਵਿਸ਼ੇਸ਼ਤਾ ਹੈ ਕਿ ਪਾਠਕ ਇੱਕ ਵਾਰ ਕਹਾਣੀ ਪੜ੍ਹਨਾ ਸ਼ੁਰੂ ਕਰਕੇ ਇਸ ਨੂੰ ਵਿਚਾਲੇ ਨਹੀਂ ਛੱਡ ਸਕਦਾ। ਯੂ ਐੱਸ ਏ ਤੋਂ ਆਏ ਇੰਜ: ਕ੍ਰਾਂਤੀਪਾਲ ਹੁਰਾਂ ਨੇ ਕਿਹਾ ਕਿ ਅਨੇਮਨ ਨੇ ਇਹ ਪੁਸਤਕ ਸਾਡੇ ਘਰ ਆਏ ਕੁੰਵਰ ਨੂੰ ਸਮਰਪਿਤ ਕੀਤੀ ਹੈ, ਜੋ ਕਿ ਸਾਡੇ ਲਈ ਮਾਣ ਤੇ ਸਨਮਾਨ ਵਾਲੀ ਗੱਲ ਹੈ। ਅੰਤ 'ਚ ਅਨੇਮਨ ਨੇ ਸਾਰੇ ਦੋਸਤਾਂ ਦਾ ਸ਼ੁਕਰੀਆ ਕਰਦਿਆਂ ਕਿਹਾ ਕਿ ਉਹ ਭਵਿੱਖ 'ਚ ਵੀ ਅਜਿਹੇ ਕਾਰਜ ਜਾਰੀ ਰੱਖਣਗੇ।

# 'ਗਵੱਈਆਂ ਤੇ ਜਰਨੈਲਾਂ ਦਾ ਗਵਾਹ : ਹਰਿਆਣਾ' 'ਤੇ ਵਿਚਾਰ-ਚਰਚਾ



**ਡੱਲੇਵਾਲ** : ਗੁਰੂ ਨਾਨਕ ਕਾਲਜ ਆਫ਼ ਐਜੂਕੇਸ਼ਨ ਡੱਲੇਵਾਲ ਵਿਖੇ ਪੰਜਾਬੀ ਲੇਖਕ ਵਰਿੰਦਰ ਸਿੰਘ ਨਿਮਾਣਾ ਦੀ ਪੁਸਤਕ 'ਗਵੱਈਆਂ ਤੇ ਜਰਨੈਲਾਂ ਦਾ ਗਵਾਹ : ਹਰਿਆਣਾ' 'ਤੇ ਵਿਚਾਰ-ਚਰਚਾ ਹੋਈ। ਡਾ. ਰੰਧਾਵਾ ਨੇ ਕਿਹਾ ਕਿ ਵਰਿੰਦਰ ਨਿਮਾਣਾ ਨੇ ਪੰਜਾਬ ਦੇ ਇਸ ਛੋਟੇ ਜਿਹੇ ਕਸਬੇ ਦੇ ਵਿਭਿੰਨ ਸਰੋਕਾਰਾਂ ਨੂੰ ਪੁਸਤਕ ਦੇ ਰੂਪ 'ਚ ਸਾਂਭ ਕੇ ਇਲਾਕੇ ਦੀ ਪ੍ਰਾਚੀਨਤਾ ਨੂੰ ਸਦੀਵਤਾ ਦੇਣ ਦਾ ਯਤਨ ਕੀਤਾ ਹੈ, ਜੋ ਦੇਸ਼ ਦੀ ਨਵੀਂ ਪੀੜ੍ਹੀ ਲਈ ਗੌਰਵਤਾ ਦੇ ਭਾਵ ਪੈਦਾ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਅਜਿਹੇ ਇਤਿਹਾਸਕ ਦਸਤਾਵੇਜ਼ ਸੰਭਾਲਣ ਵਾਲੇ ਲੇਖਕਾਂ ਤੇ ਬੁੱਧੀਜੀਵੀ ਲੋਕਾਂ ਦਾ ਵੱਧ ਤੋਂ ਵੱਧ ਸਹਿਯੋਗ ਤੇ ਮਾਲੀ ਮਦਦ ਕਰਨੀ ਚਾਹੀਦੀ ਹੈ। ਵਿਚਾਰ ਚਰਚਾ ਨੂੰ ਅੱਗੇ ਤੋਰਦਿਆਂ ਡਾ. ਸ਼ਮਸ਼ੇਰ ਮੋਹੀ ਨੇ ਕਿਹਾ ਕਿ ਵਰਿੰਦਰ ਨਿਮਾਣਾ ਦੀ ਪੁਸਤਕ ਪੜ੍ਹਦਿਆਂ ਪਾਠਕ ਕਿਸੇ ਇੱਕ ਖਿੱਤੇ ਦੀ ਨਹੀਂ, ਸਗੋਂ ਸਮੁੱਚੇ ਪੰਜਾਬ ਦੇ ਇਤਿਹਾਸ, ਭੂਗੋਲ ਤੇ ਵਿਰਾਸਤੀ ਰੰਗਾਂ ਨੂੰ ਮਾਨਣਯੋਗ ਹੋ ਜਾਂਦਾ ਹੈ। ਡਾ. ਜਤਿੰਦਰਪਾਲ ਨੇ ਕਿਹਾ ਕਿ ਕਸਬਾ ਹਰਿਆਣਾ ਤੇ ਇਲਾਕਾ ਆਪਣੀ ਪ੍ਰਾਚੀਨਤਾ ਤੇ ਵਿਭਿੰਨ ਖੂਬੀਆਂ ਕਰਕੇ ਲੋਕ ਮੁਹਾਵਰਿਆਂ ਤੇ ਲੋਕ ਬਾਤਾਂ ਦਾ ਵਿਸ਼ਾ ਬਣਦਾ ਰਿਹਾ ਹੈ। ਡਾ. ਅਰਬਿੰਦ ਸਿੰਘ ਧੂਤ ਨੇ ਬੋਲਦਿਆਂ ਕਿਹਾ ਕਿ ਨਿਮਾਣਾ ਨੇ ਆਪਣੀ ਪੁਸਤਕ ਰਾਹੀਂ ਹਰਿਆਣਾ ਕਸਬੇ ਦੇ ਆਸ-ਪਾਸ ਦੇ ਭੂਗੋਲਿਕ ਵੇਰਵਿਆਂ ਤੇ ਕੁਦਰਤੀ ਖ਼ੂਬਸੂਰਤੀ ਨੂੰ ਬੜੀ ਨੀਝ ਨਾਲ ਘੋਖਣ 'ਚ ਕਾਮਯਾਬੀ ਹਾਸਲ ਕੀਤੀ ਹੈ। ਡਾ. ਜਸਵੰਤ ਰਾਏ ਨੇ ਕਿਹਾ ਕਿ ਵਰਿੰਦਰ ਨਿਮਾਣਾ ਨੇ ਆਪਣੀ ਪੁਸਤਕ ਵਿੱਚ ਹਰਿਆਣੇ ਦੇ ਸੰਗੀਤ, ਇਤਿਹਾਸਕਤਾ, ਮਿਸਲ ਕਾਲ ਵੇਲੇ ਦੀ ਸਥਿਤੀ ਤੇ ਇਲਾਕੇ ਦੀ ਗਦਰ ਲਹਿਰ ਨੂੰ ਵੱਡੀ ਦੇਣ ਨੂੰ ਕੇਵਲ ਇਤਿਹਾਸਕ ਵੇਰਵਿਆਂ ਤੱਕ ਹੀ ਸੀਮਤ ਨਹੀਂ ਰੱਖਿਆ ਹੈ। ਡਾ. ਸ਼ਸ਼ੀ ਨੇਗੀ ਨੇ ਇਸ ਮੌਕੇ ਵਿਚਾਰ ਚਰਚਾ 'ਚ ਹਿੱਸਾ ਲੈਣ ਪਹੁੰਚੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਵਰਿੰਦਰ ਨਿਮਾਣਾ ਦੀ ਲੇਖਣੀ ਦੇ ਅਗਲੇ ਸਫ਼ਰ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ। ਮੰਚ ਦਾ ਸੰਚਾਲਨ ਪ੍ਰੋ. ਇਕਬਾਲ ਸਿੰਘ ਨੇ ਬਾਖੂਬੀ ਕੀਤਾ।

**—ਵਰਿੰਦਰ ਸਿੰਘ ਨਿਮਾਣਾ**

# ਪ੍ਰਗਤੀਸ਼ੀਲ ਲੇਖਕ ਸੰਘ ਹਰਿਆਣਾ ਇਕਾਈ ਦਾ ਇੱਕ-ਰੋਜ਼ਾ ਅਜਲਾਸ

**ਸਿਰਸਾ**-ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ (ਪ੍ਰਲੇਸ) ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਪ੍ਰਲੇਸ ਪੰਜਾਬ ਦੇ ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ, ਹਰਿਆਣਾ ਪ੍ਰਲੇਸ ਦੇ ਸਰਪ੍ਰਸਤ ਡਾ. ਰਤਨ ਸਿੰਘ ਢਿੱਲੋਂ, ਡਾ. ਅਸ਼ੋਕ ਭਾਟੀਆ, ਕਾ. ਸੁਵਰਨ ਸਿੰਘ ਵਿਰਕ, ਹਰਿਆਣਾ ਪ੍ਰਲੇਸ ਦੇ ਪ੍ਰਧਾਨ ਡਾ. ਸੁਭਾਸ਼ ਮਾਨਸਾ ਅਤੇ ਜੇ.ਐੱਸ. ਯਾਦਵ ਮੈਮੋਰੀਅਲ ਟਰੱਸਟ ਕੁਰੂਕਸ਼ੇਤਰ ਦੇ ਕਨਵੀਨਰ ਡਾ. ਮੋਹਿਤ ਗੁਪਤਾ ਦੀ ਪ੍ਰਧਾਨਗੀ ਵਿੱਚ ਇਕ ਰੋਜ਼ਾ ਇਜਲਾਸ ਯਾਦਵ ਧਰਮਸ਼ਾਲਾ ਕੁਰੂਕਸ਼ੇਤਰ ਵਿੱਚ ਸੰਪੰਨ ਹੋਇਆ। ਇਸ ਸੰਮੇਲਨ ਵਿਚ ਅਜੋਕੇ ਦੌਰ ਦੀਆਂ ਸਥਿਤੀਆਂ ਅਤੇ ਚੁਣੌਤੀਆਂ ਉੱਤੇ ਵਿਚਾਰ-ਵਟਾਂਦਰਾ, ਸਰਬ-ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੀਆਂ ਸੰਗਠਨਾਤਮਕ ਗਤੀਵਿਧੀਆਂ ਅਤੇ ਕਾਵਿ-ਗੋਸ਼ਟੀ 'ਤੇ ਆਧਾਰਿਤ ਵੱਖੋ-ਵੱਖ ਸੈਸ਼ਨ ਕਰਵਾਏ ਗਏ। ਡਾ. ਅਤੁਲ ਯਾਦਵ ਵੱਲੋਂ ਹਾਜ਼ਰ ਮੈਂਬਰਾਂ ਦਾ ਸੁਆਗਤ ਕਰਨ ਉਪਰੰਤ ਸਰਬ-ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਸਾਹਿਤਕ, ਇਤਿਹਾਸਕ, ਵਿਚਾਰਧਾਰਕ ਪਿਛੋਕੜ, ਲੇਖਕ ਦੀਆਂ ਜ਼ਿੰਮੇਵਾਰੀਆਂ, ਰਾਸ਼ਟਰੀ ਪੱਧਰ 'ਤੇ ਪ੍ਰਗਤੀਸ਼ੀਲ ਸਾਹਿਤਕ ਲਹਿਰ ਦੀ ਸਥਿਤੀ ਬਾਰੇ ਚਰਚਾ ਕੀਤੀ ਗਈ। ਇਤਿਹਾਸ ਅਤੇ ਇਸ ਦੀ ਵਿਚਾਰਧਾਰਾ ਬਾਰੇ ਜਾਣਕਾਰੀ ਦਿੰਦਿਆਂ ਕਾ. ਸੁਵਰਨ ਸਿੰਘ ਵਿਰਕ ਨੇ ਕਿਹਾ ਕਿ ਪ੍ਰਗਤੀਸ਼ੀਲ ਸਾਹਿਤਕ ਅੰਦੋਲਨ ਲੋਕਾਈ ਦੀ ਬਿਹਤਰੀ ਦਾ ਅੰਦੋਲਨ ਹੈ। ਇਸ ਮੌਕੇ ਲੇਖਕ ਦੀਆਂ ਜ਼ਿੰਮੇਵਾਰੀਆਂ ਨੂੰ ਪਰਿਭਾਸ਼ਿਤ ਕਰਦੇ ਹੋਏ ਪ੍ਰੋ. ਹਰਭਗਵਾਨ ਚਾਵਲਾ ਨੇ ਕਿਹਾ ਕਿ ਲੇਖਣ ਦੇ ਨਾਲ-ਨਾਲ ਲੇਖਕ ਲਈ ਸਮਾਜਿਕ ਸਰੋਕਾਰਾਂ ਪ੍ਰਤੀ ਵਚਨਬੱਧਤਾ ਜ਼ਰੂਰੀ ਹੈ। ਡਾ. ਸੁਖਦੇਵ ਸਿੰਘ ਸਿਰਸਾ ਨੇ ਅੰਤਰ-ਰਾਸ਼ਟਰੀ ਅਤੇ ਰਾਸ਼ਟਰੀ ਪੱਧਰ 'ਤੇ ਅਗਾਂਹਵਧੂ ਲੇਖਣ ਦੀ ਭੂਮਿਕਾ ਨੂੰ ਨਿਸਚਿਤ ਕਰਦਿਆਂ ਕਿਹਾ ਕਿ ਪ੍ਰਗਤੀਸ਼ੀਲ ਲੇਖਣ ਹਰ ਹਾਲਤ ਵਿਚ ਆਮ ਆਦਮੀ ਦੀ ਆਵਾਜ਼ ਬਣ ਕੇ ਆਪਣੀ ਜ਼ਿੰਮੇਵਾਰੀ ਨਿਭਾਉਣ ਦੇ ਸਮਰੱਥ ਹੈ। ਡਾ. ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਆਮ ਲੋਕਾਂ ਦੇ ਮਸਲਿਆਂ ਲਈ ਲਿਖਣ ਦੇ ਨਾਲ-ਨਾਲ ਉਨ੍ਹਾਂ ਦੇ ਸੰਘਰਸ਼ ਵਿਚ ਭਾਈਵਾਲ ਬਣਨਾ ਲੇਖਕ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ।

ਪ੍ਰੋ. ਗੁਰਦੇਵ ਸਿੰਘ ਦੇਵ ਵੱਲੋਂ ਸੰਚਾਲਿਤ ਦੂਜੇ ਸੈਸ਼ਨ ਵਿਚ ਸਭ ਤੋਂ ਪਹਿਲਾਂ ਡਾ. ਹਰਵਿੰਦਰ ਸਿੰਘ ਸਿਰਸਾ ਨੇ ਰਿਪੋਰਟ ਪੇਸ਼ ਕੀਤੀ ਜਿਸ ਨੂੰ ਪਾਸ ਕੀਤੇ ਜਾਣ ਉਪਰੰਤ ਹਰਿਆਣਾ ਦੇ ਸੀਨੀਅਰ ਲੇਖਕਾਂ ਰਾਜ ਕਾਰਜਕਾਰਨੀ ਦਾ ਪ੍ਰਧਾਨ, ਡਾ. ਪਾਲ ਕੌਰ ਸੀਨੀਅਰ ਮੀਤ ਪ੍ਰਧਾਨ, ਤਨਵੀਰ



ਜਾਫਰੀ, ਅਰਕਮਲ ਕੌਰ, ਡਾ. ਅਨਿਲ ਖਿਆਲ 'ਅਤਰੀ' ਅਤੇ ਪਰਮਾਨੰਦ ਸ਼ਾਸਤਰੀ ਨੂੰ ਮੀਤ ਪ੍ਰਧਾਨ, ਡਾ. ਹਰਵਿੰਦਰ ਸਿੰਘ ਸਿਰਸਾ ਨੂੰ ਜਨਰਲ ਸਕੱਤਰ, ਪ੍ਰੋ. ਗੁਰਦੇਵ ਸਿੰਘ ਦੇਵ ਅਤੇ ਸੁਰਜੀਤ ਸਿੰਘ ਰੇਣੂ ਨੂੰ ਵਿੱਤ ਸਕੱਤਰ, ਸੁਰਜੀਤ ਸਿਰੜੀ, ਰਜਿੰਦਰ ਕੌਰ ਅਤੇ ਡਾ. ਕੁਲਵਿੰਦਰ ਸਿੰਘ ਪਦਮ ਨੂੰ ਸਕੱਤਰ, ਗੁਰਪ੍ਰੀਤ ਸਿੰਘ ਸਿੰਧਰਾ ਅਤੇ ਡਾ. ਕਰਨੈਲ ਚੰਦ ਨੂੰ ਪ੍ਰੈੱਸ ਸਕੱਤਰ ਅਤੇ ਪ੍ਰੋ. ਐੱਸ ਜੈਡ ਐੱਚ ਨਕਵੀ, ਤਰਲੋਚਨ ਸਿੰਘ ਬੱਲ ਅਤੇ ਡਾ. ਸ਼ੇਰ ਚੰਦ ਨੂੰ ਸੰਗਠਨ ਸਕੱਤਰ ਚੁਣਿਆ ਗਿਆ।

ਡਾ. ਪ੍ਰਦੀਪ ਸਨੇਹੀ, ਡਾ. ਪਰਮਜੀਤ ਕੌਰ, ਡਾ. ਹਰਮੀਤ ਕੌਰ, ਡਾ. ਹਰਵਿੰਦਰ ਕੌਰ, ਪ੍ਰੋ. ਦਿਲਰਾਜ ਸਿੰਘ, ਸਰਬਜੀਤ ਸਿੰਘ, ਗੁਰਦੀਪ ਇਮਰੋਜ਼, ਗੀਤਾ ਗੀਤਾਂਜਲੀ, ਡਾ. ਅਤੁਲ ਯਾਦਵ, ਬਲਜੀਤ ਕੌਰ, ਡਾ. ਬਲਵਿੰਦਰ ਸਿੰਘ, ਦੀਪਕ ਵੋਹਰਾ, ਗੁਰਤੇਜ ਸਿੰਘ ਬਰਾੜ, ਅਰਵੇਲ ਸਿੰਘ ਵਿਰਕ, ਰਮੇਸ਼ ਸ਼ਾਸਤਰੀ, ਸੁਰੇਸ਼ ਬਰਨਵਾਲ, ਅਨੀਸ਼ ਕੁਮਾਰ ਅਤੇ ਅਮਨਦੀਪ ਸਿੰਘ ਨੂੰ ਕਾਰਜਕਾਰਨੀ ਮੈਂਬਰ ਨਾਮਜ਼ਦ ਕੀਤਾ ਗਿਆ।

**—ਹਰਵਿੰਦਰ ਸਿਰਸਾ**

# 'ਐਥੇ ਕੁ ਪਿੰਡ ਹੁੰਦਾ ਸੀ-ਨਿਹਾਲਪੁਰ' 'ਤੇ ਵਿਚਾਰ-ਗੋਸ਼ਟੀ

**ਦਸੂਹਾ**-ਸਾਹਿਤ ਸਭਾ ਦਸੂਹਾ-ਗੜ੍ਹਦੀਵਾਲਾ ਦੇ ਸਰਪ੍ਰਸਤ ਅਤੇ ਉੱਘੇ ਕਹਾਣੀਕਾਰ ਲਾਲ ਸਿੰਘ ਦੀ ਕਹਾਣੀ, "ਐਥੇ ਕੁ ਪਿੰਡ ਹੁੰਦਾ ਸੀ ਨਿਹਾਲਪੁਰ" ਉੱਪਰ ਇੱਕ ਵਿਸ਼ਾਲ ਚਰਚਾ ਗੋਸ਼ਟੀ ਦਸੂਹਾ ਵਿਖੇ ਹੋਈ। ਇਸ ਮੌਕੇ ਪ੍ਰੋ. ਬਲਦੇਵ ਸਿੰਘ ਬੱਲੀ ਨੇ "ਐਥੇ ਕੁ ਪਿੰਡ ਹੁੰਦਾ ਸੀ ਨਿਹਾਲਪੁਰ" ਕਹਾਣੀ ਬਾਰੇ ਵਿਸਥਾਰਪੂਰਵਕ ਪਰਚਾ ਪੜ੍ਹਿਆ। ਪ੍ਰੋ. ਬਲਦੇਵ ਸਿੰਘ ਬੱਲੀ ਨੇ ਕਿਹਾ ਕਿ ਕਹਾਣੀ ਲਾਲ ਸਿੰਘ ਮਾਰਕਸੀ ਪ੍ਰਗਤੀਵਾਦੀ ਸਿਧਾਂਤ ਦੀ ਮੌਖਿਕ ਅਤੇ ਕੱਟੜਤਾ ਵਾਲੀ ਗਲਪੀ ਦ੍ਰਿਸ਼ਟੀ ਦਾ ਪੂਜਕ ਨਹੀਂ, ਸਗੋਂ ਕਾਰਪੋਰੇਟ ਸੈਕਟਰ ਦੀ ਸੱਤਾ ਨਾਲ ਸਾਂਝ-ਭਿਆਲੀ ਦੇ ਯੁੱਗ ਵਿੱਚ ਲੋਕ ਹਿਤੂ ਸਿਧਾਂਤਾਂ ਦੀ ਪ੍ਰਸੰਗਿਕਤਾ ਨੂੰ ਸੰਵਾਦ ਦੇ ਨਜ਼ਰੀਏ ਤੋਂ ਪੇਸ਼ ਕਰਨ ਵਾਲੀ ਲੇਖਕ ਹੈ। ਸੁਰਿੰਦਰ ਸਿੰਘ ਨੇਕੀ ਨੇ ਕਿਹਾ ਕਿ ਵਾਹੀਯੋਗ ਜ਼ਮੀਨ ਤੇ ਸੱਭਿਆਚਾਰ ਨੂੰ ਉਸਰ ਰਹੀਆਂ ਕੋਠੀਆਂ ਤੇ ਬੰਗਲਿਆਂ ਨੇ ਕਿਵੇਂ ਨਿਗਲ ਲਿਆ ਹੈ, ਬਾਰੇ ਇਸ ਕਹਾਣੀ ਵਿਚ ਬਹੁਤ ਹੀ ਵਧੀਆ ਢੰਗ ਨਾਲ ਬਿਆਨ ਕੀਤਾ ਹੈ। ਉਹਨਾਂ ਕਿਹਾ ਕਿ ਲਾਲ ਸਿੰਘ ਦੀਆਂ ਕਹਾਣੀਆਂ ਦਾ ਕੇਂਦਰੀ ਥੀਮ ਵੀ ਸਮਕਾਲ ਦੇ ਸੰਸਾਰੀਕਰਨ ਦੇ ਵਰਤਾਰੇ ਦੀ ਗ੍ਰਿਫਤ ਵਿੱਚ ਆਏ ਪੰਜਾਬੀ ਜਨ ਜੀਵਨ, ਸੂਚਨਾ ਸੰਚਾਰ ਸਾਧਨਾਂ ਦੇ ਵਹਿਣ ਵਿੱਚ ਰੁੜ੍ਹੀ ਜਾਂਦੀ ਨੌਜਵਾਨ ਪੀੜ੍ਹੀ ਦੇ ਦੁਖਾਂਤ, ਨਵ ਪੂੰਜੀਵਾਦ ਤੋਂ ਪੈਦਾ ਉਪਭੋਗਤਾਵਾਦੀ ਰੁਝਾਨਾਂ ਅਤੇ ਲੋਕ ਪੱਖੀ ਲਹਿਰਾਂ ਦੀ ਸਿਧਾਂਤਕ ਵਿਹਾਰਕ ਵਿੱਥ ਤੋਂ ਉਪਜੇ ਸੰਤਾਪ ਅਤੇ ਸੱਤਾ ਦੇ ਸ਼ੋਸ਼ਣ ਵਿੱਚ ਪਿਸਦੇ ਪੰਜਾਬੀ ਬੰਦੇ ਦੇ ਸਹਿਜ ਜੀਵਨ ਵਿੱਚ ਆਈ ਅਸਹਿਜਤਾ ਦੇ ਵਿਖਿਆਨ ਪੇਸ਼ ਕਰਨਾ ਹੈ। ਲਾਲ ਸਿੰਘ ਨੇ ਇਸ ਕਹਾਣੀ ਦੀ ਰਚਨਾ ਦੇ ਪਿਛੋਕੜ ਤੇ ਪਾਤਰਾਂ ਦੀ ਸਮਾਜ ਪ੍ਰਤੀ ਪ੍ਰਤੀਨਿਧਤਾ ਬਾਰੇ ਜਾਣਕਾਰੀ ਸਾਂਝੀ ਕੀਤੀ। ਨਵਤੇਜ ਗੜ੍ਹਦੀਵਾਲਾ ਨੇ ਕਹਾਣੀਕਾਰ ਲਾਲ ਬਾਰੇ ਕਿਹਾ ਕਿ ਲਾਲ ਸਿੰਘ ਸੱਚਮੁੱਚ ਸਮਕਾਲੀ ਕਹਾਣੀ ਦਾ ਲਾਲ ਹੈ, ਜਿਸ ਦਾ ਲਗਾਤਾਰ ਲਿਖਦੇ ਰਹਿਣਾ ਅਤੇ ਵਰਤਮਾਨ ਦੇ ਵਰਤਾਰਿਆਂ ਨਾਲ ਅਪਡੇਟ ਰਹਿ ਕੇ ਮਨੁੱਖ ਮਾਰੂ ਪ੍ਰਬੰਧ ਨੂੰ ਵੰਗਾਰਨਾ ਇਸ ਕਹਾਣੀ ਦੀ ਵੱਡੀ ਸਾਰਥਿਕਤਾ ਹੈ।



# 'ਕੱਕੀਆਂ ਕਣੀਆਂ' 'ਤੇ ਵਿਚਾਰ-ਚਰਚਾ



**ਬਰਨਾਲਾ** : ਬੀਤੇ ਦਿਨੀਂ ਸਿਰਜਣਾ ਅਤੇ ਸੰਵਾਦ ਸਾਹਿਤ ਸਭਾ (ਰਜਿ.) ਬਰਨਾਲਾ ਵੱਲੋਂ ਇੱਕ ਸਾਹਿਤਕ ਸਮਾਗਮ ਸਥਾਨਕ ਐੱਸ.ਡੀ ਕਾਲਜ ਵਿਖੇ ਕਰਵਾਇਆ ਗਿਆ, ਜਿਸ ਵਿੱਚ ਅੰਜਨਾ ਮੈਨਨ ਦੀ ਪਲੇਠੀ ਕਾਵਿ ਪੁਸਤਕ 'ਕੱਕੀਆਂ ਕਣੀਆਂ' ਦਾ ਲੋਕ ਅਰਪਣ ਅਤੇ ਗੋਸ਼ਟੀ ਕਰਵਾਈ ਗਈ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਗ਼ਜ਼ਲਗੋ ਬੂਟਾ ਸਿੰਘ ਚੌਹਾਨ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਡਾ. ਮੋਹਨ ਤਿਆਗੀ, ਜਸਵੀਰ ਸਿੰਘ ਰਾਣਾ, ਐੱਸ. ਨਸੀਮ ਨੇ ਸ਼ਿਰਕਤ ਕੀਤੀ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਉਪ ਪ੍ਰਧਾਨ ਮਨਦੀਪ ਕੌਰ ਭਦੌੜ ਨੇ ਦੱਸਿਆ ਕਿ ਇਹ ਅੱਠਵਾਂ ਸਾਹਿਤਕ ਸਮਾਗਮ ਲੋਕ ਕਵੀ ਸੰਤ ਰਾਮ ਉਦਾਸੀ ਦੇ 84ਵੇਂ ਜਨਮ ਦਿਨ ਨੂੰ ਸਮਰਪਿਤ ਕੀਤਾ ਗਿਆ, ਜਿਸ ਵਿੱਚ ਅੰਜਨਾ ਮੈਨਨ ਦੀ ਪਲੇਠੀ ਕਾਵਿ ਪੁਸਤਕ 'ਕੱਕੀਆਂ ਕਣੀਆਂ' ਦਾ ਲੋਕ ਅਰਪਣ ਅਤੇ ਗੋਸ਼ਟੀ ਦੇ ਨਾਲ਼-ਨਾਲ਼ ਕਵੀ ਦਰਬਾਰ ਵੀ ਕਰਵਾਇਆ ਗਿਆ। ਮੈਡਮ ਨਰਿੰਦਰ ਕੌਰ ਨੇ ਸਭਾ ਵੱਲੋਂ ਆਏ ਸਾਹਿਤਕਾਰਾਂ, ਲੇਖਕਾਂ ਅਤੇ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਪੁਸਤਕ ਉਪਰ ਡਾ. ਗਗਨ ਸੰਧੂ ਨੇ ਆਪਣਾ ਪਰਚਾ ਪੜ੍ਹਦਿਆਂ ਆਖਿਆ ਕਿ ਪੁਸਤਕ ਵਿਚਲੀ ਕਵਿਤਾ ਲੈਅ-ਸੁਰ ਰਵਾਨਗੀ ਨਾਲ ਭਰਪੂਰ ਡੂੰਘੀਆਂ ਰਮਜ਼ਾਂ ਨੂੰ ਉਜਾਗਰ ਕਰਨ ਵਾਲੀ ਆਧੁਨਿਕ ਪ੍ਰਯੋਗਵਾਦੀ ਕਵਿਤਾ ਹੈ। ਜਸਵੀਰ ਸਿੰਘ ਰਾਣਾ ਨੇ ਬੋਲਦਿਆਂ ਆਖਿਆ ਕਿ ਕਵਿਤਾਵਾਂ ਦੀ ਵਿਸ਼ਾ ਚੋਣ ਕੁਦਰਤੀ ਭਾਣੇ ਰਿਸ਼ਤੇ ਅਤੇ ਰਸੋਈ ਦੇ ਕੰਮ-ਕਾਜਾਂ ਨੂੰ ਇੱਕ ਨਵੇਂ ਮੈਟਾਫਰ ਵਜੋਂ ਪੇਸ਼ ਕਰਦਿਆਂ ਸਮਾਜਿਕ ਵਰਤਾਰਾ ਲੋਕ ਹਿੱਤ ਸੰਜਮੀ ਭਾਸ਼ਾ ਨੇ ਇਕ ਪ੍ਰੋੜ੍ਹ ਲੇਖਕਾਂ ਵਾਲੀ ਸੂਝ-ਬੂਝ ਦਾ ਪ੍ਰਗਟਾਵਾ ਕੀਤਾ ਹੈ। ਡਾ. ਮੋਹਨ ਤਿਆਗੀ ਨੇ ਕਿਹਾ ਕਿ ਇਸ ਪੁਸਤਕ ਦੀ ਹਰ ਰਚਨਾ ਨੂੰ ਆਪਣੇ ਆਪ ਵਿੱਚ ਇਕ ਨਵੀਂ ਪੈੜ ਨਵਾਂ ਹਸਤਾਖਰ ਕਿਹਾ ਜਾ ਸਕਦਾ ਹੈ। ਇਹ ਪੁਸਤਕ ਸਮਾਜਿਕ ਚੇਤਨਾ ਦੀ ਕਵਿਤਾ ਹੈ। ਇਹਨਾਂ ਤੋਂ ਇਲਾਵਾ ਡਾ. ਹਰੀਸ਼ ਗਰੋਵਰ, ਐੱਸ. ਨਸੀਮ, ਸੁਖਵਿੰਦਰ ਸਿੰਘ ਗੁਰਮ, ਮਨਦੀਪ ਕੌਰ ਭਦੌੜ, ਬੂਟਾ ਸਿੰਘ ਚੌਹਾਨ, ਅਮਰਿੰਦਰ ਸੋਹਲ ਨੇ ਵੀ ਆਪਣੇ ਵਿਚਾਰ ਰੱਖੇ। ਉਪਰੰਤ ਲੇਖਿਕਾ ਨੇ ਆਪਣੀ ਸਿਰਜਣ ਪ੍ਰਕ੍ਰਿਆ ਬਾਰੇ ਦੱਸਿਆ ਅਤੇ ਸਭਾ ਵੱਲੋਂ ਉਹਨਾਂ ਦਾ ਸਨਮਾਨ ਵੀ ਕੀਤਾ ਗਿਆ। ਉਪਰੰਤ ਕਵੀ ਦਰਬਾਰ ਸਜਾਇਆ ਗਿਆ, ਜਿਸ ਵਿੱਚ ਕਰਮਜੀਤ ਸਿੰਘ ਗਰੇਵਾਲ, ਸੰਪੂਰਨ ਸਿੰਘ ਟੱਲੇਵਾਲੀਆ ਦਾ ਕਵੀਸ਼ਰੀ ਜੱਥਾ, ਹਾਕਮ ਸਿੰਘ ਰੂੜੇਕੇ, ਜਗਰਾਜ ਧੌਲਾ, ਉਰਵਸ਼ੀ ਗੁਪਤਾ, ਸੁਖਪਾਲ ਕੌਰ ਬਾਠ, ਅਕ੍ਰਿਤੀ, ਇੰਦਰਵੀਰ ਕੌਰ ਸੰਘੇੜਾ, ਵੀਰਪਾਲ ਮੇਹੁਲ ਬਠਿੰਡਾ, ਕੁਲਵੀਰ ਕੌਰ, ਜੋਤੀ, ਪਰਮਿੰਦਰ ਕੌਰ ਮੋਗਾ, ਡਾ. ਸਰਬਜੀਤ ਕੌਰ ਬਰਾੜ ਆਦਿ ਨੇ ਹਿੱਸਾ ਲਿਆ। ਸਮਾਗਮ ਦੇ ਮੰਚ ਦਾ ਸੰਚਾਲਨ ਡਾ. ਹਰਪ੍ਰੀਤ ਕੌਰ ਰੂਬੀ ਨੇ ਨਿਭਾਇਆ।

**—ਤੇਜਿੰਦਰ ਚੰਡਿਹੋਕ**

# ਈਸ਼ਰ ਸਿੰਘ ਮੋਮਨ ਦਾ ਸਨਮਾਨ ਸਮਾਰੋਹ

**ਸੈਨਹੋਜ਼ੇ** : ਪਿਛਲੇ ਦਿਨੀਂ ਵਿਸ਼ਵ ਪੰਜਾਬੀ ਅਕਾਡਮੀ, ਕੈਲੀਫ਼ੋਰਨੀਆ (ਵਿਪਸਾਅ) ਵੱਲੋਂ ਬਜ਼ੁਰਗ ਪੰਜਾਬੀ ਸ਼ਾਇਰ ਸਰਦਾਰ ਈਸ਼ਰ ਸਿੰਘ ਮੋਮਨ ਨੂੰ ਉਹਨਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਇਕ ਵਿਸ਼ੇਸ਼ ਸਮਾਗਮ ਵਿੱਚ ਸਨਮਾਨਤ ਕੀਤਾ ਗਿਆ। ਸਰਦਾਰ ਈਸ਼ਰ ਸਿੰਘ ਮੋਮਨ ਉਮਰ ਦੇ 97ਵੇਂ ਸਾਲ ਵਿੱਚ ਹਨ ਅਤੇ ਸਿਹਤ ਠੀਕ ਨਾ ਹੋਣ ਕਰਕੇ ਘਰੋਂ ਬਾਹਰ ਜਾਣ ਦੇ ਸਮਰੱਥ ਨਹੀਂ ਹਨ। ਵਿਪਸਾਅ ਪ੍ਰਧਾਨ ਕੁਲਵਿੰਦਰ ਦੀ ਅਗਵਾਈ ਹੇਠ ਇਹ ਸਮਾਗਮ ਉਹਨਾਂ ਦੇ ਘਰ ਵਿੱਚ ਹੀ ਕਰ ਲਿਆ ਜਾਣ ਦਾ ਫੈਸਲਾ ਕੀਤਾ ਗਿਆ, ਜੋ ਉਹਨਾਂ ਦੇ ਪਰਵਾਰ ਦੀ ਸਹਿਮਤੀ ਨਾਲ ਖੁਸ਼ਗਵਾਰ ਰਿਹਾ। ਸਰਦਾਰ ਮੋਮਨ ਨੂੰ ਵਿਪਸਾਅ ਵੱਲੋਂ ਸਨਮਾਨ ਪੱਤਰ ਅਤੇ ਸਿਰੋਪੇ ਵਜੋਂ ਲੋਈ ਦੇ ਕੇ ਉਹਨਾਂ ਦੀਆਂ ਪੰਜਾਬੀ ਬੋਲੀ ਅਤੇ ਸ਼ਾਇਰੀ ਦੇ ਖੇਤਰ ਵਿੱਚ ਦਿੱਤੀਆਂ ਸੇਵਾਵਾਂ ਲਈ ਧੰਨਵਾਦ ਕੀਤਾ ਗਿਆ। ਹਾਜ਼ਰ ਮੈਂਬਰਾਂ ਸੁਰਜੀਤ ਸਖੀ, ਕੁਲਵਿੰਦਰ ਲਾਜ, ਨੀਲਮ ਸੈਣੀ, ਤਾਰਾ ਸਿੰਘ ਸਾਗਰ, ਗੁਲਸ਼ਨ ਦਿਆਲ, ਸੁਖਦੇਵ ਸਾਹਿਲ, ਸੁਰਿੰਦਰ ਸੀਰਤ ਅਤੇ ਜਗਜੀਤ ਨੌਸ਼ਿਹਰਵੀ ਨੇ ਇਸ ਸਮਾਗਮ 'ਚ ਹਾਜ਼ਰੀ ਲਵਾਈ। ਲਾਜ ਨੀਲਮ ਸੈਣੀ ਨੇ ਸਰਦਾਰ ਮੋਮਨ ਦੀਆਂ ਕੁਝ ਪੁਰਾਣੀਆਂ ਰਚਨਾਵਾਂ ਪੜ੍ਹ ਕੇ ਸੁਣਾਈਆਂ। ਹੋਰ ਮੈਂਬਰਾਂ ਨੇ ਵੀ ਮੋਮਨ ਜੀ ਦੇ ਕੁਝ ਮਨ-ਭਾਉਂਦੇ ਸ਼ੇਅਰ ਸਾਂਝੇ ਕੀਤੇ। ਸੁਰਜੀਤ ਸਖੀ ਨੇ ਸਰਦਾਰ ਮੋਮਨ ਦੀ ਨਿੱਘੀ ਸ਼ਖਸੀਅਤ ਦਾ ਜ਼ਿਕਰ ਕੀਤਾ। ਸੁਰਿੰਦਰ ਸੀਰਤ ਨੇ ਆਪਣੀਆਂ ਅਤੇ ਵਿਪਸਾਅ ਵੱਲੋਂ ਨਵੀਆਂ ਛਪੀਆਂ ਕੁੱਝ ਕਿਤਾਬਾਂ ਈਸ਼ਰ ਸਿੰਘ ਮੋਮਨ ਨੂੰ ਭੇਟ ਕੀਤੀਆਂ। ਸਰਦਾਰ ਈਸ਼ਰ ਸਿੰਘ ਮੋਮਨ ਦਾ ਜਨਮ ਅਣਵੰਡੇ ਪੰਜਾਬ ਦੇ ਪਿੰਡ ਲੰਗੜੋਆ ਵਿੱਚ ਹੋਇਆ ਸੀ। ਮੁੱਛ-ਫੁੱਟ ਉਮਰ ਵਿੱਚ ਫੌਜ ਵਿੱਚ ਭਰਤੀ ਹੋ ਗਏ ਅਤੇ ਦੂਜੀ ਸੰਸਾਰ ਜੰਗ ਵਿੱਚ ਬਰਮਾ ਖੇਤਰ ਵਿੱਚ ਤਾਇਨਾਤ ਰਹੇ। ਜੰਗ ਮੁੱਕਣ ਤੋਂ ਬਾਅਦ ਉਹ ਵਾਪਸ ਪਿੰਡ ਆ ਗਏ ਅਤੇ ਕੋਈ ਕਿੱਤਾ ਅਪਨਾਉਣ ਦੀ ਖਾਹਿਸ਼ ਨਾਲ ਅੰਮ੍ਰਿਤਸਰ ਤੋਂ ਟੈਕਸਟਾਈਲ ਅਤੇ ਹੈਂਡਲੂਮ ਦੀ ਟਰੇਨਿੰਗ ਅਤੇ ਤਜਰਬਾ ਹਾਸਲ ਕੀਤਾ ਅਤੇ ਦਿੱਲੀ ਵਿੱਚ ਨੌਕਰੀ ਲਈ ਚਲੇ ਗਏ, ਜਿੱਥੇ ਉਹਨਾਂ ਤਕਨੀਕੀ ਸਹਾਇਕ ਅਤੇ ਮੈਨੇਜਰ ਦੇ ਤੌਰ 'ਤੇ 1984 ਤੱਕ ਕੰਮ ਕੀਤਾ।

# ਪਾਠਕਾਂ ਦੇ ਝਰੋਖੇ 'ਚੋਂ

## ਕਿਤਾਬਾਂ

7 ਮਈ ਦੇ ਐਤਵਾਰਤਾ ਵਿਚ ਕਿਤਾਬਾਂ ਬਾਰੇ ਜਾਣਕਾਰੀ ਨਵੇਂ ਰੂਪ ਵਿਚ ਮਿਲੀ। ਗਲਪਕਾਰ ਨਰਿੰਦਰ ਸਿੰਘ ਕਪੂਰ ਦੀ ਨਵੀ ਕਿਤਾਬ 'ਮੋਮਬਤੀਆਂ ਦਾ ਮੇਲਾ' ਬਹੁਤ ਵਡਮੁਲੀ ਕਿਤਾਬ ਹੈ। ਨਰਿੰਦਰ ਸਿੰਘ ਕਪੂਰ ਦੀ ਵਾਰਤਕ ਸ਼ੈਲੀ ਵਿਚ ਦਿਲਚਸਪੀ ਅੰਸ਼ ਤੇ ਜੀਵਨ ਦੀ ਖੁੱਲ੍ਹੀ ਤਸਵੀਰ ਤੇ ਝਲਕ ਸੰਖੇਪ ਰੂਪ ਵਿਚ ਵੇਖਣ ਨੂੰ ਮਿਲਦੀ ਹੈ। ਨਰਿੰਦਰ ਸਿੰਘ ਕਪੂਰ ਸਾਡੇ ਸਮਿਆਂ ਦਾ ਵਾਰਤਕ ਦਾ ਸ਼ਾਹਸਵਾਰ ਹੈ । ਪੰਜਾਬੀ ਪਾਠਕਾਂ ਵਿਚ ਸਿੰਘ ਕਪੂਰ ਨੇ ਨੌਜਵਾਨੀ ਨੂੰ ਆਪਣੇ ਵੱਲ ਖਿਚਿਆ ਹੈ। ਉਸਦੀ ਵਾਰਤਕ ਵਿਚ ਸਹਿਜ ਤੇ ਕਲਾ ਦੇ ਅਦਬੀ ਗੁਣਾਂ ਦਾ ਸੁਮੇਲ ਹੈ। ਉਹ ਚਿਹਰਿਆਂ ਦੀ ਭਾਸ਼ਾ ਪੜ੍ਹ ਕੇ ਲਿਖਦਾ ਹੈ। ਔਰਤਾਂ ਦੀ ਮਾਨਸਿਕਤਾ ਬਾਰੇ ਉਸ ਨੂੰ ਵਧੇਰੇ ਜਾਣਕਾਰੀ ਹੈ। ਪੁਰਸ਼ਾਂ ਦੀਆਂ ਆਦਤਾਂ ਦੇ ਅੰਦਰ ਤੱਕ ਜਾਣ ਦਾ ਨਰਿੰਦਰ ਸਿੰਘ ਕਪੂਰ ਮਾਹਰ ਹੈ। ਯੂਨੀਵਰਸਿਟੀ ਵਿਚ ਸਿਖਿਅਕ ਦੇ ਤੌਰ 'ਤੇ ਲੰਮਾ ਸਮਾਂ ਉਹ ਵਿਚਰਿਆ ਹੈ। ਇਸ ਲਈ ਉਸ ਕੋਲ ਜ਼ਿੰਦਗੀ ਦਾ ਗਹਿਰਾ ਤਜਰਬਾ ਹੈ। ਉਸ ਦੀ ਵਾਰਤਕ ਵਿਚ ਬਹੁਤ ਸਾਰੇ ਮਾਡਰਨ ਜੀਵਨ ਸ਼ੈਲੀ ਦੇ ਅੰਸ਼ ਹੁੰਦੇ ਹਨ । ਲੰਮਾ ਸਮਾਂ ਉਹ ਪੰਜਾਬੀ ਟ੍ਰਿਬਿਊਨ ਦੇ ਮੁਢਲੇ ਵਰ੍ਹਿਆਂ ਵਿਚ ਛਪਦਾ ਰਿਹਾ ਹੈ। ਹੁਣ ਉਸ ਦੀਆਂ ਅਨੇਕਾਂ ਕਿਤਾਬਾਂ ਛਪ ਚੁਕੀਆਂ ਹਨ । ਮੈਨੂੰ ਯਾਦ ਹੈ ਕਿ ਨਰਿੰਦਰ ਸਿੰਘ ਕਪੂਰ ਦੀਆਂ ਲਿਖਤਾਂ ਫਾਈਲਾਂ ਵਿਚ ਮੈਂ ਸੰਭਾਲ ਕੇ ਰੱਖੀਆਂ ਸਨ, ਕਿਉਂਕਿ ਕਪੂਰ ਦੀ ਵਾਰਤਕ ਮੇਰੇ ਲਈ ਸਦਾ ਹੀ ਪ੍ਰੇਰਨਾਸਰੋਤ ਰਹੀ ਹੈ। ਇਸ ਅੰਕ ਵਿਚ ਉਹਨਾ ਦੀ ਕਿਤਾਬ ਬਾਰੇ ਜਾਣਕਾਰੀ ਚਾਵਾਂ ਨਾਲ ਪੜ੍ਹੀ। ਡਾ. ਕਾਕੜਾ ਨੇ ਕਵਿਤਾ ਦੀ ਕਿਤਾਬ 'ਚੁੱਪ ਦੀ ਕਥਾ' ਦਾ ਸੰਤੁਲਤ ਵਿਸ਼ਲੇਸ਼ਣ ਕੀਤਾ ਹੈ। ਕਵੀ ਨਵਦੀਪ ਸਿੰਘ ਸ਼ਬਦਾਂ ਦਾ ਵਣਜਾਰਾ ਹੈ, ਉਹ ਸ਼ਬਦਾਂ ਨਾਲ ਕਾਵਿਕ ਰੰਗ ਵਿਚ ਖੇਡਦਾ ਹੈ। ਕਵੀ ਲਈ ਸ਼ਬਦ ਖਿਡੌਣਾ ਹਨ, ਉਹ ਖਿਡੌਣੇ ਰੂਪੀ ਸ਼ਬਦਾਂ ਨਾਲ ਖੇਡ ਕੇ ਕਵਿਤਾ ਰਚਦਾ ਹੈ। ਸਾਹਿਤਕ ਪੰਨੇ ਉਪਰ ਕਵਿਤਾ ਵਰਕਸ਼ਾਪ ਮੁਹਾਲੀ, ਸ਼ਬਦ ਸਾਂਝ ਦਾ ਕੋਟਕਪੂਰਾ ਸਮਾਗਮ, ਲੇਖਕ-ਪਾਠਕ ਸਮਾਗਮ ਬਰਨਾਲਾ ਦੀ ਰਿਪੋਰਟ ਪੜ੍ਹ ਕੇ ਸਾਹਿਤਕ ਸਰਗਰਮੀਆਂ ਦੀ ਜਾਣਕਾਰੀ ਮਿਲੀ। ਬਰਨਾਲੇ ਵਾਲਿਆਂ ਦਾ ਯਤਨ ਬਹੁਤ ਹੱਦ ਤੱਕ ਸੁਹਿਰਦ ਤੇ ਸ਼ਲਾਘਾਯੋਗ ਹੈ, ਪਰ ਇਸ ਦਾ ਦਾਇਰਾ ਹੋਰ ਵਧਾਉਣ ਦੀ ਲੋੜ ਹੈ। ਜਸਲੀਨ ਕੌਰ ਦੀਆਂ ਕਵਿਤਾਵਾਂ ਖੁੱਲ੍ਹੀਆਂ ਹਨ, ਪਰ ਭਾਵਪੂਰਤ ਹਨ। ਡਾ. ਦੀਪਤੀ ਨੇ ਆਪਣੀ ਜ਼ਿੰਦਗੀ ਦੇ ਕਈ ਅਹਿਮ ਤੇ ਮਹੱਤਵਪੂਰਨ ਦਿਨਾਂ ਦੀ ਜਾਣਕਾਰੀ ਦਿੱਤੀ ਹੈ। ਇਹ ਲਿਖਤਾਂ ਡਾ. ਦੀਪਤੀ ਦੀ ਸਵੈ-ਜੀਵਨੀ ਅੰਸ਼ ਹਨ ਤੇ ਉਹਨਾ ਦੀ ਸ਼ਖਸੀਅਤ ਨੂੰ ਰੌਸ਼ਨ ਕਰਦੇ ਹਨ। ਜੇ ਹੋ ਸਕੇ ਤਾਂ ਮੇਰੀ ਇੱਛਾ ਹੈ ਕਿ ਡਾ. ਦੀਪਤੀ ਇਸ ਕਿਸਮ ਦੇ ਲੇਖਾਂ ਦੀ ਕਿਤਾਬ (ਸਵੈ-ਜੀਵਨੀ) ਛਾਪਣ।

ਕੁਲਜੀਤ ਮਾਨ ਨੇ ਅੰਤਰਰਾਸ਼ਟਰੀ ਜਾਣਕਾਰੀ ਦਿੱਤੀ ਹੈ। ਸੱਦਾਮ ਹੁਸੈਨ ਨਾਲ ਜੁੜੀਆਂ ਇਹ ਘਟਨਾਵਾਂ ਉਹ ਹਨ, ਜਿਹਨਾਂ ਪੂਰੀ ਦੁਨੀਆ ਦੀ ਨੀਂਦ ਉਡਾ ਦਿਤੀ ਸੀ। ਮੁੱਖ ਪੰਨੇ 'ਤੇ ਡਾ. ਲਾਭ ਸਿੰਘ ਖੀਵਾ ਨੇ ਰਾਮਗੜ੍ਹੀਆਂ ਦਾ ਇਤਿਹਾਸ ਲਿਖ ਕੇ ਚੰਗੀ ਜਾਣਕਾਰੀ ਦਿੱਤੀ ਹੈ। ਇਹ ਉਹ ਸਮਾਂ ਸੀ, ਜਦੋਂ ਰਾਮਗੜ੍ਹੀਆ ਮਿਸਲ ਦਾ ਜ਼ੋਰ ਸੀ। ਮੁਗਲਾਂ ਨਾਲ ਸਿੱਖਾਂ ਦੀ ਟੱਕਰ ਚੱਲ ਰਹੀ ਸੀ। ਇਸ ਤਰ੍ਹਾਂ ਦਾ ਇਤਿਹਾਸ ਹੁਣ ਦੀ ਪੀੜ੍ਹੀ ਲਈ ਜ਼ਰੂਰੀ ਹੈ, ਜਦੋਂ ਕੇਂਦਰ ਸਰਕਾਰ ਵਿਦਿਆਰਥੀਆਂ ਦੇ ਸਿਲੇਬਸ ਵਿਚ ਇਕ ਨੀਤੀ ਤਹਿਤ ਬਦਲਾਅ ਕਰ ਰਹੀ ਹੈ।

**- ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**
**3/1751 ਕੈਲਾਸ਼ ਨਗਰ, ਫਾਜ਼ਿਲਕਾ**

## ਫਾਸ਼ੀਵਾਦ

30 ਅਪ੍ਰੈਲ ਦਾ 'ਐਤਵਾਰਤਾ' ਪੜ੍ਹਿਆ। ਅਜੋਕੇ ਸਰੋਕਾਰ ਕਾਮਰੇਡ ਜਗਰੂਪ ਦੀ ਲਿਖਤ 'ਫਾਸ਼ੀਵਾਦ' ਪੜ੍ਹੀ। ਸਮਾਜ ਸਿਆਸਤ ਵਿੱਚ ਕੱਟੜਵਾਦ ਬਹੁਤ ਖਤਰਨਾਕ ਰੁਝਾਨ ਹੈ। ਲੋਕ ਲਹਿਰ ਬਿਨਾਂ ਇਸ ਦਾ ਟਾਕਰਾ ਨਹੀਂ ਹੋ ਸਕਦਾ। ਲੇਖਕ ਨੇ ਆਪਣੇ ਵਿਚਾਰ ਬਹੁਤ ਗੰਭੀਰਤਾ ਨਾਲ ਪਾਠਕਾਂ ਸਨਮੁੱਖ ਪੇਸ਼ ਕੀਤੇ ਹਨ। ਰਜਿੰਦਰ ਸਿੰਘ ਬੇਦੀ ਪੁਰਾਣੇ ਸਾਹਿਤਕਾਰ ਹਨ, ਜਿਨ੍ਹਾ ਨੇ ਉਰਦੂ ਵਿੱਚ ਸ਼ਾਹਕਾਰ ਰਚਨਾਵਾਂ ਲਿਖੀਆਂ। ਉਹਨਾਂ ਦੇ ਅਨੁਭਵ ਅਜੈ ਤਨਵੀਰ ਨੇ ਪੰਜਾਬੀ ਵਿੱਚ ਅਨੁਵਾਦ ਕੀਤੇ ਹਨ ਅਤੇ ਲੇਖਕ ਦੀਆਂ ਭਾਵਨਾਵਾਂ ਕਲਪਣਾ ਦੀ ਉਡਾਰੀ ਬਾਰੇ ਵਿਚਾਰ ਸਾਂਝੇ ਕੀਤੇ ਹਨ। ਜਤਿੰਦਰ ਪਨੂੰ ਹੁਰਾਂ ਨੇ ਭਾਰਤੀ ਸਿਆਸਤ ਵਿੱਚ ਵਾਪਰਦੇ ਅਜੀਬ ਕਾਰਨਾਮੇ ਕਲਮਬੱਧ ਕੀਤੇ ਹਨ। ਕਿੰਜ ਕੁਝ ਸ਼ਾਇਰ ਲੋਕ ਚੋਰ-ਮੋਰੀ ਰਾਹੀਂ ਸਿਆਸਤ ਦਾ ਨਜਾਇਜ਼ ਇਸਤੇਮਾਲ ਕਰਦੇ ਹਨ। ਡਾ. ਸ਼ਿਆਮ ਸੁੰਦਰ ਦੀਪਤੀ ਹੁਰਾਂ ਸਾਹਿਤ ਦੇ ਨਾਂਅ 'ਤੇ ਹੋ ਰਹੀ ਸਿਆਸਤ ਦਾ ਪਰਦਾਫਾਸ਼ ਕੀਤਾ ਹੈ ਅਤੇ ਕਿਹਾ ਹੈ ਲੇਖਕ ਸਿਆਸਤ ਤੋਂ ਪਾਸੇ ਹੋ ਸਮਾਜ ਲਈ ਕਾਰਜ ਕਰੇ, ਲੋਕਾਂ ਦਾ ਫਿਕਰ ਕਰੇ, ਉਹਨਾਂ ਦੇ ਦਰਦ ਨੂੰ ਆਵਾਜ਼ ਵਿਚ ਦੇਵੇ। ਮਿੰਨੀ ਕਹਾਣੀ ਵਿਚੋਂ ਸੋਮਾ ਕਲਸੀਆ ਦੀ ਕਹਾਣੀ ਸਿਕੰਦਰ ਬਹੁਤ ਵਧੀਆ ਬਿਰਤਾਂਤ ਪੇਸ਼ ਕਰਦੀ ਰਚਨਾ ਸੀ।

**—ਵਿਵੇਕ, ਕੋਟ ਈਸੇ ਖਾਂ, (ਮੋਗਾ)**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਟਾਪੂਆਂ ਅਤੇ ਬੀਚਾਂ ਦੀ ਧਰਤੀ ਅੰਡੇਮਾਨ ਨਿਕੋਬਾਰ : ਜਗਜੀਤ ਸਿੰਘ

ਗੁਰਦੇਵ ਚੌਹਾਨ ਨਾਲ ਮੁਲਾਕਾਤ : ਮਲਵਿੰਦਰ

'ਉਹਦਾ ਕਣ-ਕਣ ਦੇ ਵਿੱਚ ਵਾਸਾ ਹੈ' ਦੀ ਪਰਖ ਪੜਚੋਲ : ਡਾ. ਹਰਿੰਦਰ ਸਿੰਘ ਤੁੜ

ਸ਼ਮਸ਼ੇਰ ਮੋਹੀ ਦੀਆਂ ਨਵੀਂਆਂ ਗ਼ਜ਼ਲਾਂ ਤੇ ਹੋਰ ਬਹੁਤ ਕੁਝ

# ਸਮਕਾਲ

## ਮਿੰਨੀ : ਅਪ੍ਰੈਲ-ਜੂਨ 2023



ਇਸ ਪਰਚੇ ਦਾ ਇਹ ਅੰਕ ਭਾਈਚਾਰਕ ਸਾਂਝ ਦੀਆਂ ਮਿੰਨੀ ਕਹਾਣੀਆਂ ਦਾ ਵਿਸ਼ੇਸ਼ ਅੰਕ ਹੈ। ਸੰਪਾਦਕੀ 'ਰਾਂਝਣ ਢੂੰਡਣ ਮੈਂ ਚਲੀ...' ਸਿਰਲੇਖ ਹੇਠ ਸਾਹਿਤ ਦੇ ਮਨੁੱਖ ਹਿਤੈਸ਼ੀ ਹੋਣ ਦੀ ਚਰਚਾ ਕੀਤੀ ਗਈ ਹੈ। ਵਿਦੇਸ਼ੀ ਮਿੰਨੀ ਕਹਾਣੀਆਂ ਵਿੱਚ ਚੇਖਵ (ਕਮਜ਼ੋਰ), ਸੇਂਡਬਰਗ (ਰੰਗ ਭੇਤ), ਤੁਰਗਨੇਵ (ਭਿਖਾਰੀ), ਓ ਹੈਨਰੀ (ਈਸਾ ਦਾ ਚਿੱਤਰ), ਖਲੀਲ ਜ਼ਿਬਰਾਨ (ਉਕਾਬ ਤੇ ਸੁਰਖਾਬ), ਅਭਿਮਨਿਊ ਅਨੰਤ (ਸਜ਼ਾ), ਦੋਸਤੋਵਸਕੀ (ਰੱਬ ਦੀ ਆਮਦ) ਅਤੇ ਰਸ਼ੀ ਖਾਂ (ਰੋਟੀ) ਸ਼ਾਮਲ ਹਨ। ਹਿੰਦੀ ਅਤੇ ਹੋਰ ਭਾਰਤੀ ਭਾਸ਼ਾਵਾਂ ਦੀਆਂ ਕਹਾਣੀਆਂ ਵਿੱਚ ਸੁਕੇਸ਼ ਸਾਹਨੀ, ਸੀਮਾ ਜੈਨ, ਸੁਭਾਸ਼ ਨੀਰਵ, ਯੋਗਰਾਜ ਪ੍ਰਭਾਕਰ, ਕਾਂਤਾ ਰਾਏ, ਚਾਂਦ ਮੁੰਗੇਰੀ ਸਮੇਤ ਤਿੰਨ ਦਰਜਨ ਕਹਾਣੀਕਾਰ ਸ਼ਾਮਲ ਕੀਤੇ ਹਨ। ਪੰਜਾਬੀ ਮਿੰਨੀ ਕਹਾਣੀਆਂ ਵਾਲੇ ਭਾਗ ਵਿੱਚ ਅਮਰ ਕੌਰ ਬੇਦੀ, ਸੀਮਾ ਵਰਮਾ, ਹਰਪ੍ਰੀਤ ਰਾਣਾ, ਸ਼ਿਆਮ ਸੁੰਦਰ ਦੀਪਤੀ, ਕੁਲਵਿੰਦਰ ਕੌਸ਼ਲ, ਕਰਮਵੀਰ ਸਿੰਘ ਸੂਰੀ, ਜਗਦੀਸ਼ ਕੁਲਰੀਆਂ ਸਮੇਤ ਲੱਗਭੱਗ ਤਿੰਨ ਦਰਜਨ ਕਹਾਣੀਕਾਰ ਸ਼ਾਮਲ ਹੋਏ ਹਨ।

ਪੰਨੇ : 104, ਮੁੱਲ : 40 ਰੁਪਏ, ਸੰਪਾਦਕ (ਆਨਰੇਰੀ) : ਜਗਦੀਸ਼ ਰਾਏ ਕੁਲਰੀਆਂ, ਸੰਪਰਕ : 46, ਇੰਪਲਾਈਜ਼ ਕਾਲੋਨੀ, ਬਰੇਟਾ (ਮਾਨਸਾ)-151501 (ਮੋ:) 95018-77033


## ਅਣੂ : ਜੂਨ 2023



ਮਿੰਨੀ ਰਚਨਾਵਾਂ ਦੀ ਇਸ ਪਹਿਲੀ ਪੱਤ੍ਰਿਕਾ ਦੇ ਸੱਜਰੇ ਅੰਕ ਦੇ ਮੁੱਖ ਪੰਨੇ 'ਤੇ ਇੱਕ ਮਜ਼ਦੂਰ ਔਰਤ ਸਿਰ 'ਤੇ ਇੱਟਾਂ ਚਿਣ ਰਹੀ ਹੈ। ਇਹ ਅੰਕ ਔਰਤ ਦੀ ਦਸ਼ਾ ਅਤੇ ਦਿਸ਼ਾ ਨੂੰ ਹੀ ਸਮਰਪਿਤ ਹੈ। ਸੰਪਾਦਕੀ ਵਿੱਚ ਵੀ ਇਸ ਲਿੰਗ-ਭੇਦ ਦੀ ਚਰਚਾ ਹੈ। ਸੰਵਿਧਾਨਕ ਹੱਕ ਮਿਲਣ ਉਪਰੰਤ ਵੀ ਔਰਤ ਇਸ ਜ਼ੁਲਮ ਦੀ ਸ਼ਿਕਾਰ ਹੈ। ਸੁਰਿੰਦਰ ਕੈਲੇ ਦੀ ਮਿੰਨੀ ਕਹਾਣੀ ਬਾਰੇ ਚਰਚਾ ਹੈ। ਸੁਖਮਿੰਦਰ ਸੇਖੋਂ, ਬਲਦੇਵ ਖਹਿਰਾ, ਹਰਪ੍ਰੀਤ ਸਿੰਘ ਰਾਣਾ, ਜਗਦੀਸ਼ ਰਾਏ ਕੁਲਰੀਆਂ, ਸੀਮਾ ਵਰਮਾ ਅਤੇ ਹੋਰਾਂ ਦੀਆਂ ਮਿੰਨੀ ਕਹਾਣੀਆਂ ਸ਼ਾਮਲ ਹੋਈਆਂ ਹਨ ਇਸ ਅੰਕ 'ਚ।

ਪੰਨੇ : 32, ਸੰਪਾਦਕ : ਸੁਰਿੰਦਰ ਕੈਲੇ, ਸੰਪਰਕ : 234 ਐੱਫ, ਸ਼ਹੀਦ ਭਗਤ ਸਿੰਘ ਨਗਰ, ਲੁਧਿਆਣਾ-141013 ਮੋ: 98725-91653

## ਵਰਿਆਮ : ਮਈ 2023



ਇਸ ਅੰਕ ਦੀ ਸੰਪਾਦਕੀ ਵਿੱਚ ਬੇ-ਮੌਸਮੀ ਬਾਰਸ਼ ਦੀ ਮਾਰ ਝੱਲ ਰਹੇ ਕਿਸਾਨ ਦੀ ਗੱਲ ਹੋਈ ਹੈ। ਬਾਨੀ ਸੰਪਾਦਕ ਜਗਦੀਸ਼ ਸਿੰਘ ਵਰਿਆਮ ਦੀ ਪੂਰਬੀ ਅਫਰੀਕਾ ਦੀ ਯਾਤਰਾ ਦਾ ਪ੍ਰਸੰਗ ਹੈ। ਭਾਈ ਈਸ਼ਰ ਸਿੰਘ ਚੁੰਨੀ ਬਾਰੇ ਸੁਵਰਨ ਸਿੰਘ ਦਾ ਲੇਖ ਹੈ। ਤਾਰਾ ਸਿੰਘ ਅਨਜਾਣ ਦੀ ਸਵੈ-ਜੀਵਨੀ ਦਾ ਇੱਕ ਹਿੱਸਾ ਵੀ ਹੈ। ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਏ ਬਾਰੇ ਤਰਲੋਚਨ ਸਿੰਘ ਦਾ ਲਘੂ ਲੇਖ ਹੈ। ਤ੍ਰੈਲੋਚਨ ਲੋਚੀ, ਮਨਮੋਹਨ ਸਿੰਘ ਦਾਊਂ, ਪਿਆਰਾ ਸਿੰਘ ਘਲੋਟੀ, ਜਰਨੈਲ ਸਿੰਘ ਅਸਪਾਲ ਦੀਆਂ ਕਾਵਿ ਵੰਨਗੀਆਂ ਹਨ। ਕਿਰਤ ਤੇ ਕੈਨੇਡਾ ਬਾਰੇ ਗੁਰਦੀਸ਼ ਕੌਰ ਦਾ ਲੇਖ ਹੈ। ਮੋਟੇ ਅਨਾਜ ਅਤੇ ਹੋਰ ਜਾਣਕਾਰੀ ਭਰਪੂਰ ਲੇਖ ਵੀ ਹਨ।

ਪੰਨੇ : 52, ਮੁੱਲ : 40 ਰੁਪਏ, ਸੰਪਾਦਕ : ਡਾ. ਰਜਵੰਤ ਕੌਰ, ਸੰਪਰਕ ਮਾਸਿਕ ਵਰਿਆਮ, ਲਾਡੋਵਾਲੀ ਰੋਡ, ਜਲੰਧਰ-144001 (ਮੋ:) 98786-16996

## ਸੰਗਰਾਮੀ ਲਹਿਰ : ਮਈ 2023



ਮੁੱਖ ਪੰਨੇ 'ਤੇ ਤਸਵੀਰ ਅਤੇ ਉਸ ਨਾਲ ਢੁਕਵਾਂ ਸਿਰਲੇਖ ਸਿਰੜੀ ਕਾਮਿਆਂ ਦੇ ਲਗਾਤਾਰ ਸੰਘਰਸ਼ ਦੀ ਬਾਤ ਪਾਉਂਦਾ ਲੱਗਦਾ ਹੈ। ਸੰਪਾਦਕੀ ਵੀ ਲੁਇਸ ਲਿੰਗ ਦੇ ਹਵਾਲੇ ਨਾਲ ਮਜ਼ਦੂਰਾਂ ਦੀ ਗੱਲ ਕਰਦੀ ਹੈ। ਪੌਣੀ ਸਦੀ ਪਹਿਲਾਂ ਹਾਰਵਰਡ ਫਾਸਟ ਦਾ ਲਿਖਿਆ ਲੇਖ ਵੀ ਹੈ। ਸੁਰਜੀਤ ਜੱਜ ਦੀ ਕਵਿਤਾ, ਅੰਮ੍ਰਿਤਾ ਪ੍ਰੀਤਮ ਦੀ ਖ਼ੂਨੀ ਸਵੇਰਾ, ਨਿਹਾਲ ਦੀ ਹਿੰਦੀ ਕਵਿਤਾ, ਰਘਬੀਰ ਢੰਡ ਦੀ ਕਹਾਣੀ ਲੋਕਾਂ ਦੀ ਫੌਜ ਸਮੇਤ ਸਾਹਿਤਕ ਰੰਗਣ ਵਾਲੀਆਂ ਹੋਰ ਰਚਨਾਵਾਂ ਵੀ ਹਨ ਅਤੇ ਜਾਣਕਾਰੀ ਭਰਪੂਰ ਲੇਖ ਵੀ।

ਪੰਨੇ : 44, ਮੁੱਲ : 20 ਰੁਪਏ, ਸੰਪਾਦਕ : ਮੰਗਤ ਰਾਮ ਪਾਸਲਾ, ਸੰਪਰਕ : ਸ਼ਹੀਦ ਸਰਵਣ ਸਿੰਘ ਚੀਮਾ ਭਵਨ, 352/1, ਗੜ੍ਹਾ ਜਲੰਧਰ (ਮੋ:) 99153-12806

***- ਹਰਜਿੰਦਰ ਅਟਵਾਲ (ਡਾ.)***

ਐਤਵਾਰ, 14 ਮਈ, 2023
31 ਵਿਸਾਖ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 343

# ਨਵਾਂ ਜ਼ਮਾਨਾ

DAILY NAWAN ZAMANA • SUNDAY, 14 MAY, 2023 ਜਲੰਧਰ

| 'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

# ਭਾਜਪਾ ਨੂੰ ਪਟਕਣੀ, ਕਰਨਾਟਕ 'ਚ ਕਾਂਗਰਸ ਦੀ ਝੰਡੀ



**ਬੈਂਗਲੁਰੂ** : ਕਰਨਾਟਕ ਵਿਧਾਨ ਸਭਾ ਚੋਣਾਂ ਦੇ ਨਤੀਜੇ ਕਾਂਗਰਸ ਲਈ ਨਵੀਂ ਉਮੀਦ ਬਣ ਕੇ ਆਏ ਹਨ। ਦੱਖਣ ਭਾਰਤ ਦਾ ਦੁਆਰ ਕਹੇ ਜਾਣ ਵਾਲੇ ਇਸ ਸੂਬੇ 'ਚ ਕਾਂਗਰਸ ਨੂੰ ਪੂਰਨ ਬਹੁਮਤ ਮਿਲ ਗਿਆ ਹੈ। ਦੱਖਣ ਦੇ ਦੁਰਗ 'ਚ ਇਸ ਜਿੱਤ ਦੇ ਮਾਇਨੇ ਵੀ ਵੱਡੇ ਹਨ। ਜਿੱਥੇ ਡੀ ਕੇ ਸ਼ਿਵਕੁਮਾਰ ਜਿੱਤ ਤੋਂ ਬਾਅਦ ਭਾਵੁਕ ਹੋ ਗਏ, ਉਥੇ ਰਾਹੁਲ ਗਾਂਧੀ ਜਦ ਪੱਤਰਕਾਰਾਂ ਸਾਹਮਣੇ ਆਏ ਤਾਂ ਪੰਜ ਵਾਰ ਨਮਸਕਾਰ ਕੀਤਾ। 224 ਮੈਂਬਰਾਂ ਵਾਲੀ ਕਰਨਾਟਕ ਵਿਧਾਨ ਸਭਾ ਲਈ ਹੋਈਆਂ ਚੋਣਾਂ 'ਚ ਕਾਂਗਰਸ ਸਭ ਤੋਂ ਵੱਡੀ ਪਾਰਟੀ ਬਣ ਕੇ ਸਾਹਮਣੇ ਆਈ ਹੈ। ਕਾਂਗਰਸ ਨੇ 135 ਤੋਂ ਜ਼ਿਆਦਾ ਸੀਟਾਂ 'ਤੇ ਜਿੱਤ ਹਾਸਲ ਕੀਤੀ, ਜਦਕਿ ਭਾਜਪਾ ਸਿਰਫ਼ 64 ਸੀਟਾਂ 'ਤੇ ਸਿਮਟ ਕੇ ਰਹਿ ਗਈ। ਇਸ ਦੇ ਨਾਲ ਹੀ ਕਾਂਗਰਸ ਨੇ ਸੱਤਾਧਾਰੀ ਭਾਜਪਾ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ। ਕਾਂਗਰਸ ਨੇ ਰਣਨੀਤੀ ਦੇ ਤਹਿਤ ਇਨ੍ਹਾਂ ਚੋਣਾਂ 'ਚ ਜਿੱਤ ਹਾਸਲ ਕੀਤੀ। ਕਾਂਗਰਸ ਨੇ ਨਾ ਸਿਰਫ਼ ਸਥਾਨਕ ਮੁੱਦਿਆਂ 'ਤੇ ਫੋਕਸ ਕੀਤਾ, ਬਲਕਿ ਭ੍ਰਿਸ਼ਟਾਚਾਰ ਨੂੰ ਚੋਣ ਦਾ ਪ੍ਰਮੁੱਖ ਮੁੱਦਾ ਵੀ ਬਣਾਇਆ। ਹਿਮਾਚਲ ਫਤਿਹ ਦੇ 6-7 ਮਹੀਨੇ ਦੇ ਅੰਦਰ ਕਾਂਗਰਸ ਦੀ ਝੋਲੀ 'ਚ ਇੱਕ ਹੋਰ ਸੂਬਾ ਆਇਆ ਹੈ। ਦੋਵਾਂ ਥਾਵਾਂ 'ਤੇ ਕਾਂਗਰਸ ਨੇ ਭਾਜਪਾ ਨੂੰ ਬੇਹੱਦ ਸ਼ਾਨਦਾਰ ਅੰਦਾਜ਼ 'ਚ ਸੱਤਾ 'ਚੋਂ ਬੇਦਖਲ ਕੀਤਾ।

ਜ਼ਿਕਰਯੋਗ ਹੈ ਕਿ ਪਿਛਲੀਆਂ ਚੋਣਾਂ 'ਚ 'ਚ ਕਾਂਗਰਸ ਨੂੰ 80 ਸੀਟਾਂ ਮਿਲੀਆਂ ਸਨ। ਉਥੇ ਹੀ ਭਾਜਪਾ ਨੂੰ ਵੱਡਾ ਝਟਕਾ ਲੱਗਾ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ 'ਚ 104 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਦੇ ਤੌਰ 'ਤੇ ਉਭਰੀ ਭਾਜਪਾ ਹੁਣ ਸਿਰਫ਼ ਦੂਜੇ ਨੰਬਰ 'ਤੇ ਆਈ ਹੈ। ਪਿਛਲੇ ਵਿਧਾਨ ਸਭਾ ਚੋਣਾਂ ਤੋਂ ਬਾਅਦ ਕਾਂਗਰਸ ਦੇ ਨਾਲ ਕੁਝ ਸਮੇਂ ਤੱਕ ਗਠਜੋੜ ਦੀ ਸਰਕਾਰ ਚਲਾਉਣ ਵਾਲੇ ਜਨਤਾ ਦਲ (ਸੈਕੂਲਰ) ਨੂੰ ਵੀ ਨੁਕਸਾਨ ਉਠਾਉਣਾ ਪਿਆ।

ਕਰਨਾਟਕ 'ਚ ਕਾਂਗਰਸ ਦੀ ਜਿੱਤ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਟਵੀਟ ਕਰਕੇ ਕਾਂਗਰਸ ਨੂੰ ਵਧਾਈ ਦਿੱਤੀ। ਮੋਦੀ ਨੇ ਲਿਖਿਆ, 'ਕਰਨਾਟਕ ਵਿਧਾਨ ਸਭਾ ਚੋਣਾਂ 'ਚ ਜਿੱਤ 'ਤੇ ਕਾਂਗਰਸ ਪਾਰਟੀ ਨੂੰ ਵਧਾਈ। ਲੋਕਾਂ ਦੀਆਂ ਆਸ਼ਾਵਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਮੇਰੇ ਵੱਲੋਂ ਸ਼ੁਭਕਾਮਨਾਵਾਂ। ਕਰਨਾਟਕ 'ਚ ਭਾਜਪਾ ਦੀ ਹਾਰ ਦਾ ਸਭ ਤੋਂ ਵੱਡਾ ਕਾਰਨ ਭ੍ਰਿਸ਼ਟਾਚਾਰ ਬਣਿਆ। ਕਰਨਾਟਕ ਦੀ ਭਾਜਪਾ ਸਰਕਾਰ 'ਚ ਕੁਰੱਪਸ਼ਨ ਸਿਖਰਾਂ 'ਤੇ ਰਿਹਾ। ਹਰ ਕੰਮ ਲਈ ਕਮਿਸ਼ਨ ਦੇਣਾ ਪੈਂਦਾ ਸੀ। ਭਾਜਪਾ ਦੀ ਇਸ ਕਮਜ਼ੋਰ ਨਬਜ਼ ਨੂੰ ਕਾਂਗਰਸ ਨੇ ਸਮੇਂ ਰਹਿੰਦੇ ਫੜ ਲਿਆ ਤੇ ਫਿਰ ਕੁਰੱਪਸ਼ਨ 'ਤੇ ਜੰਮ ਕੇ ਹਮਲਾ ਬੋਲਿਆ। 40 ਫੀਸਦੀ ਕਮਿਸ਼ਨ ਵਾਲੀ ਸਰਕਾਰ ਦਾ ਨਾਅਰਾ ਦੇ ਕੇ ਕਾਂਗਰਸ ਨੇ ਜਨਤਾ ਦਾ ਧਿਆਨ ਸੂਬੇ 'ਚ ਚੱਲ ਰਹੀ ਕੁਰੱਪਸ਼ਨ ਦੀ ਖੇਡ ਨੂੰ ਸਾਹਮਣੇ ਲਿਆਂਦਾ। ਚੋਣਾਂ ਦੇ ਠੀਕ ਪਹਿਲਾਂ ਭਾਜਪਾ ਦੇ ਇੱਕ ਵਿਧਾਇਕ ਦੇ ਘਰੋਂ 8 ਕਰੋੜ ਤੋਂ ਜ਼ਿਆਦਾ ਨਗਦੀ ਬਰਾਮਦ ਹੋਈ। ਇਥੇ ਭਾਜਪਾ ਨੇ ਹਿੰਦੂ-ਮੁਸਲਿਮ ਧਰੁਵੀਕਰਨ ਦਾ ਪੂਰਾ ਦਾਅ ਖੇਡਿਆ, ਪਰ ਇਹ ਦਾਅ ਇੱਥੇ ਬਿਲਕੁੱਲ ਫੇਲ੍ਹ ਹੋ ਗਿਆ। ਕਰਨਾਟਕ ਇਸ ਤਰ੍ਹਾਂ ਦਾ ਸੂਬਾ ਹੈ, ਜਿੱਥੇ ਪਿਛਲੇ 34 ਸਾਲਾਂ ਤੋਂ ਕੋਈ ਵੀ ਸੱਤਾਧਾਰੀ ਦਲ ਵਾਪਸੀ ਨਹੀਂ ਕਰ ਸਕਿਆ। 2018 ਦੀ ਲੰਗੜੀ ਅਸੰਬਲੀ ਤੋਂ ਬਾਅਦ ਭਾਜਪਾ ਨੇ ਇੱਥੇ ਜੋੜ-ਤੋੜ ਕਰਕੇ ਸਰਕਾਰ ਬਣ ਲਈ ਸੀ। ਸੱਤਾ 'ਚ ਆਉਣ ਤੋਂ ਬਾਅਦ ਭਾਜਪਾ ਨੇ ਕਈ ਇਸ ਤਰ੍ਹਾਂ ਦੇ ਫੈਸਲੇ ਲਏ, ਜਿਸ ਨਾਲ ਕਰਨਾਟਕ ਵਾਸੀਆਂ ਨੂੰ ਪ੍ਰੇਸ਼ਾਨੀ 'ਚ ਪਾ ਦਿੱਤਾ। ਕਰਨਾਟਕ ਦੇ ਮੁੱਖ ਮੰਤਰੀ ਬਸਵਰਾਜ ਬੋਮਈ ਨੇ ਕਰਨਾਟਕ ਵਿਧਾਨ ਸਭਾ ਚੋਣਾਂ 'ਚ ਭਾਰਤੀ ਜਨਤਾ ਪਾਰਟੀ ਦੀ ਹਾਰ ਨੂੰ ਸਵੀਕਾਰ ਕਰ ਲਿਆ ਹੈ। ਬੋਮਈ ਨੇ ਪੱਤਰਕਾਰਾਂ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਅਤੇ ਭਾਜਪਾ ਵਰਕਰਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਅਸੀਂ ਟੀਚਾ ਹਾਸਲ ਨਹੀਂ ਕਰ ਸਕੇ।

## ਪਹਿਲਾਂ ਗਰੰਟੀਆਂ ਲਾਗੂ ਕਰਾਂਗੇ : ਪ੍ਰਿਅੰਕਾ



**ਬੈਂਗਲੁਰੂ** : ਕਰਨਾਟਕ 'ਚ ਕਾਂਗਰਸ ਨੇ ਭਾਜਪਾ ਨੂੰ ਸੱਤਾ ਤੋਂ ਬੇਦਖਲ ਕਰ ਦਿੱਤਾ ਹੈ। ਕਾਂਗਰਸ ਸਪੱਸ਼ਟ ਬਹੁਮਤ ਦੇ ਨਾਲ ਸਰਕਾਰ ਬਣਾ ਰਹੀ ਹੈ। ਕਰਨਾਟਕ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀ ਜਿੱਤ 'ਤੇ ਪ੍ਰਿਅੰਕਾ ਗਾਂਧੀ ਵਾਡਰਾ ਨੇ ਕਿਹਾ ਕਿ ਕਾਂਗਰਸ ਪਾਰਟੀ ਨੂੰ ਇਤਿਹਾਸਕ ਜਿੱਤ ਹਾਸਲ ਹੋਈ ਹੈ। ਕਰਨਾਟਕ ਦੀ ਜਨਤਾ ਨੂੰ ਦਿਲੋਂ ਧੰਨਵਾਦ। ਇਹ ਤੁਹਾਡੇ ਮੁੱਦਿਆਂ ਦੀ ਜਿੱਤ ਹੈ। ਇਹ ਕਰਨਾਟਕ ਦੀ ਪ੍ਰਗਤੀ ਦੇ ਵਿਚਾਰ ਨੂੰ ਪਹਿਲ ਦੇਣ ਦੀ ਜਿੱਤ ਹੈ। ਇਹ ਦੇਸ਼ ਨੂੰ ਜੋੜਨ ਵਾਲੀ ਰਾਜਨੀਤੀ ਦੀ ਜਿੱਤ ਹੈ। ਕਰਨਾਟਕ ਕਾਂਗਰਸ ਦੇ ਸਾਰੇ ਮਿਹਨਤੀ ਵਰਕਰਾਂ ਅਤੇ ਨੇਤਾਵਾਂ ਨੂੰ ਮੇਰੇ ਵੱਲੋਂ ਸ਼ੁਭਕਾਮਨਵਾਂ। ਕਾਂਗਰਸ ਪਾਰਟੀ ਪੂਰੀ ਲਗਨ ਨਾਲ ਕਰਨਾਟਕ ਦੀ ਜਨਤਾ ਨੂੰ ਦਿੱਤੀਆਂ ਗਰੰਟੀਆਂ ਨੂੰ ਲਾਗੂ ਕਰਨ ਦਾ ਕੰਮ ਪਹਿਲ ਦੇ ਅਧਾਰ 'ਤੇ ਕਰੇਗੀ।

## ਮੁੱਖ ਮੰਤਰੀ ਦਾ ਫੈਸਲਾ ਹਾਈਕਮਾਂਡ ਵੱਲੋਂ : ਖੜਗੇ

**ਨਵੀਂ ਦਿੱਲੀ** : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਰਨਾਟਕ ਵਿਧਾਨ ਸਭਾ ਚੋਣਾਂ 'ਚ ਪਾਰਟੀ ਦੇ ਚੰਗੇ ਪ੍ਰਦਰਸ਼ਨ ਨੂੰ ਜਨਤਾ ਜਨਾਰਦਨ ਦੀ ਜਿੱਤ ਕਰਾਰ ਦਿੰਦੇ ਹੋਏ ਕਿਹਾ ਕਿ ਲੋਕਾਂ ਪੰਜ ਗਰੰਟੀਆਂ ਦੇ ਪੱਖ 'ਚ ਵੋਟ ਦਿੱਤਾ ਹੈ। ਉਨ੍ਹਾ ਕਿਹਾ ਕਿ ਕਾਂਗਰਸ ਦੇ ਸਾਰੇ ਨਵੇਂ ਜਿੱਤੇ ਵਿਧਾਇਕ ਬੈਂਗਲੂਰ ਪਹੁੰਚਣ, ਤਾਂ ਕਿ ਸਰਕਾਰ ਦੇ ਗਠਨ ਦੀ ਪ੍ਰਕਿਰਿਆ ਅੱਗੇ ਵਧਾਈ ਜਾ ਸਕੇ। ਖੜਗੇ ਨੇ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਵੀ ਜਿਨ੍ਹਾਂ ਸੂਬਿਆਂ 'ਚ ਚੋਣਾਂ ਹੋਣਗੀਆਂ, ਉਥੇ ਅਸੀਂ ਕਰਨਾਟਕ ਦੀ ਤਰ੍ਹਾਂ ਚੋਣ ਜਿੱਤਣ ਲਈ ਪੂਰੀ ਕੋਸ਼ਿਸ਼ ਕਰਾਂਗੇ। ਉਨ੍ਹਾ ਕਿਹਾ—ਕਰਨਾਟਕ 'ਚ ਵਿਧਾਇਕਾਂ ਦੀ ਮੀਟਿੰਗ ਹੋਵੇਗੀ, ਇਸ ਤੋਂ ਬਾਅਦ ਮੁੱਖ ਮੰਤਰੀ ਦੇ ਨਾਂਅ 'ਤੇ ਸਾਰਿਆਂ ਦੀ ਜੋ ਸਹਿਮਤੀ ਹੋਵੇਗੀ, ਉਸੇ ਨੂੰ ਹਾਈਕਮਾਂਡ ਦੇ ਸਾਹਮਣੇ ਰੱਖਿਆ ਜਾਵੇਗਾ। ਹਾਈਕਮਾਂਡ ਦਾ ਫੈਸਲਾ ਆਖਰੀ ਹੋਵੇਗਾ।

## ਲੋਕ ਸਭਾ ਚੋਣਾਂ ਤੋਂ ਪਹਿਲਾ ਭਾਜਪਾ ਦੇ ਅੰਤ ਦੀ ਸ਼ੁਰੂਆਤ : ਮਮਤਾ



**ਕੋਲਕਾਤਾ** : ਕਰਨਾਟਕ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀ ਜਿੱਤ 'ਤੇ ਮਮਤਾ ਬੈਨਰਜੀ ਨੇ ਵਧਾਈ ਦਿੱਤੀ। ਉਨ੍ਹਾ ਦਾਅਵਾ ਕੀਤਾ ਕਿ ਅਗਲੀਆਂ ਲੋਕ ਸਭਾ ਚੋਣਾਂ 'ਚ ਭਾਜਪਾ 100 ਸੀਟਾਂ ਨੂੰ ਵੀ ਪਾਰ ਨਹੀਂ ਕਰ ਸਕੇਗੀ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਨੇ ਕਿਹਾ ਕਿ ਮੈਂ ਕਰਨਾਟਕ ਦੇ ਲੋਕਾਂ ਤੇ ਸਾਰੇ ਵੋਟਰਾਂ ਨੂੰ ਸਲੂਟ ਕਰਦੀ ਹਾਂ।

## ਨਫ਼ਰਤ ਦਾ ਬਜ਼ਾਰ ਬੰਦ : ਰਾਹੁਲ



**ਨਵੀਂ ਦਿੱਲੀ** : ਕਰਨਾਟਕ ਵਿਧਾਨ ਸਭਾ ਚੋਣਾਂ 'ਚ ਬਹੁਮਤ ਹਾਸਲ ਕਰਨ ਬਾਅਦ ਸ਼ਨੀਵਾਰ ਕਾਂਗਰਸ ਨੇਤਾ ਰਾਹੁਲ ਗਾਂਧੀ ਪੱਤਰਕਾਰਾਂ ਸਾਹਮਣੇ ਆਏ। ਰਾਹੁਲ ਨੇ 6 ਵਾਰ ਨਮਸਕਾਰ ਕਿਹਾ। ਉਨ੍ਹਾ ਕਿਹਾ ਕਿ ਕਰਨਾਟਕ 'ਚ ਨਫਰਤ ਦਾ ਬਾਜ਼ਾਰ ਬੰਦ ਹੋ ਗਿਆ, ਮੁਹੱਬਤ ਦੀ ਦੁਕਾਨ ਖੁੱਲ੍ਹ ਗਈ। ਕਰਨਾਟਕ ਨੇ ਦਿਖਾ ਦਿੱਤਾ ਕਿ ਦੇਸ਼ ਨੂੰ ਮੁਹੱਬਤ ਚੰਗੀ ਲੱਗਦੀ ਹੈ। ਉਨ੍ਹਾ ਇਹ ਵੀ ਦਾਅਵਾ ਕੀਤਾ ਕਿ ਕਰਨਾਟਕ ਦੇ ਗਰੀਬ ਲੋਕਾਂ ਦੀ ਤਾਕਤ ਨੇ ਗੰਢਤੁੱਪ ਵਾਲੇ ਪੂੰਜੀਪਤੀਆਂ ਦੀ ਤਾਕਤ ਨੂੰ ਹਰਾ ਦਿੱਤਾ ਹੈ। ਕਰਨਾਟਕ ਵਿਧਾਨ ਸਭਾ ਚੋਣਾਂ 2023 'ਚ ਕਾਂਗਰਸ ਪਾਰਟੀ ਦੀ ਸ਼ਾਨਦਾਰ ਜਿੱਤ 'ਤੇ ਆਪਣੀ ਪ੍ਰਤੀਕਿਰਿਆ ਦਿੰਦੇ ਹੋਏ ਰਾਹੁਲ ਗਾਂਧੀ ਨੇ ਕਿਹਾ ਕਿ ਮੈਂ ਉੱਥੋਂ ਦੇ ਲੋਕਾਂ ਅਤੇ ਸਾਡੀ ਪਾਰਟੀ ਦੇ ਸਾਰੇ ਨੇਤਾਵਾਂ ਅਤੇ ਵਰਕਰਾਂ ਨੂੰ ਵਧਾਈ ਦਿੰਦਾ ਹਾਂ, ਜਿਨ੍ਹਾਂ ਇਸ ਜਿੱਤ ਲਈ ਸਖਤ ਮਿਹਨਤ ਕੀਤੀ।

## ਇੱਥੇ ਹਿਜਾਬ-ਹਲਾਲ ਨਹੀਂ ਚੱਲੇਗਾ : ਸ਼ਿਵਕੁਮਾਰ



**ਕਰਨਾਟਕ** : ਕਰਨਾਟਕ ਕਾਂਗਰਸ ਦੇ ਪ੍ਰਧਾਨ ਡੀ ਕੇ ਸ਼ਿਵਕੁਮਾਰ ਨੇ ਕਾਂਗਰਸ ਦੀ ਜਿੱਤ ਤੋਂ ਬਾਅਦ ਭਾਵੁਕ ਹੁੰਦੇ ਹੋਏ ਕਿਹਾ ਕਿ ਜਿੱਤ ਦਾ ਸਿਹਰਾ ਮੈਂ ਆਪਣੇ ਵਰਕਰਾਂ ਅਤੇ ਆਪਣੀ ਪਾਰਟੀ ਦੇ ਨੇਤਾਵਾਂ ਨੂੰ ਦਿੰਦਾ ਹਾਂ, ਲੋਕਾਂ ਨੇ ਝੂਠ ਦਾ ਪਰਦਾ ਫਾਸ਼ ਕੀਤਾ। ਮੈਂ ਰਾਹੁਲ ਗਾਂਧੀ, ਸੋਨੀਆ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨੂੰ ਜਿੱਤ ਦਾ ਭਰੋਸਾ ਦਿੱਤਾ ਸੀ। ਸ਼ਿਵਕੁਮਾਰ ਨੇ ਕਿਹਾ ਕਿ ਕਰਨਾਟਕ 'ਚ ਹਿਜਾਬ-ਹਲਾਲ ਅਤੇ ਬਜਰੰਗ ਬਲੀ ਵਰਗੇ ਮੁੱਦੇ ਨਹੀਂ ਚੱਲਣਗੇ। ਅਸੀਂ ਕੰਨੜ ਹਾਂ, ਸਰਕਾਰ ਚਲਾਉਣਾ ਜਾਣਦੇ ਹਾਂ, ਬਾਹਰਲਿਆਂ ਦੀ ਜ਼ਰੂਰਤ ਨਹੀਂ। ਕਰਨਾਟਕ ਭਾਜਪਾ ਲਈ ਕਲੋਜ਼ ਚੈਪਟਰ ਹੈ। ਉਸ ਦੀ ਸਰਕਾਰ ਅਤੇ ਪ੍ਰਧਾਨ ਮੰਤਰੀ ਇੱਥੇ ਫੇਲ੍ਹ ਹੋ ਗਏ। ਸ਼ਿਵਕੁਮਾਰ ਨੇ ਕਿਹਾ ਕਿ ਇੱਥੇ ਗਠਜੋੜ ਦੀ ਕੋਈ ਜ਼ਰੂਰਤ ਨਹੀਂ। ਸ਼ਿਵਕੁਮਾਰ ਨੂੰ ਕਾਂਗਰਸ ਦੇ ਰਾਜਨੀਤਕ ਮੈਨੇਜਰ ਕਿਹਾ ਜਾਂਦਾ ਹੈ। ਇਸ ਲਈ ਮੁੱਖ ਮੰਤਰੀ ਦੇ ਅਹੁਦੇ ਲਈ ਉਨ੍ਹਾ ਦੀ ਦਾਅਵੇਦਾਰੀ ਵੀ ਮਜ਼ਬੂਤ ਹੈ। ਕਾਂਗਰਸ ਨੇ ਹਾਲੇ ਤੱਕ ਮੁੱਖ ਮੰਤਰੀ ਚਿਹਰਾ ਤੈਅ ਨਹੀਂ ਕੀਤਾ, ਪਰ ਸੀਨੀਅਰ ਲੀਡਰ ਸਿੱਧਾਰਮਈਆ ਦੇ ਨਾਲ ਸ਼ਿਵਕੁਮਾਰ ਇਸ ਦੌੜ 'ਚ ਹੈ।

## ਪੰਜ ਗਰੰਟੀਆਂ

**ਕਰਨਾਟਕ** : ਕਾਂਗਰਸ ਦੀ ਜਿੱਤ ਪਿੱਛੇ ਉਸ ਦੀਆਂ ਪੰਜ ਗਰੰਟੀ ਸਕੀਮ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਕਾਂਗਰਸ ਨੇ ਕਰਨਾਟਕ ਚੋਣਾਂ 'ਚ ਐਲਾਨ ਕੀਤਾ ਸੀ ਕਿ ਜੇਕਰ ਉਸ ਦੀ ਸਰਕਾਰ ਬਣੀ ਤਾਂ ਪਹਿਲੀ ਕੈਬਨਿਟ ਮੀਟਿੰਗ 'ਚ ਪੰਜ ਗਰੰਟੀਆਂ ਲਾਗੂ ਕੀਤੀਆਂ ਜਾਣਗੀਆਂ। ਇਸ 'ਚ ਗ੍ਰਹਿ ਜੋਤੀ ਯੋਜਨਾ ਤਹਿਤ ਕਰਨਾਟਕ ਦੇ ਸਾਰੇ ਘਰਾਂ ਨੂੰ 200 ਯੂਨਿਟ ਫਰੀ ਬਿਜਲੀ ਦੇਣ ਦਾ ਵਾਅਦਾ ਕੀਤਾ ਹੈ। ਗ੍ਰਹਿ ਲਕਸ਼ਮੀ ਸਕੀਮ ਦੇ ਜ਼ਰੀਏ ਪਾਰਟੀ ਨੇ ਸਾਰੇ ਪਰਵਾਰਾਂ ਦੀਆਂ ਔਰਤਾਂ ਨੂੰ 2000 ਰੁਪਏ ਦੀ ਮਹੀਨਾ ਸਹਾਇਤਾ ਦੇਣ ਦਾ ਵਾਅਦਾ ਕੀਤਾ ਹੈ। ਇਸ ਤਰ੍ਹਾਂ ਅੰਨ ਭਾਗਿਆ ਸਕੀਮ ਜ਼ਰੀਏ ਸਾਰੇ ਬੀ ਪੀ ਐੱਲ ਪਰਵਾਰਾਂ ਨੂੰ ਹਰੇਕ ਮਹੀਨੇ 10 ਕਿਲੋ ਅਨਾਜ ਦੇਣ ਦਾ ਵਾਅਦਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੜ੍ਹੇ-ਲਿਖੇ ਬੇਰੁਜ਼ਗਾਰਾਂ ਨੂੰ ਦੋ ਸਾਲ ਲਈ 3000 ਰੁਪਏ ਪ੍ਰਤੀ ਮਹੀਨਾ ਅਤੇ ਬੇਰੁਜ਼ਗਾਰ ਡਿਪਲੋਮਾ ਵਾਲਿਆਂ ਨੂੰ 1500 ਰੁਪਏ ਪ੍ਰਤੀ ਮਹੀਨਾ ਦੇਣ ਦਾ ਵੀ ਵਾਅਦਾ ਕਾਂਗਰਸ ਨੇ ਕੀਤਾ ਹੈ। ਸ਼ਕਤੀ ਯੋਜਨਾ ਦੇ ਤਹਿਤ ਸੂਬੇ ਦੀਆਂ ਸਾਰੀਆਂ ਔਰਤਾਂ ਨੂੰ ਕਰਨਾਟਕਾ ਸਰਕਾਰ ਦੀਆਂ ਸਰਕਾਰੀ ਬੱਸਾਂ 'ਚ ਮੁਫ਼ਤ ਯਾਤਰਾ ਦਾ ਵਾਅਦਾ ਕੀਤਾ ਗਿਆ ਹੈ।



ਕੁਝ ਮਿੱਠਾ ਹੋ ਜਾਏ

# ਜਲੰਧਰ ਦੰਗਲ 'ਚ 'ਆਪ' ਨੇ ਮਾਰੀ ਬਾਜ਼ੀ

- ਸੁਸ਼ੀਲ ਰਿੰਕੂ ਨੂੰ 58 ਹਜ਼ਾਰ ਤੋਂ ਵੱਧ ਵੋਟਾਂ ਨਾਲ ਮਿਲੀ ਜਿੱਤ
- ਅਕਾਲੀ ਦਲ-ਬਸਪਾ ਤੀਜੇ ਤੇ ਭਾਜਪਾ ਚੌਥੇ ਨੰਬਰ 'ਤੇ



**ਜਲੰਧਰ (ਸ਼ੈਲੀ ਐਲਬਰਟ, ਰਾਜੇਸ਼ ਥਾਪਾ, ਸੁਰਿੰਦਰ ਕੁਮਾਰ, ਇਕਬਾਲ ਸਿੰਘ ਉੱਭੀ)**-ਕਾਂਗਰਸ ਦੇ ਗੜ੍ਹ ਜਲੰਧਰ ਤੋਂ 'ਆਪ' ਨੇ ਇਤਿਹਾਸਕ ਜਿੱਤ ਦਰਜ ਕੀਤੀ ਹੈ। ਜ਼ਿਮਨੀ ਚੋਣ 'ਚ 'ਆਪ' ਉਮੀਦਵਾਰ ਸੁਸ਼ੀਲ ਰਿੰਕੂ ਨੇ ਕਾਂਗਰਸ ਉਮੀਦਵਾਰ ਕਰਮਜੀਤ ਕੌਰ ਚੌਧਰੀ ਨੂੰ 58,691 ਵੋਟਾਂ ਨਾਲ ਹਰਾਇਆ। ਸੁਸ਼ੀਲ ਕੁਮਾਰ ਰਿੰਕੂ ਨੂੰ 302097 ਵੋਟਾਂ ਪਈਆਂ, ਜਦਕਿ ਕਰਮਜੀਤ ਕੌਰ ਨੂੰ 243450 ਵੋਟਾਂ ਹਾਸਲ ਹੋਈਆਂ। ਅਕਾਲੀ ਦਲ-ਬਸਪਾ ਉਮੀਦਵਾਰ ਸੁਖਵਿੰਦਰ ਸੁੱਖੀ 158354 ਵੋਟਾਂ ਨਾਲ ਤੀਜੇ ਸਥਾਨ 'ਤੇ ਰਹੇ ਅਤੇ ਭਾਜਪਾ ਦੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ 134706 ਵੋਟਾਂ ਨਾਲ ਚੌਥੇ ਨੰਬਰ 'ਤੇ ਰਹੇ। ਸ਼੍ਰੋਮਣੀ ਅਕਾਲੀ ਦਲ (ਅ) ਦਾ ਉਮੀਦਵਾਰ ਗੁਰਜੰਟ ਸਿੰਘ ਕੱਟੂ 20 ਹਜ਼ਾਰ ਵੋਟਾਂ ਹੀ ਹਾਸਲ ਕਰ ਸਕਿਆ। ਵਿਧਾਨ ਸਭਾ ਸੀਟਾਂ ਦੇ ਤੌਰ 'ਤੇ ਜਲੰਧਰ ਤੋਂ ਸੁਸ਼ੀਲ ਰਿੰਕੂ ਨੂੰ ਸਭ ਤੋਂ ਜ਼ਿਆਦਾ 13890 ਦੀ ਬੜ੍ਹਤ ਕਰਤਾਰਪੁਰ ਤੋਂ ਮਿਲੀ। ਦੂਜੇ ਨੰਬਰ 'ਤੇ ਜਲੰਧਰ ਵੈੱਸਟ ਤੋਂ 9500 ਦੀ ਬੜ੍ਹਤ ਮਿਲੀ। ਇਸ ਤੋਂ ਬਾਅਦ ਆਦਮਪੁਰ ਤੋਂ 8960, ਫਿਲੌਰ ਅਤੇ ਜਲੰਧਰ ਕੈਂਟ ਤੋਂ 7 ਹਜ਼ਾਰ, ਨਕੋਦਰ ਤੋਂ 5211 ਅਤੇ ਸ਼ਾਹਕੋਟ ਤੋਂ 273 ਦੀ ਬੜ੍ਹਤ ਮਿਲੀ।

'ਆਪ' ਦੇ ਸੁਸ਼ੀਲ ਕੁਮਾਰ ਰਿੰਕੂ ਨੇ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਜਿੱਤ ਲਈ ਹੈ। ਕਾਂਗਰਸ ਲਈ ਵੱਡਾ ਝਟਕਾ ਰਿਹਾ, ਕਾਂਗਰਸ ਕੋਲ ਇਹ ਸੀਟ 1999 ਤੋਂ ਸੀ। ਕਾਂਗਰਸ ਨੇ ਮਰਹੂਮ ਚੌਧਰੀ ਸੰਤੋਖ ਸਿੰਘ ਦੀ ਵਿਧਵਾ ਕਰਮਜੀਤ ਕੌਰ ਨੂੰ ਉਮੀਦਵਾਰ ਬਣਾਇਆ ਸੀ। ਜਲੰਧਰ ਦੀ ਜਿੱਤ ਨੇ 'ਆਪ' ਨੂੰ ਜਲਦੀ ਹੀ ਹੋਣ ਵਾਲੀਆਂ ਸਥਾਨਕ ਸਰਕਾਰਾਂ ਚੋਣਾਂ ਲਈ ਹੌਸਲਾ ਦਿੱਤਾ ਹੈ। ਰਿੰਕੂ ਨੇ ਜਲੰਧਰ ਪੱਛਮੀ ਹਲਕੇ ਤੋਂ ਪਹਿਲੀ ਵਾਰ ਵਿਧਾਨ ਸਭਾ ਦੀ ਚੋਣ ਲੜੀ ਸੀ ਤੇ ਉਹ ਜੇਤੂ ਰਹੇ ਸਨ। ਰਿੰਕੂ ਆਪ ਦੇ ਪਹਿਲੇ ਐੱਮ ਪੀ ਬਣ ਗਏ ਹਨ, ਜਿਹੜੇ ਜਲੰਧਰ ਤੋਂ ਪਹਿਲੀ ਵਾਰ ਲੋਕ ਸਭਾ ਵਿੱਚ ਨੁਮਾਇੰਦਗੀ ਕਰਨਗੇ। ਰਿੰਕੂ ਨੇ ਪਹਿਲੇ ਗੇੜ ਤੋਂ ਹੀ ਬੜ੍ਹਤ ਬਣਾਉਣੀ ਸ਼ੁਰੂ ਕਰ ਦਿੱਤੀ ਸੀ, ਜੋ ਆਖਰ ਤੱਕ ਕਾਇਮ ਰਹੀ।ਰਿੰਕੂ ਨੇ ਕਿਹਾ ਕਿ ਇਹ ਜਿੱਤ ਮੇਰੀ ਨਹੀਂ, ਸਗੋਂ ਆਮ ਆਦਮੀ ਪਾਰਟੀ ਦੇ ਇੱਕ ਸਾਲ ਦੇ ਕੰਮਾਂ ਦੀ ਜਿੱਤ ਹੈ। ਉਨ੍ਹਾ ਜਨਤਾ ਦਾ ਧੰਨਵਾਦ ਕਰਦੇ ਕਿਹਾ ਕਿ ਜਨਤਾ ਨੇ ਵੱਡੀ ਲੀਡ ਦੇ ਨਾਲ ਜਿੱਤ ਦਰਜ ਕਰਵਾਈ ਹੈ, ਇਸ 'ਚ ਵੋਟਰਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ।

ਉਨ੍ਹਾ ਕਿਹਾ ਕਿ ਮੈਂ ਸਮਝਦਾ ਹਾਂ ਕਿ ਅੱਜ ਮੈਂ ਉਸ ਚੰਗੀ ਵਿਚਾਰਧਾਰਾ ਨਾਲ ਜੁੜਿਆ ਹਾਂ, ਜਿਹੜੇ ਜਾਤ-ਪਾਤ ਤੋਂ ਉੱਪਰ ਉੱਠ ਕੇ ਕੰਮ ਕਰਨ ਦਾ ਜਜ਼ਬਾ ਰੱਖਦੇ ਹਨ। ਉਸ ਨੇ ਕਿਹਾ ਕਿ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਦੀ ਸੋਚ ਅਤੇ ਮਿਹਨਤ ਸਦਕਾ ਹੀ ਅੱਜ ਵੱਡੀ ਲੀਡ ਸਾਨੂੰ ਮਿਲੀ ਹੈ। ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਦਿੱਲੀ 'ਚ ਪ੍ਰੈੱਸ ਕਾਨਫਰੰਸ ਕਰਕੇ ਜਲੰਧਰ ਉਪ ਚੋਣ 'ਚ ਮਿਲੀ ਜਿੱਤ ਲਈ ਲੋਕਾਂ ਦਾ ਧੰਨਵਾਦ ਕੀਤਾ। ਉਨ੍ਹਾ ਕਿਹਾ ਕਿ ਜਲੰਧਰ ਦੀ 'ਆਪ' ਦੀ ਜਿੱਤ ਨੇ ਦੱਸ ਦਿੱਤਾ ਹੈ ਕਿ ਲੋਕ ਪਾਰਟੀ ਦੇ ਕੰਮਾਂ ਤੋਂ ਸੰਤੁਸ਼ਟ ਅਤੇ ਖੁਸ਼ ਹਨ। ਉਨ੍ਹਾ ਕਿਹਾ ਕਿ ਅਸੀਂ ਸਿਰਫ ਕੰਮ ਦੀ ਰਾਜਨੀਤੀ ਕਰਦੇ ਹਾਂ।

ਇਸ ਦੇ ਨਾਲ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਲੋਕਾਂ ਨੇ ਸਾਡੇ ਕੰਮਾਂ ਨੂੰ ਸਵੀਕਾਰ ਕੀਤਾ ਹੈ। ਉਨ੍ਹਾ ਕਿਹਾ ਕਿ ਵਿਰੋਧੀ ਧਿਰ ਨੇ ਗੰਦੀ ਰਾਜਨੀਤੀ ਕੀਤੀ, ਪਰ 'ਆਪ' ਨੇ ਹਮੇਸ਼ਾ ਲੋਕਾਂ ਦੀ ਭਲਾਈ ਲਈ ਕੰਮ ਕੀਤਾ ਹੈ।

## ਮਾਨ ਦਾ ਜਾਦੂ ਚੱਲਿਆ : ਕੇਜਰੀਵਾਲ



**ਨਵੀਂ ਦਿੱਲੀ** : ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਵਿਖੇ ਪ੍ਰੈੱਸ ਕਾਨਫਰੰਸ ਕੀਤੀ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜਲੰਧਰ ਦੀ ਜਨਤਾ ਨੇ ਇਹ ਦੱਸ ਦਿੱਤਾ ਕਿ ਪੰਜਾਬ ਦੀ ਜਨਤਾ 'ਆਪ' ਸਰਕਾਰ ਦੇ ਕੰਮਾਂ ਤੋਂ ਸੰਤੁਸ਼ਟ ਹੈ ਅਤੇ ਖੁਸ਼ ਵੀ ਹੈ। ਕੇਜਰੀਵਾਲ ਨੇ ਕਿਹਾ ਕਿ ਜਲੰਧਰ ਵਿਚ ਭਗਵੰਤ ਮਾਨ ਦਾ ਜਾਦੂ ਚੱਲਿਆ। ਅਸੀਂ ਪੰਜਾਬ ਦੀਆਂ ਕਈ ਮੁਸ਼ਕਲਾਂ ਹੱਲ ਕੀਤੀਆਂ। ਅਸੀਂ ਸਿਰਫ ਕੰਮ ਦੀ ਰਾਜਨੀਤੀ ਕਰਦੇ ਹਾਂ। ਕੇਜਰੀਵਾਲ ਨੇ ਅੱਗੇ ਕਿਹਾ ਕਿ ਮੈਂ ਜਲੰਧਰ ਅਤੇ ਪੰਜਾਬ ਦੀ ਜਨਤਾ ਦਾ ਧੰਨਵਾਦ ਕਰਦਾ ਹਾਂ।

## ਲੋਕਾਂ ਦੇ ਫਤਵੇ ਨੂੰ ਨਿਮਰਤਾ ਨਾਲ ਸਵੀਕਾਰ ਕਰਦੇ ਹਾਂ : ਵੜਿੰਗ



- ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਲੋਕ ਫਤਵੇ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਹੈ। ਉਨ੍ਹਾ ਇਸ ਸੰਬੰਧੀ ਟਵੀਟ ਕਰਕੇ ਲਿਖਿਆ ਕਿ ਅਸੀਂ ਲੋਕਾਂ ਦੇ ਫਤਵੇ ਨੂੰ ਨਿਮਰਤਾ ਨਾਲ ਸਵੀਕਾਰ ਕਰਦੇ ਹਾਂ।

ਮੈਂ ਪਾਰਟੀ ਵਰਕਰਾਂ, ਵਲੰਟੀਅਰਾਂ, ਸਮਰਥਕਾਂ ਅਤੇ ਪੂਰੀ ਲੀਡਰਸ਼ਿਪ ਦਾ ਉਹਨਾਂ ਦੁਆਰਾ ਕੀਤੀ ਸਖਤ ਮਿਹਨਤ ਅਤੇ ਯਤਨਾਂ ਲਈ ਧੰਨਵਾਦ ਕਰਦਾ ਹਾਂ। ਮੈਂ ਸੁਸ਼ੀਲ ਰਿੰਕੂ ਅਤੇ 'ਆਪ' ਨੂੰ ਜਿੱਤ ਲਈ ਵਧਾਈ ਦਿੰਦਾ ਹਾਂ।

## ਲੋਕਾਂ ਨੇ 'ਆਪ' ਦੇ ਕੰਮਾਂ 'ਤੇ ਮੋਹਰ ਲਾਈ : ਭਗਵੰਤ ਮਾਨ



-ਜਲੰਧਰ ਜ਼ਿਮਨੀ ਚੋਣ 'ਚ 'ਆਪ' ਦੀ ਵੱਡੀ ਜਿੱਤ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਜਲੰਧਰ ਜਿੱਤ ਤੋਂ ਇਹ ਸਾਬਿਤ ਹੋ ਗਿਆ ਹੈ ਕਿ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਕੰਮਾਂ 'ਤੇ ਮੋਹਰ ਲਾਈ ਹੈ। ਸਾਡੀ 14 ਮਹੀਨਿਆਂ ਦੀ ਸਰਕਾਰ ਦੌਰਾਨ ਲਏ ਫੈਸਲੇ ਲੋਕਾਂ ਨੂੰ ਪਸੰਦ ਆਏ ਹਨ ਤੇ ਉਨ੍ਹਾ ਜਲੰਧਰ ਲੋਕ ਸਭਾ ਸੀਟ 'ਤੇ ਵੀ ਸਾਨੂੰ ਸੇਵਾ ਕਰਨ ਦਾ ਮੌਕਾ ਬਖਸ਼ਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਅਸੀਂ ਧਰਮਾਂ ਦੇ ਨਾਂਅ 'ਤੇ ਵੋਟਾਂ ਨਹੀਂ ਮੰਗੀਆਂ, ਸਗੋਂ ਮੁੱਦਿਆਂ ਦੀ ਸਿਆਸਤ ਕੀਤੀ ਹੈ। ਜਲੰਧਰ ਚੋਣ ਪ੍ਰਚਾਰ ਦੌਰਾਨ ਅਸੀਂ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ ਨਾਲ ਗੱਲਬਾਤ ਕਰਦੇ ਰਹੇ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਹੱਲ ਕਰਨ ਦਾ ਭਰੋਸਾ ਦਿੱਤਾ, ਕਿਉਂਕਿ ਅਸੀਂ ਪਹਿਲਾਂ ਕੀਤੇ ਵਾਅਦਿਆਂ 'ਤੇ ਖਰੇ ਉੱਤਰੇ ਹਾਂ, ਇਸ ਕਰਕੇ ਜਲੰਧਰ ਦੇ ਵੋਟਰਾਂ ਨੇ ਸਾਡੇ 'ਤੇ ਭਰੋਸਾ ਜਤਾਇਆ ਤੇ ਸਾਨੂੰ ਵੱਡੀ ਜ਼ਿੰਮੇਵਾਰੀ ਸੌਂਪੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜਲੰਧਰ ਚੋਣ ਪ੍ਰਚਾਰ ਦੌਰਾਨ ਜਿਨ੍ਹਾਂ ਲੋਕਾਂ ਨੇ ਸਾਨੂੰ ਮਾਣ-ਸਨਮਾਨ ਦਿੱਤਾ, ਸਾਡੀ ਇੱਜ਼ਤ ਕੀਤੀ, ਸਾਡੇ 'ਤੇ ਫੁੱਲਾਂ ਦੀ ਵਰਖਾ ਕੀਤੀ, ਅਸੀਂ ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਦੇ ਹਾਂ। ਅੰਤ 'ਚ ਮੁੱਖ ਮੰਤਰੀ ਨੇ ਚੋਣ ਪ੍ਰਚਾਰ ਦੌਰਾਨ ਘਰਾਂ ਤੋਂ ਬਾਹਰ ਨਿਕਲਣ ਵਾਲੇ ਹਰ ਵਰਕਰ ਨੂੰ ਜਿੱਤ ਦੀ ਵਧਾਈ ਦਿੰਦਿਆਂ ਕਿਹਾ ਕਿ ਇਹ ਜਿੱਤ ਉਨ੍ਹਾਂ ਦੀ ਹੈ। ਜਲੰਧਰ 'ਚ ਕਾਂਗਰਸ ਦਾ ਕੋਈ ਵੱਡਾ ਨੇਤਾ ਵੋਟ ਮੰਗਣ ਨਹੀਂ ਆਇਆ, ਕਿਉਂਕਿ ਉਨ੍ਹਾਂ ਨੂੰ ਲੱਗਦਾ ਸੀ ਕਿ ਇਹ ਸੀਟ ਸਾਡੀ ਪੱਕੀ ਹੈ, ਪਰ ਲੋਕਾਂ ਨੇ ਉਨ੍ਹਾਂ ਦਾ ਵਹਿਮ ਤੋੜ ਦਿੱਤਾ ਹੈ।

## ਕੋਟਲੀ ਨੇ ਲਾਇਆ ਬਾਹਰ ਧਰਨਾ



-ਆਦਮਪੁਰ ਤੋਂ ਕਾਂਗਰਸੀ ਵਿਧਾਇਕ ਸੁਖਵਿੰਦਰ ਕੋਟਲੀ ਪੋਲਿੰਗ ਸਟੇਸ਼ਨ ਪਹੁੰਚੇ। ਉਨ੍ਹਾ ਨੂੰ ਪੋਲਿੰਗ ਸਟੇਸ਼ਨ ਅੰਦਰ ਦਾਖਲ ਹੋਣ ਤੋਂ ਰੋਕਿਆ ਗਿਆ। ਉਨ੍ਹਾ ਗੇਟ ਦੇ ਬਾਹਰ ਆਪਣਾ ਪਛਾਣ ਪੱਤਰ ਦਿਖਾਇਆ ਤੇ ਕਿਹਾ ਕਿ ਉਹ ਕਾਊਂਟਿੰਗ ਏਜੰਟ ਵਜੋਂ ਅੰਦਰ ਜਾਣਾ ਚਾਹੁੰਦੇ ਹਨ, ਵਿਧਾਇਕ ਵਜੋਂ ਨਹੀਂ। ਉਨ੍ਹਾ ਇਲਜ਼ਾਮ ਲਾਇਆ ਕਿ ਡੀ ਐੱਸ ਪੀ ਨੇ ਮੇਰੇ ਨਾਲ ਦੁਰਵਿਹਾਰ ਕੀਤਾ। ਵਿਧਾਇਕ ਕੋਟਲੀ ਤਿੰਨ ਵਾਰ ਅੰਦਰ ਗਏ ਤੇ ਉਨ੍ਹਾ ਨੂੰ ਬਾਹਰ ਕੱਢ ਦਿੱਤਾ ਗਿਆ। ਇਸ 'ਤੇ ਸਹਾਇਕ ਕਮਿਸ਼ਨਰ ਗੁਰਸਿਮਰਨਜੀਤ ਕੌਰ ਨੇ ਸਪੱਸ਼ਟ ਕੀਤਾ ਕਿ ਵਿਧਾਇਕ ਕੋਟਲੀ ਨਹੀਂ ਜਾ ਸਕਦੇ, ਹਰੇਕ ਪਾਰਟੀ ਦੇ ਪੋਲਿੰਗ ਏਜੰਟ ਪਹਿਲਾਂ ਹੀ ਗਿਣਤੀ ਕੇਂਦਰ ਦੇ ਅੰਦਰ ਮੌਜੂਦ ਹਨ।

## ਜਨਤਾ ਨੇ ਵਿਰੋਧੀ ਪਾਰਟੀਆਂ ਦੀ ਘਟੀਆ ਰਾਜਨੀਤੀ ਨੂੰ ਨਕਾਰਿਆ : ਚੀਮਾ



**ਜਲੰਧਰ** : ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਇਤਿਹਾਸਕ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਇਸ ਜਿੱਤ ਲਈ ਜਲੰਧਰ ਵਾਸੀਆਂ ਦਾ ਧੰਨਵਾਦ ਕੀਤਾ ਹੈ। ਜਲੰਧਰ 'ਚ ਮੀਡੀਆ ਨੂੰ ਸੰਬੋਧਨ ਕਰਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜਲੰਧਰ ਦੇ ਲੋਕਾਂ ਨੇ ਰਿੰਕੂ ਨੂੰ ਜਿਤਾ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਦੇ ਕੰਮ 'ਤੇ ਮੋਹਰ ਲਾ ਦਿੱਤੀ ਹੈ। ਵਿਰੋਧੀ ਪਾਰਟੀਆਂ 'ਤੇ ਹਮਲਾ ਕਰਦਿਆਂ ਚੀਮਾ ਨੇ ਕਿਹਾ ਕਿ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਆਗੂਆਂ ਨੇ ਚੋਣ ਪ੍ਰਚਾਰ ਦੌਰਾਨ ਮਾੜੀ ਰਾਜਨੀਤੀ ਕੀਤੀ। ਵਿੱਤ ਮੰਤਰੀ ਦੇ ਨਾਲ ਪੰਜਾਬ ਦੇ ਕੈਬਨਿਟ ਮੰਤਰੀ ਬ੍ਰਹਮ ਸੰਕਰ ਜਿੰਪਾ, ਹਰਭਜਨ ਸਿੰਘ ਈ ਟੀ ਓ, ਹਰਜੋਤ ਬੈਂਸ, ਕੁਲਦੀਪ ਸਿੰਘ ਧਾਲੀਵਾਲ, 'ਆਪ' ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ, 'ਆਪ' ਵਿਧਾਇਕ ਸੀਤਲ ਅੰਗੁਰਾਲ, ਰਮਨ ਅਰੋੜਾ, ਮਨਵਿੰਦਰ ਸਿੰਘ ਗਿਆਸਪੁਰਾ, ਸ਼ੈਰੀ ਕਲਸੀ, ਡੀ ਸੀ ਪੀ ਬਲਕਾਰ ਸਿੰਘ, ਇੰਦਰਜੀਤ ਕੌਰ ਮਾਨ, ਜਲੰਧਰ ਦੇ ਜਿਲ੍ਹਾ ਪ੍ਰਧਾਨ ਅੰਮ੍ਰਿਤਪਾਲ ਸਿੰਘ, 'ਆਪ' ਆਗੂ ਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਮੰਗਲ ਸਿੰਘ ਅਤੇ ਮਿਲਕਫੈੱਡ ਦੇ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ ਸਨ।

## ਅੱਜ-ਨਾਮਾ

ਪਾਰਟੀ ਆਪ ਜਲੰਧਰ ਵਿੱਚ ਸੀਟ ਜਿੱਤੀ,
ਕਾਂਗਰਸ ਪਾਰਟੀ ਨੂੰ ਪੈ ਗਈ ਸੱਟ ਬੇਲੀ।
ਯਤਨ ਅਕਾਲੀਆਂ-ਬਸਪਾ ਵੀ ਬੜੇ ਕੀਤੇ,
ਖੱਟੀਆਂ ਸਕੇ ਨਹੀਂ ਖਾਸ ਉਹ ਖੱਟ ਬੇਲੀ।
ਭਾਜਪਾ ਵਾਲਿਆਂ ਨੂੰ ਜਿਹੜੀ ਵੋਟ ਆਈ,
ਜ਼ਮਾਨਤ ਬਚਣ ਤੋਂ ਉਹ ਸੀ ਘੱਟ ਬੇਲੀ।
ਪਾਰਟੀ ਆਪ ਨੇ ਮਾਰ ਲਈ ਮਾਰ ਤਕੜੀ,
ਤੰਦਾਂ-ਸੰਗਲ ਗਈ ਸਾਰੇ ਉਹ ਕੱਟ ਬੇਲੀ।
ਆਇਆ ਸਾਹਮਣੇ ਜਦੋਂ ਹੈ ਲੋਕ ਫਤਵਾ,
ਲਿਆ ਮੈਦਾਨ ਫਿਰ ਆਪ ਨੇ ਮਾਰ ਬੇਲੀ।
ਜਿਹੜੇ ਦਾਅਵੇ ਹਵਾਈ ਸਨ ਕਰੀ ਜਾਂਦੇ,
ਡੁੱਬ ਗਏ ਜਾਪਦੇ ਅੱਧ ਵਿਚਕਾਰ ਬੇਲੀ।

-ਤੀਸ ਮਾਰ ਖਾਂ

## ਨਾ 'ਬਜਰੰਗ ਬਲੀ' ਦਾ ਮਿਲਿਆ ਸਾਥ ਨਾ 'ਡਬਲ ਇੰਜਣ' ਚੱਲਿਆ

ਕਰਨਾਟਕ ਚੋਣਾਂ 'ਚ ਭਾਜਪਾ ਚਾਹ ਕੇ ਵੀ ਕਾਂਗਰਸ ਤੋਂ ਪਾਰ ਨਹੀਂ ਜਾ ਸਕੀ। ਬਾਵਜੂਦ ਇਸ ਦੇ ਕੇ ਜਦ ਡਬਲ ਇੰਜਣ ਸਰਕਾਰ ਦੇ ਵਿਕਾਸ ਦਾ ਨਾਅਰਾ ਕਿਤੇ ਵੀ ਠਹਿਰਦਾ ਨਹੀਂ ਦਿਖਾਈ ਦਿੰਦਾ ਤਾਂ ਪ੍ਰਧਾਨ ਮੰਤਰੀ ਮੋਦੀ ਨੇ ਗਾਲ੍ਹਾਂ ਨੂੰ ਵੀ ਮੁੱਦਾ ਬਣਾਉਣ ਦੀ ਕੋਸ਼ਿਸ਼ ਕੀਤੀ, ਉਹ ਵੀ ਦਾਅ ਨਹੀਂ ਚੱਲਿਆ ਤਾਂ ਬਜਰੰਗ ਬਲੀ ਨੂੰ ਵੀ ਚੋਣ ਮੈਦਾਨ 'ਚ ਉਤਰਾਇਆ, ਪਰ ਸ਼ਨੀਵਾਰ ਗਿਣਤੀ ਸ਼ੁਰੂ ਹੁੰਦੇ ਹੀ ਭਾਜਪਾ ਦੇ ਸਾਰੇ ਦਾਅ ਚਿੱਤ ਹੋ ਗਏ। ਕਾਂਗਰਸ ਬਹੁਮਤ ਪ੍ਰਾਪਤ ਕਰਨ 'ਚ ਕਾਮਯਾਬ ਰਹੀ। 224 ਮੈਂਬਰੀ ਅਸੰਬਲੀ 'ਚ ਬਹੁਮਤ ਲਈ 113 ਦੇ ਅੰਕੜੇ ਦੀ ਜ਼ਰੂਰਤ ਸੀ, ਜਿਸ ਨੂੰ ਕਾਂਗਰਸ ਨੇ ਹਾਸਲ ਕਰ ਲਿਆ। ਭਾਜਪਾ ਨੇ ਕਰਨਾਟਕ ਚੋਣਾਂ ਲਈ ਸਾਲ ਪਹਿਲਾਂ ਹੀ ਤਿਆਰੀ ਸ਼ੁਰੂ ਕਰ ਦਿੱਤੀ ਸੀ। ਹਿਜਾਬ ਵਿਵਾਦ ਦੀ ਸ਼ੁਰੂਆਤ ਕਰਨਾਟਕ ਤੋਂ ਹੋਈ ਸੀ। ਬਜਰੰਗ ਦਲ ਅਤੇ ਹੋਰ ਸੰਗਠਨਾਂ ਨੇ ਹਿਜਾਬ ਨੂੰ ਲੈ ਕੇ ਤਿੱਖੇ ਹਮਲੇ ਕੀਤੇ। ਉਸ ਤੋਂ ਬਾਅਦ ਇਹ ਦੁਨੀਆ ਭਰ 'ਚ ਫੈਲ ਗਿਆ। ਭਾਜਪਾ ਨੂੰ ਲੱਗਦਾ ਸੀ ਕਿ ਹਿਜਾਬ ਵਿਵਾਦ ਨਾਲ ਹਿੰਦੂ ਵੋਟਰਾਂ ਨੂੰ ਆਪਣੇ ਵੱਲ ਖਿੱਚ ਲਵਾਂਗੇ, ਪਰ ਇਸ ਤਰ੍ਹਾਂ ਹੋਇਆ ਨਹੀਂ। ਚੋਣਾਂ ਤੋਂ ਪਹਿਲਾਂ ਬਸਵਰਾਜ ਸਰਕਾਰ ਨੇ ਮੁਸਲਮਾਨਾਂ ਨੂੰ ਦਿੱਤੇ ਜਾ ਰਹੇ ਚਾਰ ਫੀਸਦੀ ਰਾਖਵਾਂਕਰਨ ਨੂੰ ਖ਼ਤਮ ਕਰਨ ਦਿੱਤਾ। ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚ ਗਿਆ, ਪਰ ਨਤੀਜੇ ਦੇਖ ਨਹੀਂ ਲੱਗਦਾ ਕਿ ਭਾਜਪਾ ਦਾ ਦਾਅ ਉਸ ਦੇ ਕਿਸੇ ਵੀ ਕੰਮ ਆਇਆ। ਦੱਖਣ ਦੇ ਪੰਜ ਵੱਡੇ ਸੂਬੇ ਕਰਨਾਟਕ, ਆਂਧਰਾ ਪ੍ਰਦੇਸ਼, ਤੇਲੰਗਾਨਾ, ਤਾਮਿਲਨਾਡੂ ਅਤੇ ਕੇਰਲ 'ਚੋਂ ਸਿਰਫ਼ ਕਰਨਾਟਕ ਹੀ ਇਸ ਤਰ੍ਹਾਂ ਦਾ ਸੂਬਾ ਸੀ, ਜਿੱਥੇ ਭਾਜਪਾ ਦੀ ਸੱਤਾ ਸੀ। ਆਂਧਰਾ ਪ੍ਰਦੇਸ਼, ਤੇਲੰਗਾਨਾ, ਤਾਮਿਲਨਾਡੂ ਅਤੇ ਕੇਰਲ 'ਚ ਭਾਜਪਾ ਮਜ਼ਬੂਤ ਨਹੀਂ ਹੈ। ਇਨ੍ਹਾਂ ਸੂਬਿਆਂ 'ਚ ਮਜ਼ਬੂਤ ਸਥਿਤੀ ਬਣਾਉਣ ਲਈ ਆਰ ਐੱਸ ਐੱਸ ਹੱਥ-ਪੈਰ ਮਾਰ ਰਿਹਾ ਹੈ, ਪਰ ਲੱਗਦਾ ਨਹੀਂ ਕਿ ਕੋਈ ਵੱਡੀ ਸਫ਼ਲਤਾ ਉਸ ਦੇ ਹੱਥ ਲੱਗੀ। ਚਾਰ ਸੂਬਿਆਂ 'ਚ ਭਾਜਪਾ ਚਾਹ ਕੇ ਵੀ ਮਜ਼ਬੂਤ ਟੀਮ ਨਹੀਂ ਬਣਾ ਸਕੀ। ਕਰਨਾਟਕ ਦੀ ਸੱਤਾ ਭਾਜਪਾ ਦੇ ਹੱਥੋਂ ਨਿਕਲ ਜਾਣ ਤੋਂ ਉਸ ਦੇ ਮਿਸ਼ਨ ਸਾਊਥ ਨੂੰ ਵੀ ਬਰੇਕਾਂ ਲੱਗ ਗਈਆਂ ਹਨ।

## ਕੇਹਰ ਸ਼ਰੀਫ ਨਹੀਂ ਰਹੇ



**ਜਲੰਧਰ** : ਇਹ ਖ਼ਬਰ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ 'ਨਵਾਂ ਜ਼ਮਾਨਾ' ਦੇ ਸਨੇਹੀ ਤੇ ਲੇਖਕ ਕੇਹਰ ਸ਼ਰੀਫ ਸਦਾ ਲਈ ਵਿਛੋੜਾ ਦੇ ਗਏ। ਉਹ 73 ਸਾਲਾਂ ਦੇ ਸਨ। ਉਹ ਲੰਮੇ ਸਮੇਂ ਤੋਂ ਜਰਮਨੀ ਵਿੱਚ ਰਹਿ ਰਹੇ ਸਨ। ਤਿੰਨ ਹਫ਼ਤੇ ਪਹਿਲਾਂ ਉਨ੍ਹਾ ਨੂੰ ਦਿਲ ਦਾ ਦੌਰਾ ਪਿਆ ਸੀ ਤੇ ਉਹਨਾ ਦੇ ਸਟੰਟ ਪਾਇਆ ਗਿਆ ਸੀ। ਅਪ੍ਰੇਸ਼ਨ ਤੋਂ ਬਾਅਦ ਉਹ ਕੋਮਾ ਵਿੱਚ ਚਲੇ ਗਏ। ਪਿਛਲੀ ਰਾਤ ਉਨ੍ਹਾ ਹਸਪਤਾਲ ਵਿੱਚ ਆਖਰੀ ਸਾਹ ਲਿਆ। ਉਹ ਆਪਣੇ ਪਿੱਛੇ ਪਤਨੀ ਜਸਪਾਲ ਕੌਰ, ਦੋ ਬੇਟੀਆਂ ਤੇ ਇੱਕ ਬੇਟਾ ਛੱਡ ਗਏ ਹਨ। ਕੇਹਰ ਸ਼ਰੀਫ਼ ਉਘੇ ਕਾਲਮ ਨਵੀਸ ਸ਼ਾਮ ਸਿੰਘ 'ਅੰਗਸੰਗ' ਦੇ ਭਰਾ ਸਨ। ਦੇਸ਼ ਰਹਿੰਦਿਆਂ ਉਹ ਕਮਿਊਨਿਸਟ ਪਾਰਟੀ ਨਾਲ ਜੁੜ ਕੇ ਨੌਜਵਾਨ ਸਭਾ ਵਿੱਚ ਕੰਮ ਕਰਦੇ ਰਹੇ। ਉਨ੍ਹਾ ਦੇ ਵਿਛੋੜੇ 'ਤੇ 'ਨਵਾਂ ਜ਼ਮਾਨਾ' ਪਰਵਾਰ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਕੇਹਰ ਸ਼ਰੀਫ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਤਹਿਸੀਲ ਬਲਾਚੌਰ ਦੇ ਪਿੰਡ ਠਠਿਆਲਾ ਢਾਹਾਂ ਦੇ ਜੰਮਪਲ ਸਨ। ਉਨ੍ਹਾ ਦੀ ਅਚਾਨਕ ਮੌਤ 'ਤੇ ਜਰਮਨੀ ਤੋਂ ਵਿਸਾਖਾ ਸਿੰਘ, ਸੁੱਚਾ ਸਿੰਘ ਨਰ, ਅਣਖੀ ਇਬਰਾਹੀਮਪੁਰੀ, ਯੂ ਕੇ ਤੋਂ ਰਘਬੀਰ ਸਿੰਘ ਸੰਧਾਵਾਲੀਆ, ਪਰਮਜੀਤ ਸੰਧਾਵਾਲੀਆ, ਕੇ ਸੀ ਮੋਹਨ, ਰਣਜੀਤ ਧੀਰ, ਗੁਰਪਾਲ ਸਿੰਘ, ਸੁਖਦੇਵ ਸਿੰਘ ਔਜਲਾ, ਸਰਵਣ ਜ਼ਫਰ, ਹਰੀਸ਼ ਮਲਹੋਤਰਾ, ਅਮਰ ਜਿਓਤੀ, ਜਸਵੀਰ ਦੂਹੜਾ ਤੇ ਹਾਲੈਂਡ ਤੋਂ ਜੋਗਿੰਦਰ ਬਾਠ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ।

## ਪਾਕਿ ਨੇ ਰਿਹਾਅ ਕੀਤੇ 198 ਭਾਰਤੀ ਮਛੇਰੇ



**ਅਟਾਰੀ** : ਭਾਰਤ-ਪਾਕਿਸਤਾਨ ਵਿਚਕਾਰ ਹੋਏ ਸਮਝੌਤਿਆਂ ਤਹਿਤ ਪਾਕਿਸਤਾਨ ਸਰਕਾਰ ਵੱਲੋਂ ਵੱਖ-ਵੱਖ ਜੇਲ੍ਹਾਂ 'ਚੋਂ 198 ਭਾਰਤੀ ਮਛੇਰੇ ਰਿਹਾਅ ਕੀਤੇ ਗਏ। ਦੇਰ ਰਾਤ ਵਾਹਗਾ-ਅਟਾਰੀ ਸਰਹੱਦ ਰਸਤੇ ਵਤਨ ਪਰਤੇ। ਵਾਹਗਾ-ਅਟਾਰੀ ਸਰਹੱਦ ਵਿਖੇ ਰੀਟਰੀਟ ਸੈਰੇਮਨੀ ਤੋਂ ਬਾਅਦ ਭਾਰਤੀ ਮਛੇਰਿਆਂ ਨੂੰ ਪਾਕਿਸਤਾਨ ਰੇਂਜਰਜ਼ ਅਧਿਕਾਰੀ ਵੱਲੋਂ ਸੀਮਾ ਸੁਰੱਖਿਆ ਬਲ ਦੇ ਅਧਿਕਾਰੀ ਦੇ ਹਵਾਲੇ ਕੀਤਾ ਗਿਆ। ਜਾਣਕਾਰੀ ਅਨੁਸਾਰ ਭਾਰਤੀ ਮਛੇਰੇ ਕਰਾਚੀ ਸਥਿਤ ਮਲੀਰ ਤੇ ਲਾਂਡੀ ਜੇਲ੍ਹਾਂ 'ਚ ਪਿਛਲੇ 18 ਮਹੀਨਿਆਂ ਤੋਂ ਲੈ ਕੇ 30 ਮਹੀਨਿਆਂ ਤੋਂ ਬੰਦ ਸਨ, ਜੋ ਭਾਰਤ ਤੋਂ ਸਮੁੰਦਰ ਰਸਤੇ ਮੱਛੀਆਂ ਫੜਦੇ ਹੋਏ ਪਾਕਿਸਤਾਨੀ ਖੇਤਰ ਦੇ ਪਾਣੀਆਂ 'ਚ ਦਾਖਲ ਹੋਣ ਸਮੇਂ ਗ੍ਰਿਫ਼ਤਾਰ ਕੀਤੇ ਗਏ ਸਨ। ਅਟਾਰੀ ਸਰਹੱਦ ਵਿਖੇ ਭਾਰਤੀ ਮਛੇਰਿਆਂ ਦੀ ਕਸਟਮ ਵਿਭਾਗ ਦੀ ਪ੍ਰਕਿਰਿਆ ਮੁਕੰਮਲ ਹੋਣ ਉਪਰੰਤ ਉਨ੍ਹਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਅੰਮ੍ਰਿਤਸਰ ਦੇ ਅਧਿਕਾਰੀ ਦੇ ਹਵਾਲੇ ਕੀਤਾ ਗਿਆ।

## ਉੜੀ 'ਚ ਅੱਤਵਾਦੀਆਂ ਦੀ ਘੁਸਪੈਠ ਨਾਕਾਮ

**ਜੰਮੂ ਕਸ਼ਮੀਰ** : ਸੁਰੱਖਿਆ ਬਲਾਂ ਨੇ ਸ਼ਨੀਵਾਰ ਜੰਮੂ-ਕਸ਼ਮੀਰ ਦੇ ਉੜੀ ਸੈਕਟਰ 'ਚ ਕੰਟਰੋਲ ਰੇਖਾ 'ਤੇ ਘੁਸਪੈਠ ਨੂੰ ਨਾਕਾਮ ਕਰ ਦਿੱਤਾ, ਪਰ ਇਸ ਗੋਲੀਬਾਰੀ 'ਚ ਥਲ ਸੈਨਾ ਦਾ ਜੇ ਸੀ ਓ ਜ਼ਖਮੀ ਹੋ ਗਿਆ, ਜਿਸ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ। ਅੱਤਵਾਦੀਆਂ ਨੇ ਸ਼ਨੀਵਾਰ ਤੜਕੇ ਬਾਰਾਮੂਲਾ ਦੇ ਉੜੀ ਸੈਕਟਰ 'ਚ ਘੁਸਪੈਠ ਦੀ ਕੋਸ਼ਿਸ਼ ਕੀਤੀ, ਪਰ ਚੌਕਸ ਜਵਾਨਾਂ ਨੇ ਉਨ੍ਹਾਂ ਨੂੰ ਨਾਕਾਮ ਕਰ ਦਿੱਤਾ।

page-6-14-(MAY)-2023-G-(BV).qxd 5/13/2023 10:27 PM Page 1



# ਜਨ ਸੰਪਰਕ ਮੁਹਿੰਮ ਤਹਿਤ ਮਲੌਦ ਬਲਾਕ ਦੇ ਪਿੰਡਾਂ 'ਚ ਝੰਡਾ ਮਾਰਚ



ਮਲੌਦ/ਲੁਧਿਆਣਾ(ਐਮ.ਐਸ.ਭਾਟੀਆ/ਰੈਕਟਰ ਕਥੂਰੀਆ)- ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਵੱਲੋਂ ਦੇਸ਼ ਭਰ ਵਿੱਚ 14 ਅਪ੍ਰੈਲ ਤੋਂ 15 ਮਈ ਤੱਕ ਚੱਲ ਰਹੀ ਜਨ ਸੰਪਰਕ ਮੁਹਿੰਮ ਤਹਿਤ ਮਲੌਦ ਬਲਾਕ ਦੇ ਵੱਖ-ਵੱਖ ਪਿੰਡਾਂ ਵਿੱਚ ਝੰਡਾ ਮਾਰਚ ਕਰਕੇ ਰੈਲੀਆਂ ਕੀਤੀਆਂ ਗਈਆਂ ਜਿਸ ਵਿੱਚ ਇਲਾਕੇ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਸੰਬੋਧਨ ਕਰਦਿਆਂ ਜ਼ਿਲ੍ਹਾ ਸਕੱਤਰ ਕਾਮਰੇਡ ਡੀ.ਪੀ.ਮੌੜ ਨੇ ਕਿਹਾ ਕਿ ਜਦੋਂ ਦੀ ਮੋਦੀ ਸਰਕਾਰ ਸੱਤਾ ਵਿੱਚ ਆਈ ਹੈ, ਦੇਸ਼ ਦੀ ਡਿਗ ਰਹੀ ਆਰਥਕਤਾ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡਿਆ ਜਾ ਰਿਹਾ ਹੈ। ਆਮ ਲੋਕਾਂ ਦਾ ਜੀਵਨ ਦੁੱਭਰ ਹੋ ਗਿਆ ਹੈ। ਲਗਾਤਾਰ ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਨੋਟਬੰਦੀ, ਜੀ ਐਸ ਟੀ ਅਤੇ ਕਰੋਨਾ ਦੌਰਾਨ ਕੁਪ੍ਰਬੰਧ ਨੇ ਆਮ ਲੋਕਾਂ ਅਤੇ ਛੋਟੇ ਕਾਰੋਬਾਰੀਆਂ ਨੂੰ ਹੋਰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਗੈਸ ਸਿਲੰਡਰ ਜੋ 2014 ਵਿੱਚ 400 ਰੁਪਏ ਦਾ ਸੀ ਉਹ 1150 ਰੁਪਏ ਦਾ ਹੋ ਗਿਆ ਹੈ; ਪੈਟਰੋਲ ਜੋ 60 ਰੁਪਏ ਦਾ ਸੀ 100 ਰੁਪਏ ਨੂੰ ਵੀ ਟੱਪ ਗਿਆ ਹੈ; ਜੇ ਮੋਦੀ ਸਰਕਾਰ 2024 ਵਿੱਚ ਦੁਬਾਰਾ ਆਈ ਤਾਂ ਗੈਸ ਸਿਲੰਡਰ 4000 ਰੁਪਏ ਤੇ ਪੈਟਰੋਲ 300 ਰੁਪਏ ਤੋਂ ਘੱਟ ਨਹੀਂ ਮਿਲੇਗਾ। ਦਾਲਾਂ ਤੇ ਹੋਰ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਵਿੱਚ ਅਥਾਹ ਵਾਧਾ ਹੋਇਆ ਅਤੇ ਹੋਰ ਲੋੜੀਂਦੀਆਂ ਵਸਤਾਂ ਦੀਆਂ ਕੀਮਤਾਂ ਦਾ ਵੀ ਇਹੋ ਹਾਲ ਹੈ। ਮੋਦੀ ਸਰਕਾਰ ਦੇਸ਼ ਦੀਆਂ ਸਾਰੀਆਂ ਸੰਵਿਧਾਨਕ ਸੰਸਥਾਵਾਂ ਨੂੰ ਤਹਿਸ-ਨਹਿਸ ਕਰ ਕੇ ਦੇਸ਼ ਨੂੰ ਤਾਨਾਸ਼ਾਹੀ ਵੱਲ ਲਿਜਾ ਰਹੀ ਹੈ। ਆਮ ਜਨਤਾ, ਮਜ਼ਦੂਰ, ਮੁਲਾਜ਼ਮ, ਕਿਸਾਨ, ਔਰਤਾਂ, ਨੌਜਵਾਨ ਅਤੇ ਛੋਟੇ ਕਾਰੋਬਾਰੀ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਛੱਡ ਕੇ ਸਿਰਫ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਏ ਜਾ ਰਹੇ ਹਨ। ਦੇਸ਼ ਦਾ ਸਰਮਾਇਆ ਅਡਾਨੀਆਂ ਅੰਬਾਨੀਆਂ ਨੂੰ ਲੁਟਾਇਆ ਜਾ ਰਿਹਾ ਹੈ। ਸਾਰੀਆਂ ਨੌਕਰੀਆਂ ਠੇਕੇ 'ਤੇ ਦਿੱਤੀਆਂ ਜਾ ਰਹੀਆਂ ਹਨ। ਅੱਜ ਮਲੌਦ ਬਲਾਕ ਦੇ 10 ਪਿੰਡਾਂ ਦੇ ਇਸ ਦੌਰੇ ਦੌਰਾਨ 14 ਮਈ ਨੂੰ ਪੰਧੇਰ ਖੇੜੀ ਵਿਖੇ ਕਾਮਰੇਡ ਗੁਰਮੇਲ ਹੁੰਝਣ ਅਤੇ ਜੋਗਿੰਦਰ ਸਿੰਘ ਦੀ ਸਾਲਾਨਾ ਬਰਸੀ 'ਤੇ ਲੋਕਾਂ ਨੂੰ ਪਹੁੰਚਣ ਦੀ ਅਪੀਲ ਕੀਤੀ ਗਈ। ਰੈਲੀਆਂ ਨੂੰ ਪਾਰਟੀ ਦੇ ਜ਼ਿਲ੍ਹੇ ਦੇ ਆਗੂ ਕਾਮਰੇਡ ਐਮ ਐਸ ਭਾਟੀਆ, ਰਮੇਸ਼ ਰਤਨ, ਬਲਾਕ ਸਕੱਤਰ ਕਾਮਰੇਡ ਭਗਵਾਨ ਸਿੰਘ, ਸੋਮਲ ਖੇੜੀ,ਜ਼ਿਲ੍ਹਾ ਕਾਰਜਕਾਰਨੀ ਮੈਂਬਰ ਪ੍ਰਿੰ. ਜਗਜੀਤ ਸਿੰਘ ਰਾਮਗੜ੍ਹ ਸਰਦਾਰਾਂ, ਜ਼ਿਲ੍ਹਾ ਕਾਰਜਕਾਰਨੀ ਮੈਂਬਰ ਕਾਮਰੇਡ ਕੁਲਵੰਤ ਸਿੰਘ ਪੰਧੇਰ ਖੇੜੀ, ਕਾਮਰੇਡ ਗੁਰਮੇਲ ਸਿੰਘ ਮੇਲੀ ਅਤੇ ਬਲਜੀਤ ਸਿੰਘ ਸੀਹਾਂਦੌਦ ਨੇ ਸੰਬੋਧਨ ਕੀਤਾ। ਹੋਰਨਾਂ ਤੋਂ ਇਲਾਵਾ ਨਛੱਤਰ ਸਿੰਘ ਪੰਧੇਰ ਖੇੜੀ, ਸੌਦਾਗਰ ਸਿੰਘ ਸਹਾਰਨ ਮਾਜਰਾ, ਮਲਕੀਤ ਸਿੰਘ ਰਾਮਗੜ੍ਹ ਸਰਦਾਰਾਂ, ਦਰਬਾਰਾ ਸਿੰਘ ਰਾਮਗੜ੍ਹ ਸਰਦਾਰਾਂ, ਚੰਦ ਸਿੰਘ ਰਾਮਗੜ੍ਹ ਸਰਦਾਰਾਂ, ਕੁਲਦੀਪ ਸਿੰਘ ਚੁੰਮੋ, ਜਸਬੀਰ ਸਿੰਘ ਮਲੌਦ, ਰਾਮ ਸਿੰਘ ਸੋਮਲ ਖੇੜੀ, ਜਸਬੀਰ ਸਿੰਘ ਰੋੜੀਆਂ, ਕੁਲਦੀਪ ਸਿੰਘ ਕਿਲਾ ਰਾਏਪੁਰ, ਜੰਗ ਸਿੰਘ ਸਿਰਥਲਾ, ਬੰਤ ਸਿੰਘ ਕੂਹਲੀ ਕਲਾਂ, ਗੁਰਦੀਪ ਸਿੰਘ, ਮਨਦੀਪ ਸਿੰਘ, ਸੰਦੀਪ ਸਿੰਘ ਅਤੇ ਗੁਰਵਿੰਦਰ ਸਿੰਘ ਪੰਧੇਰ ਖੇੜੀ ਇਸ ਝੰਡਾ ਮਾਰਚ ਵਿੱਚ ਸ਼ਾਮਲ ਸਨ।

# ਖੇਤਾਂ 'ਚੋਂ ਪੰਜ ਸਾਲਾ ਲੜਕੀ ਦੀ ਲਾਸ਼ ਮਿਲਣ ਕਾਰਨ ਇਲਾਕੇ 'ਚ ਸਨਸਨੀ



ਖੰਨਾ, (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂ)- ਪੁਲਸ ਜ਼ਿਲ੍ਹਾ ਖੰਨਾ ਅਧੀਨ ਪੈਂਦੀ ਪੁਲਸ ਚੌਕੀ ਕੋਟਾਂ ਪਿੰਡ ਮੰਡਿਆਲਾ ਕਲਾਂ ਦੇ ਖੇਤਾਂ 'ਚੋਂ ਇਕ 5 ਸਾਲਾ ਨਬਾਲਗ ਲੜਕੀ ਦੀ ਲਾਸ਼ ਮਿਲਣ ਕਾਰਨ ਇਲਾਕੇ 'ਚ ਸਨਸਨੀ ਫੈਲ ਗਈ। ਪੁਲਸ ਚੌਕੀ ਇੰਚਾਰਜ ਥਾਣੇਦਾਰ ਸੁਖਵਿੰਦਰਪਾਲ ਸਿੰਘ ਨੇ ਕਿਹਾ ਗਿ ਮ੍ਰਿਤਕ ਲੜਕੀ ਜੋਤੀ ਆਪਣੀ ਮਾਂ ਦੀ ਮੌਤ ਤੋਂ ਬਾਅਦ ਪਿਛਲੇ ਛੇ ਮਹੀਨਿਆਂ ਤੋਂ ਆਪਣੇ ਪਿਤਾ ਨਾਲ ਸਰਪੰਚ ਭਗਵੰਤ ਸਿੰਘ ਮਾਂਗਟ ਅਤੇ ਸੁਖਵਿੰਦਰ ਸਿੰਘ ਮੰਡਿਆਲਾ ਕਲਾਂ ਦੇ ਖੇਤਾਂ 'ਚ ਬਣੀ ਮੋਟਰ 'ਤੇ ਰਹਿੰਦੀ ਸੀ। ਬੀਤੇ ਦੋ ਦਿਨ ਪਹਿਲਾਂ ਇਹ ਲੜਕੀ ਪਿੰਡ ਦੀ ਕਰਿਆਨੇ ਵਾਲੀ ਦੁਕਾਨ ਤੋਂ ਕੁਝ ਘਰੇਲੂ ਸਮਾਨ ਲੈਣ ਗਈ ਸੀ। ਜਦੋਂ ਮ੍ਰਿਤਕ ਲੜਕੀ ਦੁਕਾਨ ਤੋਂ ਸਮਾਨ ਲੈ ਕੇ ਘਰ ਵਾਪਸ ਨਾ ਪਹੁੰਚੀ ਪਰਵਾਰ ਵਾਲਿਆਂ ਨੇ ਲੜਕੀ ਦੀ ਭਾਲ ਸ਼ੁਰੂ ਕਰ ਦਿੱਤੀ। ਇਸ ਦੀ ਸੂਚਨਾ ਪੁਲਿਸ ਚੌਕੀ ਕੋਟਾਂ ਦੇ ਇੰਚਾਰਜ ਥਾਣੇਦਾਰ ਸੁਖਵਿੰਦਰਪਾਲ ਸਿੰਘ ਨੂੰ ਵੀ ਦਿੱਤੀ ਗਈ। ਬੀਤੀ ਰਾਤ ਜਦੋਂ ਥਾਣੇਦਾਰ ਸੁਖਵਿੰਦਰਪਾਲ ਸਿੰਘ ਆਪਣੀ ਪੁਲਸ ਪਾਰਟੀ ਸਮੇਤ ਘਟਨਾ ਸਥਾਨ ਦਾ ਦੌਰਾ ਕਰਨਾ ਆਏ ਸੀ ਤਾਂ ਜਿੱਥੇ ਇਹ ਪ੍ਰਵਾਸੀ ਮਜ਼ਦੂਰ ਰਹਿ ਰਹੇ ਸੀ ਉਸ ਦੇ ਨਾਲ ਹੀ ਖੇਤ ਵਿੱਚ ਮੱਕੀ ਦੀ ਫਸਲ ਬੀਜੀ ਹੋਈ ਹੈ। ਪੁਲਸ ਨੂੰ ਕੁਝ ਜੰਗਲੀ ਜਾਨਵਰ ਫਿਰਦੇ ਦਿਖਾਈ ਦਿੱਤੇ। ਅੱਜ ਸਵੇਰ ਤੋਂ ਹੀ ਪੁਲਸ ਚੌਕੀ ਕੋਟਾਂ ਦੇ ਇੰਚਾਰਜ ਥਾਣੇਦਾਰ ਸੁਖਵਿੰਦਰ ਸਿੰਘ ਆਪਣੀ ਪਾਰਟੀ ਸਮੇਤ ਮੱਕੀ ਦੇ ਖੇਤਾਂ ਦੀ ਜਾਂਚ ਕਰ ਰਹੇ ਸੀ ਤਾਂ ਲੜਕੀ ਦੀ ਲਾਸ਼ ਦਿਖਾਈ ਦਿੱਤੀ। ਥਾਣੇਦਾਰ ਸੁਖਵਿੰਦਰਪਾਲ ਸਿੰਘ ਨੇ ਉਪਰੋਕਤ ਇਸ ਘਟਨਾ ਦੀ ਜਾਣਕਾਰੀ ਉੱਚ ਅਧਿਕਾਰੀਆਂ ਨਾਲ ਸਾਂਝੀ ਕੀਤੀ। ਘਟਨਾ ਸਥਾਨ 'ਤੇ ਪਹੁੰਚੇ ਐਸ ਪੀ ਡਾ. ਪ੍ਰਗਿਆ ਜੈਨ , ਡੀ ਐਸ ਪੀ ਖੰਨਾ ਕਰਨੈਲ ਸਿੰਘ, ਐਸ ਐਚ ਓ ਸਦਰ ਖੰਨਾ ਇੰਸਪੈਕਟਰ ਹਰਦੀਪ ਸਿੰਘ, ਐਸ ਐਚ ਓ ਸਿਟੀ 2 ਇੰਸਪੈਕਟਰ ਨਛੱਤਰ ਸਿੰਘ ਨੇ ਬਰੀਕੀ ਨਾਲ ਜਾਂਚ ਕੀਤੀ।

ਚੌਕੀ ਕੋਟਾਂ ਦੇ ਇੰਚਾਰਜ ਥਾਣੇਦਾਰ ਸੁਖਵਿੰਦਰ ਸਿੰਘ ਵੱਲੋਂ ਮ੍ਰਿਤਕ ਲੜਕੀ ਦੀ ਲਾਸ਼ ਕਬਜ਼ੇ ਵਿਚ ਲੈ ਕੇ ਲੜਕੀ ਦੇ ਪਿਤਾ ਦੇ ਬਿਆਨਾਂ ਦੇ ਅਧਾਰ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ। ਸਿਵਲ ਹਸਪਤਾਲ ਖੰਨਾ ਤੋਂ ਪੋਸਟਮਾਰਟਮ ਕਰਵਾ ਕੇ ਵਾਰਸਾਂ ਦੇ ਸਹਿਯੋਗ ਨਾਲ ਪੁਲਸ ਦੀ ਹਾਜ਼ਰੀ ਵਿੱਚ ਸਸਕਾਰ ਕਰ ਦਿੱਤਾ ਗਿਆ। ਐਸ ਪੀ (ਐਚ ) ਡਾ. ਪ੍ਰਗਿਆ ਜੈਨ ਨੇ ਕਿਹਾ ਕਿ ਖੰਨਾ ਪੁਲਸ ਵੱਲੋਂ ਵੱਖ ਵੱਖ ਟੀਮਾਂ ਬਣਾ ਕੇ ਜਾਂਚ ਕੀਤੀ ਗਈ ਹੈ। ਡਾਕਟਰਾਂ ਦੀ ਰਿਪੋਰਟ ਆਉਣ ਤੋਂ ਬਾਅਦ ਸਾਰੇ ਮਾਮਲੇ ਦੀ ਸਚਾਈ ਸਾਹਮਣੇ ਆ ਜਾਵੇਗੀ।

# ਹਲਕਾ ਸ਼ਾਹਕੋਟ 'ਚ ਅਕਾਲੀ-ਬਸਪਾ ਨਮੋਸ਼ੀ ਦੇ ਆਲਮ 'ਚ

ਸ਼ਾਹਕੋਟ(ਗਿਆਨ ਸੈਦਪੁਰੀ)-ਲੋਕ ਸਭਾ ਹਲਕਾ ਜਲੰਧਰ ਦੀ 2019 'ਚ ਹੋਈ ਚੋਣ ਅਤੇ 2023 ਦੀ ਜ਼ਿਮਨੀ ਚੋਣ 'ਚ ਵਿਧਾਨ ਸਭਾ ਹਲਕਾ ਸ਼ਾਹਕੋਟ ਦੀਆਂ ਵੱਖ ਵੱਖ ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ ਵੱਲ ਨਜ਼ਰ ਮਾਰਿਆਂ ਅਕਾਲੀ ਦਲ (ਬਾਦਲ) ਦੀ ਹਾਲਤ ਕਾਫੀ ਪਤਲੀ ਹੋਈ ਦਿਸਦੀ ਹੈ। ਆਮ ਆਦਮੀ ਪਾਰਟੀ 'ਚ ਵੱਡਾ ਉਭਾਰ ਆਇਆ ਹੈ। 2019 ਵਿੱਚ ਕਾਂਗਰਸ ਪਾਰਟੀ ਵੱਲੋਂ ਚੌਧਰੀ ਸੰਤੋਖ ਸਿੰਘ, ਅਕਾਲੀ ਦਲ ਵੱਲੋਂ ਡਾ. ਚਰਨਜੀਤ ਸਿੰਘ ਅਟਵਾਲ, ਆਪ ਵੱਲੋਂ ਜਸਟਿਸ ਜੋਰਾ ਸਿੰਘ ਅਤੇ ਬਸਪਾ ਵੱਲੋਂ ਐਡਵੋਕੇਟ ਬਲਵਿੰਦਰ ਕੁਮਾਰ ਚੋਣ ਮੈਦਾਨ ਵਿੱਚ ਸਨ। ਉਸ ਮੌਕੇ ਅਕਾਲੀ ਦਲ ਦਾ ਭਾਜਪਾ ਨਾਲ ਗੱਠਜੋੜ ਸੀ ਤੇ ਇਸ ਵਾਰ ਬਸਪਾ ਨਾਲ। 2019 ਵਿੱਚ ਕਾਂਗਰਸ ਪਾਰਟੀ ਨੇ ਹਲਕਾ ਸ਼ਾਹਕੋਟ ਤੋਂ 57979 ਵੋਟਾਂ, ਅਕਾਲੀ ਦਲ-ਭਾਜਪਾ ਨੇ 38521 ਵੋਟਾਂ, ਆਪ ਨੇ ਸਿਰਫ 4020 ਵੋਟਾਂ ਅਤੇ ਬਸਪਾ ਨੇ 7704 ਵੋਟਾਂ ਪ੍ਰਾਪਤ ਕੀਤੀਆਂ ਸਨ। ਇਸ ਵਾਰ ਆਪ ਦੇ ਸੁਸ਼ੀਲ ਰਿੰਕੂ ਨੇ ਸ਼ਾਹਕੋਟ ਹਲਕੇ ਤੋਂ 36010 ਵੋਟਾਂ ਪ੍ਰਾਪਤ ਕਰਕੇ ਪਿਛਲੇ ਧੋਣੇ ਧੋ ਦਿੱਤੇ ਹਨ। ਕਾਂਗਰਸ ਨੇ 35737 ਵੋਟਾਂ ਲੈ ਕੇ ਆਪਣੀ ਸਾਖ ਕਾਇਮ ਰੱਖੀ ਹੈ। ਭਾਜਪਾ ਦੇ ਇੰਦਰ ਇਕਬਾਲ ਸਿੰਘ ਅਟਵਾਲ ਨੇ 7119 ਵੋਟਾਂ ਪ੍ਰਾਪਤ ਕਰਕੇ ਇਸ ਪੇਂਡੂ ਤੇ ਪੰਥਕ ਮੰਨੇ ਜਾਂਦੇ ਰਹੇ ਹਲਕੇ ਵਿੱਚ ਪਾਰਟੀ ਦਾ ਅਧਾਰ ਕਾਇਮ ਕੀਤਾ ਹੈ। ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਗੁਰਜੰਟ ਸਿੰਘ ਕੱਟੂ ਨੇ 4337 ਵੋਟਾਂ ਲੈ ਕੇ ਪਾਰਟੀ ਦੀ ਪਹਿਲੀ ਸਿਆਸੀ ਜ਼ਮੀਨ ਨੂੰ ਖੁੱਸਣ ਨਹੀ ਦਿੱਤਾ। ਅਕਾਲੀ ਦਲ (ਬਾਦਲ) ਬਸਪਾ ਦੇ ਸਾਥ ਦੇ ਬਾਵਜੂਦ ਬਹੁਤ ਹੇਠਾਂ ਆ ਗਿਆ ਹੈ। 2019 ਵਿੱਚ ਡਾ. ਚਰਨਜੀਤ ਸਿੰਘ ਅਟਵਾਲ ਨੇ ਅਕਾਲੀ-ਭਾਜਪਾ ਗੱਠਜੋੜ ਲਈ 38521 ਵੋਟਾਂ ਪ੍ਰਾਪਤ ਕੀਤੀਆਂ ਸਨ। ਅਕਾਲੀ ਦਲ (ਬਾਦਲ) 2019 ਵਿੱਚ ਪ੍ਰਾਪਤ ਵੋਟ ਅੰਕੜੇ ਦੇ ਅੱਧ ਵਿੱਚ ਵੀ ਨਹੀਂ ਪਹੁੰਚ ਸਕਿਆ। ਡਾ. ਸੁੱਖੀ ਦੇ ਹਿੱਸੇ ਹਲਕਾ ਸ਼ਾਹਕੋਟ ਵਿੱਚੋਂ 19106 ਵੋਟਾਂ ਹੀ ਆਈਆਂ ਹਨ। ਹਲਕੇ ਵਿੱਚ ਅਕਾਲੀ ਦਲ ਦੀ ਕਾਰਗੁਜ਼ਾਰੀ ਤੋਂ ਵੋਟ ਘੱਟ ਜਾਣ ਦੇ ਅੰਦਾਜ਼ੇ ਤਾਂ ਲੋਕ ਲਾਉਂਦੇ ਸਨ ਪਰ 2019 ਦੇ ਮੁਕਾਬਲੇ ਅੱਧ ਵਿੱਚ ਆ ਜਾਣਗੇ, ਇਹ ਕਿਸੇ ਨੇ ਕਿਆਸਿਆ ਹੀ ਨਹੀਂ ਸੀ।

# ਅਲੈਕਸ ਇੰਸਟੀਚਿਊਟ ਨਿੱਕੇ ਘੁੰਮਣ ਦੇ ਪੀ ਟੀ ਈ ਦੇ ਨਤੀਜੇ ਸ਼ਾਨਦਾਰ



ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)-ਪੇਂਡੂ ਖੇਤਰ ਅੰਦਰ ਚੰਗਾ ਨਾਮਣਾ ਖੱਟ ਰਿਹਾ ਅਲੈਕਸ ਇੰਸਟੀਚਿਊਟ ਨਿੱਕੇ ਘੁੰਮਣ ਦੇ ਵਿਦਿਆਰਥੀਆਂ ਪੀ.ਟੀ.ਈ. ਵਿੱਚੋਂ ਚੰਗੇ ਨੰਬਰ ਲੈ ਕੇ ਪਾਸ ਹੋ ਰਹੇ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਇੰਸਟੀਚਿਊਟ ਦੇ ਐਮ.ਡੀ ਮੈਡਮ ਪਰਮਿੰਦਰ ਕੌਰ ਨੇ ਦੱਸਿਆ ਕਿ ਇਸ ਸੈਂਟਰ ਵਿੱਚ ਅੱਜ ਤੱਕ ਬਹੁਤ ਸਾਰੇ ਵਿਦਿਆਰਥੀ ਆਈਲੈਟਸ ਅਤੇ ਪੀ.ਟੀ.ਈ. ਕਰ ਕੇ ਚੰਗੇ ਮੁਕਾਮ ਹਾਸਲ ਕਰ ਚੁੱਕੇ ਹਨ ਅਤੇ ਹੁਣ ਵੀ ਬਹੁਤ ਸਾਰੇ ਵਿਦਿਆਰਥੀ ਪੀ.ਟੀ.ਈ. ਦਾ ਪੇਪਰ ਦੇ ਚੁੱਕੇ ਹਨ ਅਤੇ ਬਹੁਤ ਵਧੀਆ ਨੰਬਰ ਲੈ ਚੁੱਕੇ ਹਨ। ਇਸ ਸੰਬੰਧੀ ਆਏ ਨਤੀਜਿਆਂ ਵਿੱਚ ਸਾਹਿਲਪ੍ਰੀਤ ਸਿੰਘ ਨੇ ਪੀ.ਟੀ.ਈ. ਵਿੱਚ ਓਵਰਆਲ 6.5 ਬੈਂਡ ਲਏ ਹਨ। ਮੈਡਮ ਪਰਮਿੰਦਰ ਕੌਰ ਨੇ ਦੱਸਿਆ ਕਿ ਇਸ ਸੈਂਟਰ ਵਿੱਚ ਗਰੀਬ ਅਤੇ ਪੜ੍ਹਾਈ ਵਿੱਚ ਹੁਸ਼ਿਆਰ ਵਿਦਿਆਰਥੀਆਂ ਦੀਆਂ ਫੀਸਾਂ ਵਿੱਚ ਵੀ ਰਿਆਇਤ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਹੁਣ ਵਿਦਿਆਰਥੀਆਂ ਨੂੰ ਚੰਗੀ ਪੜ੍ਹਾਈ ਕਰਨ ਲਈ ਸ਼ਹਿਰ ਜਾਣ ਦੀ ਜ਼ਰੂਰਤ ਨਹੀਂ ਹੈ। ਉਹ ਆਪਣੇ ਪਿੰਡ ਦੇ ਸੈਂਟਰ ਨਿੱਕੇ ਘੁੰਮਣ ਤੋਂ ਵੀ ਵਧੀਆ ਪੜ੍ਹਾਈ ਕਰ ਕੇ ਆਪਣੇ ਸੁਪਨੇ ਸਫਲ ਕਰ ਸਕਦੇ ਹਨ। ਇਸ ਮੌਕੇ ਮੈਡਮ ਨਵਜੋਤ ਕੌਰ, ਮੈਡਮ ਬਲਜੀਤ ਕੌਰ, ਪਵਨਦੀਪ ਕੌਰ, ਗੁਰਇਕਬਾਲ ਸਿੰਘ, ਰਣਜੀਤ ਸਿੰਘ ਆਦਿ ਹਾਜ਼ਰ ਹੋਏ।

# ਬਲਜਿੰਦਰ ਕੌਰ ਬੱਲ ਵੱਲੋਂ ਵੱਖ-ਵੱਖ ਸਕੂਲਾਂ ਨੂੰ ਪੁਸਤਕਾਂ ਭੇਟ



ਬੁਤਾਲਾ (ਨਿਰਮਲ ਸੰਘਾ)-ਕਿਸੇ ਵੀ ਕੌਮ ਦੀ ਪਛਾਣ ਉਸ ਦੇ ਇਤਿਹਾਸ, ਸੱਭਿਆਚਾਰ ਅਤੇ ਮਾਂ ਬੋਲੀ ਤੋਂ ਹੁੰਦੀ ਹੈ। ਉਕਤ ਸਤਰਾਂ ਦਾ ਪ੍ਰਗਟਾਵਾ ਮਾਝਾ ਸੱਥ ਬੁਤਾਲਾ ਦੇ ਲੇਖਿਕਾ ਮੈਡਮ ਬਲਜਿੰਦਰ ਕੌਰ ਬੱਲ ਬੁਤਾਲਾ ਨੇ ਪ੍ਰੈੱਸ ਕੋਲ ਕੀਤਾ। ਉਨ੍ਹਾਂ ਨੇ ਦੱਸਿਆ ਹੈ ਕਿ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਬੇਹੱਦ ਚਿੰਤਤ ਹਨ। ਮਾਂ ਬੋਲੀ ਤੋਂ ਬੱਚੇ ਨੂੰ ਦੂਰ ਕਰਨਾ ਸਿੱਧਾ ਅਰਥ ਨਸਲਾਂ ਨੂੰ ਉਨ੍ਹਾਂ ਦੇ ਸੱਭਿਆਚਾਰ, ਵਿਰਸੇ ਤੋਂ ਦੂਰ ਕਰਨਾ ਹੈ। ਮੈਡਮ ਬੱਲ ਨੇ ਦੱਸਿਆ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਸਠਿਆਲਾ ਦੇ ਓ. ਐਸ. ਡੀ. ਤੇਜਿੰਦਰ ਕੌਰ ਸ਼ਾਹੀ, ਸ਼ਹੀਦ ਇੰਸਪੈਕਟਰ ਰਘਬੀਰ ਸਿੰਘ ਸਰਕਾਰੀ ਸੀਨੀ: ਸੈਕੰਡਰੀ ਸਕੂਲ ਸਠਿਆਲਾ ਦੀ ਪ੍ਰਿੰਸੀਪਲ ਅਵਤਾਰ ਕੌਰ , ਸ.ਕੰ.ਹ.ਸ. ਸਠਿਆਲਾ ਦੇ ਵਾਈਸ ਹੈੱਡ ਮਾਸਟਰ ਜਗੀਰ ਸਿੰਘ ਸਫਰੀ ਤੇ ਹੋਰ ਸਕੂਲ ਦੇ ਪ੍ਰਿੰਸੀਪਲਾਂ ਨੂੰ ਤਿੰਨ-ਤਿੰਨ ਪੁਸਤਕਾਂ ਭੇਟ ਕੀਤੀਆ ਹਨ ਤਾਂ ਕਿ ਬੱਚੇ ਸਕੂਲਾਂ ਦੀਆਂ ਲਾਇਬ੍ਰੇਰੀਆ ਵਿਚੋਂ ਚੰਗਾ ਸਾਹਿਤ ਪੜ੍ਹ ਸਕਣ। ਇਸ ਮੌਕੇ ਪ੍ਰੋ: ਸਤਬੀਰ ਸਿੰਘ ਮੱਤੇਵਾਲ, ਨਰਿੰਦਰ ਧੀਰ, ਹਰਵਿੰਦਰ ਸਿੰਘ, ਮੈਡਮ ਰਿੰਪਲ ਅਤੇ ਵਰਿੰਦਰਪਾਲ ਸਿੰਘ ਆਦਿ ਹਾਜ਼ਰ ਸਨ।

# ਮੋਟਰਸਾਈਕਲ ਚੋਰੀ ਕਰਨ ਵਾਲੇ ਗੈਂਗ ਦੇ 4 ਮੈਂਬਰ ਗ੍ਰਿਫਤਾਰ

ਫਗਵਾੜਾ, (ਇੰਦਰਜੀਤ ਸਿੰਘ ਮਠਾੜੂ)-ਰਾਜਪਾਲ ਸਿੰਘ ਸੰਧੂ ਆਈ.ਪੀ.ਐਸ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਹਰਵਿੰਦਰ ਸਿੰਘ ਐੱਸ ਪੀ ਡੀ ਕਪੂਰਥਲਾ, ਮੁਖਤਿਆਰ ਰਾਏ ਪੀ ਪੀ ਐੱਸ ਪੁਲਸ ਕਪਤਾਨ ਅਤੇ ਜਸਪ੍ਰੀਤ ਸਿੰਘ (ਪੀ ਪੀ ਐੱਸ) ਉਪ ਪੁਲਸ ਕਪਤਾਨ ਸਬ-ਡਵੀਜਨ ਫਗਵਾੜਾ ਦੀ ਯੋਗ ਅਗਵਾਈ ਵਿੱਚ ਸਬ-ਇੰਸਪੈਕਟਰ ਅਮਨਦੀਪ ਨਾਹਰ ਮੁੱਖ ਅਫਸਰ ਥਾਣਾ ਸਿਟੀ ਫਗਵਾੜਾ ਵੱਲੋਂ ਲੁੱਟਾਂ-ਖੋਹਾਂ/ਨਸ਼ਾ ਤਸਕਰ ਕਰਨ ਵਾਲੇ ਵਿਅਕਤੀਆਂ ਖਿਲਾਫ ਸਪੈਸ਼ਲ ਮੁਹਿੰਮ ਚਲਾਈ ਗਈ। ਇਸ ਦੌਰਾਨ 4 ਵਿਅਕਤੀਆਂ ਨੂੰ ਕਾਬੂ ਕਰਕੇ ਇਨ੍ਹਾਂ ਪਾਸੋ ਵੱਖ-ਵੱਖ ਥਾਵਾਂ ਤੋਂ ਚੋਰੀ ਕੀਤਾ ਸਾਮਾਨ ਬਰਾਮਦ ਕੀਤਾ ਗਿਆ। ਪ੍ਰਤਾਪ ਸਿੰਘ ਉਰਫ ਰਾਜਾ ਪੁੱਤਰ ਮੋਹਿੰਦਰ ਸਿੰਘ ਵਾਸੀ ਪਿੰਡ ਪਲਾਹੀ ਥਾਣਾ ਸਦਰ ਫਗਵਾੜਾ, ਅਭੀਜੀਤ ਸਿੰਘ ਉਰਫ ਅਭੀ ਪੁੱਤਰ ਬਲਜੀਤ ਸਿੰਘ ਵਾਸੀ ਸਿਟੀ ਹਾਰਟ ਨਗਰ ਹੁਸ਼ਿਆਰਪੁਰ ਰੋਡ ਫਗਵਾੜਾ, ਥਾਣਾ ਸਿਟੀ ਫਗਵਾੜਾ ਜ਼ਿਲ੍ਹਾ ਕਪੂਰਥਲਾ, ਰਾਹੁਲ ਉਰਫ ਕਾਕਾ ਪੁੱਤਰ ਰਮੇਸ ਚੰਦਰ ਵਾਸੀ ਪਿੰਡ ਨਡਾਲਾ ਥਾਣਾ ਭੁਲੱਥ ਜ਼ਿਲ੍ਹਾ ਕਪੂਰਥਲਾ ਅਤੇ ਗੁਰਪ੍ਰਤਾਪ ਸਿੰਘ ਉਰਫ ਗੋਰੀ ਪੁੱਤਰ ਜਗਤਾਰ ਸਿੰਘ ਵਾਸੀ ਪਿੰਡ ਦਮੂਲੀਆ ਥਾਣਾ ਭੁਲੱਥ ਜ਼ਿਲ੍ਹਾ ਕਪੂਰਥਲਾ ਅਤੇ ਗੁਰਵਿੰਦਰ ਸਿੰਘ ਉਰਫ ਗੁਰੀ ਪੁੱਤਰ ਬੂਟਾ ਸਿੰਘ ਵਾਸੀ ਪਿੰਡ ਰਾਮਪੁਰ ਸੁੰਨੜਾਂ ਥਾਣਾ ਰਾਵਲਪਿੰਡੀ, ਜੋ ਮੋਟਰਸਾਈਕਲ ਚੋਰੀ ਕਰਨ ਦੇ ਆਦੀ ਹਨ, ਉਕਤ ਨੂੰ ਗ੍ਰਿਫਤਾਰ ਕਰਕੇ ਉਹਨਾਂ ਖਿਲਾਫ ਮੁਕੱਦਮਾ ਥਾਣਾ ਸਿਟੀ ਫਗਵਾੜਾ ਦਰਜ ਕੀਤਾ ਗਿਆ।

ਉਹਨਾਂ ਪਾਸੋਂ 09 ਸਪਲੈਂਡਰ ਮੋਟਰਸਾਈਕਲ, 01 ਪਲਸਰ ਮੋਟਰਸਾਈਕਲ ਅਤੇ 02 ਐਕਟਿਵਾ ਸਕੂਟਰੀਆਂ ਬਰਾਮਦ ਕੀਤੀਆਂ ਗਈਆਂ।

# ਰਿੰਕੂ ਦੀ ਇਤਿਹਾਸਕ ਜਿੱਤ 'ਤੇ ਡੇਰਾ ਬਾਬਾ ਨਾਨਕ 'ਚ ਲੱਡੂ ਵੰਡ ਕੇ ਖੁਸ਼ੀ ਮਨਾਈ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਬੀਤੀ 10 ਮਈ ਨੂੰ ਲੋਕ ਸਭਾ ਜ਼ਿਮਨੀ ਚੋਣ ਲਈ ਪਈਆਂ ਵੋਟਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੇ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਨੂੰ ਪਛਾੜਦੇ ਹੋਇਆਂ ਕਰੀਬ 60 ਹਜ਼ਾਰ ਵੋਟਾਂ ਲੈ ਕੇ ਇਕ ਇਤਿਹਾਸਕ ਜਿੱਤ ਪ੍ਰਾਪਤ ਕੀਤੀ ਹੈ। ਇਸ ਚੋਣ ਦੀ ਜਿੱਤ ਵਜੋਂ ਅੱਜ ਹਲਕਾ ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਵਿਚ ਰੈਸਟ ਹਾਊਸ ਵਿਖੇ ਵਰਕਰਾਂ ਨੇ ਲੱਡੂ ਵੰਡ ਕੇ ਖੁਸ਼ੀ ਦਾ ਇਜ਼ਹਾਰ ਕੀਤਾ। ਇਸ ਮੌਕੇ ਗੱਲਬਾਤ ਦੌਰਾਨ ਆਪ ਹਲਕਾ ਆਗੂ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਪਣੇ 14 ਮਹੀਨੇ ਦੇ ਕਾਰਜਕਾਲ ਦੌਰਾਨ ਜੋ ਪੰਜਾਬ ਵਾਸੀਆਂ ਨੂੰ ਸੁੱਖ-ਸਹੂਲਤਾਂ ਦਿੱਤੀਆਂ ਸਨ, ਤੋਂ ਲੋਕਾਂ ਨੇ ਸੰਤੁਸ਼ਟ ਹੋ ਕੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੇ ਹੱਕ ਵਿਚ ਵੱਡਾ ਫਤਵਾ ਦਿੱਤਾ ਹੈ। ਇਸ ਮੌਕੇ ਰੰਧਾਵਾ ਵੱਲੋਂ ਪਾਰਟੀ ਹਾਈਕਮਾਨ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਲ-ਨਾਲ ਜਲੰਧਰ ਵਾਸੀਆਂ ਨੂੰ ਵਧਾਈ ਦਿੱਤੀ ਹੈ। ਇਸ ਮੌਕੇ ਮਾਸਟਰ ਕੁਲਜੀਤ ਸਿੰਘ, ਪਰਦੀਪ ਸਿੰਘ ਆੜ੍ਹਤੀ, ਗੁਰਦੇਵ ਸਿੰਘ ਸ਼ਾਹਪੁਰ, ਤੇਜਿੰਦਰ ਸਿੰਘ ਮਾਨ, ਅਵਤਾਰ ਸਿੰਘ ਰੰਧਾਵਾ ਸਿੰਘਪੁਰਾ, ਰਾਜੇਸ਼ ਕੁਮਾਰ ਬਿੱਟਾ, ਪ੍ਰਵੇਜ਼ ਮਸੀਹ ਪੱਖੋਕੇ, ਸੁਧੀਰ ਬੇਦੀ, ਰਜਤ ਮਰਵਾਹਾ, ਸੱਤਪਾਲ ਸ਼ੌਕੀ, ਸੰਜੀਵ ਕੁਮਾਰ ਸੋਨੀ, ਹਰਭਜਨ ਸਿੰਘ ਰੱਤਰ ਛੱਤੜ, ਗੁਰਮੇਜ ਸਿੰਘ ਸ਼ਾਮਪੁਰਾ, ਕੁਲਵੰਤ ਸਿੰਘ ਮਹਿਤਾ, ਮਨਪ੍ਰੀਤ ਸਿੰਘ ਮੰਨਾ ਧਰਮਕੋਟ, ਅਵਤਾਰ ਸਿੰਘ ਸਰਪੰਚ ਮੰਗੀਆਂ, ਰਾਣਾ ਖੋਦੇ ਬੇਟ ਸਰਪੰਚ ਅੰਗਰੇਜ਼ ਸਿੰਘ ਕਠਿਆਲਾ, ਸਰਪੰਚ ਕਸ਼ਮੀਰ ਸਿੰਘ, ਦਿਲਬਾਗ ਸਿੰਘ ਪੱਬਰਾਲੀ, ਸਰਪੰਚ ਲਖਵੀਰ ਸਿੰਘ ਗੋਲਾ ਢੋਲਾ, ਰਮਜੀਤ ਸਿੰਘ ਕੋਟਮੌਲਵੀ, ਦਲੇਰ ਸਿੰਘ ਮਾਨ, ਸੁਖਦੀਪ ਸਿੰਘ ਹਕੀਮਬੇਗ, ਸਤਨਾਮ ਸਿੰਘ ਤਰਪਾਲਾਂ, ਮਲਕੀਤ ਸਿੰਘ ਸਰਫਕੋਟ, ਅਮਨਦੀਪ ਸਿੰਘ ਪਰਾਚਾ, ਪਰਮਿੰਦਰ ਸਿੰਘ ਕੋਟਲੀ ਵੀਰਾਂ, ਸੂਬੇਦਾਰ ਰਛਪਾਲ ਸਿੰਘ, ਮਾਸਟਰ ਬਲਦੇਵ ਸਿੰਘ, ਸਰਪੰਚ ਮੋਹਿੰਦਰ ਸਿੰਘ ਨਿੱਕੋਸਰਾਂ, ਗੁਰਦਿਆਲ ਸਿੰਘ ਉਧੋਵਾਲੀ, ਰੇਸ਼ਮ ਸਿੰਘ ਪੱਡਾ, ਕੁਲਦੀਪ ਸਿੰਘ ਰੱਤਾ, ਮਨਦੀਪ ਸਿੰਘ ਬੋਲਾਰੀਆ, ਹੈਪੀ ਡੇਹਰੀਵਾਲ, ਕੰਵਲ ਗੋਰਾਇਆ, ਕਾਲਾ ਸਪਰਾਈ ਕੋਠੀ, ਗੁਰਦੀਪ ਸਿੰਘ ਬੋਹਰਵਾਡਾਲਾ, ਸੁਬੇਗ ਜੀਓਜਲਾਹੀ, ਜਸਬੀਰ ਸਿੰਘ ਵਡਾਲਾ ਬਾਂਗਰ ਆਦਿ ਹਾਜ਼ਰ ਸਨ।

## ਜਲੰਧਰ ਦੇ ਲੋਕਾਂ ਨੇ ਆਪ ਸਰਕਾਰ ਦੇ ਕੰਮਾਂ ਤੇ ਲਾਈ ਮੋਹਰ - ਸੱਤ ਪਾਲ ਡੋਡ

**ਜੈਤੋ (ਸਤੀਸ ਕੁਮਾਰ ਭੀਰੀ)** ਅੱਜ ਜਲੰਧਰ ਲੋਕ ਸਭਾ ਜਮਿਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸੀਲ ਕੁਮਾਰ ਰਿੰਕੂ ਦੀ ਭਾਰੀ ਬਹੁਮਤ ਨਾਲ ਜਿੱਤ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੇ ਲੋਕ ਹਿਤੈਸੀ ਹੋਣ ਤੇ ਮੋਹਰ ਲਾ ਦਿੱਤੀ ਹੈ ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੱਤ ਪਾਲ ਡੋਡ ਨੇ ਅੱਗੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਵੱਲੋਂ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੀਆਂ ਸਾਰੀਆਂ ਸੀਟਾਂ ਤੇ ਜਿੱਤ ਪ੍ਰਾਪਤ ਕਰਕੇ ਇੱਕ ਰਿਕਾਰਡ ਕਾਇਮ ਕੀਤਾ ਜਾਵੇਗਾ। ਡੋਡ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਵੱਲੋਂ ਕੀਤੇ ਗਏ ਆਮ ਆਦਮੀ ਪਾਰਟੀ ਵਿਰੋਧੀ ਕੂੜ ਪ੍ਰਚਾਰ ਨੂੰ ਜਲੰਧਰ ਦੇ ਪੜ੍ਹੇ ਲਿਖੇ ਵੋਟਰਾਂ ਨੇ ਦਰਕਿਨਾਰ ਕਰਦਿਆਂ ਸਾਰੇ ਵਿਰੋਧੀਆਂ ਨੂੰ ਚਾਰੇ ਖਾਨੇ ਚਿੱਤ ਕਰ ਦਿੱਤਾ ਹੈ।

## ਪਬਲਿਕ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰਾਪਰਟੀ ਨੰ: ਬੀ-18/165, ਜੋ ਕਿ ਨਗਰ ਨਿਗਮ ਬਟਾਲਾ ਸਤਿਆ ਭੂਸ਼ਨ ਪੁਰੀ ਦੇ ਨਾਂਅ 'ਤੇ ਦਰਜ ਹੈ। ਪ੍ਰਾਰਥੀ ਰਾਜੀਵ ਡੋਗਰਾ ਪੁੱਤਰ ਸ੍ਰੀ ਵੇਦ ਪ੍ਰਕਾਸ਼ ਡੋਗਰਾ ਵੱਲੋਂ ਦਰਖਾਸਤ ਪ੍ਰਾਪਤ ਹੋਈ ਹੈ। ਉਹਨਾ ਉਕਤ ਪ੍ਰਾਪਰਟੀ ਬਟਾਲਾ ਮਿਲਕ ਐਂਡ ਚਿਲਿੰਗ ਸੈਂਟਰ ਖਰੀਦ ਕੀਤੀ ਗਈ ਸੀ ਜੋ ਕਿ ਪ੍ਰਾਪਰਟੀ ਨੰ: ਬੀ-18/165 ਸਤਿਆ ਭੂਸ਼ਨ ਪੁਰੀ ਦੇ ਲਾਗੇ ਹੈ ਅਤੇ ਇਸ ਦੇ ਲਾਗੇ ਮੇਰਾ ਨਵਾਂ ਪ੍ਰਾਪਰਟੀ ਨੰਬਰ ਦਰਜ ਕੀਤਾ ਜਾਵੇ। ਪ੍ਰਾਰਥੀ ਵੱਲੋਂ ਰਜਿਸਟਰੀ ਦੀ ਕਾਪੀ ਲਗਾਈ ਹੈ, ਜੋ ਕਿ ਰਮੇਸ਼ ਕੁਮਾਰ ਪੁੱਤਰ ਜਗਦੀਸ਼ ਰਾਜ ਨੇ ਮਿਤੀ 25.11.2003 ਵਸੀਕਾ ਨੰ: 2303 ਰਾਹੀਂ ਮਿਲਕ ਐਂਡ ਚਿਲਿੰਗ ਸੈਂਟਰ ਦੇ ਹੱਕ ਵਿੱਚ ਰਜਿਸਟਰ ਕਰ ਦਿੱਤੀ ਸੀ। ਪ੍ਰਾਰਥੀ ਵੱਲੋਂ ਇੱਕ ਹੋਰ ਰਜਿਸਟਰੀ ਦੀ ਕਾਪੀ ਲਗਾਈ ਹੈ, ਜੋ ਕਿ ਉਮ ਪ੍ਰਕਾਸ਼ ਵਾ ਵੇਦ ਪ੍ਰਕਾਸ਼ ਵਾ ਪ੍ਰੇਮ ਪ੍ਰਕਾਸ਼ ਪੁੱਤਰ ਹਰਬੰਸ ਲਾਲ ਵੱਲੋਂ ਮਿਤੀ 16.3.1987 ਵਸੀਕਾ ਨੰ: 4874 ਰਾਹੀਂ ਸਤੀਸ਼, ਕੁਮਾਰ ਹਰਬੰਸ ਲਾਲ ਪੁੱਤਰ ਬੇਲੀ ਰਾਮ ਵਾ ਹਰਬੰਸ ਲਾਲ ਪੁੱਤਰ ਬੇਲੀ ਰਾਮ ਦੇ ਹੱਕ ਵਿੱਚ ਰਜਿਸਟਰੀ ਕਰ ਦਿੱਤੀ ਸੀ। ਇਸ ਰਜਿਸਟਰੀ ਦੇ ਮੁਤਾਬਕ ਸਤਿਆ ਭੂਸ਼ਨ ਹੀ ਹੈ। ਜੇਕਰ ਇਸ ਪ੍ਰਾਪਰਟੀ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨ ਦੇ ਅੰਦਰ-ਅੰਦਰ ਦਫਤਰ ਨਗਰ ਨਿਗਮ ਬਟਾਲਾ ਵਿੱਚ ਇਤਰਾਜ਼ ਦੇ ਸਕਦਾ ਹੈ। ਇਸ ਸਮੇਂ ਤੱਕ ਜੇਕਰ ਕੋਈ ਇਤਰਾਜ਼ ਨਾ ਆਇਆ ਜਾਂ ਇਤਰਾਜ਼ ਬਾਜਵ ਨਾ ਹੋਇਆ ਤਾਂ ਇਹ ਸਿਰਫ ਪ੍ਰਾਪਰਟੀ ਟੈਕਸ ਮੰਤਵ ਲਈ ਨਗਰ ਨਿਗਮ ਬਟਾਲਾ ਦੇ ਟੀ ਐੱਸ 1 ਰਜਿਸਟਰ ਵਿੱਚ ਪ੍ਰਾਪਰਟੀ ਨੰ: ਬੀ-18/165 ਸਤਿਆ ਭੂਸ਼ਨ ਪੁਰੀ ਦੇ ਲਾਗੇ ਬਟਾਲਾ ਮਿਲਕ ਐਂਡ ਚਿਲਿੰਗ ਸੈਂਟਰ ਦੇ ਨਾਂਅ 'ਤੇ ਨਵਾਂ ਪ੍ਰਾਪਰਟੀ ਨੰਬਰ ਦਰਜ ਕਰ ਦਿੱਤੀ ਜਾਵੇਗੀ। ਪ੍ਰਾਰਥੀ ਵੱਲੋਂ ਦਿੱਤੇ ਗਏ ਦਸਤਾਵੇਜ ਗਲਤ ਪਾਏ ਜਾਂਦੇ ਹਨ ਤਾਂ ਇਸ ਅੰਦਰਾਜ਼ ਨੂੰ ਰੱਦ ਕਰਨ ਦਾ ਅਧਿਕਾਰ ਨਗਰ ਨਿਗਮ ਦੇ ਪਾਸ ਰਾਖਵਾਂ ਹੋਵੇਗਾ ਅਤੇ ਇਸ ਤੋਂ ਬਾਅਦ ਕੋਈ ਵੀ ਉਜਰ ਨਹੀਂ ਸੁਣਿਆ ਜਾਵੇਗਾ।

ਸੁਪਰਡੈਂਟ, ਨਗਰ ਨਿਗਮ, ਬਟਾਲਾ

## Court Notice

In the Court of Sh. Tarunpreet Singh Judicial Magistrate-Ist Class, Ludhiana.

CNR No. PBLD03-013552-2020
Next Date : 10.7.2023
COMA/3452/2020

M/s Cholamandalam Investment and Finance Company Limited
Versus
Daljit Singh

Publication issued to : Daljit Singh S/o Sh. Balwinder Singh R/o Near Gurudwara Sahib, Lalton Khurd, Lalton Kalan, Ludhiana-142022, Mobile No. 89688-89307

In above titled case, the accused could not be served. It is ordered that accused should appear in person or through counsel on 10.7.2023 at 10.00 a.m.

For details logon to : https://highcourtchd.gov.in/?trs=district notice& district= Ludhiana

Judicial Magistrate-Ist Class, Ludhiana.

Dated, this day of 9.5.2023

## ਉਤਰ ਰੇਲਵੇ

G20 — ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

### ਨਿਵਿਦਾ ਸੂਚਨਾ

ਉਪ ਮੁੱਖ ਇੰਜੀਨੀਅਰ/ਉਸਾਰੀ-ਸੈਕਿੰਡ/ਉਤਰ ਰੇਲਵੇ ਬਨਿਹਾਲ ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਹੇਠਾਂ ਲਿਖਤ ਕੰਮ ਦੇ ਲਈ ਵਨ-ਪੈਕੇਟ ਪ੍ਰਣਾਲੀ ਦੇ ਤਹਿਤ ਖੁਲ੍ਹੀ ਈ-ਨਿਵਿਦਾ ਮੰਗ ਕਰਦੇ ਹਨ:

| | | |
|---|---|---|
| ਕੰਮ ਦਾ ਨਾਮ | ਬਾਰਾਮੂਲਾ ਤੋਂ ਉਰੀ (50 ਕਿਮੀ.) ਦੇ ਵਿਚ ਨਵੀਂ ਲਾਇਨ ਦੇ ਲਈ ਅੰਤਮ ਸਥਾਨ ਸਰਵੇਖਣ (ਐਫਐਲਐਸ) | |
| ਅੰਦਾਜਨ ਲਾਗਤ/ਬਿਆਨਾ ਰਾਸ਼ੀ | ₹7,04,90,647/- | ₹5,02,500/- |
| ਕੰਮ ਦੀ ਸਮਾਨ ਨੇਚਰ/ ਪੂਰਾ ਹੋਣ ਦਾ ਸਮਾਂ | ਏਰਿਯਲ ਸਰਵੇ (ਏਰਿਯਲ ਫੋਟੋਗ੍ਰਾਮੈਟ੍ਰਿਕ ਸਰਵੇ ਜਾਂ ਏਰਿਯਲ (ਲਿਡਾਰ) ਅਤੇ ਡੀਜੀਪੀਐਸ (ਡਿਫਰੇਂਸ਼ਿਯਲ ਗਲੋਬਲ ਪੋਜਿਸ਼ਨਿੰਗ ਸਿਸਟਮ), ਜਿਹੀਆਂ ਆਧੁਨਿਕ ਸਰਵੇਖ ਤਕਨੀਕਾਂ ਦਾ ਉਪਯੋਗ ਕਰਕੇ ਰੇਲਵੇ ਲਾਈਨ/ਸੜਕ ਦਾ ਇੰਜੀਨੀਅਰਿੰਗ ਸਰਵੇਖਣਕੰਮ ਲੇਵਲਿੰਗ ਅਤੇ ਡੀਈਐਮ ਦਾ ਨਿਰਮਾਣ / 03 (ਤਿੰਨ ਮਹੀਨੇ | |
| ਨਿਵਿਦਾ ਦਸਤਾਵੇਜ ਦੀ ਲਾਗਤ (ਈ-ਨਿਵਿਦਾ ਦੇ ਮਾਮਲੇ ਵਿਚ ਜੀਰੋ) | ਜੀਰੋ | |
| ਨਿਵਿਦਾ ਅਪਲੋਡ ਕਰਨ ਦੀ ਅੰਤਮ ਮਿਤੀ ਅਤੇ ਸਮਾਂ | 07.06.2023 ਨੂੰ 11:30 ਵਜੇ ਤਕ | |
| ਨਿਵਿਦਾ ਖੋਹਲਣ ਦੀ ਮਿਤੀ | 07.06.2023 ਨੂੰ 11:30 ਵਜੇ | |
| ਆਫਰ ਦੀ ਵੈਲੇਡਿਟੀ | ਨਿਵਿਦਾ ਖੋਹਲਣ ਦੀ ਮਿਤੀ ਤੋਂ 60 ਦਿਨ | |
| ਪ੍ਰਸਤਾਵ ਪੇਸ਼ ਕਰਨ ਦੇ ਲਈ ਰੇਲਵੇ ਦੀ ਵੈਬਸਾਈਟ 'ਤੇ ਨਿਵਿਦਾ ਦਸਤਾਵੇਜ ਦੀ ਉਪਲਬਧਤਾ | 24.05.2023 ਤੋਂ 07.06.2023 ਤਕ ਨਿਵਿਦਾ ਦਸਤਾਵੇਜ ਆਈਆਰਈਪੀਐਸ ਸਾਈਟ www.ireps.gov.in 'ਤੇ ਉਪਲਬਧ ਹੋਣਗੇ। | |

ਈ-ਨਿਵਿਦਾ ਸੂਚਨਾ/ਨਿਵਿਦਾ ਦਸਤਾਵੇਜ www.ireps.gov.in 'ਤੇ ਨਿਵਿਦਾ ਦਸਤਾਵੇਜ ਅਪਲੋਡ ਕਰਨ ਦੀ ਮਿਤੀ ਤੋਂ ਉਪਲਬਧ ਹੋਵੇਗਾ।

ਨੰ: DCE/C-II/BAHL/W-1/ ਨਵੀਂ ਲਾਈਨ ਬਾਰਾਮੂਲਾ ਤੋਂ ਉਰੀ 50 ਕਿਮੀ.

ਤਾਰੀਕ: 13.05.2023 — 1458/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## Court Notice

In the Court of Sh. Tarunpreet Singh Judicial Magistrate-Ist Class, Ludhiana.

CNR No. PBLD03-019995-2019
Next Date : 1.7.2023
COMA 6850/2019

Punjab National Bank
Versus
Dinesh Kumar

Publication issued to : Dinesh Kumar S/o Rajinder Kumar R/o H.No. 46, Kali Sarak, New Anandpuri, Ludhiana.

In above titled case, the accused could not be served. It is ordered that accused should appear in person or through counsel on 1.7.2023 at 10.00 a.m.

For details logon to : https://highcourtchd.gov.in/?trs=district notice &district=Ludhiana

Judicial Magistrate-Ist Class, Ludhiana

Dated, this day of 25.4.2023

## Court Notice

In the Court of Sh. Tarunpreet Singh Judicial Magistrate-Ist Class, Ludhiana.

CNR No. PBLD03-032854-2021
Next Date : 18.7.2023
COMA No. 12080/2023

Vikram Munjal
Versus
Jitender Singh

Publication issued to : 1. Jitender Singh Prop/ Partner/ Authorize/Signatory of M/S Trendz Batala 2. M/S Trendz Batala Shop No. 10 Opp. Smadh Near Hansi Bridge Jalandhar Road Batala, Gurdaspur, Punjab throught its Prop/Partner/Authorized Signatory Jatinder Singh.

In above titled case, the accused could not be served. It is ordered that accused should appear in person or through counsel on 18.7.2023 at 10.00 a.m.

For details logon to : https://highcourtchd.gov.in/?trs=district notice& district= Ludhiana

Judicial Magistrate-Ist Class, Ludhiana

Dated, this day of 3.4.2023

## Civil Courts, Ludhiana

In the Court of Ms. Radhika Puri Addl. Civil Judge (Senior Division), Ludhiana.

CNR No. PBLD02-000156-2023
Next Date : 30.5.2023

1. Raju S/o Jia Lal deceased S/o Tikka R/o H.No. 215, Varinder Nagar, Street No. 03, Near Vill. Bhaura, Distt. Ludhiana 2. Guddi Devi D/o Jia Lal 3. Geeta D/o Jia Lal (Petitioners)

Versus

State Bank of India and another

Notice to : General Public

Whereas the above named petitioners 'Raju and Others' has filed petition for the grant of Succession Certificate regarding the assets left by the Rajeshri @ Raj Rani who died on 17.11.2012 and Jia Lal S/o Tikka who declared dead vide Judgement and decree dated 19.3.20214 passed by Sh. Ranjeev Kumar the then, Addl. Civil Judge (SD), Ludhiana in this Court.

Notice is issued in the name of General Public that in case anybody has any objection for the grant of succession certificate, he/she can file objection to the same on or before 30.5.2023, failing which the petition shall be decied in accordance with law.

For details logon to : https://highcourtchd.gov.in/?trs=district notice &district=Ludhiana

Addl. Civil Judge (Senior Division), Ludhiana

Dated, this day of 11.5.2023

# ਕਲਾਸੀਫਾਈਡ ਇਸ਼ਤਿਹਾਰ

## ਬੇਦਖਲੀ ਨੋਟਿਸ

ਮੈਂ ਸਤਨਾਮ ਸਿੰਘ ਪੁੱਤਰ ਬਤਨ ਸਿੰਘ ਵਾਸੀ ਮਕਾਨ ਨੰ. ਬੀ ਕੇ-3/1523,ਈਸਟ ਗੋਬਿੰਦ ਨਗਰ,ਸੁਲਤਾਨ ਵਿੰਡ ਰੋਡ,ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਪ੍ਰੀਤ ਸਿੰਘ (33 ਸਾਲ) ਜੋ ਕਿ ਕੁਆਰਾ ਹੈ ਮੇਰੇ ਕਹਿਣੇ ਤੋਂ ਬਾਹਰ ਹੈ, ਅਤੇ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਮੈਂ ਉਸਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ ਹੈ। (K K)

ਮੈਂ ਹਰਵਿੰਦਰ ਸਿੰਘ ਪੁੱਤਰ ਅਜਮੇਰ ਸਿੰਘ ਵਾਸੀ ਪਿੰਡ ਘਨੌਰੀ ਕਲਾਂ ਤਹਿਸ਼ੀਲ ਧੂਰੀ (ਸੰਗਰੂਰ) ਹਲਫ਼ ਬਿਆਨਦਾ ਹਾਂ ਕਿ ਮੇਰਾ ਲੜਕਾ ਗੁਰਸੇਵਕ ਸਿੰਘ ਤੇ ਉਸਦੀ ਪਤਨੀ ਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ 'ਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। (ਆਰ)

ਮੈਂ, ਬੇਵੀ ਕਾਂਤਾ ਪਤਨੀ ਰੋਸ਼ਨ ਲਾਲ ਵਾਸੀ ਭੁਲੱਥ, ਤਹਿ: ਭੁਲੱਥ (ਕਪੂਰਥਲਾ), ਮੇਰਾ ਬੇਟਾ ਸੌਰਵ ਅਤੇ ਉਸ ਦੀ ਪਤਨੀ ਸਿਮਰਨਜੀਤ ਕੌਰ ਦੋਵੇਂ ਕਹਿਣੇਕਾਰ ਤੋਂ ਬਾਹਰ ਹੋਣ ਕਰਕੇ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਹਨਾਂ ਨਾਲ ਲੈਣ-ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਯੋਗੇਸ਼)

ਮੈਂ ਸਵਿੰਦਰ ਕੌਰ ਪਤਨੀ ਸੁਮੰਤ ਸਿੰਘ ਵਾਸੀ 465,ਨਵੀਂ ਅਬਾਦੀ ਫੈਜ਼ਪੁਰਾ,ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੇ ਦੋ ਲੜਕੇ ਕੁਲਦੀਪ ਸਿੰਘ ਅਤੇ ਹਰਦੀਪ ਸਿੰਘ ਜੋ ਸ਼ਾਦੀਸ਼ੁਦਾ ਹਨ ਮੇਰੇ ਕਹਿਣੇ ਤੋਂ ਬਾਹਰ ਹਨ,ਆਪਣੀ ਮਨ ਮਰਜੀ ਕਰਦੇ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਕੋਈ ਤਲਕਵਾਸਤਾ ਨਹੀਂ ਹੈ। (K K)

ਮੈਂ ਭਗਤ ਰਾਮ ਪੁੱਤਰ ਕੇਹਰ ਸਿੰਘ ਵਾਸੀ ਮਕਾਨ ਨੰ.2733,ਗਲੀ ਨੰ.2,ਇਹਾਦ ਨਗਰ,ਰਾਮ ਤੀਰਥ ਰੋਡ,ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਰਿੰਦਰ ਪਾਲ ਅਤੇ ਉਸਦੀ ਪਤਨੀ ਜੋਤੀ ਅਤੇ ਇਨ੍ਹਾਂ ਦੀਆਂ ਚਾਰ ਲੜਕੀਆਂ ਕੋਮਲ,ਨੇਹਾ (ਸ਼ਾਦੀਸ਼ੁਦਾ),ਸਨਾਂ,ਸਲੋਨੀ (ਕੁਆਰੀਆਂ) ਜੋ ਕਿ ਸਾਰੇ ਮੇਰੇ ਕਹਿਣੇ ਤੋ ਬਾਹਰ ਹਨ। ਮੈਂ ਉਨ੍ਹਾਂ ਸਭ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਕੋਈ ਤਲਕਵਾਸਤਾ ਨਹੀਂ ਹੈ। (K K)

ਅਸੀਂ, ਅਸ਼ੋਕ ਸ਼ਰਮਾ ਪੁੱਤਰ ਸ੍ਰੀ ਸੁਖਦੇਵ ਰਾਜ ਅਤੇ ਨੀਰਜ ਸ਼ਰਮਾ ਪਤਨੀ ਅਸ਼ੋਕ ਸ਼ਰਮਾ ਦੋਵੇਂ ਵਾਸੀਆਨ 335, ਮਾਸਟਰ ਤਾਰਾ ਸਿੰਘ ਨਗਰ, ਜਲੰਧਰ ਆਪਣੀ ਪੋਤਰੀ ਨੰਨਦਨੀ ਅਤੇ ਉਸ ਦੇ ਘਰਵਾਲੇ ਯੁਵਰਾਜ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਅਤੇ ਪਰਵਾਰਕ ਸੰਬੰਧਾਂ ਤੋਂ ਬੇਦਖਲ ਕਰਦੇ ਹਾਂ। ਜੇਕਰ ਕੋਈ ਵੀ ਵਿਅਕਤੀ ਇਹਨਾਂ ਨਾਲ ਲੈਣ-ਦੇਣ ਕਰਦਾ ਹੈ ਤਾਂ ਉਹ ਇਸ ਦਾ ਖੁਦ ਜਿੰਮੇਵਾਰ ਹੋਵੇਗਾ। ਸਾਡਾ ਉਹਨਾਂ ਦੇ ਕਿਸੇ ਵੀ ਚੰਗੇ-ਮਾੜੇ ਕੰਮਾਂ ਨਾਲ ਕੋਈ ਸੰਬੰਧ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ। (7683)

ਮੈਂ, ਹਰਜਿੰਦਰ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਪਿੰਡ ਦੂਲੋਵਾਲ, ਡਾਕ: ਖੀਰਾਂਵਾਲੀ, ਤਹਿ: ਵਾ ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਗੁਰਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਸੋਮਾ ਰਾਣੀ ਵਿਧਵਾ ਕਰਨੈਲ ਸਿੰਘ ਪੁੱਤਰ ਲਛਮਣ ਸਿੰਘ ਪਿੰਡ ਰਾਮ ਸਿੰਘ ਵਾਲਾ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਦੀ ਰਹਿਣ ਵਾਲੀ ਹਾਂ। ਮੇਰੀ ਲੜਕੀ ਅਮਨਜੋਤ ਰਾਣੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਕਰਕੇ ਮੈਂ ਉਸਨੂੰ ਆਪਣੀ ਚੱਲ-ਅਚੱਲ ਸੰਪਤੀ ਤੋਂ ਬੇਦਖਲ ਕਰਦੀ ਹਾਂ ਅੱਜ ਤੋਂ ਬਅਦ ਮੇਰਾ ਵਾ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤੁਲੱਕ ਵਾਸਤਾ ਨਾ ਹੈ। ਉਸ ਨਾਲ ਵਰਤਵਰਤਾ ਅਤੇ ਲੈਣ ਦੇਣ ਕਰਨ ਵਾਲਾ ਜਿੰਮੇਵਾਰ ਖੁੱਦ ਹੋਵੇਗਾ। ਸਬੰਧਤ ਨੋਟ ਕਰਨ।

ਮੈਂ ਰਾਜਵਿੰਦਰ ਕੌਰ ਪਤਨੀ ਮਲਕੀਤ ਸਿੰਘ ਵਾਸੀ ਪਿੰਡ ਮਹਿਨੀਆਂ ਕੋਹਾਰਾਂ ਤਹਿਸੀਲ ਅਤੇ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਮਨਦੀਪ ਕੌਰ ਅਤੇ ਉਸ ਦਾ ਪਤੀ ਰੋਸ਼ਨ ਸਿੰਘ ਮੇਰੇ ਕਹਿਣੇ ਤੋ ਬਾਹਰ ਹਨ। ਮੈਂ ਆਪਣੀ ਲੜਕੀ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੋਵਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਅਸੀਂ, ਅਵਤਾਰ ਸਿੰਘ ਪੁੱਤਰ ਇਕਬਾਲ ਸਿੰਘ ਅਤੇ ਬਲਜੀਤ ਕੌਰ ਪਤਨੀ ਅਵਤਾਰ ਸਿੰਘ ਵਾਸੀਆਨ ਗਲੀ ਸੁਨਿਆਰਿਆਂ ਵਾਲੀ, ਬਲਾਕ ਵੇਰਕਾ, ਵੱਲ੍ਹਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡੀ ਲੜਕੀ ਜਸਪ੍ਰੀਤ ਕੌਰ ਅਤੇ ਉਸ ਦਾ ਪਤੀ ਰਮਨਜੀਤ ਸਿੰਘ ਸਾਡੀ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸ਼ਾਮ ਵਰਮਾ ਪੁੱਤਰ ਲੇਟ ਸ੍ਰੀ ਰਾਜ ਪਾਲ ਵਰਮਾ ਵਾਸੀ ਮਕਾਨ ਨੰ. 1149, ਗਲੀ ਗੰਡਾਂ ਵਾਲੀ, ਨਮਕ ਮੰਡੀ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਾਹੁਲ ਵਰਮਾ (ਸ਼ਾਦੀਸ਼ੁਦਾ) ਮੇਰੇ ਕਹਿਣੇ ਵਿੱਚ ਨਹੀਂ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਹੀਰਾ ਸਿੰਘ ਪੁੱਤਰ ਸੁੱਧਾ ਸਿੰਘ ਵਾਸੀ ਪਿੰਡ ਐਮਾਂ ਕਲਾਂ, ਤਹਿਸੀਲ ਅਤੇ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰੇਸ਼ਮ ਸਿੰਘ ਅਤੇ ਉਸ ਦੀ ਪਤਨੀ ਗੁਰਪ੍ਰੀਤ ਕੌਰ ਮੇਰੇ ਕਹਿਣੇ ਵਿੱਚ ਨਹੀਂ ਹੈ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਗੁਰਮੀਤ ਕੌਰ ਪਤਨੀ ਸ. ਸ਼ੇਰ ਸਿੰਘ, ਵਾਸੀ ਮਕਾਨ ਨੰ. ਡਬਲਿਯੂ.ਐਕਸ, 251, ਨੇੜੇ ਪੁਰਾਣੀ ਦੁਸ਼ਹਿਰਾ ਗਰਾਊਂਡ, ਬਸਤੀ ਨੌਂ, ਜਲੰਧਰ (ਪੰਜਾਬ) ਹਲਫੀਆ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਨਰਿੰਦਰ ਸਿੰਘ ਅਤੇ ਉਸਦੀ ਪਤਨੀ ਸੀਮਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ।

ਮੈਂ, ਸਤਨਾਮ ਸਿੰਘ ਪੁੱਤਰ ਸ੍ਰ: ਅਜੀਤ ਸਿੰਘ ਵਾਸੀ ਪਿੰਡ ਮੂਲਿਆਵਾਲ, ਤਹਿ: ਬਟਾਲਾ, ਜਿਲਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਅੰਜੂ ਬਾਲਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ। ਸੰਬਧਿਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ ਮੇਧਾਵੀ ਪੁੱਤਰੀ ਅਮਰੇਂਦਰਾ ਕੁਮਾਰ ਵਰਮਾ ਵਾਸੀ ਘਰ ਨੰਬਰ ਬੀ 34/5045 ਗਲੀ ਨੰਬਰ 7 ਜੇਨਿਥ ਨਗਰ, ਨੇੜੇ ਸਪਰਿੰਗ ਬਿੱਲ ਸਕੂਲ , ਹੈਬੋਵਾਲ ਕਲਾਂ ਲੁਧਿਆਣਾ (ਪੰਜਾਬ) ਦੀ ਰਹਿਣ ਵਾਲੀ ਹਾਂ। ਮੈਂ ਆਪਣਾ ਨਾਂਅ ਮੇਧਾਵੀ ਤੋਂ ਬਦਲ ਕੇ ਮੇਧਾਵੀ ਵਰਮਾ ਰੱਖ ਲਿਆ ਹੈ। ਸੰਬੰਧਤ ਨੋਟ ਕਰਨ। (avtar)

ਮੈਂ, ਸਰਪ੍ਰੀਤ ਸਿੰਘ ਕਲੇਰ ਪੁੱਤਰ ਬਿੱਕਰ ਸਿੰਘ, ਪਿੰਡ ਕਾਂਝਲਾ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਸਰਪ੍ਰੀਤ ਸਿੰਘ ਰੱਖ ਲਿਆ ਹੈ।

ਮੈਂ, ਚਰਨਜੀਤ ਸਿੰਘ ਪੁੱਤਰ ਉਰਵਿੰਦਰ ਸਿੰਘ ਵਾਸੀ ਮਕਾਨ ਨੰ: 306, ਰਾਮ ਤੀਰਥ ਰੋਡ, ਨਿਊ ਪਾਲ ਐਵੇਨਿਊ, ਡਾਕ: ਛੇਹਰਟਾ, ਅੰਮ੍ਰਿਤਸਰ, ਪੰਜਾਬ-143105 ਨੇ ਆਪਣੀ ਲੜਕੀ ਦਾ ਨਾਂਅ ਏਡਰੀਅਲ ਤੋਂ ਬਦਲ ਕੇ ਏਡਰੀਅਲ ਅਰੋੜਾ ਰੱਖ ਲਿਆ ਹੈ। ਸੰਬੰਧਤ ਨੋਟ ਕਰਨ। (ਕਮਲ)

ਮੈਂ, ਦਲਜੀਤ ਕੌਰ ਪਤਨੀ ਕਮਲਜੀਤ ਸਿੰਘ ਵਾਸੀ ਪਿੰਡ ਰਾਏਪੁਰ, ਤਹਿ: ਵਾ ਜ਼ਿਲ੍ਹਾ ਜਲੰਧਰ (ਪੰਜਾਬ) ਨੇ ਆਪਣੀ ਲੜਕੀ ਦਾ ਨਾਂਅ ਸਿਮਰਨ (Simran) ਤੋਂ ਬਦਲ ਕੇ ਸਿਮਰਨ ਕੌਰ (Simran Kaur) ਰੱਖ ਲਿਆ ਹੈ। ਸੰਬੰਧਤ ਨੋਟ ਕਰਨ। (7666)

ਮੈਂ, ਸਰਬਜੀਤ ਸਿੰਘ ਪੁੱਤਰ ਸ: ਰਾਜਿੰਦਰ ਸਿੰਘ ਵਾਸੀ ਪਿੰਡ ਰਾਏਪੁਰ, ਤਹਿ: ਵਾ ਜ਼ਿਲ੍ਹਾ ਜਲੰਧਰ (ਪੰਜਾਬ) ਨੇ ਆਪਣੀ ਲੜਕੀ ਦਾ ਨਾਂਅ ਨਵਦੀਪ (Navdeep) ਤੋਂ ਬਦਲ ਕੇ ਨਵਦੀਪ ਕੌਰ (Navdeep Kaur) ਰੱਖ ਲਿਆ ਹੈ। ਸੰਬੰਧਤ ਨੋਟ ਕਰਨ। (7666)

ਸੂਰਜ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਪਿੰਡ ਭਾਗਸਰ, ਮੁਕਤਸਰ ਨੇ ਆਪਣਾ ਨਾਂਅ ਬਦਲ ਕੇ ਸੂਰਜ ਸਿੰਘ ਉਰਫ ਰਣਜੀਤ ਸਿੰਘ ਦੋਵੇਂ ਨਾਂਅ ਰੱਖ ਲਏ ਹਨ। ਸੰਬੰਧਤ ਨੋਟ ਕਰਨ। (ਸਮਿੰਦਰ)

ਮੈਂ, ਦਲਜੀਤ ਕੌਰ ਪਤਨੀ ਕਮਲਜੀਤ ਸਿੰਘ ਵਾਸੀ ਪਿੰਡ ਰਾਏਪੁਰ, ਤਹਿ: ਵਾ ਜ਼ਿਲ੍ਹਾ ਜਲੰਧਰ (ਪੰਜਾਬ) ਨੇ ਆਪਣੀ ਲੜਕੀ ਦਾ ਨਾਂਅ ਚੇਤਨਾ (Chetna) ਤੋਂ ਬਦਲ ਕੇ ਚੇਤਨਾ ਰਾਣੀ (Chetna Rani) ਰੱਖ ਲਿਆ ਹੈ। ਸੰਬੰਧਤ ਨੋਟ ਕਰਨ। (7666)

## Change of Name

I Monika Mahajan W/O Manoj Kumar R/O H.no.170, Gali No.3, Majitha Road, Bhawani Nagar Amritsar Have Changed My Name From Monika Mahajan To Monika Gupta. All Concerned Please Note . (Sourabh)

I, Rajesh Kumar S/o Jodh Raj H No 1075 J, Ladowali Road, Sant Nagar, Jalandhar have changed my name to Rajesh Kumar Verma. Concerned note.

I, Darshan Singh Main S/o Atma Singh, resident of Dhuri (Sangrur) have changed my name to Darshan Singh.

I, Jaskanwardeep Singh Main S/o Darshan Singh, resident of Dhuri (Sangrur) have changed my name to Jaskanwardeep Singh.

I, Karamjit Kaur W/o Surjeet R/o H.No. 1686/8, Raiya Mohalla, Adampur Doaba, Distt. Jalandhar, Punjab-144102 declare that I have changed of my minor daughter's name from Simran to Simran Kaur. All concerned to be noted. (Dilbagi)

I, Meenakshi Sehdev W/o Ram Babbar R/o 531-532, Nakodar Road, Jalandhar, have changed my name from Meenakshi Sehdev to Meenakshi Babbar. All concerned please note. (7671)

I, Ranjit Singh S/O Balkar Singh whose permanent address in India is V.P.O. Nangal Ambia, Tehsil Shahkot, Distt. Jalandhar, Punjab and is Now living at 81 RAGLAN ROAD, SMETHWICK, BIRMINGHAM, WEST MIDLANDS B66 3TR hereby gives notice of my intention to change my name to (MR.) kuldip singh subject to the approval of The High Commission of India London.

I Chahat Maheshwari D/o Sh. Mukesh Maheshwari W/o Mr. Tirloki Nath Aggarwal R/o H No. 1704, Old Lakkar Mandi, Talab Pritam Dass, I/s Sultanwind Gate, Amritsar. I have changed my name after marriage Chahat Maheshwari to Chahat Aggarwal (NARANG)

I Arvinder S/o Ajit Singh Bhatia Resident of H No. 8, Gali No.11, Tarn Taran Road, B/s Mata Kaulan Ji Bhalai Kendar, Ganda Singh Colony, Amritsar have changed my name from Arvinder to Arvinder Singh. (NARANG)

I NARINDER KMAR S/O HEM RAJ R/O PATTI SULTAN DI SULTANWIND PIND AMRITSAR HAVE CHANGED MY NAME TO NARINDER KUMAR. (NARANG)

I, Daljit Kour W/o Manmohar Singh R/o H.No.106, 100ft Road, Azad Nagar Amritsar have changed my name from Daljit Kour to Daljeet Kaur. (NARANG)

I, Jyoti Seth and Savita Seth W/o Pawan Seth R/o H.No.326, Green Avenue, Amritsar have certified that above both name's are mine one and same person. (NARANG

I, Baljeet Kaur W/O Gurnam Singh R/O 237. Captain Wali Gali, Ward No. 3, Tehsil Ajnala Distt Amritsar Punjab have changed my name from Baljeet Kaur to Baljit Kaur .Please concerned note.

I, Reeta W/o Parveen Kumar R/o 6 I, Basant Avenue, Amritsar, Punjab have changed my name after marriage from Reeta to Reeta Kapahi.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸ਼ੇਰੋਵਾਲੀਆ ਵੱਲੋਂ ਸ਼ਾਹਕੋਟ ਹਲਕੇ ਦੇ ਵੋਟਰਾਂ ਦਾ ਧੰਨਵਾਦ



ਸ਼ਾਹਕੋਟ (ਗਿਆਨ ਸੈਦਪੁਰੀ)- ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਕਾਂਗਰਸੀ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਹਲਕੇ ਦੇ ਵੋਟਰਾਂ ਵੱਲੋਂ ਭਰਪੂਰ ਸਮਰਥਨ ਦੇਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ।

ਉਨ੍ਹਾ ਕਿਹਾ ਕਿ ਹਲਕੇ ਦੇ ਲੋਕਾਂ ਨੇ ਮੇਰੇ ਹੱਕ ਵਿੱਚ 35737 ਵੋਟਾਂ ਪਾ ਕੇ ਆਪਣੇ ਪਿਆਰ ਦਾ ਇਜ਼ਹਾਰ ਕੀਤਾ ਹੈ। ਉਨ੍ਹਾ ਕਿਹਾ ਕਿ ਸਰਕਾਰ ਦੇ ਵੱਡੇ ਦਬਾਅ ਅਤੇ ਡਰਾਵਿਆਂ ਦੇ ਬਾਵਜੂਦ ਲੋਕਾਂ ਨੇ ਵੱਡੀ ਪੱਧਰ 'ਤੇ ਵੋਟਾਂ ਨਾਲ ਨਿਵਾਜ ਕੇ ਮੇਰੇ 'ਤੇ ਵੱਡਾ ਅਹਿਸਾਨ ਕੀਤਾ ਹੈ। ਸ਼ੇਰੋਵਾਲੀਆ ਨੇ ਕਿਹਾ ਕਿ ਮੈਂ ਹਲਕੇ ਦੇ ਲੋਕਾਂ ਦਾ ਸੱਦਾ ਰਿਣੀ ਰਹਾਂਗਾ। ਜ਼ਿਕਰਯੋਗ ਹੈ ਕਿ ਪਾਰਲੀਮੈਂਟ ਦੀ ਜ਼ਿਮਨੀ ਚੋਣ ਦੇ ਨਤੀਜਿਆਂ ਵਿੱਚ ਵਿਧਾਨ ਸਭਾ ਹਲਕਾ ਸ਼ਾਹਕੋਟ ਤੋਂ ਕਾਂਗਰਸੀ ਉਮੀਦਵਾਰ ਪ੍ਰੋ: ਕਰਮਜੀਤ ਕੌਰ ਦੇ ਹੱਕ ਵਿੱਚ 35737 ਵੋਟਰ ਭੁਗਤੇ ਹਨ। ਇਹ ਗਿਣਤੀ ਜੇਤੂ ਉਮੀਦਵਾਰ ਆਪ ਦੇ ਸੁਸ਼ੀਲ ਕੁਮਾਰ ਰਿੰਕੂ ਤੋਂ ਸਿਰਫ 273 ਵੋਟਾਂ ਘੱਟ ਹਨ।

## ਪੈਰਾਗੋਨ ਸੀਨੀਅਰ ਸੈਕੰਡਰੀ ਸਕੂਲ ਸੈਕਟਰ 71 ਮੋਹਾਲੀ ਸਕੂਲ ਦਾ ਸ਼ਾਨਦਾਰ ਨਤੀਜਾ



**ਮੋਹਾਲੀ (ਗੁਰਜੀਤ ਬਿੱਲਾ)**-ਸੀ. ਬੀ. ਐਸ. ਈ ਵੱਲੋਂ ਐਲਾਨੇ ਦੱਸਵੀਂ ਅਤੇ ਬਾਰਵੀਂ ਦੇ ਨਤੀਜੇ ਵਿੱਚ ਪੈਰਾਗੋਨ ਸੀਨੀਅਰ ਸੈਕੰਡਰੀ ਸਕੂਲ ਸੈਕਟਰ- 71 ਮੋਹਾਲੀ ਦਾ ਨਤੀਜਾ ਸ਼ਾਨਦਾਰ ਰਿਹਾ। ਪ੍ਰਿੰਸੀਪਲ ਸ੍ਰੀਮਤੀ ਜਸਮੀਤ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਆਦਿੱਤਯ ਸਿੰਗਲਾ (ਮੈਡੀਕਲ- 93%), ਆਯੂਸ਼ ਵਰਮਾ (ਹਿਊਮੈਨੀਟੀਜ- 92.6%), ਅਨਮੋਲਪ੍ਰੀਤ ਸਿੰਘ (ਨਾਨ-ਮੈਡੀਕਲ- 91.8%), ਨਿਕੀਤਾ ਪਰਗਿਆਨ (91.8%),ਜੈਸਮੀਨ ਮਸੌਣ (ਨਾਨ-ਮੈਡੀਕਲ-91.2%), ਸਸਾਂਕ ਗੁਪਤਾ (ਨਾਨ-ਮੈਡੀਕਲ- 90.2%), ਖੁਸੀ (ਹਿਊਮੈਨੀਟੀਜ-90.4%), ਸਿਵਾਂਗੀ (ਨਾਨ-ਮੈਡੀਕਲ-89.8%), ਨੂਰਦੀਪ ਸਿੰਘ (ਹਿਊਮੈਨੀਟੀਜ-89%) ਅੰਕ ਹਾਸਿਲ ਕੀਤੇ। ਦਸਵੀਂ ਦੇ ਐਲਾਨੇ ਨਤੀਜਿਆਂ ਵਿਚ ਵੀ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ ਜਿਸ ਵਿੱਚ ਵਾਮਿਕਾ ਸੈਨੀ (95.4%), ਵਰਿਤਿਕਾ ਸ਼ਰਮਾ (92.4%) ਅਤੇ ਖੁਸਾਗਰਾ (89.6%) ਅੰਕ ਹਾਸਿਲ ਕੀਤੇ। ਸਕੂਲ ਦੇ ਡਾਇਰੈਕਟਰ ਸਰਦਾਰ ਇਕਬਾਲ ਸਿੰਘ ਸ਼ੇਰਗਿੱਲ ਅਤੇ ਪ੍ਰਧਾਨ ਕੁਲਵੰਤ ਕੌਰ ਸ਼ੇਰਗਿੱਲ ਨੇ ਸਕੂਲ ਅਧਿਆਪਕਾਂ ਵੱਲੋਂ ਕੀਤੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਚੰਗੇ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ।

## ਜਲੰਧਰ ਜ਼ਿਮਨੀ ਚੋਣ 'ਚ ਆਪ ਦੀ ਹੋਈ ਜਿੱਤ ਦੀ ਖੁਸ਼ੀ 'ਚ ਕੱਢਿਆ ਰੋਡ ਸ਼ੋਅ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਜਲੰਧਰ 'ਚ ਹੋਈ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੀ ਜਿੱਤ ਦਾ ਜਸ਼ਨ ਮਨਾਉਣ ਲਈ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਦੀਨਾਨਗਰ ਹਲਕੇ 'ਚ ਰੋਡ ਸ਼ੋਅ ਕੱਢਿਆ। ਸ਼ਮਸ਼ੇਰ ਸਿੰਘ ਨੇ ਕਿਹਾ ਕਿ ਜਲੰਧਰ ਵਿੱਚ ਹੋਈ ਜਿੱਤ ਆਮ ਆਦਮੀ ਪਾਰਟੀ ਦੀ ਨਹੀਂ ਸਗੋਂ ਪੰਜਾਬ ਦੇ ਆਮ ਲੋਕਾਂ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਨੇ ਮਿਲ ਕੇ ਆਮ ਆਦਮੀ ਪਾਰਟੀ ਨੂੰ ਹਰਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ ਪਰ ਉਹ ਆਪਣੇ ਮਨਸੂਬੇ ਵਿੱਚ ਕਾਮਯਾਬ ਨਹੀਂ ਹੋ ਸਕੀਆਂ ਕਿਉਂਕਿ ਪੰਜਾਬ ਦੇ ਲੋਕ ਜਾਣਦੇ ਹਨ ਕਿ ਪੰਜਾਬ ਦੀ ਸੁਰੱਖਿਆ ਅਤੇ ਵਿਕਾਸ ਦੀ ਵਾਗਡੋਰ ਆਮ ਆਦਮੀ ਪਾਰਟੀ ਦੇ ਹੱਥਾਂ ਵਿੱਚ ਹੀ ਮਹਿਫੂਜ਼ ਹੈ। ਉਨ੍ਹਾਂ ਕਿਹਾ ਕਿ ਜਲੰਧਰ ਵਿੱਚ ਕਾਂਗਰਸ ਦੀ ਵੱਡੀ ਨੀਂਹ ਬਣੀ ਹੋਈ ਸੀ, ਜਿਸ ਨੂੰ ਉਨ੍ਹਾਂ ਦੀ ਪਾਰਟੀ ਨੇ ਹਿਲਾ ਕੇ ਰੱਖ ਦਿੱਤਾ ਹੈ ਜਦਕਿ ਬਾਕੀ ਸੰਸਦੀ ਸੀਟਾਂ 'ਤੇ ਵੀ ਆਮ ਆਦਮੀ ਪਾਰਟੀ ਦਾ ਕਬਜ਼ਾ ਹੋਵੇਗਾ।

## ਕੋਕ ਸਟੂਡੀਓ ਵੱਲੋਂ 'ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ' ਸ਼ਾਹਕਾਰ ਪੇਸ਼

ਜਲੰਧਰ- ਕੋਕ ਸਟੂਡੀਓ ਨੇ ਵੱਖ-ਵੱਖ ਭਾਸ਼ਾਵਾਂ ਵਿੱਚ ਸੰਗੀਤ ਦੀਆਂ ਵੱਖ-ਵੱਖ ਸ਼ੈਲੀਆਂ ਦੇ ਨਾਲ ਇੱਕ ਸੰਗੀਤਕ ਪਲੇਟਫਾਰਮ ਦੇ ਰੂਪ ਵਿੱਚ ਆਪਣੀ ਸ਼ਾਨਦਾਰ ਸਫਲਤਾ ਦੇ ਨਾਲ ਇਸ ਸਾਲ ਭਾਰਤ ਵਿੱਚ ਕੋਕ ਸਟੂਡੀਓ ਭਾਰਤ ਅਤੇ ਕੋਕ ਸਟੂਡੀਓ ਤਮਿਲ ਦੇ ਲਾਂਚ ਦੇ ਨਾਲ ਪ੍ਰਤਿਭਾਸ਼ਾਲੀ ਅਤੇ ਉੱਭਰਦੇ ਕਲਾਕਾਰਾਂ ਦਾ ਜਸ਼ਨ ਮਨਾਉਣਾ ਜਾਰੀ ਰੱਖਿਆ ਹੈ। ਕੋਕ ਸਟੂਡੀਓ ਭਾਰਤ ਦੇਸ਼ ਭਰ ਦੇ 50 ਤੋਂ ਵੱਧ ਅਜਿਹੇ ਕਲਾਕਾਰਾਂ ਦੇ ਜੁੜਨ ਦੇ ਨਾਲ ਇੱਕ ਰਚਨਾਤਮਕ ਸੀਜ਼ਨ ਚਲਾ ਰਿਹਾ ਹੈ ਜੋ ਭਾਰਤ ਦੇ ਸੱਭਿਆਚਾਰ ਦਾ ਜਸ਼ਨ ਮਨਾਉਣ ਵਾਲੇ 10 ਤੋਂ ਵੱਧ ਯਾਦਗਾਰੀ ਗਾਣੇ ਬਣਾਉਣ ਲਈ ਇਕੱਠੇ ਹੋਏ ਹਨ। ਕੋਕ ਸਟੂਡੀਓ ਭਾਰਤ ਨੇ ਲੜੀ ਵਿੱਚ ਚੌਥੀ ਅਤੇ ਨਵੀਨਤਮ ਰਚਨਾ ਲਾਂਚ ਕੀਤੀ ਕਿ ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ ਵਿੱਚ ਪ੍ਰਤਿਭਾਸ਼ਾਲੀ ਕਲਾਕਾਰਾਂ ਅਮੀਰਾ ਗਿੱਲ, ਕੰਵਰ ਗਰੇਵਾਲ, ਤਾਜਦਾਰ ਜੁਨੈਦ ਅਤੇ ਦੇਵੇਸ਼ੀ ਸਹਿਗਲ ਦੀ ਸਹਿਯੋਗੀ ਪੇਸ਼ਕਾਰੀ ਸਾਹਮਣੇ ਆਈ ਹੈ।

14-May-PAGE- 7.qxd 5/13/2023 10:29 PM Page 1



# ਹਰਬੰਸਪੁਰ/ਜਗਜੀਤਪੁਰ ਵਿਖੇ ਸਾਲਾਨਾ ਜੋੜ ਮੇਲਾ 18 ਨੂੰ

**ਫਗਵਾੜਾ ( ਡਾ. ਰਮਨ, ਚੱਢਾ )** ਦਰਬਾਰ ਸਿੱਧ ਸਖੀ ਸੁਲਤਾਨ/ਲਖਦਾਤਾ ਪੀਰ ਪਿੰਡ ਹਰਬੰਸਪੁਰ/ਜਗਜੀਤਪੁਰ ਤਹਿਸੀਲ ਫਗਵਾੜਾ ਵਿਖੇ ਸਾਲਾਨਾ ਜੋੜ ਮੇਲਾ 18 ਮਈ ਨੂੰ ਕਰਵਾਇਆ ਜਾ ਰਿਹਾ ਹੈ। ਸਵੇਰੇ ਝੰਡੇ, ਚਰਾਗ ਅਤੇ ਚਾਦਰ ਦੀ ਰਸਮ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਹੋਵੇਗੀ। ਰਾਤ ਨੂੰ ਨੱਕਾਲ ਪਾਰਟੀ ਰਾਜ ਕਿਰਨ ਅਤੇ ਸਾਥੀ ਆਪਣੇ ਫਨ ਦਾ ਮੁਜ਼ਾਹਰਾ ਕਰਨਗੇ ਅਤੇ ਧਾਰਮਿਕ ਨਾਟਕ ਵੀ ਖੇਡਿਆ ਜਾਵੇਗਾ। ਚਾਹ ਪਕੌੜੇ ਦੀ ਸੇਵਾ, ਦਾਲ ਫੁਲਕਾ ਜੀ ਦਾ ਲੰਗਰ ਅਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੁੱਟ ਵਰਤਾਈਆਂ ਜਾਣਗੀਆਂ। ਇਸ ਮੌਕੇ ਬਾਪੂ ਚੌਧਰੀ ਦਰਸ਼ਨ ਰਾਮ, ਪ੍ਰੇਮ ਲਾਲ ਸੁਨਿਆਰ, ਹਰਕਪਾਲ, ਰਾਮ ਲਾਲ, ਸੁਰਜੀਤ ਲਾਲ, ਗੁਰਚਰਨ ਲਾਲ, ਜਤਿੰਦਰ ਕੁਮਾਰ, ਇੰਦਰਜੀਤ, ਜਸਵਿੰਦਰ, ਡਾ. ਬਲਵਿੰਦਰ ਕੁਮਾਰ, ਅਮਰਜੀਤ ਲਾਲ, ਗਿਆਨ ਚੰਦ, ਹਰਮੇਸ਼ ਲਾਲ, ਕੇਵਲ ਚੰਦ, ਮੁਕੇਸ਼ ਕੁਮਾਰ, ਅਮਨ, ਪਰਮਜੀਤ ਸੁਨਿਆਰ, ਰੋਸ਼ਨ ਲਾਲ, ਗੁਲਸ਼ਨ ਕੁਮਾਰ, ਓਂਕਾਰ ਲਾਲ, ਦਿਨੇਸ਼, ਗੌਰਵ, ਸ਼ੀਲਾ ਰਾਣੀ, ਸੁਨੀਤਾ ਰਾਣੀ, ਹਰਭਜਨ ਕੌਰ, ਹੰਸ ਕੌਰ, ਮਨਜੀਤ ਕੌਰ, ਸਤਿਆ ਦੇਵੀ, ਮੁਸਕਾਨ, ਬੀਬੀ ਪਿਆਰ ਕੌਰ, ਪ੍ਰਵੀਨ, ਮਮਤਾ, ਸੁਰਿੰਦਰ ਕੌਰ, ਅੰਜੂ, ਨਰਿੰਦਰ ਪਾਲ, ਅਵਤਾਰ ਲਾਲ, ਤਰਸੇਮ ਲਾਲ, ਨਿਰਮਲ ਰਾਮ, ਅਜੇ ਕੁਮਾਰ, ਧਾਲਾ ਸੁਨਿਆਰ, ਵਿਜੇ ਕੁਮਾਰ ਅਤੇ ਸੁਰਿੰਦਰ ਪਾਲ ਆਦਿ ਹਾਜਰ ਸਨ।

## ਪ੍ਰਵਾਸੀ ਭਾਰਤੀ ਕੋਚ ਕਟਾਰੀਆ ਵੱਲੋਂ ਦੇਹਰੀਵਾਲ ਵੇਟ ਲਿਫਟਿੰਗ ਸੈਂਟਰ ਲਈ 50 ਹਜ਼ਾਰ ਰੁਪਏ ਭੇਟ



**ਅੱਡਾ ਸਰਾਂ (ਜਸਪਾਲ)**-ਸਰਕਾਰੀ ਹਾਈ ਸਕੂਲ ਦੇਹਰੀਵਾਲ ਵਿਚ ਚਲਾਇਆ ਜਾ ਰਿਹਾ ਵੇਟ ਲਿਫਟਿੰਗ ਸੈਂਟਰ ਲਗਾਤਾਰ ਪ੍ਰਾਪਤੀਆਂ ਕਰ ਰਿਹਾ ਹੈ। ਇੰਟਰਨੈਸ਼ਨਲ ਵੇਟ ਲਿਫਟਰ ਹਰਦੀਪ ਸਿੰਘ ਬੱਸੀਮਖੂਰ ਅਤੇ ਅਵਤਾਰ ਸਿੰਘ ਵਿਰਕ ਦੀ ਸਰਪ੍ਰਸਤੀ ਵਿਚ ਸਕੂਲ ਮੁਖੀ ਜਤਿੰਦਰਪਾਲ ਸਿੰਘ ਅਤੇ ਕੋਚ ਬਲਜਿੰਦਰ ਸਿੰਘ ਭਿੰਡਰ ਦੀ ਅਗਵਾਈ ਵਿਚ ਚੱਲ ਰਹੇ ਇਸ ਸੈਂਟਰ ਵਿਚ ਸਮਾਗਮ ਅਤੇ ਵਿਸ਼ੇਸ਼ ਟਰੇਨਿੰਗ ਸੈਸ਼ਨ ਕਰਵਾਇਆ ਗਿਆ। ਜਿਸ ਵਿਚ ਮੁੱਖ ਮਹਿਮਾਨ ਵੇਟ ਲਿਫਟਿੰਗ ਕੋਚ ਜਸਵੀਰ ਸਿੰਘ ਕਟਾਰੀਆ ਅਮਰੀਕਾ ਨੇ ਸੈਂਟਰ ਲਈ 50 ਹਜ਼ਾਰ ਰੁਪਏ ਭੇਟ ਕਰਦੇ ਹੋਏ ਭਵਿੱਖ ਵਿਚ ਵੀ ਇਹ ਸਾਥ ਜਾਰੀ ਰੱਖਣ ਦਾ ਭਰੋਸਾ ਦਿੱਤਾ। ਉਨ੍ਹਾਂ ਇਸ ਮੌਕੇ ਖਿਡਾਰੀਆਂ ਨੂੰ ਸਿਖਲਾਈ ਦਿੱਤੀ ਅਤੇ ਸਫਲ ਖਿਡਾਰੀ ਬਣਨ ਲਈ ਗੁਰ ਸਿਖਾਏ। ਇਸ ਮੌਕੇ ਸਰਪੰਚ ਹਰਦਿਆਲ ਸਿੰਘ,ਨੰਬਰਦਾਰ ਮਨਪ੍ਰੀਤ ਸਿੰਘ,ਡਾ.ਦਵਿੰਦਰ ਸਿੰਘ,ਉਂਕਾਰ ਸਿੰਘ ਦੇਹਰੀਵਾਲ,ਮਨੀ ਦੇਹਰੀਵਾਲ, ਕੁਲਵਿੰਦਰ ਸਿੰਘ,ਸਰਬਜੋਤ ਸਿੰਘ,ਐੱਸ.ਪੀ.ਦੇਹਰੀਵਾਲ,ਅੰਮ੍ਰਿਤਪਾਲ ਸਿੰਘ ਆਦਿ ਮੌਜੂਦ ਸਨ।

# ਨੈਸ਼ਨਲ ਲੋਕ ਅਦਾਲਤ ਰਾਹੀਂ 560 ਕੇਸਾਂ ਦਾ ਨਿਪਟਾਰਾ



**ਕਪੂਰਥਲਾ ( ਪ੍ਰੀਤ ਸੰਗੋਜਲਾ )**-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਕਪੂਰਥਲਾ ਵੱਲੋਂ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਅਮਰਿੰਦਰ ਸਿੰਘ ਗਰੇਵਾਲ, ਜ਼ਿਲ੍ਹਾ ਅਤੇ ਸ਼ੈਸ਼ਨ ਜੱਜ ਕਮ ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਕਪੂਰਥਲਾ ਦੀ ਅਗਵਾਈ ਹੇਠ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਕਚਹਿਰੀ ਕਪੂਰਥਲਾ ਵਿਖੇ 8, ਸਬ ਡਵੀਜ਼ਨ ਫਗਵਾੜਾ ਵਿਖੇ 2, ਸਬ ਡਵੀਜਨ ਸੁਲਤਾਨਪੁਰ ਲੋਧੀ ਵਿਖੇ 1 ਅਤੇ ਸਬ ਡਵੀਜਨ ਭੁੱਲਥ ਵਿਖੇ 1 ਬੈਂਚ ਗਠਿਤ ਕੀਤੇ ਗਏ। ਇਸ ਤੋਂ ਇਲਾਵਾ 4 ਬੈਚ ਰੈਵੀਨਿਊ ਕੋਰਟ ਦੇ ਗਠਿਤ ਕੀਤੇ ਗਏ। ਨੈਸ਼ਨਲ ਲੋਕ ਅਦਾਲਤ ਵਿਚ ਜੁਡੀਸ਼ੀਅਲ ਅਤੇ ਰੈਵੀਨਿਊ ਅਦਾਲਤਾਂ ਵੱਲੋਂ ਲਗਭਗ 4531 ਕੇਸ ਸ਼ਾਮਲ ਕੀਤੇ ਗਏ, ਜਿਨ੍ਹਾਂ ਵਿੱਚੋਂ 560 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਅਤੇ ਲਗਭਗ 8,75,19,598/ ਰੁਪਏ ਦੀ ਰਕਮ ਮੁਆਵਜ਼ੇ ਵਜੋਂ ਸੈਟਲ ਕੀਤੀ ਗਈ। ਕਪੂਰਥਲਾ ਵਿਖੇ ਜੁਡੀਸ਼ੀਅਲ ਬੈਂਚਾਂ ਦੀ ਪ੍ਰਧਾਨਗੀ ਅਜੀਤ ਸਿੰਘ, ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ, ਕਪੂਰਥਲਾ, ਜ਼ਸਪਾਲ ਵਰਮਾ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ, ਕਪੂਰਥਲਾ, ਡਾ. ਗੁਰਪ੍ਰੀਤ ਕੌਰ, ਪ੍ਰਿੰਸੀਪਲ ਜੱਜ, ਫੈਮਿਲੀ ਕੋਰਟ, ਕਪੂਰਥਲਾ, ਜਸਵੀਰ ਸਿੰਘ, ਚੀਫ ਜੂਡੀਸ਼ੀਅਲ ਮੈਜਿਸਟ੍ਰੇਟ, ਕਪੂਰਥਲਾ, ਸ਼੍ਰੀਮਤੀ ਸੁਪਰੀਤ ਕੌਰ, ਐਡੀਸ਼ਨਲ ਸਿਵਲ ਜੱਜ (ਸੀਨੀਅਰ ਡਵੀਜਲ), ਕਪੂਰਥਲਾ, ਪ੍ਰਤੀਕ ਗੁਪਤਾ, ਸਿਵਲ ਜੱਜ (ਜੂ.ਡੀ), ਕਪੂਰਥਲਾ, ਮਿਸ ਸਿਮਰਨ ਸਿਵਲ ਜੱਜ (ਜੂ.ਡੀ.) ਅਤੇ ਮੁਕੇਸ਼ ਕੁਮਾਰ ਬਾਂਸਲ, ਚੇਅਰਮੈਨ ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ), ਕਪੂਰਥਲਾ ਵੱਲੋਂ ਕੀਤੀ ਗਈ।

# 'ਆਪ' ਆਗੂਆਂ-ਕਾਰਕੁੰਨਾਂ ਨੇ ਢੋਲ-ਨਗਾਰੇ ਵਜਾ ਕੇ ਮਨਾਇਆ ਜਸ਼ਨ



**ਚੰਡੀਗੜ੍ਹ (ਗੁਰਜੀਤ ਬਿੱਲਾ, ਸ਼ੈਲੀ ਐਲਬਰਟ)**- ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਜਿੱਤ ਦੀ ਖ਼ਬਰ ਸੁਣਦਿਆਂ ਹੀ ਪੰਜਾਬ ਭਰ ਤੋਂ 'ਆਪ' ਦੇ ਸੈਂਕੜੇ ਆਗੂ ਤੇ ਵਰਕਰ ਪਾਰਟੀ ਦਫ਼ਤਰ ਚੰਡੀਗੜ੍ਹ 'ਚ ਪਹੁੰਚੇ ਅਤੇ ਇਕ ਦੂਜੇ ਨੂੰ ਜਿੱਤ ਦੀ ਵਧਾਈ ਦਿੱਤੀ।

ਪਾਰਟੀ ਵਰਕਰਾਂ ਨੇ ਢੋਲ ਵਜਾ ਕੇ ਜਿੱਤ ਦਾ ਜਸ਼ਨ ਮਨਾਇਆ। ਵਰਕਰਾਂ ਨੇ ਆਮ ਆਦਮੀ ਪਾਰਟੀ ਅਤੇ ਇਸ ਦੇ ਆਗੂ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੇ ਸਮਰਥਨ ਵਿੱਚ ਨਾਅਰੇਬਾਜ਼ੀ ਵੀ ਕੀਤੀ। 'ਆਪ' ਆਗੂਆਂ ਨੇ ਪਾਰਟੀ ਦਫਤਰ 'ਚ ਮੌਜੂਦ ਸਾਰੇ ਵਰਕਰਾਂ ਨੂੰ ਲੱਡੂ ਖਿਲਾਏ ਅਤੇ ਵਰਕਰਾਂ ਨਾਲ ਨੱਚਿਆ-ਗਾਇਆ ਵੀ। ਆਪ ਸਰਕਾਰ ਦੀ ਮੰਤਰੀ ਅਨਮੋਲ ਗਗਨ ਮਾਨ ਨੇ ਵੀ ਪਾਰਟੀ ਦਫਤਰ ਪਹੁੰਚ ਕੇ ਪਾਰਟੀ ਵਰਕਰਾਂ ਅਤੇ ਮੀਡੀਆ ਨੂੰ ਸੰਬੋਧਨ ਕਰਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਪਾਰਟੀ ਦਫਤਰ ਵਿੱਚ ਆਮ ਆਦਮੀ ਪਾਰਟੀ ਪੰਜਾਬ ਦੇ ਸਕੱਤਰ ਡਾ: ਸੰਨੀ ਸਿੰਘ ਆਹਲੂਵਾਲੀਆ, ਪਾਰਟੀ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ, ਬੁਲਾਰੇ ਗੋਵਿੰਦਰ ਮਿੱਤਲ, ਐਡਵੋਕੇਟ ਰਵਿੰਦਰ, ਪਾਰਟੀ ਦੇ ਮਹਿਲਾ ਆਗੂ ਪ੍ਰਭਜੋਤ ਕੌਰ ਅਤੇ ਪਾਰਟੀ ਆਗੂ ਵਿਨੀਤ ਵਰਮਾ, ਵਰਿੰਦਰ ਸਰਮਾ ਅਤੇ ਜਸਪਾਲ ਸਿੰਘ ਆਦਿ ਹਾਜਰ ਸਨ।

# ਦਿਵਿਆਂਗ ਵਿਦਿਆਰਥਣਾਂ ਲਈ ਹਾਜ਼ਰੀ ਵਜ਼ੀਫ਼ਾ ਰਾਸ਼ੀ ਜਾਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਦਿਵਿਆਂਗ ਵਿਦਿਆਰਥਣਾਂ ਲਈ ਹਾਜ਼ਰੀ ਵਜ਼ੀਫਾ ਸਕੀਮ ਦੇਣ ਲਈ ਵਿੱਤੀ ਸਾਲ 2023-24 ਵਾਸਤੇ 110.00 ਲੱਖ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ। ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ 'ਸਕਾਲਰਸ਼ਿਪ ਫਾਰ ਹੈਂਡੀਕੈਪਡ ਸਟੂਡੈਂਟਸ' ਸਕੀਮ ਅਧੀਨ ਦਿੱਤੇ ਜਾਣ ਵਾਲਾ ਵਜ਼ੀਫ਼ਾ ਦਿਵਿਆਂਗਜਨ ਵਿਦਿਆਰਥਣਾਂ ਨੂੰ ਪੜ੍ਹਾਈ ਲਈ ਹੋਰ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਦਿੱਤਾ ਜਾਂਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਦਿਵਿਆਂਗਜਨਾਂ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਦਿਵਿਆਂਗਜਨ ਵਿਦਿਆਰਥੀਆਂ ਦੇ ਖਾਤੇ ਵਿੱਚ ਇਹ ਰਾਸ਼ੀ ਜਲਦ ਤੋਂ ਜਲਦ ਪੁੱਜਦੀ ਕੀਤੀ ਜਾਵੇ।

# ਨਸ਼ੀਲੇ ਪਾਊਡਰ ਸਮੇਤ ਕਾਬੂ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਪੁਲਸ ਨੇ ਇਕ ਵਿਅਕਤੀ ਨੂੰ ਨਸ਼ੀਲਾ ਪਾਊਡਰ ਸਮੇਤ ਕਾਬੂ ਕੀਤਾ। ਥਾਣਾ ਮੁੱਖੀ ਰੁਪਿੰਦਰ ਸਿੰਘ ਨੇ ਦੱਸਿਆ ਕਿ ਬੀਤੀ ਸ਼ਾਮ ਬਾਲੇਵਾਲ ਮਹਿੰਦਰ ਸਿੰਘ ਪੁਲਸ ਪਾਰਟੀ ਨਾਲ ਗਸ਼ਤ ਕਰ ਰਹੇ ਸਨ ਤਾਂ ਪਿੰਡ ਸੰਧੂਆਂ ਤੋਂ ਪਿੰਡ ਭੂਰੜੇ ਜਦੋਂ ਸਮੇਂ ਸਰਕਾਰੀ ਮਿਡਲ ਸਕੂਲ ਦੇ ਨੇੜੇ ਉਨ੍ਹਾਂ ਨੂੰ ਇਕ ਨੌਜਵਾਨ ਖੜਾ ਮਿਲਿਆ ਜੋ ਪੁਲਸ ਨੂੰ ਦੇਖਦੇ ਹੀ ਘਬਰਾ ਗਿਆ ਅਤੇ ਉਸਨੇ ਆਪਣੀ ਪੈਂਟ ਦੀ ਜੇਬ ਵਿਚੋਂ ਮੋਮੀ ਲਿਫਾਫਾ ਕੱਢ ਕੇ ਦੀਵਾਰ ਨਾਲ ਸੁੱਟ ਦਿੱਤਾ ਤੇ ਆਪ ਭੱਜਣ ਲੱਗਾ। ਪੁਲਸ ਨੇ ਉਸ ਨੂੰ ਫੜ ਲਿਆ ਜਦੋਂ ਲਿਫਾਫਾ ਚੈੱਕ ਕੀਤਾ ਤਾਂ ਉਸ ਵਿਚੋਂ ਨਸ਼ੀਲਾ ਪਾਊਡਰ ਬਰਾਮਦ ਹੋਇਆ। ਇਸ ਵਿਅਕਤੀ ਦੀ ਪਹਿਚਾਣ ਰਵਿੰਦਰ ਸਿੰਘ ਪਿੰਡ ਭੂਰੜੇ ਵਜੋਂ ਹੋਈ। ਪੁਲਸ ਨੇ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# 125 ਕਿੱਲੋ ਡੋਡੇ ਚੂਰਾ ਪੋਸਤ ਤੇ ਦੋ ਕਾਰਾਂ ਸਮੇਤ 2 ਕਾਬੂ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਥਾਣਾ ਮੁੱਖੀ ਗੜ੍ਹਸ਼ੰਕਰ ਇੰਸਪੈਕਟਰ ਜਸਵੰਤ ਸਿੰਘ ਨੇ ਦੱਸਿਆ ਕਿ ਐਸ.ਆਈ ਰਵਿੰਦਰ ਸਿੰਘ ਥਾਣਾ ਗੜ੍ਹਸ਼ੰਕਰ ਨੇ ਸਮੇਤ ਪੁਲਸ ਪਾਰਟੀ ਗਸ਼ਤ ਦੇ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਰੋਡ 'ਤੇ ਨਾਕਾ ਲਗਾ ਕੇ ਵਾਹਨਾਂ ਦੀ ਚੈਕਿੰਗ ਦੌਰਾਨ ਇਕ ਸਵਿਫਟ ਕਾਰ ਨੰਬਰ ਪੀ ਬੀ 65 ਐੱਲ 1991 ਵਿੱਚ ਮਨਵਿੰਦਰ ਸਿੰਘ ਪੁੱਤਰ ਹੇਮ ਰਾਜ ਵਾਸੀ ਰੋਡ ਮਜਾਰਾ ਦੀ ਦੂਸਰੀ ਵਰਨਾ ਕਾਰ ਨੰਬਰ ਐੱਚ ਆਰ 01ਏ ਈ 2600 ਵਿੱਚ ਜਸਵਿੰਦਰ ਸਿੰਘ ਪੁੱਤਰ ਚਰਨ ਸਿੰਘ ਵਾਸੀ ਰੋਡ ਮਜਾਰਾ ( ਹਾਲ ਵਾਸੀ) ਅੰਬਾਲਾ ਸਵਿਫਟ ਕਾਰ ਵਿੱਚੋਂ 3 ਬੋਰੀਆਂ ਵਿੱਚੋਂ 75 ਕਿੱਲੋ ਡੋਡੇ ਚੂਰਾ ਪੋਸਤ, ਅਤੇ ਵਰਨਾ ਕਾਰ ਵਿੱਚੋਂ 2 ਬੋਰੀਆਂ ਵਿੱਚੋਂ 50 ਕਿੱਲੋ ਡੋਡੇ ਚੂਰਾ ਪੋਸਤ ਬਰਾਮਦ ਕੀਤੇ ਹਨ। ਦੋਵੇਂ ਦੋਸ਼ੀਆਂ ਨੂੰ ਕਾਰਾਂ ਸਮੇਤ ਕਾਬੂ ਕਰ ਲਿਆ ਤੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਅੱਠ ਕਿਲੋਗ੍ਰਾਮ ਅਫ਼ੀਮ ਸਮੇਤ ਕਾਬੂ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ, ਮਨੋਜ ਲਾਡੀ)** ਜ਼ਿਲ੍ਹਾ ਭਗਤ ਸਿੰਘ ਨਗਰ 'ਚ ਪੁਲਸ ਨੇ ਇੱਕ ਤਸਕਰ ਨੂੰ ਅੱਠ ਕਿਲੋਗ੍ਰਾਮ ਅਫ਼ੀਮ ਨਾਲ ਗ੍ਰਿਫ਼ਤਾਰ ਕੀਤਾ। ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਇੰਸਪੈਕਟਰ ਅਵਤਾਰ ਸਿੰਘ ਇੰਚਾਰਜ ਸੀ.ਆਈ.ਏ ਸਟਾਫ਼ ਦੀ ਅਗਵਾਈ ਹੇਠ ਏ.ਐਸ.ਆਈ ਜਸਵੀਰ ਸਿੰਘ ਸੀ.ਆਈ.ਏ ਸਟਾਫ, ਸ਼ਹੀਦ ਭਗਤ ਸਿੰਘ ਨਗਰ ਸਮੇਤ ਪੁਲਸ ਪਾਰਟੀ ਗਸ਼ਤ ਕਰਦੇ ਜਦੋਂ ਪਿੰਡ ਗੁਜਰਪੁਰ ਪੁੱਜੀ ਤਾਂ ਪਿੰਡ ਗੁਜਰਪੁਰ ਸਾਈਡ ਬਣੇ ਰੇਲਵੇ ਲਾਈਨ ਪੁੱਲ ਥੱਲੇ ਬਣੀ ਸੜਕ 'ਤੇ ਇੱਕ ਅੱਧਖੜ ਉਮਰ ਦਾ ਵਿਅਕਤੀ ਆਪਣੇ ਮੋਢੇ 'ਤੇ ਕਾਲੇ ਰੰਗ ਦਾ ਵਜ਼ਨਦਾਰ ਕਿੱਟ ਬੈਗ ਚੁੱਕੀ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਦੀ ਗੱਡੀ ਵੇਖ ਕੇ, ਸ਼ਮਸ਼ਾਨ ਘਾਟ ਦੇ ਨਾਲ ਵਾਲੀ ਗਰਾਊਂਡ ਵੱਲ ਨੂੰ ਤੇਜ ਕਦਮੀਂ ਤੁਰ ਪਿਆ। ਸ਼ੱਕ ਪੈਣ 'ਤੇ ਏ.ਐਸ.ਆਈ ਜਸਵੀਰ ਸਿੰਘ ਵੱਲੋਂ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਉਕਤ ਵਿਅਕਤੀ ਨੂੰ ਕਾਬੂ ਕਰਕੇ ਨਾਂਅ ਪਤਾ ਪੁੱਛਿਆ ਗਿਆ ਤਾਂ ਉਸ ਨੇ ਆਪਣਾ ਨਾਮ ਬਿਰਸਾ ਪੁਰਤੀ (ਉਮਰ 45 ਸਾਲ) ਪੁੱਤਰ ਇਤਵਾ ਪੁਰਤੀ ਵਾਸੀ ਪਿੰਡ ਲਗੋਰਾ, ਡਾਕਖਾਨਾ ਸਵਨੀਆ ਥਾਣਾ ਬੰਦਗਾਓ, ਜ਼ਿਲ੍ਹਾ ਪੱਛਮ ਸਿੰਘਬੂਮ (ਝਾਰਖੰਡ) ਦੱਸਿਆ। ਉਸ ਦੇ ਕਿੱਟ ਬੈਗ ਦੀ ਤਲਾਸ਼ੀ ਕਰਨ 'ਤੇ ਇੱਕ ਕਾਲੇ ਰੰਗ ਦੇ ਮੋਮੀ ਲਿਫਾਫੇ ਵਿੱਚ ਅੱਠ ਕਿਲੋਗ੍ਰਾਮ ਅਫੀਮ ਬ੍ਰਾਮਦ ਹੋਣ 'ਤੇ ਥਾਣਾ ਸਿਟੀ ਨਵਾਂਸ਼ਹਿਰ ਵਿਖੇ ਮੁਕੱਦਮਾ ਨੰਬਰ 56 ਮਿਤੀ 11-05-2023 ਅਧੀਨ ਧਾਰਾ 18-61-85 ਐਨ.ਡੀ.ਪੀ.ਐਸ ਐਕਟ ਤਹਿਤ ਦਰਜ ਕੀਤਾ ਗਿਆ ਹੈ।

# ਇਨੋਸੈਂਟ ਹਾਰਟਸ ਦੇ ਵਿਦਿਆਰਥੀਆਂ ਨੇ 10ਵੀਂ ਜਮਾਤ ਦੀ ਪ੍ਰੀਖਿਆ 'ਚ ਮਾਰੀਆਂ ਮੱਲਾਂ



**ਜਲੰਧਰ (ਸ਼ੈਲੀ ਐਲਬਰਟ)**- ਇਨੋਸੈਂਟ ਹਾਰਟਸ ਸਕੂਲ ਗ੍ਰੀਨ ਮਾਡਲ ਟਾਊਨ, ਲੁਹਾਰਾਂ, ਨੂਰਪੁਰ ਰੋਡ, ਕੈਂਟ ਜੰਡਿਆਲਾ ਰੋਡ ਨੇ ਸੀਬੀਐਸਈ 2022-23 ਦੀ ਘੋਸ਼ਿਤ 10ਵੀਂ ਜਮਾਤ ਦੀ ਪ੍ਰੀਖਿਆ ਵਿੱਚ ਸ਼ਾਨਦਾਰ ਸਫਲਤਾ ਹਾਸਲ ਕੀਤੀ ਹੈ । 24 ਵਿਦਿਆਰਥੀਆਂ ਨੇ 95% ਤੋਂ ਵੱਧ, 103 ਵਿਦਿਆਰਥੀਆਂ ਨੇ 90% ਤੋਂ ਵੱਧ ਅਤੇ 209 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ।ਗਰੀਨ ਮਾਡਲ ਟਾਊਨ ਦੀ ਬਰੂਨੀ ਅਰੋੜਾ ਨੇ 98.6 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ । ਅਰਪਿਤ ਗੁਪਤਾ 98.4% ਨਾਲ ਦੂਜੇ ਅਤੇ ਅਜੀਤੇਸ਼ ਸੋਫਤ 98% ਨਾਲ ਤੀਜੇ ਸਥਾਨ 'ਤੇ ਰਹੇ।ਲੋਹਾਰਾਂ ਬ੍ਰਾਂਚ ਦੀ ਚਿਨਮਯ ਅਰੋੜਾ 96.2% ਅੰਕ ਲੈ ਕੇ ਸਕੂਲ ਵਿੱਚੋਂ ਪਹਿਲੇ, ਹਿਤਾਕਸ਼ੀ ਜੈਨ 95.8% ਅੰਕ ਲੈ ਕੇ ਦੂਜੇ ਅਤੇ ਪ੍ਰਿਯਾਂਸ਼ਿਕਾ ਵਿਜ 95.4% ਅੰਕ ਲੈ ਕੇ ਤੀਜੇ ਸਥਾਨ ਤੇ ਰਹੀ। ਨੂਰਪੁਰ ਰੋਡ ਸਕੂਲ ਤੋਂ ਵਿਵੇਕ ਮੈਣੀ 95% ਅੰਕ ਲੈ ਕੇ ਪਹਿਲੇ, ਅਰਜੁਨ ਸਿੰਘ ਠਾਕੁਰ 93% ਅੰਕ ਲੈ ਕੇ ਦੂਜੇ ਅਤੇ ਨਵਤੇਜ ਸਿੰਘ 92.4% ਅੰਕ ਲੈ ਕੇ ਤੀਜੇ ਸਥਾਨ 'ਤੇ ਰਿਹਾ। ਅਰਜੁਨ ਸਿੰਘ ਠਾਕੁਰ 93% ਅੰਕ ਲੈ ਕੇ ਦੂਜੇ ਅਤੇ ਨਵਤੇਜ ਸਿੰਘ 92.4% ਅੰਕ ਲੈ ਕੇ ਤੀਜੇ ਸਥਾਨ 'ਤੇ ਰਿਹਾ।ਕੈਂਟ ਜੰਡਿਆਲਾ ਰੋਡ ਵਿੱਚੋਂ ਗੁਨਿਕਾ 94% ਅੰਕ ਲੈ ਕੇ ਪਹਿਲੇ ਸਥਾਨ 'ਤੇ ਰਹੀ। ਤ੍ਰਿਸ਼ਾ ਅਰੋੜਾ 93% ਅੰਕ ਲੈ ਕੇ ਦੂਜੇ ਅਤੇ ਸਰਵਿੰਦਰਾ ਦਾਦਰਾ 92% ਅੰਕ ਲੈ ਕੇ ਤੀਜੇ ਸਥਾਨ 'ਤੇ ਰਹੀ।ਗ੍ਰੀਨ ਮਾਡਲ ਟਾਊਨ ਵਿੱਚ ਵੱਖ-ਵੱਖ ਵਿਸ਼ਿਆਂ ਵਿੱਚ ਵੱਧ ਤੋਂ ਵੱਧ 100 ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਇਸ ਪ੍ਰਕਾਰ ਹੈ- ਗਣਿਤ ਵਿੱਚ 9 ਵਿਦਿਆਰਥੀ, ਵਿਗਿਆਨ ਵਿੱਚ 1, ਸਮਾਜਿਕ ਵਿਗਿਆਨ ਵਿੱਚ 3, ਪੰਜਾਬੀ ਵਿੱਚ 3, ਮਾਰਕੀਟਿੰਗ ਵਿੱਚ 1 ਅਤੇ ਆਈ.ਟੀ ਵਿੱਚ 5 ਵਿਦਿਆਰਥੀ।ਪ੍ਰਿੰਸੀਪਲ ਰਾਜੀਵ ਪਾਲੀਵਾਲ (ਗ੍ਰੀਨ ਮਾਡਲ ਟਾਊਨ), ਸ਼੍ਰੀਮਤੀ ਸ਼ਾਲੂ ਸਹਿਗਲ (ਲੋਹਾਰਾਂ), ਸ਼੍ਰੀਮਤੀ ਮੀਨਾਕਸ਼ੀ ਸ਼ਰਮਾ (ਨੂਰਪੁਰ ਰੋਡ), ਸ਼੍ਰੀਮਤੀ ਸੋਨਾਲੀ ਮਨੋਚਾ (ਕੈਂਟ ਜੰਡਿਆਲਾ ਰੋਡ) ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਸ਼ਾਨਦਾਰ ਸਫਲਤਾ ਲਈ ਵਧਾਈ ਦਿੱਤੀ । ਇਨੋਸੈਂਟ ਹਾਰਟਸ ਦੇ ਚੇਅਰਮੈਨ ਡਾ: ਅਨੂਪ ਬੌਰੀ ਨੇ ਸਾਰੇ ਵਿਦਿਆਰਥੀਆਂ ਦੀ ਪ੍ਰਸੰਸਾ ਕੀਤੀ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ ।

# ਡੀ ਸੀ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਮਾਇੰਡਸਪਾਰਕ ਲੈਬ ਦਾ ਉਦਘਾਟਨ



**ਖਰੜ, ਕੁਰਾਲੀ (ਹਰਨਾਮ ਸਿੰਘ ਡੱਲਾ, ਮੋਹਨ ਅੱਗਰਵਾਲ ਜੋਗਾ)**-ਡਿਪਟੀ ਕਮਿਸ਼ਨਰ ਸ਼੍ਰੀਮਤੀ ਆਸ਼ਿਕਾ ਜੈਨ ਨੇ ਸਰਕਾਰੀ ਪ੍ਰਾਇਮਰੀ ਸਕੂਲ ਮੁੰਡੀ ਖਰੜ ਵਿਖੇ ਮਾਇੰਡਸਪਾਰਕ ਲੈਬ ਦਾ ਉਦਘਾਟਨ ਕੀਤਾ। ਉਸ ਨੇ ਬੱਚਿਆਂ ਨੂੰ ਸਹੀ ਢੰਗ ਨਾਲ ਪੜ੍ਹਾਉਣ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਮਾਇੰਡਸਪਾਰਕ ਪ੍ਰੋਗਰਾਮ ਪੰਜਾਬ ਦੇ 102 ਸਕੂਲਾਂ ਵਿੱਚ ਚਲ ਰਿਹਾ ਹੈ, ਜਿਨ੍ਹਾਂ ਵਿੱਚੋਂ 15 ਸਕੂਲ ਮੋਹਾਲੀ ਵਿੱਚ ਹਨ। ਇਸ ਅਕਾਦਮਿਕ ਸੈਸ਼ਨ ਵਿੱਚ ਇਸ ਪ੍ਰੋਗਰਾਮ ਦਾ ਹੋਰ ਸਕੂਲਾਂ ਨੂੰ ਵੀ ਲਾਭ ਮਿਲੇਗਾ। ਇਹ ਪ੍ਰੋਗਰਾਮ ਉਨ੍ਹਾਂ ਵਿਦਿਆਰਥੀਆਂ ਲਈ ਲਾਹੇਵੰਦ ਹੋਵੇਗਾ ਜੋ ਆਪਣੀ ਕਲਾਸ ਦੇ ਢੁਕਵੇਂ ਸਿੱਖਣ ਪੱਧਰ 'ਤੇ ਨਹੀਂ ਹਨ। ਮਾਇੰਡਸਪਾਰਕ ਪ੍ਰੋਗਰਾਮ ਦੀ ਸਟੇਟ ਹੈੱਡ ਸ਼੍ਰੀਮਤੀ ਪ੍ਰਿਆ ਸਿੰਘ ਨੇ ਦੱਸਿਆ ਕਿ ਇਹ ਇੱਕ ਏਆਈ-ਸਮਰੱਥ ਵਿਅਕਤੀਗਤ ਅਡੈਪਟਿਵ ਲਰਨਿੰਗ (ਪੀਏਐਲ) ਪਲੇਟਫਾਰਮ ਹੈ ਜੋ ਐਜੂਕੇਸ਼ਨਲ ਇਨੀਸ਼ੀਏਟਿਵ ਦੁਆਰਾ ਡਿਜ਼ਾਇਨ ਕੀਤਾ ਗਿਆ ਹੈ ਜੋ ਸਹੀ ਪੱਧਰ (ਟੀਆਰਐਲ) 'ਤੇ ਪੜ੍ਹਾਉਣ 'ਤੇ ਕੇਂਦਰਿਤ ਹੈ, ਵਿਦਿਆਰਥੀਆਂ ਵਿੱਚ ਸਿੱਖਣ ਦੇ ਅੰਤਰ ਨੂੰ ਘਟਾਉਂਦਾ ਹੈ ਅਤੇ ਇੱਕ ਤਾਜ਼ਾ ਅਧਿਐਨ ਨੇ ਇਹ ਸਥਾਪਿਤ ਕੀਤਾ ਹੈ ਕਿ ਇਸ ਦੀ ਨਿਯਮਤ ਵਰਤੋਂ ਨਾਲ ਇੱਕ ਸਾਲ ਦੇ ਅੰਦਰ ਸਿੱਖਣ ਵਿੱਚ ਸੁਧਾਰਾਂ ਵਿੱਚ 5 ਗੁਣਾ ਵਾਧਾ ਹੋ ਸਕਦਾ ਹੈ।

# 12ਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ



**ਸੁਲਤਾਨਪੁਰ ਲੋਧੀ (ਹਨੀ)**-ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਦਾ ਨਤੀਜਾ ਸ਼ਾਨਦਾਰ ਰਿਹਾ । ਪ੍ਰਿੰਸੀਪਲ ਰੇਨੂੰ ਅਰੋੜਾ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ 4 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ ਅਤੇ 10 ਵਿਦਿਆਰਥੀਆਂ ਨੇ 80 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ । ਵੰਸ਼ਦੀਪ ਸਿੰਘ ਪੁੱਤਰ ਬਲਵੀਰ ਸਿੰਘ 93.6 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲੇ, ਕਰਮਜੋਤ ਕੌਰ ਪੁੱਤਰੀ ਪਲਵਿੰਦਰ ਸਿੰਘ 93 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਜੇ ਅਤੇ ਪ੍ਰਭਨੂਰ ਕੌਰ ਪੁੱਤਰੀ ਜਸਪਾਲ ਸਿੰਘ 92.8 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਸਰੇ ਸਥਾਨ 'ਤੇ ਰਹੀ, ਜਦਕਿ ਜਸਲੀਨ ਸਹੋਤਾ ਪੁੱਤਰੀ ਬਾਜ ਸਿੰਘ ਸਹੋਤਾ 91.4 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਚੌਥੇ ਸਥਾਨ 'ਤੇ ਰਹੀ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਰੇਨੂੰ ਅਰੋੜਾ ਨੇ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ ਅਤੇ ਸਟਾਫ ਮੈਂਬਰਾਂ ਨੂੰ ਵਧਾਈ ਦਿੱਤੀ।

# ਆਪ ਦੀ ਜਿੱਤ ਨੇ ਵਿਰੋਧੀਆਂ ਦੇ ਕੂੜ ਪ੍ਰਚਾਰ ਨੂੰ ਨਕਾਰਿਆ : ਮਨਜੀਤ ਸਿੰਘ

**ਲੋਹੀਆਂ ਖਾਸ (ਰੀਨਾ ਸਰਮਾ, ਯੋਗੇਸ਼ਵਰ) :** ਜਲੰਧਰ ਲੋਕ ਸਭਾ ਦੀ ਜ਼ਿਮਨੀ ਚੋਣ ਵਿੱਚ ਹੋਈ ਆਮ ਆਦਮੀ ਪਾਰਟੀ ਦੀ ਜਿੱਤ ਨੇ ਇਤਿਹਾਸ ਰਚਦੇ ਹੋਏ ਜਿੱਥੇ ਕਾਂਗਰਸ ਦੇ ਹੱਥੋਂ ਲੋਕ ਸਭਾ ਦੀ ਸੀਟ ਖੋਹੀ ਹੈ ਉੱਥੇ ਹੀ ਚੋਣ ਪ੍ਰਚਾਰ ਵੇਲੇ ਵਿਰੋਧੀਆਂ ਵੱਲੋਂ ਆਮ ਆਦਮੀ ਪਾਰਟੀ ਦੇ ਖਿਲਾਫ ਕੀਤੇ ਕੂੜ ਪ੍ਰਚਾਰ ਨੂੰ ਵੀ ਜਨਤਾ ਨੇ ਨਿਕਾਰਿਆ ਹ।

ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਲੋਹੀਆਂ ਤੋਂ ਆਜ਼ਾਦ ਜਿੱਤੇ ਕੌਂਸਲਰ ਮਨਜੀਤ ਸਿੰਘ ਨੇ ਕਿਹਾ ਕਿ ਇਹ ਜਿੱਤ ਯਕੀਨੀ ਸੀ ਕਿਉਂਕਿ ਇਕ ਸਾਲ ਤੋਂ ਸੂਬੇ ਵਿੱਚ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਲੋਕ ਹਿੱਤਾਂ ਲਈ ਕੰਮ ਕਰਦੀ ਆ ਰਹੀ ਸੀ।

ਇਸ ਜਿੱਤ ਲਈ ਮੁੱਖ ਮੰਤਰੀ ਭਗਵੰਤ ਮਾਨ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਨੇ ਕਿਹਾ ਕਿ ਉਮੀਦ ਹੈ ਕਿ ਅੱਗੇ ਵੀ ਇਸ ਤਰ੍ਹਾਂ ਸੂਬੇ ਦੀ ਜਨਤਾ ਲਈ ਭਲਾਈ ਦੇ ਕੰਮ ਜਾਰੀ ਰੱਖੇਗੀ ਅਤੇ ਸਰਕਾਰ ਵਿਧਾਨ ਸਭਾ ਚੋਣਾਂ ਵੇਲੇ ਕੀਤੇ ਬਾਕੀ ਵਾਅਦੇ ਵੀ ਜਰੂਰ ਪੂਰੇ ਕਰੇਗੀ।

# ਸ਼ਹਿਰ ਦੀ ਨਾਮੀ ਕਲੋਨੀ 'ਚ ਹਾਦਸੇ ਨੂੰ ਸੱਦਾ ਦੇ ਰਿਹੈ ਡੂੰਘਾ ਖੱਡਾ

**ਖਰੜ (ਹਰਨਾਮ ਸਿੰਘ ਡੱਲਾ)**ਸ਼ਹਿਰ ਦੀ ਸਭ ਤੋਂ ਮਸਹੂਰ ਕਲੋਨੀ ਸੰਨੀ ਇੰਨਕਲੇਵ ਦੇ ਬਾਸ਼ਿੰਦਿਆਂ ਦਾ ਹਾਲ, ਬੇਹਾਲ ਹੈ। ਇਸ ਕਲੋਨੀ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਨਾ ਹੀ ਨਗਰ ਕੌਂਸਲ ਖਰੜ ਕਰ ਰਹੀ ਹੈ ਅਤੇ ਨਾ ਹੀ ਕੋਲੋਨਾਈਜਰ। ਸੜਕਾਂ ਟੁੱਟੀਆਂ ਹੋਈਆਂ ਹਨ। ਥੋੜ੍ਹੀ ਬਰਸਾਤ ਨਾਲ ਹੀ ਸੜਕੀ ਖੱਡਿਆਂ ਉੱਤੇ ਕਈ ਕਈ ਦਿਨ ਪਾਣੀ ਖੜ੍ਹਾ ਰਹਿੰਦਾ ਹੈ। ਸੁਭਾਸ਼ ਚਾਵਲਾ, ਪਰਮਵੀਰ ਸਿੰਘ ਅਤੇ ਕੁਲਦੀਪ ਸਿੰਘ ਬਰਾੜ ਨੇ ਦੱਸਿਆ ਕਿ ਸੈਕਟਰ 125 ਦੀਆਂ ਸੜਕਾਂ ਦੀ ਹਾਲਤ ਬੜੀ ਤਰਸਯੋਗ ਬਣੀ ਹੋਈ ਹੈ। ਥਾਂ- ਥਾਂ ਉੱਤੋਂ ਸੜਕਾਂ ਟੁੱਟੀਆਂ ਹੋਈਆਂ ਹਨ। ਨਗਰ ਕੌਂਸਲ ਆਪਣੀ ਜ਼ਿੰਮੇਵਾਰੀ ਕੋਲੋਨਾਈਜਰ ਉੱਤੇ ਸੁੱਟ ਕੇ ਫਾਰਗ ਹੋ ਜਾਂਦੀ ਹੈ ਅਤੇ ਕੋਲੋਨਾਈਜਰ ਨਗਰ ਕੌਂਸਲ ਉੱਤੇ। ਇਸ ਤਰ੍ਹਾਂ ਸ਼ਹਿਰ ਵਾਸੀਆਂ ਦੀ ਪ੍ਰਸ਼ਾਸਨ ਵਲੋਂ ਕੋਈ ਮੱਦਦ ਨਹੀਂ ਕੀਤੀ ਜਾ ਰਹੀ। ਜਦੋਂ ਕਿ ਨਗਰ ਕੌਂਸਲ ਖਰੜ ਵਲੋਂ ਡਿਵੈੱਲਪਮੈਂਟ ਚਾਰਜਰਸ ਅਤੇ ਹੋਰ ਬਣਦੇ ਖਰਚੇ ਨਿਰੰਤਰ ਵਸੂਲੇ ਜਾ ਰਹੇ ਹਨ। ਇੰਨਕਲੇਵ ਦੀ ਪੌਸ਼ ਵਸੋਂ ਵਾਲੇ ਬਹੁ ਮੰਜਿਲੇ ਫਲੈਟਾਂ ਨੂੰ ਜਾਂਦੀ ਸੜਕ ਥਾਂ ਥਾਂ ਤੋਂ ਟੁੱਟ ਚੁੱਕੀ ਹੈ। ਕੇਂਦਰੀ ਵਿਹਾਰ ਦੇ ਗੇਟ ਨੰਬਰ ਦੋ ਨਜਦੀਕ ਬਰਸਾਤ ਕਰਕੇ ਬਣਿਆ ਇੱਕ ਬਹੁਤ ਡੂੰਘਾ ਖੱਡਾ ਪਿਛਲੇ ਡੇਢ ਦੋ ਮਹੀਨੇ ਤੋਂ ਜਿਉਂ ਦਾ ਤਿਉਂ ਪਿਆ ਹੈ। ਇਸ ਡੂੰਘੇ ਟੋਏ ਕਰਕੇ ਕਦੇ ਵੀ ਕੋਈ ਹਾਦਸਾ ਵਾਪਰ ਸਕਦਾ ਹੈ। ਕਲੋਨੀ ਵਾਸੀਆਂ ਵਲੋਂ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਹੈ ਕਿ ਇਸ ਖੱਡੇ ਨੂੰ ਤੁਰੰਤ ਬੰਦ ਕਰਵਾਇਆ ਜਾਵੇ ਅਤੇ ਸੜਕ ਉਸਾਰੀ ਦਾ ਅਧੂਰਾ ਪਿਆ ਕੰਮ ਜਲਦੀ ਮੁਕੰਮਲ ਕਰਵਾਇਆ ਜਾਵੇ।

# ਨਸ਼ੀਲੇ ਪਦਾਰਥ ਸਮੇਤ ਗ੍ਰਿਫਤਾਰ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ )**- ਥਾਣਾ ਮੁਖੀ ਟਾਂਡਾ ਰਵਿੰਦਰ ਕੁਮਾਰ ਨੇ ਦੱਸਿਆ ਕਿ ਏ.ਐਸ. ਆਈ ਰਾਜੇਸ਼ ਕੁਮਾਰ, ਇੰਚਾਰਜ ਚੌਂਕੀ ਸਰਾਂ ,ਥਾਣਾ ਟਾਂਡਾ ਵੱਲੋਂ ਨਸ਼ਾ ਵੇਚਣ ਵਾਲੇ ਰਾਮ ਲੁਭਾਇਆ ਪੁੱਤਰ ਗਿਆਨ ਚੰਦ ਵਾਸੀ ਚੌਟਾਲਾ, ਥਾਣਾ ਟਾਂਡਾ,ਜ਼ਿਲ੍ਹਾ ਹੁਸ਼ਿਆਰਪੁਰ ਨੂੰ ਕਾਬੂ ਕਰਕੇ ਉਸ ਪਾਸੋਂ 64 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਕੀਤਾ ਹੈ। ਉਸ ਖਿਲਾਫ ਐਨ.ਡੀ.ਪੀ.ਐਸ ਐਕਟ ਦੀ ਧਾਰਾ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸੰਤ ਬਾਬਾ ਬਿਸ਼ਨ ਸਿੰਘ ਦੀ ਬਰਸੀ ਮੌਕੇ ਮੁਫਤ ਮੈਡੀਕਲ ਕੈਂਪ ਲਗਾਇਆ




**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਡੇਰਾ ਬਿਸ਼ਨਪੁਰੀ ਪਿੰਡ ਨੰਗਲ ਖੁਰਦ ਵਿਖੇ ਸ੍ਰੀਮਾਨ 108 ਸੰਤ ਬਾਬਾ ਬਿਸ਼ਨ ਸਿੰਘ ਜੀ ਦੀ 68ਵੀਂ ਸਲਾਨਾ ਬਰਸੀ ਮੌਕੇ ਮੁਫਤ ਆਯੁਰਵੈਦਿਕ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਡੇਰੇ ਦੇ ਮੁੱਖ ਸੰਚਾਲਕ ਸੰਤ ਬਾਬਾ ਬਿਕਰਮਜੀਤ ਸਿੰਘ ਨੇ ਕੀਤਾ। ਇਸ ਮੌਕੇ ਵੈਦ ਸੰਜੀਵ ਕੁਮਾਰ ਨੇ ਮਰੀਜਾਂ ਦੀਆਂ ਬਿਮਾਰੀਆਂ ਦਾ ਚੈੱਕਅੱਪ ਕਰਕੇ ਉਨਾਂ ਨੂੰ ਦਵਾਈਆਂ ਦਿੱਤੀਆਂ। ਜ਼ਿਕਰਯੋਗ ਹੈ ਡੇਰਾ ਲੋਹ ਲੰਗਰ ਗੁਰਦੁਆਰਾ ਸੁਸਾਇਟੀ ਪਿੰਡ ਨੰਗਲ ਖੁਰਦ ਵੱਲੋਂ ਡੇਰੇ ਵਿੱਚ ਹਰ ਸ਼ਨੀਵਾਰ ਸਾਮ ਨੂੰ 3 ਤੋਂ 5 ਵਜੇ ਤੱਕ ਓ ਪੀ ਡੀ ਚੱਲਦੀ ਹੈ। ਜਿਸ ਵਿੱਚ ਡਾਕਟਰ ਵਰੁਣ ਸਹੋਤਾ ਅਤੇ ਡਾਕਟਰ ਪਰਮਿੰਦਰ ਕੌਰ ਦੰਦਾਂ ਦੀਆਂ ਬਿਮਾਰੀਆਂ, ਚਮੜੀ ਦੀਆਂ ਬਿਮਾਰੀਆਂ ਅਤੇ ਹੋਰ ਜਨਰਲ ਬਿਮਾਰੀਆਂ ਸਬੰਧੀ ਮਰੀਜਾਂ ਦਾ ਚੈਅਕੱਪ ਕਰਕੇ ਮੁਫਤ ਦਵਾਈਆਂ ਦਿੰਦੇ ਹਨ।

# ਧਾਲੀਵਾਲ ਨੇ ਕੇਂਦਰੀ ਵਿਦੇਸ਼ ਮੰਤਰੀ ਨੂੰ ਮਸਕਟ 'ਚ ਫਸੀਆਂ ਪੰਜਾਬੀ ਮਹਿਲਾਵਾਂ ਬਾਰੇ ਲਿਖਿਆ ਪੱਤਰ

**ਚੰਡੀਗੜ੍ਹ, ( ਗੁਰਜੀਤ ਬਿੱਲਾ )** -ਪੰਜਾਬ ਦੇ ਐਨ ਆਰ ਆਈ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਓਮਾਨ ਦੀ ਰਾਜਧਾਨੀ ਮਸਕਟ ਵਿੱਚ ਫਸੀਆਂ ਪੰਜਾਬੀ ਮਹਿਲਾਵਾਂ ਬਾਰੇ ਕੇਂਦਰੀ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੂੰ ਪੱਤਰ ਲਿਖਿਆ ਹੈ। ਉਹਨਾਂ ਨੇ ਇਨ੍ਹਾਂ ਮਹਿਲਾਵਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਇਹਨਾਂ ਨੂੰ ਭਾਰਤ ਵਾਪਸ ਲਿਆਉਣ ਲਈ ਲੋੜੀਂਦੇ ਕਦਮ ਚੁੱਕਣ ਲਈ ਸਬੰਧਤ ਦੂਤਾਵਾਸਾਂ ਕੋਲ ਮਾਨਵੀ ਆਧਾਰ 'ਤੇ ਮਾਮਲਾ ਉਠਾਉਣ ਦੀ ਬੇਨਤੀ ਕੀਤੀ ਹੈ। ਧਾਲੀਵਾਲ ਨੇ ਪੱਤਰ ਰਾਹੀਂ ਲਿਖਿਆ ਕਿ ਮੈਂ ਤੁਹਾਡਾ ਧਿਆਨ ਮਸਕਟ ਵਿੱਚ ਪੰਜਾਬੀ ਮਹਿਲਾਵਾਂ ਦੇ ਫਸੇ ਹੋਣ ਸਬੰਧੀ ਵਾਇਰਲ ਹੋਈ ਇਕ ਵੀਡੀਓ ਅਤੇ ਕੁਝ ਅਖਬਾਰਾਂ ਵਿੱਚ ਛਪੀ ਖ਼ਬਰ ਵੱਲ ਲੈ ਜਾਣਾ ਚਾਹੁੰਦਾ ਹਾਂ। ਇਨ੍ਹਾਂ ਮਹਿਲਾਵਾਂ ਵਿੱਚੋਂ ਜ਼ਿਆਦਤਰ ਹੈਦਰਾਬਾਦ ਦੇ ਇੱਕ ਏਜੰਟ ਰਾਹੀਂ ਰੁਜਗਾਰ ਦੀ ਭਾਲ ਵਿੱਚ ਉੱਥੇ ਗਈਆਂ ਸਨ। ਉਹਨਾਂ ਨੇ ਇਹ ਵੀ ਲਿਖਿਆ ਕਿ ਬੇਈਮਾਨ ਏਜੰਟਾਂ ਵੱਲੋਂ ਅਜਿਹੀਆਂ ਕਾਰਵਾਈਆਂ ਨੂੰ ਰੋਕਣ ਲਈ ਵਿਦੇਸ਼ ਮੰਤਰਾਲੇ ਵੱਲੋਂ ਜਰੂਰੀ ਕਦਮ ਵੀ ਚੁੱਕੇ ਜਾਣ ਤਾਂ ਜੋ ਭੋਲੀਆ-ਭਾਲੀਆਂ ਮਹਿਲਾਵਾਂ ਨਾਲ ਧੋਖਾ ਨਾ ਕੀਤਾ ਜਾ ਸਕੇ।

# ਦੁਬਾਰਾ ਚੋਰੀ ਕਰਨ ਆਇਆ ਚੜ੍ਹਿਆ ਪੁਲਸ ਅੜਿੱਕੇ

**ਕਾਲਾ ਸੰਘਿਆਂ (ਮਨਜੀਤ ਮਾਨ)**-ਨਜ਼ਦੀਕੀ ਪਿੰਡ ਮੰਡੇਰ ਦੋਨਾਂ ਵਿਖੇ ਐਨ ਆਰ ਆਈਜ ਦੀ ਕੋਠੀ ਵਿੱਚ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਤਿੰਨ ਚੋਰਾਂ ਵਿੱਚੋਂ ਇਕ ਨੂੰ ਮੌਕੇ 'ਤੇ ਕਾਬੂ ਕੀਤੇ ਜਾਣ ਅਤੇ ਦੋ ਮੌਕੇ ਤੋਂ ਫਰਾਰ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੰਡੇਰ ਦੋਨਾਂ ਦੇ ਜਗਜੀਤ ਸਿੰਘ ਪੁੱਤਰ ਚਰਨ ਸਿੰਘ ਜੋ ਪਰਵਾਰ ਸਮੇਤ ਵਿਦੇਸ਼ ਵਿੱਚ ਰਹਿੰਦੇ ਹਨ ਦੀ ਪਿੰਡ ਵਿਖੇ ਸਥਿਤ ਕੋਠੀ ਵਿੱਚ ਬੀਤੇ ਕੱਲ੍ਹ ਚੋਰ ਸੰਨ ਲਗਾ ਕੇ ਕੋਠੀ ਵਿੱਚ ਲੱਗੀਆਂ ਕੀਮਤੀ ਟੂਟੀਆਂ ਤੇ ਹੋਰ ਸਮਾਨ ਚੋਰੀ ਕਰਕੇ ਲੈ ਗਏ। ਚੋਰੀ ਦੀ ਘਟਨਾ ਦੀ ਸ਼ਿਕਾਇਤ ਮਿਲਣ 'ਤੇ ਕਾਲਾ ਸੰਘਿਆਂ ਪੁਲਸ ਚੌਂਕੀ ਦੇ ਮੁਲਾਜਮ ਮੌਕਾ ਵੇਖਣ ਗਏ ਤਾਂ ਕੋਠੀ ਅੰਦਰ ਤਿੰਨ ਚੋਰ ਵੇਖੇ ਗਏ। ਕੋਠੀ ਅੰਦਰ ਪਹਿਲਾਂ ਤੋਂ ਮੌਜੂਦ ਚੋਰਾਂ ਨੇ ਜਦ ਪੁਲਸ ਨੂੰ ਵੇਖਿਆ ਤਾਂ ਉਹਨਾਂ ਵਿੱਚੋਂ ਦੋ ਮੌਕੇ ਤੋਂ ਫਰਾਰ ਹੋ ਗਏ ਜਦਕਿ ਇਕ ਨੂੰ ਕਾਬੂ ਕਰ ਲਿਆ ਗਿਆ। ਕਾਬੂ ਕੀਤਾ ਚੋਰ ਪ੍ਰਵਾਸੀ ਭਈਆ ਹੈ ਅਤੇ ਪੁਛਗਿੱਛ ਕਰਨ ਤੇ ਉਸ ਨੇ ਦੱਸਿਆ ਕਿ ਉਹ ਸਾਥੀਆਂ ਸਮੇਤ ਕੱਲ੍ਹ ਇਸੇ ਕੋਠੀ ਵਿੱਚੋਂ ਚੋਰੀ ਕਰਕੇ ਗਏ ਸਨ ਅਤੇ ਅੱਜ ਦੁਬਾਰਾ ਫਿਰ ਇਥੇ ਕੋਠੀ ਖਾਲੀ ਹੋਣ ਦਾ ਫਾਇਦਾ ਚੁੱਕ ਕੇ ਚੋਰੀ ਕਰਨ ਆਏ ਸਨ। ਕਾਬੂ ਕੀਤੇ ਚੋਰ ਨੇ ਆਪਣਾ ਨਾਂਅ ਸੋਹਨ ਕੁਮਾਰ ਪੁੱਤਰ ਰਾਜ ਕੁਮਾਰ ਦੱਸਿਆ ਅਤੇ ਉਹ ਸਬਜੀ ਮੰਡੀ ਕਪੂਰਥਲਾ ਵਿਖੇ ਰਹਿੰਦਾ ਹੈ।

# ਪੁਲਸ ਨੇ ਕੀਤਾ ਫਲੈਗ ਮਾਰਚ ਤੇ ਲਾਏ ਨਾਕੇ

**ਮੋਰਿੰਡਾ ( ਜੈਜੀ ਸਰਦਾਰ )** ਰੂਪ ਨਗਰ ਪੁਲਸ ਵੱਲੋਂ ਮੋਰਿੰਡਾ ਵਿਖੇ ਵੱਖ-ਵੱਖ ਥਾਵਾਂ ਉਤੇ ਨਾਕਾਬੰਦੀ ਕੀਤੀ ਗਈ ਅਤੇ ਬੱਸ ਸਟੈਂਡ ਮੋਰਿੰਡਾ ਤੋਂ ਬਾਜ਼ਾਰ ਤੱਕ ਫਲੈਗ ਮਾਰਚ ਕੱਢਿਆ ਗਿਆ। ਆਈ.ਜੀ ਰੇਂਜ ਰੂਪਨਗਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਅਪਰਾਧਿਕ ਗਤੀ-ਵਿਧੀਆਂ ਨੂੰ ਰੋਕਣ ਵਿਚ ਪੁਲਸ ਨਾਕਾਬੰਦੀ ਦਾ ਅਹਿਮ ਰੋਲ ਹੁੰਦਾ ਹੈ, ਨਾਕਿਆਂ ਉਤੇ ਵੱਡੀ ਗਿਣਤੀ ਵਿਚ ਵਾਹਨਾਂ ਦੀ ਚੈਕਿੰਗ ਕੀਤੀ ਗਈ। ਬੱਸ ਸਟੈਂਡ ਵਿਖੇ ਫਲੈਗ ਮਾਰਚ ਵਿਚ ਸ਼ਾਮਲ ਪੁਲਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਹੋਇਆ ਆਈ. ਜੀ ਨੇ ਕਿਹਾ ਕਿ ਜ਼ਿਲ੍ਹਾ ਰੂਪਨਗਰ ਵਿਚ ਹਰ ਪੱਧਰ ਉਤੇ ਇਲਾਕਾ ਵਾਸੀਆਂ ਨੂੰ ਸੁਰੱਖਿਅਤ ਅਤੇ ਸ਼ਾਂਤੀਪੂਰਨ ਮਾਹੌਲ ਪ੍ਰਦਾਨ ਕਰਨਾ ਤੁਹਾਡੀ ਪਹਿਲੀ ਜ਼ਿੰਮੇਵਾਰੀ ਹੈ ਜਿਸ ਲਈ ਆਪ ਸਭ ਵਲੋਂ ਆਪਣੀ ਡਿਊਟੀ ਨਿਰਪੱਖਤਾ ਅਤੇ ਨਿਡਰਤਾ ਨਾਲ ਨਿਭਾਈ ਜਾਵੇ। ਐਸ.ਐਸ.ਪੀ ਰੂਪਨਗਰ ਵਵੇਕ ਐੱਸ ਸੋਨੀ ਨੇ ਦੱਸਿਆ ਕਿ ਇਸ ਚੈਕਿੰਗ ਅਤੇ ਨਾਕਾਬੰਦੀ ਦਾ ਮੁੱਖ ਉਦੇਸ਼ ਆਮ ਲੋਕਾਂ ਦੇ ਲਈ ਸੁਖਾਵਾਂ ਮਾਹੌਲ , ਲੋਕਾਂ ਵਿੱਚ ਸਹੀ ਸੋਚ ਅਤੇ ਉਸਾਰੂ ਵਿਸ਼ਵਾਸ ਪੈਦਾ ਕਰਨਾ ਹੈ ਅਤੇ ਨਾਲ ਹੀ ਸ਼ਰਾਰਤੀ ਅਨਸਰਾਂ ਉੱਤੇ ਨਕੇਲ ਕੱਸਣ ਅਤੇ ਕਾਬੂ ਕਰਨ ਲਈ ਇਹ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੌਕੇ ਐਸ.ਪੀ ਹੈੱਡਕੁਆਟਰ ਰਾਜਪਾਲ ਸਿੰਘ ਹੁੰਦਲ ਅਤੇ ਪੁਲਸ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਸਥਾਨਕ ਪੁਲਸ ਨੇ ਇਕ ਵਿਅਕਤੀ ਨੂੰ ਚੋਰੀ ਦੇ ਮੋਟਰਸਾਈਕਲ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਸਬੰਧ 'ਚ ਪੁਲਸ ਵੱਲੋਂ ਦਰਜ ਕੀਤੇ ਗਏ ਮਾਮਲੇ ਅਨੁਸਾਰ ਏ.ਐੱਸ.ਆਈ. ਤੇਜਿੰਦਰ ਸਿੰਘ ਸਮੇਤ ਪੁਲਸ ਪਾਰਟੀ ਸ਼ੱਕੀ ਪੁਰਸ਼ਾਂ ਅਤੇ ਵਾਹਨਾਂ ਦੀ ਚੈਕਿੰਗ ਲਈ ਜੇਤੇਵਾਲ ਚੌਂਕ ਵਿਖੇ ਮੌਜੂਦ ਸੀ। ਇਸ ਦੌਰਾਨ ਮੁਖਬਰ ਖਾਸ ਨੇ ਪੁਲਸ ਨੂੰ ਇਤਲਾਹ ਦਿੱਤੀ ਕਿ ਇਕ ਵਿਅਕਤੀ ਜੋ ਮੋਟਰਸਾਈਕਲ ਚੋਰੀ ਕਰਨ ਅਤੇ ਗੈਰ ਕਾਨੂੰਨੀ ਗਤਿਵਿਧੀਆਂ ਕਰਨ ਦਾ ਆਦੀ ਹੈ ਅੱਜ ਵੀ ਸ਼੍ਰੀ ਅਨੰਦਪੁਰ ਸਾਹਿਬ ਦੀ ਤਰਫ਼ੋਂ ਪਿੰਡਾਂ 'ਚੋਂ ਹੁੰਦਾ ਹੋਇਆ ਬਿਨਾਂ ਨੰਬਰੀ ਚੋਰੀ ਦਾ ਮੋਟਰਸਾਈਕਲ ਵੇਚਣ ਲਈ ਆ ਰਿਹਾ ਹੈ। ਪੁਲਸ ਨੇ ਟੀ-ਪੁਆਇੰਟ ਰੌਲੀ ਵਿਖੇ ਪਹੁੰਚ ਕੇ ਉਕਤ ਵਿਅਕਤੀ ਜਿਸ ਕੋਲ ਬਿਨਾਂ ਨੰਬਰ ਤੋਂ ਮਾਰਕਾ ਹੀਰੋ, ਰੰਗ ਕਾਲਾ ਮੋਟਰਸਾਈਕਲ ਸੀ ਨੂੰ ਕਾਬੂ ਕਰ ਲਿਆ। ਏ.ਐੱਸ.ਆਈ. ਤੇਜਿੰਦਰ ਸਿੰਘ ਨੇ ਦੱਸਿਆ ਕਿ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕੀਤੇ ਗਏ ਵਿਅਕਤੀ ਦੀ ਪਛਾਣ ਰਵਿੰਦਰ ਕੁਮਾਰ ਉਰਫ ਬਿੰਦਰ ਗੁੱਜਰ ਪੁੱਤਰ ਬਲਵੀਰ ਸਿੰਘ ਨਿਵਾਸੀ ਪਿੰਡ ਘਾਹੀਮਾਜਰਾ (ਬੱਗੂਵਾਲ) ਵਜੋਂ ਹੋਈ ਹੈ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਚੱਢਾ ਨੇ ਕਰਵਾਇਆ 'ਠੋਸ ਕੂੜਾ ਪ੍ਰਬੰਧਨ ਪਲਾਂਟ' ਦਾ ਕੰਮ ਸ਼ੁਰੂ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਹਲਕਾ ਰੂਪਨਗਰ ਦੇ ਵਿਧਾਇਕ ਦਿਨੇਸ਼ ਚੱਢਾ ਨੇ ਪਿੰਡ ਰੁੜੇਮਾਜਰਾ ਵਿਖੇ 7 ਲੱਖ 76 ਹਜ਼ਾਰ ਰੁਪਏ ਦੀ ਲਾਗਤ ਨਾਲ ਬਣਾਏ ਜਾ ਰਹੇ 'ਠੋਸ ਕੂੜਾ ਪ੍ਰਬੰਧਨ ਪਲਾਂਟ' ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਵਿਧਾਇਕ ਚੱਢਾ ਨੇ ਆਖਿਆ ਕਿ ਪੰਜਾਬ ਦੀ ਜਨਤਾ ਨੇ ਜਿਸ ਪ੍ਰਕਾਰ ਨਾਲ ਹੋਰਨਾਂ ਰਾਜਨੀਤਿਕ ਪਾਰਟੀਆਂ ਨੂੰ ਪਛਾੜ ਕੇ ਭਾਰੀ ਬਹੁਮਤ ਦਿਲਾਉਂਦੇ ਹੋਏ ਸੂਬੇ ਦੀ ਸੱਤਾ ਸੌਂਪੀ ਹੈ ਉਸੀ ਪ੍ਰਕਾਰ ਆਮ ਆਦਮੀ ਪਾਰਟੀ ਵੀ ਲੋਕਾਂ ਨਾਲ ਕੀਤੇ ਸਮੁੱਚੇ ਵਾਅਦਿਆਂ 'ਤੇ ਖਰਾ ਉਤਰੇਗੀ। ਉਨਾਂ ਕਿਹਾ ਕਿ ਮੁੱਦਾਹੀਣ ਵਿਰੋਧੀਆਂ ਕੋਲ 'ਆਪ' ਦੇ ਖਿਲਾਫ਼ ਬੋਲਣ ਲਈ ਕੁਝ ਨਹੀਂ ਹੈ। ਚੱਢਾ ਨੇ ਕਿਹਾ ਕਿ ਇਸ ਪ੍ਰਾਜੈਕਟ ਤਹਿਤ 3 ਪਿੱਟ ਬਣਾਏ ਜਾਣਗੇ ਜਿਸ ਵਿੱਚ ਗਿੱਲਾ ਅਤੇ ਸੁੱਕਾ ਕੂੜਾ ਸਟੋਰ ਕੀਤਾ ਜਾਵੇ। ਇਸ ਨਾਲ ਜਿੱਥੇ ਕੂੜੇ ਨੂੰ ਖਾਦ ਲਈ ਇਸਤੇਮਾਲ 'ਚ ਲਿਆਂਦਾ ਜਾ ਸਕੇਗਾ ਉੱਥੇ ਹੀ ਕੂੜਾ ਵਿੱਕਣ ਨਾਲ ਆਮਦਨ ਦਾ ਸਾਧਨ ਪੈਦਾ ਹੋਣ ਦੇ ਨਾਲ-ਨਾਲ ਵਾਤਾਵਰਣ ਸਵੱਛਤਾ ਦੀ ਦਿਸ਼ਾ ਇਹ ਪ੍ਰਾਜੈਕਟ ਸਹਾਇਕ ਸਾਬਿਤ ਹੋਵੇਗਾ। ਉਨਾਂ ਕਿਹਾ ਕਿ ਕੂੜਾ ਇਕੱਠਾ ਕਰਨ ਲਈ ਬਾਕਾਇਦਾ ਇਕ ਕਰਮਚਾਰੀ ਵੀ ਰੱਖਿਆ ਜਾਵੇਗਾ। ਇਸ ਮੌਕੇ ਮਨਰੇਗਾ ਦੇ ਏ.ਪੀ.ਓ. ਰਮਨ ਕੁਮਾਰ, ਹਰਵਿੰਦਰ ਬਿੰਦੀ, ਚਰਨਦਾਸ, ਸੁਰਿੰਦਰ ਸਿੰਘ, ਈਸ਼ਵਰ ਦਾਸ, ਸਤਨਾਮ ਗਿੱਲ, ਦਰਸ਼ਨ ਕੁਮਾਰ, ਵਿਜੇ ਕੁਮਾਰ, ਰੋਸ਼ਨ ਲਾਲ ਅਤੇ ਸਤਨਾਮ ਸਿੰਘ ਨਾਗਰਾ ਆਦਿ ਪਿੰਡ ਵਾਸੀ ਅਤੇ ਗ੍ਰਾਮ ਪੰਚਾਇਤ ਦੇ ਨੁਮਾਇੰਦੇ ਹਾਜ਼ਰ ਸਨ।

# ਸਿਵਲ ਹਸਪਤਾਲ ਵਿਖੇ ਛਾਤੀ ਦੇ ਕੈਂਸਰ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਸਿਵਲ ਸਰਜਨ ਡਾ: ਬਲਵਿੰਦਰ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾਕਟਰ ਕਰਨ ਕੁਮਾਰ ਸੈਣੀ ਦੀ ਯੋਗ ਅਗਵਾਈ ਹੇਠ ਛਾਤੀ ਦੇ ਕੈਂਸਰ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਤਰਨਦੀਪ ਕੌਰ ਸਟੇਟ ਪ੍ਰੋਜੈਕਟ ਮੈਨੇਜਰ ਸਕਰੀਨਿੰਗ ਵੱਲੋਂ ਔਰਤਾਂ ਵਿਚ ਹੋਣ ਵਾਲੀ ਛਾਤੀ ਦੇ ਕੈਂਸਰ ਬਾਰੇ ਜਾਣਕਾਰੀ ਦਿੱਤੀ ਗਈ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਔਰਤਾਂ ਦੇ ਛਾਤੀ ਦੇ ਕੈਂਸਰ ਦੀ ਜਾਂਚ ਲਈ ਇੱਕ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰਾਜੈਕਟ ਵਿਚ ਖਾਸ ਜੰਤਰ ਨਾਲ ਛਾਤੀ ਦੀ ਤਸਵੀਰ ਲਗਾ ਕੇ ਸ਼ੱਕੀ ਮਰੀਜਾਂ ਦੀ ਪਹਿਚਾਣ ਕੀਤੀ ਜਾਵੇਗੀ ਜਿਸ ਤੋਂ ਬਾਅਦ ਮੁੱਖ ਮੰਤਰੀ ਕੈਂਸਰ ਰਾਹਤ ਕੋਸ਼ ਫੰਡ ਵਿਚੋਂ ਉਨ੍ਹਾਂ ਦਾ ਇਲਾਜ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਔਰਤਾਂ ਵਿੱਚ ਛਾਤੀ ਦੇ ਕੈਂਸਰ ਦੇ ਕੇਸ ਦਿਨੋਂ-ਦਿਨ ਵਧ ਰਹੇ ਹਨ ਸਾਨੂੰ ਜੇਕਰ ਸਮਾਂ ਰਹਿੰਦੇ ਇਹਨਾ ਦਾ ਪਤਾ ਲੱਗ ਜਾਵੇ ਤਾਂ ਉਸ ਦਾ ਇਲਾਜ ਸੰਭਵ ਹੈ।

ਉਨ੍ਹਾਂ ਦੱਸਿਆ ਕਿ ਜੇਕਰ ਔਰਤ ਦੀ ਛਾਤੀ ਵਿਚ ਦਰਦ ਜਾਂ ਗੰਢ ਮਹਿਸੂਸ ਕਰਦੀ ਹੈ ਤਾਂ ਉਸਨੂੰ ਨੇੜੇ ਦੇ ਸਿਹਤ ਕੇਂਦਰ ਵਿੱਚ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ: ਬਲਜੀਤ ਕੌਰ, ਡਾ: ਕਰਤਾਰ ਸਿੰਘ ,ਡਾ: ਇੰਦਰਜੀਤ ਸੋਨੀਆ, ਡਾ: ਬਿਕਰਮਜੀਤ ਸਿੰਘ, ਡਾ: ਕਰਨ ਸਿੰਘ ਵਿਰਕ , ਬਲਰਾਜ ਸਿੰਘ, ਅਵਤਾਰ ਸਿੰਘ, ਗੁਰਜੀਤ ਸਿੰਘ, ਜਤਿੰਦਰ ਸਿੰਘ ਆਦਿ ਹਾਜ਼ਰ ਸਨ।



# ਸੜਕ ਦੇ ਕਿਨਾਰੇ ਮਿਲੇ ਕੀਮਤੀ ਦਸਤਾਵੇਜ਼ ਵਾਪਸ ਕੀਤੇ




**ਕਰਤਾਰਪੁਰ (ਹਰਮੇਸ਼ ਦੱਤ)** ਰਾਸ਼ਟਰੀ ਰਾਜ ਮਾਰਗ 'ਤੇ ਸਥਿਤ ਪਿੰਡ ਦਿਆਲਪੁਰ ਦੇ ਕੋਲ ਸੈਰ ਕਰਦੇ ਸਮੇਂ ਕਰਤਾਰਪੁਰ ਪ੍ਰੈੱਸ ਕਲੱਬ ਦੇ ਚੇਅਰਮੈਨ ਰਕੇਸ਼ ਪੁੰਜ ਨੂੰ ਸੜਕ ਦੇ ਕਿਨਾਰੇ ਕੀਮਤੀ ਦਸਤਾਵੇਜ ਦਿਖਾਈ ਦਿੱਤੇ। ਪਤਾ ਚੱਲਿਆ ਕਿ ਇਸ ਕੀਮਤੀ ਦਸਤਾਵੇਜ ਵਿੱਚ ਸਕੂਲ ਸਰਟੀਫਿਕੇਟ, ਆਧਾਰ ਕਾਰਡ, ਏ.ਟੀ.ਐਮ. ਅਤੇ ਕੁਝ ਹੋਰ ਦਸਤਾਵੇਜ ਸਨ ਜੋ ਕਿ ਲੁਧਿਆਣਾ ਵਾਸੀ ਅਮਿਤ ਕੁਮਾਰ ਪੁੱਤਰ ਜੈਰਾਮ ਦੇ ਹਨ। ਦਸਤਾਵੇਜ ਤੋਂ ਲਿਖੇ ਨੰਬਰ ਤੋਂ ਪਤਾ ਲੱਗਿਆ ਕਿ ਇਹ ਨੰਬਰ ਪ੍ਰੀਖਿਆ ਕੇਂਦਰ ਦਾ ਹੈ।

ਉਹਨਾਂ ਨੇ ਦੱਸਿਆ ਕਿ ਰੇਖਾ ਪਤਨੀ ਅਮਿਤ ਕੁਮਾਰ ਨਾਮ ਦੀ ਮਹਿਲਾ ਪ੍ਰੀਖਿਆ ਕੇਂਦਰ ਵਿਚ ਪ੍ਰੀਖਿਆ ਦੇ ਰਹੀ ਹੈ ਜਿਸ ਵਿਚ ਪ੍ਰੀਖਿਆ ਕੇਂਦਰ ਦੇ ਅਧਿਕਾਰੀਆਂ ਨੇ ਦੱਸਿਆ ਕਿ ਮਿਲੇ ਦਸਤਾਵੇਜ ਉਸ ਦੇ ਹਨ ਪ੍ਰੀਖਿਆ ਖਤਮ ਹੋਣ ਤੋਂ ਬਾਅਦ ਤੁਹਾਡੇ ਨਾਲ ਸੰਪਰਕ ਕਰ ਲੈਣਗੇ। ਲੁਧਿਆਣਾ ਵਾਸੀ ਅਮਿਤ ਕੁਮਾਰ ਨੂੰ ਦਿਆਲਪੁਰ ਪਹੁੰਚਣ 'ਤੇ ਸਾਰੇ ਦਸਤਾਵੇਜ ਜ਼ਿਲ੍ਹਾ ਕਪੂਰਥਲਾ ਦੇ ਨੰਬਰਦਾਰ ਬਲਦੇਵ ਸਿੰਘ ਬਿੱਟੂ ਦੀ ਅਗਵਾਈ ਵਿੱਚ ਵਾਪਸ ਕਰ ਦਿੱਤੇ।


# ਜਨਮ ਦਿਨ ਮੁਬਾਰਕ



ਯੋਏਲ (ਜਲੰਧਰ)

# ਵਰ੍ਹੇਗੰਢ ਮੁਬਾਰਕ



ਜਸਬੀਰ ਸਿੰਘ ਸ਼ਾਂਤਪੁਰੀ ਅਤੇ ਜਸਪਾਲ ਕੌਰ ਨਿਵਾਸੀ ਮੋਰਿੰਡਾ ਨੇ ਵਿਆਹ ਦੀ 27ਵੀ ਵਰ੍ਹੇਗੰਢ ਮਨਾਈ।


# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ 10ਵੀਂ ਦਾ ਨਤੀਜਾ ਰਿਹਾ ਸ਼ਾਨਦਾਰ



**ਕਪੂਰਥਲਾ,( ਹਨੀ )** ਸੀ.ਬੀ.ਐੱਸ. ਈ.ਵੱਲੋਂ ਐਲਾਨੇ 10ਵੀਂ ਜਮਾਤ ਦੇ ਨਤੀਜੇ 'ਚ ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ । ਪ੍ਰਿੰਸੀਪਲ ਪ੍ਰਬਦੀਪ ਕੌਰ ਮੋਗਾ ਨੇ ਦੱਸਿਆ ਕਿ ਸਕੂਲ ਦਾ ਨਤੀਜਾ 100 ਪ੍ਰਤੀਸ਼ਤ ਰਿਹਾ ਹੈ । ਸਰੇਆ ਵਿਸ਼ਿਸ਼ਟ 95 ਫੀਸਦੀ ਅੰਕਾਂ ਨਾਲ ਪਹਿਲਾ, ਜਸਮੀਤ ਕੌਰ 93.8 ਅੰਕਾਂ ਨਾਲ ਦੂਜਾ ਅਤੇ ਸੁਖਮਨਪ੍ਰੀਤ 93.6 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਹਾਸਲ ਕਰਨ ਵਿਚ ਸਫਲ ਰਹੀ । ਜਸਨੀਤ ਕੌਰ 91.8 ਫੀਸਦੀ, ਰਾਜੂ ਰੰਜਨ 89.4 ਫੀਸਦੀ, ਗੁਰਲੀਨ ਕੌਰ 89.2 ਫੀਸਦੀ, ਰਮਨਦੀਪ 89.2 ਫੀਸਦੀ, ਨਵਪ੍ਰੀਤ ਕੌਰ 88.8 ਫੀਸਦੀ, ਕਿਰਨਦੀਪ ਕੌਰ 87.4 ਫੀਸਦੀ, ਇੰਦਰਪ੍ਰੀਤ ਕੌਰ 86.8 ਫੀਸਦੀ, ਸੁਖਮਨ ਸਿੰਘ 86 ਫੀਸਦੀ, ਯਥਾਰਥ ਮਹਿਤਾ 85.6 ਫੀਸਦੀ, ਗੁਰਵੰਸ ਕੌਰ 83.4 ਫੀਸਦੀ, ਪ੍ਰਭਲੀਨ ਕੌਰ 83.4 ਅਤੇ ਜਸਕਰਨ ਸਿੰਘ ਨੇ 82.2 ਫੀਸਦੀ ਅੰਕ ਪ੍ਰਾਪਤ ਕੀਤੇ । ਪ੍ਰੀਖਿਆ ਵਿੱਚ ਕੁੱਲ 61 ਵਿਦਿਆਰਥੀ ਸ਼ਾਮਲ ਹੋਏ, ਜਿਨ੍ਹਾਂ ਵਿੱਚੋਂ 4 ਵਿਦਿਆਰਥੀ 90 ਤੋਂ 100, 16 ਵਿਦਿਆਰਥੀ 80 ਤੋਂ 90 ਫੀਸਦੀ, 10 ਵਿਦਿਆਰਥੀ 70 ਤੋਂ 79 ਫੀਸਦੀ ਅਤੇ 33 ਵਿਦਿਆਰਥੀਆਂ ਨੇ 60 ਫੀਸਦੀ ਤੋਂ ਉੱਪਰ ਅੰਕ ਪ੍ਰਾਪਤ ਕੀਤੇ । ਸਕੂਲ ਦੀ ਵਿਦਿਆਰਥਣ ਸੁਖਮਨਪ੍ਰੀਤ ਨੇ ਗਣਿਤ ਵਿਸ਼ੇ ਅਤੇ ਜਸਨੀਤ ਕੌਰ ਨੇ ਆਈ. ਟੀ.ਵਿਸੇ ਵਿੱਚ 100 ਫੀਸਦੀ ਅੰਕ ਪ੍ਰਾਪਤ ਕੀਤੇ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਮੋਗਾ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਟਾਫ਼ ਮੈਂਬਰਾਂ ਨੂੰ ਵਧਾਈ ਦਿੱਤੀ ।

# ਜਨਮ ਦਿਨ ਦੀ ਖੁਸ਼ੀ 'ਚ ਬੂਟੇ ਲਗਾਏ



**ਮੇਹਲੀ (ਗੁਰਨਾਮ)** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਕੁਲਥਮ ਵਿਖੇ ਕਸਤੂਰੀ ਲਾਲ ਕੁਲਥਮ ਵਲੋਂ ਆਪਣਾ 50ਵਾਂ ਜਨਮ ਦਿਨ ਵੱਖ-ਵੱਖ ਕਿਸਮ ਦੇ 50 ਫਲ਼ਦਾਰ ਬੂਟੇ ਲਗਾ ਕੇ ਮਨਾਇਆ ਗਿਆ। ਉਨ੍ਹਾਂ ਕਿਹਾ ਕਿ ਵਧ ਰਹੇ ਪ੍ਰਦੂਸ਼ਣ ਨੂੰ ਰੋਕਣ ਦੇ ਲਈ ਅਤੇ ਵਾਤਾਵਰਣ ਨੂੰ ਸਾਫ-ਸੁਥਰਾ ਬਣਾਈ ਰੱਖਣ ਲਈ ਸਾਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਕਰਨੀ ਚਾਹੀਦੀ ਹੈ। ਇਸ ਮੌਕੇ ਬਲਜੀਤ ਸਿੰਘ ਸਰਪੰਚ, ਜਸਵੀਰ ਪੰਚ, ਰਫੀਕ ਮੁਹੰਮਦ ਆਦਿ ਹਾਜ਼ਰ ਸਨ।

# ਦਸਵੀਂ ਜਮਾਤ ਦਾ ਸ਼ਾਨਦਾਰ ਨਤੀਜਾ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**:- ਸੀ.ਬੀ.ਐੱਸ.ਸੀ. ਵਲੋਂ ਦਸਵੀਂ ਜਮਾਤ ਦੇ ਨਤੀਜਿਆਂ ਵਿਚੋਂ ਗੁਰੂ ਨਾਨਕ ਮਿਸ਼ਨ ਡੱਲਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ। ਪ੍ਰਿੰਸੀਪਲ ਬਿਕਰਮ ਸਿੰਘ ਸੈਣੀ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਦਸਵੀਂ ਦੇ ਨਤੀਜੇ ਵਿੱਚ ਤਿਸ਼ਿਆ ਕਪੂਰ 94.5% ਨੰਬਰ ਲੈ ਕੇ ਪਹਿਲੇ ਸਥਾਨ,ਸੁਨਾਲੀ ਰਾਜ 92% ਨੰਬਰ ਲੈ ਕੇ ਦੂਸਰੇ ਸਥਾਨ ਤੇ ਬਾਨੀ 91.83% ਨੰਬਰ ਲੈ ਕੇ ਤੀਜੇ ਸਥਾਨ 'ਤੇ ਰਹੀ, ਅੰਮ੍ਰਿਤਪਾਲ ਨੇ 91.67% ਨੰਬਰ ਲੈ ਕੇ ਚੌਥਾ ਸਥਾਨ ਪ੍ਰਾਪਤ ਕੀਤਾ।

# ਵੁਡਬਰੀ ਇੰਟਰਨੈਸ਼ਨਲ ਪਬਲਿਕ ਸਕੂਲ 'ਚ ਮਦਰਜ਼ ਡੇ ਮਨਾਇਆ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)** ਵੁਡਬਰੀ ਇੰਟਰਨੈ,ਨਲ ਪਬਲਿਕ ਸਕੂਲ ਭੋਗਪੁਰ ਵਿਖੇ ਪ੍ਰਿੰਸੀਪਲ ਡਾ. ਸੁਮਨ ਡਡਵਾਲ ਦੀ ਅਗਵਾਈ ਹੇਠ ਮਦਰਜ ਡੇ ਮਨਾਇਆ ਗਿਆ। ਇਸ ਵਿਚ ਬੱਚਿਆਂ ਨੂੰ ਜੀਵਨ ਵਿਚ ਮਾਂ ਦੀ ਭੂਮਿਕਾ ਬਾਰੇ ਦੱਸਿਆ ਗਿਆ ਕਿ ਮਾਂ ਬਿਨਾਂ ਜੀਵਨ ਅਧੂਰਾ ਹੈ ਤੇ ਇਹ ਕੁਦਰਤ ਦਾ ਦਿੱਤਾ ਹੋਇਆ ਵਰਦਾਨ ਹੈ। ਇਸ ਮੌਕੇ ਬੱਚਿਆਂ ਨੇ ਆਪਣੀਆਂ ਮਾਵਾਂ ਲਈ ਰੰਗ-ਬਰੰਗੇ ਕਾਰਡ ਬਣਾਏ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਪ੍ਰਿੰਸੀਪਲ ਮੈਡਮ ਨੇ ਕਿਹਾ ਕੇ ਸਾਨੂੰ ਆਪਣੀ ਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਇਸ ਮੌਕੇ ਸਮੂਹ ਸਟਾਫ ਹਾਜਰ ਸੀ।

# ਮਨਪ੍ਰੀਤ ਨੇ ਹਿਊਮੈਨਟੀਜ਼ 'ਚ ਹਾਸਲ ਕੀਤੇ 92.8 ਪ੍ਰਤੀਸ਼ਤ ਅੰਕ



**ਜਲੰਧਰ (ਸ਼ੈਲੀ ਐਲਬਰਟ)**- ਸੀਬੀਐਸਈ ਦੁਆਰਾ ਬਾਰ੍ਹਵੀਂ ਦੇ ਨਤੀਜਿਆਂ ਦੀ ਘੋਸ਼ਣਾ ਨੇ ਸੀਟੀ ਪਰਵਾਰ ਨੂੰ ਬਹੁਤ ਖੁਸ਼ੀ ਦਿੱਤੀ। ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਮੁਸਕਰਾਹਟ ਅਤੇ ਮਠਿਆਈਆਂ ਨਾਲ ਇੱਕ ਦੂਜੇ ਦਾ ਸਵਾਗਤ ਕੀਤਾ । ਏਆਈਐਸਐਸਸੀਈ ਦੀ ਪ੍ਰੀਖਿਆ ਵਿੱਚ ਸ਼ਾਮਲ ਹੋਏ 56 ਵਿਦਿਆਰਥੀਆਂ ਵਿੱਚੋਂ 22 ਸਾਇੰਸ ਸਟਰੀਮ ਦੇ, 20 ਕਾਮਰਸ ਸਟਰੀਮ ਵਿੱਚੋਂ ਅਤੇ 14 ਹਿਊਮੈਨਟੀਜ਼ ਸਟਰੀਮ ਵਿੱਚੋਂ ਸਨ। ਰੇਵਤੀ ਨੇ ਕਮਰਸ ਵਿਚ 92 ਪ੍ਰਤੀਸ਼ਤ, ਖੁਸ਼ੀ ਨੇ 91.8 ਪ੍ਰਤੀਸ਼ਤ ਅਤੇ ਦਿਵਯਾਂਸ਼ ਨੇ 91.4 ਪ੍ਰਤੀਸ਼ਤ ਨੇ ਅੰਕ ਹਾਸਿਲ ਕੀਤੇ । ਵਿਗਿਆਨ ਨੇ ਕ੍ਰਿਸ਼ਿਤਾ ਨੇ 87 ਪ੍ਰਤੀਸ਼ਤ, ਸੁਹਾਸ ਨੇ 84.4 ਪ੍ਰਤੀਸ਼ਤ ਅਤੇ ਹਰਲੀਨ ਨੇ 78.4 ਪ੍ਰਤੀਸ਼ਨ ਅੰਕ ਹਾਸਿਲ ਕੀਤੇ । ਹਿਊਮੈਨਟੀਜ਼ ਨੇ ਮਨਪ੍ਰੀਤ ਨੇ 92.8 ਪ੍ਰਤੀਸ਼ਤ, ਧਰੁਵ ਨੇ 89 ਪ੍ਰਤੀਸ਼ਤ ਅਤੇ ਅੰਬਰੀਨ ਨੇ 86.8ਪ੍ਰਤੀਸ਼ਤ ਅੰਕ ਹਾਸਿਲ ਕੀਤੇ । ਸੀ.ਟੀ.ਪੀ.ਐਸ. ਦੀ ਪ੍ਰਿੰਸੀਪਲ ਸ਼੍ਰੀਮਤੀ ਅਨੁਰਾਧਾ ਚੰਦੇਲ ਅਤੇ ਵਾਈਸ ਪ੍ਰਿੰਸੀਪਲ ਸੁਖਦੀਪ ਕੌਰ ਨੇ ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ । ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਬੀ ਕੇ ਯੂ ਉਗਰਾਹਾਂ ਵੱਲੋਂ ਭਲਵਾਨਾਂ ਦੇ ਹੱਕ 'ਚ ਡੀ ਸੀ ਦਫਤਰ ਅੱਗੇ ਧਰਨਾ



ਡੀ ਸੀ ਦਫਤਰ ਸਾਹਮਣੇ ਧਰਨੇ ਨੂੰ ਸੰਬੋਧਨ ਕਰਦੇ ਹੋਏ ਸੂਬਾ ਸਕੱਤਰ ਸੁਖਦੇਵ ਸਿੰਘ ਕੋਕਰੀ।

**ਮੋਗਾ (ਅਮਰਜੀਤ ਬੱਬਰੀ)**

ਭਲਵਾਨ ਕੁੜੀਆਂ ਵੱਲੋਂ ਇਨਸਾਫ਼ ਲੈਣ ਲਈ ਦਿੱਲੀ ਜੰਤਰ ਮੰਤਰ ਵਿਖੇ ਪਿਛਲੇ ਕਈ ਦਿਨਾਂ ਤੋਂ ਦਿਨ-ਰਾਤ ਲਾਏ ਗਏ ਧਰਨੇ ਦੀ ਹਮਾਇਤ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਕਮੇਟੀ ਵੱਲੋਂ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਸੈਦੋਕੇ ਦੀ ਪ੍ਰਧਾਨਗੀ ਹੇਠ ਨੇਚਰ ਪਾਰਕ ਵਿਖੇ ਇਕੱਠ ਕਰਕੇ ਸ਼ਹਿਰ ਵਿੱਚ ਰੋਸ ਮਾਰਚ ਕਰਦਿਆਂ ਡਿਪਟੀ ਕਮਿਸ਼ਨਰ ਦੇ ਦਫ਼ਤਰ ਸਾਹਮਣੇ ਧਰਨਾ ਲਾਇਆ ਗਿਆ।

ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਜ਼ਿਲ੍ਹਾ ਸਕੱਤਰ ਗੁਰਮੀਤ ਸਿੰਘ ਕਿਸ਼ਨਪੁਰਾ ਜ਼ਿਲ੍ਹਾ, ਵਿੱਤ ਸਕੱਤਰ ਬਲੌਰ ਸਿੰਘ ਘੱਲ ਕਲਾਂ ਨੇ ਕਿਹਾ ਕਿ ਜਿਨ੍ਹਾਂ ਕੁੜੀਆਂ ਨੇ ਕੌਮਾਂਤਰੀ ਪੱਧਰ 'ਤੇ ਕੁਸ਼ਤੀਆਂ ਵਿੱਚ ਤਮਗੇ ਜਿੱਤ ਕੇ ਦੁਨੀਆ ਵਿੱਚ ਸਾਡੇ ਦੇਸ਼ ਦਾ ਨਾਂਅ ਰੋਸ਼ਨ ਕੀਤਾ ਹੈ, ਉਨ੍ਹਾਂ ਕੁੜੀਆਂ ਨਾਲ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜਭੂਸ਼ਣ ਸ਼ਰਨ ਸਿੰਘ, ਜੋ ਕਿ ਭਾਜਪਾ ਦਾ ਐੱਮ ਪੀ ਵੀ ਹੈ, ਵੱਲੋਂ ਕੀਤੇ ਗਏ ਜਿਨਸੀ ਸ਼ੋਸ਼ਣ, ਦੁਰਵਿਹਾਰ ਦੇ ਗੰਭੀਰ ਜੁਰਮ ਸਬੰਧੀ ਇਨਸਾਫ਼ ਲੈਣ ਲਈ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਦਿਨ-ਰਾਤ ਧਰਨੇ 'ਤੇ ਬੈਠੇ ਹਨ। ਉਨ੍ਹਾਂ ਕਿਹਾ ਕਿ ਜੰਤਰ ਮੰਤਰ ਵਿਖੇ ਧਰਨਾਕਾਰੀਆਂ ਦੀ ਪੁਲਸ ਤੇ ਅਰਧ ਸੈਨਿਕ ਬਲਾਂ ਵੱਲੋਂ ਕੀਤੀ ਗਈ ਘੇਰਾਬੰਦੀ ਤੁਰੰਤ ਖ਼ਤਮ ਕੀਤੀ ਜਾਵੇ, ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੀਆਂ ਭਲਵਾਨਾਂ ਤੇ ਉਨ੍ਹਾਂ ਦੀ ਹਮਾਇਤ ਵਿੱਚ ਬੈਠੇ ਵਿਅਕਤੀਆਂ 'ਤੇ ਰਾਤ ਸਮੇਂ ਕੀਤੇ ਗਏ ਪੁਲਸ ਜਬਰ ਸਮੇਂ ਜ਼ਖ਼ਮੀ ਹੋਣ ਵਾਲਿਆਂ ਦਾ ਸਰਕਾਰੀ ਤੌਰ 'ਤੇ ਇਲਾਜ ਕਰਵਾਇਆ ਜਾਵੇ ਤੇ ਉਨ੍ਹਾਂ ਨੂੰ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਬੁਲਾਰਿਆਂ ਨੇ ਭਗਵੰਤ ਮਾਨ ਵੱਲੋਂ ਕੀਤੀ ਇਹ ਟਿੱਪਣੀ ਕਿ ਜਥੇਬੰਦੀਆਂ ਪਹਿਲਾਂ ਵਜ੍ਹਾ ਦੇਖ ਕੇ ਧਰਨਾ ਲਾਉਂਦੀਆਂ ਸੀ, ਹੁਣ ਜਗ੍ਹਾ ਦੇਖ ਕੇ ਧਰਨਾ ਲਾਉਂਦੀਆਂ ਹਨ, ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਇਸ ਮੌਕੇ ਪ੍ਰਧਾਨ ਮੰਤਰੀ ਦੇ ਨਾਂਅ ਡੀ ਸੀ ਨੂੰ ਮੰਗ ਪੱਤਰ ਦਿੱਤਾ ਗਿਆ ਤੇ ਕੇਂਦਰ ਸਰਕਾਰ ਦੀ ਅਰਥੀ ਸਾੜੀ ਗਈ। ਇਸ ਮੌਕੇ ਕੁਲਦੀਪ ਕੌਰ ਕੁੱਸਾ, ਸੁਖਜੀਤ ਕੌਰ ਬੁੱਕਣਵਾਲਾ, ਗੁਰਮੀਤ ਕੌਰ ਬੁੱਧ ਸਿੰਘ ਵਾਲਾ, ਚਰਨਜੀਤ ਕੌਰ ਕੁੱਸਾ, ਹਰਬੰਸ ਕੌਰ ਚੜਿੱਕ, ਕਰਮਜੀਤ ਕੌਰ ਹਿੰਮਤਪੁਰਾ, ਸ਼ਿੰਦਰ ਕੌਰ ਬਰਾਜ, ਸ਼ਰਨਜੀਤ ਕੌਰ ਸੈਦੋਕੇ, ਗੁਰਮੇਲ ਕੌਰ ਕਿਸ਼ਨਪੁਰਾ, ਕਰਮ ਰਾਮਾ ਨੌਜਵਾਨ ਭਾਰਤ ਸਭਾ, ਮੇਜਰ ਸਿੰਘ ਕਾਲੇਕੇ, ਪੰਜਾਬ ਖੇਤ ਮਜ਼ਦੂਰ ਯੂਨੀਅਨ ਜ਼ਿਲ੍ਹਾ ਮੋਗਾ, ਛਿੰਦਰ ਪਾਲ ਕੌਰ ਤਲਵੰਡੀ ਮੱਲੀਆਂ, ਕੁਲਦੀਪ ਕੌਰ ਤਲਵੰਡੀ ਮੱਲੀਆਂ, ਛਿੰਦਰ ਕੌਰ ਕੋਕਰੀ ਕਲਾਂ ਆਦਿ ਹਾਜ਼ਰ ਸਨ।

# ਪੀੜਤ ਪਰਵਾਰ ਨੂੰ ਇਨਸਾਫ ਦਿਵਾਉਣ ਲਈ ਥਾਣੇ ਅੱਗੇ ਧਰਨਾ



**ਧੂਰੀ (ਸੁਖਦੇਵ ਧੂਰੀ)**-ਬੀਤੇ ਦਿਨੀਂ ਧੂਰੀ ਤੋਂ ਬੇਨੜਾ ਪਿੰਡ ਦੇ ਵਿਚਕਾਰ 45 ਸਾਲਾ ਔਰਤ ਰਾਣੀ ਕੌਰ ਦੀ ਸੜਕ ਹਾਦਸੇ ਵਿੱਚ ਹੋਈ ਮੌਤ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਪੁਲਸ ਵੱਲੋਂ ਕਾਰਵਾਈ ਨਾ ਕੀਤੇ ਜਾਣ ਕਾਰਨ ਅੱਜ ਪੰਜਾਬ ਜਮਹੂਰੀ ਮੋਰਚਾ ਦੇ ਸੱਦੇ 'ਤੇ ਪੀੜਤ ਪਰਵਾਰ ਦੇ ਮੈਂਬਰਾਂ, ਵੱਖ ਵੱਖ ਪਿੰਡਾਂ ਤੋਂ ਆਏ ਸੈਂਕੜੇ ਮਰਦਾਂ ਤੇ ਔਰਤਾਂ ਨੇ ਸਦਰ ਥਾਣਾ ਧੂਰੀ ਅੱਗੇ ਧਰਨਾ ਦਿੱਤਾ। ਧਰਨੇ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਐੱਸ ਐੱਸ ਪੀ ਸੰਗਰੂਰ, ਡੀ ਐੱਸ ਪੀ ਧੂਰੀ ਤੇ ਐੱਸ ਐੱਚ ਓ ਧੂਰੀ ਨੂੰ ਵਾਰ ਵਾਰ ਮਿਲਣ ਤੇ ਲੰਮਾ ਸਮਾਂ ਬੀਤਣ ਦੇ ਬਾਵਜੂਦ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਸ ਕਾਰਨ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਿਆ ਹੈ। ਧਰਨੇ ਵਿੱਚ ਆ ਕੇ ਐੱਸ ਐੱਚ ਓ ਧੂਰੀ ਨੇ ਦੱਸਿਆ ਕਿ ਐਕਸੀਡੈਂਟ ਲਈ ਜ਼ਿੰਮੇਵਾਰ ਇੱਕ ਗੱਡੀ ਨੂੰ ਫੜ ਲਿਆ ਗਿਆ ਹੈ ਅਤੇ ਡਰਾਈਵਰ ਖਿਲਾਫ ਕੇਸ ਦਰਜ ਕਰ ਦਿੱਤਾ ਹੈ। ਇਸ ਸੰਬੰਧੀ ਕੀਤੀ ਕਾਨੂੰਨੀ ਕਾਰਵਾਈ ਦੇ ਦਸਤਾਵੇਜ਼ 19 ਮਈ ਤੱਕ ਸੌਂਪ ਦਿੱਤੇ ਜਾਣਗੇ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਅਜਿਹਾ ਨਾ ਕੀਤਾ ਗਿਆ ਤਾਂ 20 ਮਈ ਨੂੰ ਥਾਣੇ ਦਾ ਘਿਰਾਓ ਕੀਤਾ ਜਾਵੇਗਾ। ਧਰਨੇ ਨੂੰ ਪੰਜਾਬ ਜਮਹੂਰੀ ਮੋਰਚਾ ਦੇ ਆਗੂ ਬਹਾਲ ਸਿੰਘ ਬੇਨੜਾ ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਵਰਨਜੀਤ ਸਿੰਘ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਬਲਜੀਤ ਸਿੰਘ, ਡੀ ਐੱਸ ਓ ਦੇ ਆਗੂ ਗੁਰਵਿੰਦਰ ਸਿੰਘ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਦੇ ਆਗੂ ਅਮਰਜੀਤ ਸਿੰਘ ਨੇ ਵੀ ਸੰਬੋਧਨ ਕੀਤਾ। ਮਾਸਟਰ ਰਾਮ ਸਿੰਘ ਵੱਲੋਂ ਇਨਕਲਾਬੀ ਗੀਤ ਪੇਸ਼ ਕੀਤੇ ਗਏ। ਧਰਨੇ ਵਿੱਚ ਮਜ਼ਦੂਰ ਆਗੂ ਰਾਮ ਸਿੰਘ ਬੇਨੜਾ, ਗੋਪੀ ਸਿੰਘ, ਹਰਕੀਰਤ ਸਿੰਘ, ਗੁਰਸੇਵਕ ਸਿੰਘ ਤੇ ਗੁਰਪਿਆਰ ਸਿੰਘ ਸ਼ਾਮਲ ਸਨ।

# ਸੀ ਪੀ ਆਈ ਵੱਲੋਂ 'ਭਾਜਪਾ ਹਟਾਓ, ਦੇਸ਼ ਬਚਾਓ, ਲੋਕ ਬਚਾਓ' ਮੁਹਿੰਮ ਤਹਿਤ ਪਿੰਡਾਂ 'ਚ ਜਥਾ ਮਾਰਚ



**ਸੁਨਾਮ (ਨ.ਜ਼.ਸ)**-ਭਾਰਤੀ ਕਮਿਊਨਿਸਟ ਪਾਰਟੀ ਵੱਲੋਂ 'ਭਾਜਪਾ ਹਟਾਓ, ਦੇਸ਼ ਬਚਾਓ, ਲੋਕ ਬਚਾਓ' ਦੇ ਨਾਅਰੇ ਨਾਲ ਸ਼ੁਰੂ ਕੀਤੀ ਗਈ ਦੇਸ਼ ਵਿਆਪੀ ਜਨ ਸੰਘਰਸ਼ ਮੁਹਿੰਮ ਤਹਿਤ ਪਿੰਡਾਂ ਵਿੱਚ ਜਥਾ ਮਾਰਚ ਕੀਤਾ ਗਿਆ। ਸੀ. ਪੀ. ਆਈ. ਦੇ ਤਹਿਸੀਲ ਸਕੱਤਰ ਸਾਥੀ ਬਿਰਜ ਲਾਲ ਧੀਮਾਨ ਦੀ ਅਗਵਾਈ ਵਿੱਚ ਸੁਨਾਮ ਤੋਂ ਸ਼ੁਰੂ ਹੋਇਆ ਮਾਰਚ ਪਿੰਡ ਬਖਸ਼ੀਵਾਲਾ, ਉਗਰਾਹਾਂ, ਡਸਕਾ, ਸੰਗਤ ਪੁਰਾ, ਗੋਬਿੰਦਗੜ੍ਹ, ਛਾਜਲੀ ਹੁੰਦਾ ਹੋਇਆ ਜਵੰਧੇ ਖਤਮ ਹੋਇਆ। ਇਨ੍ਹਾਂ ਸਾਰੇ ਪਿੰਡਾਂ ਵਿੱਚ ਲੋਕਾਂ ਨੂੰ ਲਾਮਬੰਦ ਕਰਦਿਆਂ ਆਰਥਿਕ ਨੀਤੀਆਂ ਵਿਰੁੱਧ ਸੁਚੇਤ ਹੋਣ ਦੀ ਅਪੀਲ ਕੀਤੀ।

ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਹਰਦੇਵ ਸਿੰਘ ਬਖਸ਼ੀਵਾਲਾ ਤੇ ਐਡਵੋਕੇਟ ਸੰਪੂਰਨ ਸਿੰਘ ਛਾਜਲੀ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਹੱਥ-ਠੋਕਾ ਬਣੀ ਹੋਈ ਹੈ ਤੇ ਪਿਛਲੇ ਨੌਂ ਸਾਲਾਂ ਦੇ ਕਾਰਜਕਾਲ ਦੌਰਾਨ ਇਸ ਸਰਕਾਰ ਨੇ ਆਮ ਲੋਕਾਂ ਦੀ ਭਲਾਈ ਲਈ ਕਦਮ ਚੁੱਕਣ ਦੀ ਬਜਾਏ ਪੂੰਜੀਪਤ ਘਰਾਣਿਆਂ ਨੂੰ ਮਾਲਾਮਾਲ ਕਰਨ ਦੀਆਂ ਨੀਤੀਆਂ ਹੀ ਅਖਤਿਆਰ ਕੀਤੀਆਂ ਹਨ। ਕੋਵਿਡ ਸਮੇਂ ਲਾਕਡਾਊਨ ਕਰਕੇ ਆਮ ਲੋਕਾਂ ਦੇ ਰੋਜ਼ਗਾਰ ਖੁਸ ਗਏ, ਬੇਰੁਜ਼ਗਾਰੀ ਵਿੱਚ ਵਾਧਾ ਹੋਇਆ, ਪਰ ਧਨ ਕੁਬੇਰ ਦੀ ਆਮਦਨ ਵਿੱਚ ਕਿਵੇਂ ਦੁੱਗਣਾ ਚੌਗੁਣਾ ਵਾਧਾ ਹੋਇਆ। ਇਸ ਸਵਾਲ ਦਾ ਦੇਸ਼ ਦੇ ਲੋਕਾਂ ਨੂੰ ਜਵਾਬ ਮਿਲਣਾ ਚਾਹੀਦਾ ਹੈ। ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਆਪਣੇ ਚਹੇਤੇ ਕਾਰਪੋਰੇਟਾਂ ਨੂੰ ਕੌਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ। ਇਤਿਹਾਸ ਬਦਲਿਆ ਜਾ ਰਿਹਾ ਹੈ, ਦੂਜੇ ਪਾਸੇ ਬੇਰੁਜ਼ਗਾਰੀ, ਮਹਿੰਗਾਈ, ਦੇਸ਼ ਦੀਆਂ ਧੀਆਂ ਬੇਟੀਆਂ ਨਾਲ ਜਿਨਸੀ ਛੇੜਖਾਨੀਆਂ ਦੀਆਂ ਘਟਨਾਵਾਂ ਵੱਡੇ ਪੈਮਾਨੇ 'ਤੇ ਵਧ ਰਹੀਆਂ ਹਨ। ਆਗੂਆਂ ਨੇ ਲੋਕਾਂ ਨੂੰ ਸੰਘਰਸ਼ਾਂ ਦੇ ਰਾਹ ਪੈ ਕੇ ਇਸ ਸਰਕਾਰ ਵਿਰੁੱਧ ਲਾਮਬੰਦ ਹੋਣ ਦਾ ਸੱਦਾ ਦਿੱਤਾ। ਇਸ ਮੌਕੇ ਕਰਮ ਚੰਦ ਮਾਰਕੰਡਾ, ਗਮ੍ਹਦਰ ਸਿੰਘ, ਜਗਦੀਸ਼ ਸਿੰਘ, ਜਸਵੰਤ ਸਿੰਘ ਘੁਕਨਾ, ਬਹਾਦਰ ਸਿੰਘ, ਜੀਤ ਸਿੰਘ, ਰਾਮ ਗਿਰ, ਮਲਕੀਤ ਸਿੰਘ, ਦਰਸ਼ਨ ਸਿੰਘ, ਮਹਿੰਦਰ ਸਿੰਘ, ਕਰਨੈਲ ਸਿੰਘ, ਭੂਰਾ ਸਿੰਘ, ਜਸਵੀਰ ਸਿੰਘ, ਧੰਨਾ ਸਿੰਘ ਆਦਿ ਹਾਜ਼ਰ ਸਨ।

## ਕਾਤਰਾਂ

### ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਨੂੰ ਗੁੰਮਸ਼ੁਦਾ ਬੱਚਾ ਮਿਲਿਆ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਹਰਭਜਨ ਸਿੰਘ ਮਹਿਮੀ ਨੇ ਦੱਸਿਆ ਕਿ ਮਿਤੀ 12 ਮਈ ਨੂੰ ਬਾਲ ਭਲਾਈ ਕਮੇਟੀ ਫਤਹਿਗੜ੍ਹ ਸਾਹਿਬ ਨੂੰ ਥਾਣਾ ਫਤਹਿਗੜ੍ਹ ਸਾਹਿਬ ਵੱਲੋਂ ਗੁੰਮਸ਼ੁਦਾ ਹੋਏ ਬੱਚੇ ਬਾਰੇ ਸੂਚਨਾ ਪ੍ਰਾਪਤ ਹੋਈ। ਬੱਚੇ ਦੇ ਦੱਸਣ ਅਨੁਸਾਰ ਉਸ ਦਾ ਨਾਂਅ ਨਵਨੀਤ ਪੁੱਤਰ ਦਲੀਪ ਸ਼ਰਮਾ ਵਾਸੀ ਮੋਹਣੀਆ ਜ਼ਿਲ੍ਹਾ ਸਹਾਰਸਾ ਬਿਹਾਰ ਉਮਰ 10-12 ਸਾਲ ਹੈ। ਬਿਹਾਰ ਤੋਂ ਬੱਚਾ ਕੰਮ ਦੇ ਸੰਬੰਧ ਵਿੱਚ ਵਿਸ਼ਾਲ ਨਾਂਅ ਦੇ ਵਿਅਕਤੀ ਨਾਲ ਆਇਆ ਸੀ ਜੋ ਵਿਸ਼ਾਲ ਕੋਲੋਂ ਵਿਛੜ ਗਿਆ ਹੈ। ਬੱਚੇ ਦਾ ਰੰਗ ਸਾਂਵਲਾ, ਅੱਖਾਂ ਦਾ ਰੰਗ ਕਾਲਾ, ਸਰੀਰ ਪਤਲਾ, ਕੱਦ ਲਗਭਗ 4.5 ਫੁੱਟ ਅਤੇ ਛੋਟੇ ਕੱਟੇ ਹੋਏ ਵਾਲ ਹਨ। ਬੱਚੇ ਦੀ ਡੀ.ਡੀ.ਆਰ ਕੱਟੀ ਜਾ ਚੁੱਕੀ ਹੈ। ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜੇਕਰ ਕੋਈ ਇਸ ਬੱਚੇ ਦੇ ਮਾਪਿਆਂ ਬਾਰੇ ਜਾਣਦਾ ਹੈ ਤਾਂ ਉਹ ਤੁਰੰਤ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਨਾਲ ਸਿੱਧੇ ਤੌਰ 'ਤੇ ਜਾਂ ਟੈਲੀਫੋਨ ਨੰ. 99143-10010 'ਤੇ ਸੰਪਰਕ ਕੀਤਾ ਜਾ ਸਕਦਾ ਹੈ, ਤਾਂ ਜੋ ਇਸ ਬੱਚੇ ਨੂੰ ਉਸ ਦੇ ਮਾਪਿਆਂ ਤੱਕ ਪਹੁੰਚਾਇਆਂ ਜਾ ਸਕੇ।

### 150 ਲੀਟਰ ਲਾਹਣ ਬਰਾਮਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ 150 ਲੀਟਰ ਲਾਹਣ ਬਰਾਮਦ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਪੁਲਸ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਸੀ ਕਿ ਬਲਵਿੰਦਰ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਚੱਕ ਬਲੋਚਾ ਉਰਫ ਮਹਾਲਮ ਨਜਾਇਜ਼ ਸ਼ਰਾਬ ਕੱਢ ਕੇ ਵੇਚਣ ਦਾ ਆਦੀ ਹੈ, ਜੇਕਰ ਹੁਣੇ ਉਸ ਦੇ ਘਰ ਛਾਪੇਮਾਰੀ ਕੀਤੀ ਜਾਵੇ ਤਾਂ ਭਾਰੀ ਮਾਤਰਾ 'ਚ ਨਜਾਇਜ਼ ਸ਼ਰਾਬ ਜਾਂ ਲਾਹਣ ਬਰਾਮਦ ਹੋ ਸਕਦੀ ਹੈ, ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ 150 ਲੀਟਰ ਲਾਹਣ ਬਰਾਮਦ ਕੀਤੀ, ਜਦਕਿ ਬਲਵਿੰਦਰ ਸਿੰਘ ਮੌਕੇ ਤੋਂ ਫਰਾਰ ਹੋ ਗਿਆ। ਪੁਲਸ ਨੇ ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

### ਕੁੱਟਮਾਰ ਦੇ ਦੋਸ਼ 'ਚ 13 ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਦੀ ਪੁਲਸ ਵੱਲੋਂ ਇੱਕ ਵਿਅਕਤੀ ਦੀ ਕੁੱਟਮਾਰ ਕਰਕੇ ਜ਼ਖ਼ਮੀ ਕਰਨ ਦੇ ਦੋਸ਼ ਵਿੱਚ 13 ਲੋਕਾਂ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਮੁਦੱਈ ਅਮਨਦੀਪ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਝੁੱਗੇ ਫੰਗੀਆ (ਜਲਾਲਾਬਾਦ) ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ 8 ਮਈ ਨੂੰ ਸਵੇਰੇ ਕਰੀਬ ਸਾਢੇ 11 ਵਜੇ ਪਿੰਡ ਸੜੀਆ ਤੋਂ ਤੂੜੀ ਦੀ ਟਰਾਲੀ ਲੈ ਕੇ ਪਿੰਡ ਬਾਹਮਣੀ ਵਾਲਾ ਆਪਣੇ ਮਾਸੜ ਰੇਸ਼ਮ ਸਿੰਘ ਦੇ ਘਰ ਜਾ ਰਿਹਾ ਸੀ ਤੇ ਰਸਤੇ ਵਿੱਚ ਮਨੀਸ਼ ਸਿੰਘ ਵਗੈਰਾ ਨੇ ਡੀਏਵੀ ਫਾਟਕ ਜਲਾਲਾਬਾਦ ਦੇ ਕੋਲ ਉਸ ਨੂੰ ਘੇਰਾ ਪਾ ਲਿਆ ਤੇ ਰੋਕ ਕੇ ਉਸ ਦੀ ਕੁੱਟਮਾਰ ਕੀਤੀ, ਜਿਸ 'ਤੇ ਉਸ ਨੂੰ ਸੱਟਾਂ ਲੱਗ ਗਈਆਂ। ਪੁਲਸ ਨੇ ਮੁਦੱਈ ਅਮਨਦੀਪ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਮਨੀਸ਼ ਸਿੰਘ, ਕਾਸ਼ ਦੀਪ ਸਿੰਘ, ਸਨਪ੍ਰੀਤ ਸਿੰਘ ਵਾਸੀਆਨ ਚੱਕ ਮੌਜਦੀਨ ਵਾਲਾ, ਰਮਨਪ੍ਰੀਤ ਸਿੰਘ ਵਾਸੀ ਜਵਾਹਰ ਸਿੰਘ ਵਾਲਾ ਤੇ 8-9 ਅਣਪਛਾਤੇ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਹੈ।

# ਆਂਗਣਵਾੜੀ ਯੂਨੀਅਨ ਵੱਲੋਂ ਅੱਜ ਦਾ ਰੋਸ ਪ੍ਰਦਰਸ਼ਨ ਮੁਲਤਵੀ



**ਮੱਖੂ (ਰਛਪਾਲ ਸਿੰਘ ਸੰਧੂ)**

ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੀ ਮੰਤਰੀ ਡਾ. ਬਲਜੀਤ ਕੌਰ ਦੇ ਘਰ ਅੱਗੇ ਫਰੀਦਕੋਟ ਵਿਖੇ 14 ਮਈ ਨੂੰ ਕੀਤਾ ਜਾਣ ਵਾਲਾ ਰੋਸ ਪ੍ਰਦਰਸ਼ਨ ਮੁਲਤਵੀ ਕਰਨ ਬਾਰੇ ਜਾਣਕਾਰੀ ਦਿੰਦਿਆਂ ਯੂਨੀਅਨ ਦੀ ਬਲਾਕ ਪ੍ਰਧਾਨ ਜੀਵਨ ਸ਼ਰਮਾ ਨੇ ਦੱਸਿਆ ਕਿ ਸਬੰਧਤ ਵਿਭਾਗ ਵੱਲੋਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਤਨਖਾਹਾਂ ਸਬੰਧੀ ਪੱਤਰ ਦੇਰ ਰਾਤ ਜਾਰੀ ਕਰ ਦਿੱਤਾ ਹੈ ਤੇ ਨਾਲ ਹੀ ਵਿਭਾਗ ਦੀ ਮੰਤਰੀ ਡਾ. ਬਲਜੀਤ ਕੌਰ ਨਾਲ 19 ਮਈ ਨੂੰ ਚੰਡੀਗੜ੍ਹ ਵਿਖੇ ਮੀਟਿੰਗ ਕਰਨ ਲਈ ਵੀ ਯੂਨੀਅਨ ਦੀ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਨੂੰ ਚਿੱਠੀ ਭੇਜ ਦਿੱਤੀ ਹੈ। ਬਲਾਕ ਪ੍ਰਧਾਨ ਜੀਵਨ ਸ਼ਰਮਾ ਨੇ ਦੱਸਿਆ ਕਿ ਇੱਕ ਤਾਂ ਸੂਬੇ ਭਰ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਤਨਖਾਹਾਂ ਸਮੇਂ ਸਿਰ ਨਹੀਂ ਮਿਲ ਰਹੀਆਂ ਸਨ ਤੇ ਦੂਜਾ ਵਿਭਾਗੀ ਮੰਤਰੀ ਵੱਲੋਂ ਮੰਗਾਂ ਦਾ ਸਮਾਂ ਨਹੀਂ ਦਿੱਤਾ ਜਾ ਰਿਹਾ ਸੀ। ਇਸੇ ਕਰਕੇ ਹੀ ਉਨ੍ਹਾਂ ਨੂੰ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਸੀ, ਪਰ ਹੁਣ ਵਿਭਾਗ ਤੇ ਸਰਕਾਰ ਹਰਕਤ ਵਿੱਚ ਆਈ ਹੈ। ਉਨ੍ਹਾ ਕਿਹਾ ਕਿ ਜੇਕਰ ਮੰਤਰੀ ਨਾਲ ਹੋਣ ਵਾਲੀ ਮੀਟਿੰਗ ਵਿੱਚ ਉਨ੍ਹਾਂ ਦੀਆਂ ਮੰਗਾਂ ਪ੍ਰਤੀ ਹਾਂ-ਪੱਖੀ ਹੁੰਗਾਰਾ ਨਾ ਮਿਲਿਆ ਤਾਂ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਬਲਾਕ ਪ੍ਰਧਾਨ ਜੀਵਨ ਸ਼ਰਮਾ, ਸੁਲਕਸ਼ਨਾ, ਸੁਖਵਿੰਦਰ ਕੌਰ, ਜਸਬੀਰ ਕੌਰ, ਪ੍ਰਮਜੀਤ ਕੌਰ, ਗੁਰਮੀਤ ਕੌਰ, ਅੰਜੂ, ਸੁਖਵੰਤ ਕੌਰ, ਪਰਮਜੀਤ ਕੌਰ, ਕਮਜੀਤ ਕੌਰ, ਬਲਵੀਰ ਕੌਰ, ਹਰਮੀਤ ਕੌਰ, ਮਨਜੀਤ ਕੌਰ, ਕੁਲਜੀਤ ਕੌਰ, ਰਵਿੰਦਰ ਕੌਰ ਆਦਿ ਹਾਜ਼ਰ ਸਨ।

# ਏ ਐੱਸ ਆਈ ਦੇ ਘਰ 'ਚ ਦਿਨ-ਦਿਹਾੜੇ ਡਾਕਾ, ਸੋਨਾ ਤੇ ਨਗਦੀ ਲੁੱਟੀ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਵਿੱਚ ਪੁਲਸ ਵੱਲੋਂ ਫਲੈਗ ਮਾਰਚ ਕੱਢਣ, ਨਾਕਾਬੰਦੀ ਤੇ ਗਸ਼ਤ ਦੇ ਬਾਵਜੂਦ ਲੁੱਟ-ਖੋਹ ਦੀਆਂ ਘਟਨਾਵਾਂ ਲਗਾਤਾਰ ਜਾਰੀ ਹਨ ਅਤੇ ਚੋਰਾਂ ਤੇ ਲੁਟੇਰਿਆਂ 'ਚੋਂ ਪੁਲਸ ਦਾ ਡਰ ਪੂਰੀ ਤਰ੍ਹਾਂ ਖ਼ਤਮ ਹੋ ਗਿਆ ਹੈ। ਅੱਜ ਦਿਨ ਦਿਹਾੜੇ 3 ਹਥਿਆਰਬੰਦ ਨਕਾਬਪੋਸ਼ ਲੁਟੇਰੇ ਏ ਐੱਸ ਆਈ ਦੇ ਦੀ ਕੋਠੀ ਵਿੱਚ ਦਾਖ਼ਲ ਹੋਏ ਤੇ ਪਿਸਤੌਲ ਤੇ ਚਾਕੂ ਦੀ ਨੋਕ 'ਤੇ ਔਰਤਾਂ ਤੇ ਬੱਚਿਆਂ ਨੂੰ ਬੰਧਕ ਬਣਾ ਕੇ ਲੱਖਾਂ ਰੁਪਏ ਅਤੇ 25-30 ਤੋਲੇ ਸੋਨੇ ਦੇ ਗਹਿਣੇ ਲੁੱਟ ਕੇ ਫਰਾਰ ਹੋ ਗਏ।ਜਾਣਕਾਰੀ ਮੁਤਾਬਕ ਪੰਜਾਬ ਪੁਲਸ ਦਾ ਏ ਐੱਸ ਆਈ ਗੁਰਜੀਤ ਸਿੰਘ ਤੇ ਉਸ ਦਾ ਭਰਾ ਬਲਜੀਤ ਸਿੰਘ ਐਕਸਾਈਜ਼ ਇੰਸਪੈਕਟਰ ਫਿਰੋਜ਼ਪੁਰ ਸ਼ਹਿਰ ਦੇ ਗੁਰਦੁਆਰਾ ਬਾਬਾ ਰਾਮ ਲਾਲ ਜੀ ਨੇੜੇ ਸਥਿਤ ਬਾਬਾ ਐਨਕਲੇਵ ਵਿੱਚ ਰਹਿੰਦੇ ਹਨ।ਅੱਜ ਜਦੋਂ ਉਹ ਘਰ ਨਹੀਂ ਸੀ ਤਾਂ ਦੁਪਹਿਰ ਸਾਢੇ ਤਿੰਨ ਵਜੇ ਦੇ ਕਰੀਬ 3 ਨਕਾਬਪੋਸ਼ ਹਥਿਆਰਬੰਦ ਲੁਟੇਰੇ ਬਿਨਾਂ ਨੰਬਰੀ ਕਾਲੇ ਰੰਗ ਦੇ ਮੋਟਰਸਾਈਕਲ 'ਤੇ ਆਏ ਤੇ ਆਉਂਦਿਆਂ ਹੀ ਘਰ ਦੀਆਂ ਔਰਤਾਂ ਤੇ ਬੱਚਿਆਂ 'ਤੇ ਪਿਸਤੌਲ ਤੇ ਚਾਕੂ ਤਾਣ ਦਿੱਤੇ ਅਤੇ ਕਹਿਣ ਲੱਗੇ ਕਿ ਘਰ ਵਿੱਚ ਜੋ ਵੀ ਹੈ, ਸਾਨੂੰ ਦੇ ਦਿਓ, ਨਹੀਂ ਤਾਂ ਅਸੀਂ ਤੁਹਾਨੂੰ ਤੇ ਤੁਹਾਡੇ ਬੱਚਿਆਂ ਨੂੰ ਮਾਰ ਦੇਵਾਂਗੇ। ਉਨ੍ਹਾਂ ਨੇ ਸਾਰਿਆਂ ਨੂੰ ਘਰ ਵਿਚ ਕੈਦ ਕਰ ਲਿਆ ਤੇ ਘਰ ਦੀਆਂ ਅਲਮਾਰੀਆਂ ਤੇ ਆਲੇ-ਦੁਆਲੇ ਪਿਆ ਸਾਰਾ ਸਾਮਾਨ ਖਿਲਾਰ ਦਿੱਤਾ।ਲੁਟੇਰੇ ਘਰ 'ਚ ਪਈ ਸਾਰੀ ਨਕਦੀ ਤੇ ਸੋਨੇ ਦੇ ਗਹਿਣੇ ਲੈ ਕੇ ਫਰਾਰ ਹੋ ਗਏ।

ਲੁਟੇਰਿਆਂ ਦੇ ਆਉਣ-ਜਾਣ ਦੀ ਸਾਰੀ ਘਟਨਾ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ 'ਚ ਕੈਦ ਹੋ ਗਈ।ਇਸ ਘਟਨਾ ਦਾ ਪਤਾ ਲੱਗਦਿਆਂ ਹੀ ਪੁਲਸ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਲੁੱਟ ਦੀ ਵਾਰਦਾਤ ਸਬੰਧੀ ਪੂਰੀ ਜਾਣਕਾਰੀ ਹਾਸਲ ਕੀਤੀ। ਥਾਣਾ ਸਦਰ ਫ਼ਿਰੋਜ਼ਪੁਰ ਦੇ ਐੱਸ ਐੱਚ ਓ ਇੰਸਪੈਕਟਰ ਰਵੀ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਲੁਟੇਰਿਆਂ ਨੂੰ ਫੜਨ ਲਈ ਪੁਲਸ ਵੱਲੋਂ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਨੂੰ ਖੰਗਾਲਿਆ ਜਾ ਰਿਹਾ ਹੈ ਤੇ ਲੁਟੇਰਿਆਂ ਨੂੰ ਫੜਨ ਲਈ ਵੱਡੇ ਪੱਧਰ 'ਤੇ ਕਾਰਵਾਈ ਕੀਤੀ ਜਾ ਰਹੀ ਹੈ।

# ਉਪ ਮੰਡਲ ਪੱਧਰ 'ਤੇ ਕੌਮੀ ਲੋਕ ਅਦਾਲਤ 'ਚ 1044 ਕੇਸਾਂ ਦਾ ਮੌਕੇ 'ਤੇ ਨਿਪਟਾਰਾ

## 39586571 ਰੁਪਏ ਦੇ ਕਰੀਬ ਅਵਾਰਡ ਪਾਸ ਕੀਤੇ





**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਉਪ-ਮੰਡਲ ਪੱਧਰ 'ਤੇ ਦੋ ਕੌਮੀ ਲੋਕ ਅਦਾਲਤਾਂ ਦਾ ਆਯੋਜਨ ਕੀਤਾ ਗਿਆ, ਜਿਨ੍ਹਾਂ ਵਿੱਚੋਂ ਇੱਕ ਕੌਮੀ ਲੋਕ ਅਦਾਲਤ ਦੀ ਪ੍ਰਧਾਨਗੀ ਸ੍ਰੀ ਰਜਿੰਦਰ ਸਿੰਘ ਨਾਗਪਾਲ ਵਧੀਕ ਸਿਵਲ ਜੱਜ ਸੀਨੀਅਰ ਡਵੀਜ਼ਨ, ਦੂਜੀ ਕੌਮੀ ਲੋਕ ਅਦਾਲਤ ਦੀ ਪ੍ਰਧਾਨਗੀ ਸ੍ਰੀ ਪਰਸਮੀਤ ਰਿਸ਼ੀ ਪੀ.ਸੀ.ਐੱਸ. ਸਿਵਲ ਜੱਜ ਜੂਨੀਅਰ ਡਵੀਜ਼ਨ ਸਮਾਣਾ ਨੇ ਕੀਤੀ। ਇਸ ਕੌਮੀ ਲੋਕ ਅਦਾਲਤ ਵਿੱਚ ਦੀਵਾਨੀ ਤੇ ਸਮਝੌਤਾਯੋਗ ਫੌਜਦਾਰੀ, ਟ੍ਰੈਫਿਕ ਚਲਾਨ, ਬੈਂਕਾਂ ਦੇ ਕੇਸ ਆਦਿ ਕੇਸ ਸੁਣਵਾਈ ਲਈ ਪੇਸ਼ ਹੋਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਕੇਸਾਂ ਦੇ ਆਪਸੀ ਸਮਝੌਤੇ ਕਰਵਾ ਕੇ ਕੇਸ ਫੈਸਲਾ ਕਰਵਾ ਦਿੱਤੇ ਗਏ। ਇਨ੍ਹਾਂ ਕੌਮੀ ਲੋਕ ਅਦਾਲਤਾਂ ਵਿੱਚ ਕੁੱਲ 1472 ਕੇਸ ਸੁਣਵਾਈ ਲਈ ਪੇਸ਼ ਹੋਏ, ਜਿਨ੍ਹਾਂ ਵਿੱਚੋਂ 1044 ਕੇਸਾਂ ਦੇ ਆਪਸੀ ਸਮਝੌਤਿਆਂ ਰਾਹੀਂ ਫੈਸਲੇ ਕਰਵਾ ਦਿੱਤੇ ਗਏ ਤੇ ਕਰੀਬ 39586571 ਰੁਪਏ ਦੇ ਐਵਾਰਡ ਪਾਸ ਕੀਤੇ ਗਏ। ਇਸ ਮੌਕੇ ਕਾਨੂੰਨੀ ਸੇਵਾਂਵਾਂ ਅਥਾਰਟੀ ਵੱਲੋਂ ਡੀ.ਐੱਲ.ਐੱਸ.ਏ. ਦੇ ਰਿਟੇਨਰ ਐਡਵੋਕੇਟ ਵਿਪਨ ਕੁਮਾਰ ਬਾਂਸਲ ਦੀ ਅਗਵਾਈ ਹੇਠ ਹੈਲਪ ਡੈਕਸ ਲਗਾਇਆ ਗਿਆ, ਜਿੱਥੇ ਗਰੀਬ ਤੇ ਲੋੜਵੰਦ ਲੋਕਾਂ ਨੂੰ ਮੁਫਤ ਵਿੱਚ ਵਕੀਲ ਮੁਹੱਈਆ ਕਰਵਾਏ ਗਏ। ਇਸ ਮੌਕੇ ਲੋਕ ਅਦਾਲਤ ਕਮੇਟੀ ਮੈਂਬਰ ਡਾ. ਵਿਨੋਦ ਮਿੱਤਲ, ਆਸ਼ਾਨੰਦ ਤੁਲਾਨੀ, ਐਡਵੋਕੇਟ ਗੁਰਵਿੰਦਰ ਸਿੰਘ ਗੋਲਣ, ਐਡਵੋਕੇਟ ਖਵਾਬ ਸੋਨੀ, ਰੀਡਰ ਜਗਜੀਤ ਸਿੰਘ, ਰੀਡਰ ਸ਼ਤੀਸ਼ ਮਿੱਤਲ, ਸਾਬਕਾ ਪ੍ਰਧਾਨ ਸ: ਨਵਦੀਪ ਸਿੰਘ ਢਿੱਲੋਂ, ਐਡਵੋਕੇਟ ਪ੍ਰਿਥਪਾਲ ਸਿੰਘ ਰਵੇਲ, ਐਡਵੋਕੇਟ ਰਿਸ਼ੀ ਚੋਪੜਾ, ਐਡਵੋਕੇਟ ਸੰਦੀਪ ਜਿੰਦਲ, ਐਡਵੋਕੇਟ ਕਰਮਜੀਤ ਸਿੰਘ ਰੰਧਾਵਾ, ਐਡਵੋਕੇਟ ਹਰਮਨਦੀਪ ਸਿੰਘ ਸਿੱਧੂ, ਐਡਵੋਕੇਟ ਅਨੁਰੂਪ ਗਰਗ, ਮੈਡਮ ਮੋਨਿਕਾ, ਐਡਵੋਕੇਟ ਕਮਲ ਕਲਿਆਣ, ਬੈਂਕ ਮਨੈਜਰ ਸੰਦੀਪ ਬਜਾਜ, ਫੀਲਡ ਅਫਸਰ ਬਾਲਕ੍ਰਿਸ਼ਨ ਗੋਇਲ, ਕੋਮਲਪ੍ਰੀਤ, ਬਿੱਟੂ ਬੇਦੀ ਤੋਂ ਇਲਾਵਾ ਸਮਾਣਾ ਬਾਰ ਦੇ ਵਕੀਲ ਸਹਿਬਾਨ, ਵੱਖ-ਵੱਖ ਬੈਂਕਾਂ ਦੇ ਕਰਮਚਾਰੀ ਤੇ ਕੇਸਾਂ ਦੀ ਸੁਣਵਾਈ ਵਾਲੇ ਲੋਕ ਹਾਜ਼ਰ ਸਨ।

# ਪੇਂਡੂ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ ਮੋਰਚਾ ਜਾਰੀ

## ਦਲਿਤ ਮਜ਼ਦੂਰਾਂ ਵੱਲੋਂ ਰਿਹਾਇਸ਼ੀ ਪਲਾਟਾਂ ਤੇ ਪੰਚਾਇਤੀ ਜ਼ਮੀਨ 'ਚੋਂ ਤੀਜੇ ਹਿੱਸੇ ਦੀ ਮੰਗ



**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿੰਡ ਖੋਖਰ ਵਿਖੇ ਪੰਚਾਇਤੀ ਜ਼ਮੀਨ ਵਿੱਚੋਂ ਦਲਿਤ ਮਜ਼ਦੂਰਾਂ ਲਈ ਤੀਜੇ ਹਿੱਸੇ ਤੇ ਰਿਹਾਇਸ਼ੀ ਪਲਾਟਾਂ ਦੀ ਮੰਗ ਨੂੰ ਲੈ ਕੇ ਪੰਚਾਇਤੀ ਜ਼ਮੀਨ ਵਿੱਚ ਲੱਗਿਆ ਮੋਰਚਾ 7ਵੇਂ ਦਿਨ ਵੀ ਲਗਾਤਾਰ ਜਾਰੀ ਹੈ। ਇਸ ਮੌਕੇ ਸੰਘਰਸ਼ ਦੀ ਹਮਾਇਤ ਲਈ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਗਿਆਨ ਸਿੰਘ ਝਬੇਲਵਾਲੀ ਦੀ ਅਗਵਾਈ ਹੇਠ ਮਜ਼ਦੂਰਾਂ ਦਾ ਜਥਾ ਮੋਰਚੇ ਵਿੱਚ ਸ਼ਾਮਲ ਹੋਇਆ। ਜ਼ਿਕਰਯੋਗ ਹੈ ਕਿ ਪਿੰਡ ਦੇ ਹੀ ਦਲਿਤ ਮਜ਼ਦੂਰਾਂ ਨੇ ਰੂੜੀ ਲਈ ਪਲਾਟ, ਰਿਹਾਇਸ਼ੀ ਪਲਾਟ ਤੇ ਪੰਚਾਇਤੀ ਜ਼ਮੀਨ 'ਚੋਂ ਤੀਜੇ ਹਿੱਸੇ ਦੀ ਮੰਗ ਨੂੰ ਲੈ ਕੇ ਕਈ ਵਾਰ ਡਿਪਟੀ ਕਮਿਸ਼ਨਰ, ਵਧੀਕ ਡਿਪਟੀ ਕਮਿਸ਼ਨਰ, ਬੀ ਡੀ ਪੀ ਓ, ਪੰਚਾਇਤ ਅਫਸਰ ਤੇ ਗ੍ਰਾਮ ਪੰਚਾਇਤ ਆਦਿ ਨੂੰ ਅਰਜ਼ੀਆਂ ਦਿੱਤੀਆਂ ਸਨ, ਪਰ ਕਿਸੇ ਵੀ ਅਧਿਕਾਰੀ ਵੱਲੋਂ ਇਸ ਗੱਲ ਵੱਲ ਧਿਆਨ ਨਾ ਦਿੱਤਾ ਗਿਆ। ਮਜਬੂਰੀਵਸ ਪਿੰਡ ਦੇ ਦਲਿਤ ਮਜ਼ਦੂਰਾਂ ਨੇ ਆਪਣੇ ਹਿੱਸੇ ਦੀ ਪੰਚਾਇਤੀ ਜ਼ਮੀਨ ਨੂੰ ਹਾਸਲ ਕਰਨ 7 ਮਈ ਤੋਂ ਮੋਰਚਾ ਖੋਲ੍ਹ ਦਿੱਤਾ ਹੈ। ਇਸ ਮੌਕੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਲਖਵੰਤ ਕਿਰਤੀ ਨੇ ਪਿੰਡਾਂ ਦੇ ਦਲਿਤ ਮਜ਼ਦੂਰ ਅੱਜ ਦੇ ਮਾੜੇ ਹਾਲਤਾਂ ਵਿੱਚ ਆਪਣੀ ਜ਼ਿੰਦਗੀ ਦਾ ਗੁਜ਼ਾਰਾ ਕਰ ਰਹੇ ਹਨ। ਵਾਰ ਵਾਰ ਮੰਗ ਕਰਨ ਦੇ ਬਾਵਜੂਦ ਪ੍ਰਸ਼ਾਸਨ ਲਗਾਤਾਰ ਮਜ਼ਦੂਰਾਂ ਨੂੰ ਅਣਗੌਲਿਆ ਕਰ ਰਿਹਾ ਹੈ, ਇਸ ਕਰਕੇ ਪੇਂਡੂ ਮਜ਼ਦੂਰ ਯੂਨੀਅਨ ਮੰਗ ਕਰਦੀ ਹੈ ਕਿ ਮਜ਼ਦੂਰਾਂ ਲਈ ਪਲਾਟਾਂ ਦੇ ਮਤੇ ਪਾਏ ਜਾਣ ਤੇ ਪੰਚਾਇਤੀ ਜ਼ਮੀਨ ਵਿੱਚੋਂ ਬਣਦਾ ਤੀਜਾ ਹਿੱਸਾ ਦਿੱਤਾ ਜਾਵੇ। ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਮੰਗਲ ਸਿੰਘ ਖੋਖਰ, ਕਾਲਾ ਸਿੰਘ, ਵੀਰਪਾਲ ਕੌਰ, ਚਰਨਜੀਤ ਕੌਰ, ਰਸ਼ਪਿੰਦਰ ਕੌਰ, ਮਨਜੀਤ ਕੌਰ, ਨੌਜਵਾਨ ਭਾਰਤ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਖੋਖਰ ਆਦਿ ਆਗੂ ਹਾਜ਼ਰ ਸਨ।

# ਜਲੰਧਰ ਵਾਸੀਆਂ ਮਾਨ ਦੀਆਂ ਲੋਕ ਪੱਖੀ ਨੀਤੀਆਂ 'ਤੇ ਮੋਹਰ ਲਗਾਈ : ਵਿਕਾਸ ਜੈਨ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਵਪਾਰ ਮੰਡਲ ਪੰਜਾਬ ਦੇ ਸੂਬਾ ਐਕਟਿੰਗ ਪ੍ਰਧਾਨ ਵਿਕਾਸ ਜੈਨ ਨੇ ਇਥੇ ਲੋਕ ਸਭਾ ਹਲਕਾ ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਰਿੰਕੂ ਦੀ ਹੋਈ ਜਿੱਤ 'ਤੇ ਜਿੱਥੇ ਲੱਡੂ ਵੰਡ ਕੇ ਖੁਸ਼ੀ ਮਨਾਈ, ਉਥੇ ਇਸ ਜਿੱਤ ਨੂੰ ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਵੱਲੋਂ ਲੋਕਹਿਤ ਵਿੱਚ ਲਏ ਗਏ ਇਤਿਹਾਸਕ ਫੈਸਲਿਆਂ 'ਤੇ ਜਲੰਧਰ ਵਾਸੀਆਂ ਨੇ ਜਿੱਤ ਦੀ ਮੋਹਰ ਦੱਸਿਆ ਹੈ। ਉਨ੍ਹਾ ਕਿਹਾ ਕਿ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿੱਚ ਆਪ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਰਿਕਾਰਡ ਜਿੱਤ ਨੇ 2024 ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਆਪ ਪਾਰਟੀ ਦਾ ਮੁੱਢ ਬੰਨ੍ਹ ਦਿੱਤਾ ਹੈ ਤੇ ਲੋਕ ਸਭਾ ਚੋਣਾਂ ਵਿੱਚ ਸੂਬੇ ਦੇ ਲੋਕ ਆਪ ਪਾਰਟੀ ਦਾ ਡੱਟ ਕੇ ਸਾਥ ਦੇਣਗੇ। ਉਨ੍ਹਾਂ ਕਿਹਾ ਕਿ ਜਲੰਧਰ ਵਾਸੀਆਂ ਵੱਲੋਂ ਆਪ ਪਾਰਟੀ ਵੱਲੋਂ ਮਹਿਜ ਇੱਕ ਸਾਲ ਦੀ ਕਾਰੁਜ਼ਗਾਰੀ ਤੇ ਪਿਛਲੀਆਂ ਪਾਰਟੀਆਂ ਦੀ ਸਾਲਾਂਬੱਧੀ ਕਾਰਗੁਜ਼ਾਰੀ ਦਾ ਮੁਲਾਂਕਣ ਕੀਤਾ ਗਿਆ, ਜਿਸ ਵਿੱਚ ਆਪ ਪਾਰਟੀ ਵੱਲੋਂ ਕੀਤੇ ਗਏ ਕੰਮ ਭਾਰੀ ਪਏ ਤੇ ਲੋਕਾਂ ਆਮ ਆਦਮੀ ਪਾਰਟੀ ਦੇ ਪੱਖ ਵਿੱਚ ਆਪਣਾ ਫੈਸਲਾ ਸੁਣਾਇਆ। ਉਨ੍ਹਾ ਜਲੰਧਰ ਦੇ ਵੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਲੋਕਪੱਖੀ ਫੈਸਲੇ ਤੇ ਸੂਬੇ ਨੂੰ ਵਿਕਾਸ ਪੱਖੋਂ ਬੁਲੰਦੀਆਂ 'ਤੇ ਲਿਜਾਣ ਲਈ ਦ੍ਰਿੜ੍ਹ ਸੰਕਲਪ ਤੇ ਵਚਨਬੱਧ ਹੈ।



# ਪੰਚਾਇਤੀ ਜ਼ਮੀਨਾਂ ਤੇ ਸ਼ਾਮਲਾਤਾਂ ਤੋਂ ਨਜਾਇਜ਼ ਕਬਜ਼ੇ ਛੁਡਵਾਉਣ ਲਈ ਮੁਹਿੰਮ ਹੋਰ ਤੇਜ਼ ਹੋਵੇਗੀ : ਸੰਧੂ

## ਜ਼ਿਲ੍ਹੇ ਅੰਦਰ ਪੰਚਾਇਤੀ ਜ਼ਮੀਨਾਂ ਤੇ ਸ਼ਾਮਲਾਟਾਂ ਤੋਂ ਨਜਾਇਜ਼ ਕਬਜ਼ੇ ਛੁਡਵਾਉਣ ਲਈ 3 ਮੈਂਬਰੀ ਕਮੇਟੀ ਦਾ ਗਠਨ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਚਾਇਤੀ ਜ਼ਮੀਨਾਂ ਤੇ ਸ਼ਾਮਲਾਤਾਂ ਤੋਂ ਨਜਾਇਜ਼ ਕਬਜ਼ੇ ਛੁਡਵਾਉਣ ਲਈ ਵਿੱਢੀ ਮੁਹਿੰਮ ਨੂੰ ਸਫਲ ਬਣਾਉਣ ਲਈ ਫਿਰੋਜ਼ਪੁਰ ਡਵੀਜ਼ਨ ਅਧੀਨ ਆਉਂਦੇ 7 ਜ਼ਿਲ੍ਹਿਆਂ ਦੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਤੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਨੂੰ ਮੁੱਖ ਮੰਤਰੀ ਪੰਜਾਬ ਤੇ ਪੰਚਾਇਤ ਮੰਤਰੀ ਦੇ ਨਿਰਦੇਸ਼ਾਂ ਤੋਂ ਜਾਣੂ ਕਰਵਾਉਣ ਲਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਿਭਾਗ ਦੇ ਸੰਯੁਕਤ ਡਾਇਰੈਕਟਰ (ਆਰ ਡੀ) ਅਜੀਤਗੜ੍ਹ (ਮੋਹਾਲੀ) ਜਗਵਿੰਦਰਜੀਤ ਸਿੰਘ ਸੰਧੂ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਸਰਕਾਰ ਵੱਲੋਂ ਸ਼ਾਮਲਾਤ ਜ਼ਮੀਨਾਂ ਤੋਂ ਨਜਾਇਜ਼ ਕਬਜ਼ੇ ਦੂਰ ਕਰਾਉਣ ਲਈ ਅਰੰਭੀ ਗਈ ਮੁਹਿੰਮ ਦੌਰਾਨ ਪੰਜਾਬ ਦੀ ਤਕਰੀਬਨ 9500 ਏਕੜ ਜ਼ਮੀਨ ਤੋਂ ਨਜਾਇਜ਼ ਕਬਜ਼ੇ ਦੂਰ ਕਰਵਾਏ ਗਏ, ਪਰ ਹਾਲੇ ਵੀ ਕਈ ਜ਼ਿਲ੍ਹਿਆਂ ਵਿੱਚ ਬਹੁਤ ਸਾਰੀਆਂ ਸ਼ਾਮਲਾਤ ਜ਼ਮੀਨਾਂ 'ਤੇ ਲੋਕਾਂ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ। ਜਗਵਿੰਦਰਜੀਤ ਸਿੰਘ ਸੰਧੂ ਨੇ ਸਮੂਹ ਡੀ ਡੀ ਪੀ ਓ/ਬੀ ਡੀ ਪੀ ਓਜ਼ ਨੂੰ ਇਹ ਨਜਾਇਜ਼ ਕਬਜ਼ੇ ਛੁਡਵਾਉਣ ਦੀ ਹਦਾਇਤ ਕਰਦਿਆਂ ਦੱਸਿਆ ਕਿ ਕੁਲਦੀਪ ਸਿੰਘ ਧਾਲੀਵਾਲ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਵਧੀਕ ਮੁੱਖ ਸਕੱਤਰ ਕੇ ਸ਼ਿਵਾ ਪ੍ਰਸਾਦ ਤੇ ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਹ ਕਬਜ਼ੇ ਛੁਡਵਾਉਣ ਲਈ ਹੋਰ ਤੇਜ਼ੀ ਨਾਲ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਫਿਰੋਜ਼ਪੁਰ ਦੇ ਡਵਜ਼ਨਲ ਡਿਪਟੀ ਡਾਇਰੈਕਟਰ ਗਗਨਦੀਪ ਸਿੰਘ ਵਿਰਕ ਨੇ ਸਮੂਹ ਵਿਕਾਸ ਜਥੇਬੰਦੀਆਂ ਨੂੰ ਪੰਜਾਬ ਸਰਕਾਰ ਦੀ ਇਸ ਮੁਹਿੰਮ ਵਿਚ ਸਹਿਯੋਗ ਕਰਨ ਦੀ ਅਪੀਲ ਕੀਤੀ।ਡਿਪਟੀ ਕਮਿਸ਼ਨਰ ਫਿਰੋਜ਼ਪੁਰ ਰਜੇਸ਼ ਧੀਮਾਨ ਵੱਲੋਂ ਕਬਜ਼ੇ ਛੁਡਵਾਉਣ ਲਈ ਜ਼ਿਲ੍ਹਾ ਮਾਲ ਅਫਸਰ, ਐੱਸ ਪੀ ਸਥਾਨਕ ਤੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਦੀ ਕਮੇਟੀ ਬਣਾਈ ਗਈ ਹੈ। ਇਹ ਕਮੇਟੀ ਇੱਕ ਮਹੀਨੇ ਵਿੱਚ ਕਬਜ਼ੇ ਛੁਡਵਾਉਣ ਲਈ ਰਣਨੀਤੀ ਤਿਆਰ ਕਰੇਗੀ, ਕਬਜ਼ੇ ਛੁਡਵਾਏਗੀ ਤੇ ਰਿਪੋਰਟ ਸਰਕਾਰ ਨੂੰ ਭੇਜੇਗੀ।ਇਸ ਮੌਕੇ ਜਸਵੰਤ ਸਿੰਘ ਬੜੈਚ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਫਿਰੋਜ਼ਪੁਰ ਤੇ ਸ੍ਰੀ ਮੁਕਤਸਰ ਸਾਹਿਬ, ਸੰਜੀਵ ਸ਼ਰਮਾ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਫਾਜ਼ਿਲਕਾ, ਜਗਤਾਰ ਸਿੰਘ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਬਠਿੰਡਾ, ਰਜਨੀਸ਼ ਗਰਗ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਮਾਨਸਾ ਹਾਜ਼ਰ ਸਨ।

# ਗੋਲਡੀ ਖੰਗੂੜਾ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਕੀਤਾ ਪਲਟਵਾਰ

## ਧੂਰੀ ਦੇ ਲੋਕਾਂ ਵਿਧਾਇਕ ਨਹੀਂ, ਮੁੱਖ ਮੰਤਰੀ ਚੁਣਿਐ, ਹਲਕੇ ਦੇ ਵਿਕਾਸ ਲਈ ਡੱਕਾ ਵੀ ਦੂਹਰਾ ਨਹੀਂ ਕੀਤਾ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਦੇ ਮੁੱਖ ਮੰਤਰੀ ਤੇ ਹਲਕਾ ਧੂਰੀ ਦੇ ਵਿਧਾਇਕ ਭਗਵੰਤ ਮਾਨ ਵੱਲੋਂ ਬੀਤੇ ਕੱਲ੍ਹ ਧੂਰੀ ਵਿਖੇ ਇੱਕ ਪ੍ਰੋਗਰਾਮ ਦੌਰਾਨ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਖਿਲਾਫ਼ ਕੀਤੇ ਗਏ ਸ਼ਬਦੀ ਵਾਰਾਂ ਦਾ ਅੱਜ ਸਾਬਕਾ ਵਿਧਾਇਕ ਦਲਵੀਰ ਗੋਲਡੀ ਨੇ ਪਲਵਟਾਰ ਕੀਤਾ ਹੈ। ਆਪਣੇ ਦਫ਼ਤਰ ਵਿਖੇ ਸੱਦੀ ਪ੍ਰੈੱਸ ਕਾਨਫਰੰਸ ਦੌਰਾਨ ਪਲਟਵਾਰ ਕਰਦਿਆਂ ਕਿਹਾ ਕਿ ਹੁਣ ਦੇ ਤੇ ਪੁਰਾਣੇ ਭਗਵੰਤ ਮਾਨ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਉਨ੍ਹਾ ਕਿਹਾ ਕਿ ਭਗਵੰਤ ਮਾਨ ਆਪਣੀਆਂ ਹੀ ਕਹੀਆਂ ਗੱਲਾਂ ਤੋਂ ਭੱਜਦੇ ਹੋਏ ਨਜ਼ਰ ਆ ਰਹੇ ਹਨ। ਉਨ੍ਹਾ ਭਗਵੰਤ ਮਾਨ ਨੂੰ ਚੇਤੇ ਕਰਵਾਉਂਦਿਆਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਉਨ੍ਹਾ ਦੀ ਪਤਨੀ ਵੱਲੋਂ ਕੀਤੀ ਪ੍ਰੈੱਸ ਕਾਨਫਰੰਸ ਦਾ ਵਿਰੋਧ ਕਰਨ ਵਾਲੇ ਭਗਵੰਤ ਮਾਨ ਹੁਣ ਦੱਸਣ ਕਿ ਪੰਜਾਬ ਦੀ ਸਿਆਸਤ ਵਿੱਚ ਸਰਗਰਮ ਉਨ੍ਹਾ ਦੀ ਪਤਨੀ, ਮਾਤਾ ਤੇ ਭੈਣ ਕੋਲ ਕਿਹੜਾ ਸੰਵਿਧਾਨਕ ਅਹੁਦਾ ਹੈ, ਜਿਸ ਦੀ ਉਹ ਪੁਸ਼ਟੀ ਕੱਲ੍ਹ ਧੂਰੀ ਵਿਖੇ ਹੋਏ ਸਮਾਗਮ ਦੌਰਾਨ ਆਪ ਹੀ ਕਰ ਚੁੱਕੇ ਹਨ ਕਿ ਮੈਂ ਤਾਂ ਧੂਰੀ ਨਹੀਂ ਆ ਸਕਦਾ, ਪਰ ਮੇਰੀ ਪਤਨੀ, ਮਾਤਾ ਤੇ ਭੈਣ ਇੱਥੇ ਆਉਣਗੇ।

ਉਨ੍ਹਾ ਮੁੱਖ ਮੰਤਰੀ ਵੱਲੋਂ ਧੂਰੀ ਟੋਲ ਪਲਾਜ਼ਾ ਬੰਦ ਹੋਣ ਦਾ ਸਿਹਰਾ ਆਪਣੇ ਸਿਰ ਲੈਣ ਦੀ ਗੱਲ ਕਰਦਿਆਂ ਕਿਹਾ ਕਿ ਮਿਆਦ ਪੁੱਗਣ 'ਤੇ ਬੰਦ ਕੀਤਾ ਗਿਆ ਟੋਲ ਪਲਾਜ਼ਾ ਨੂੰ ਮੁੱਖ ਮੰਤਰੀ ਆਪਣੀ ਪ੍ਰਾਪਤੀ ਦੱਸ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਸਾਲ 2014 ਤੋਂ ਇਸ ਟੋਲ ਪਲਾਜ਼ਾ ਨੂੰ ਬੰਦ ਕਰਵਾਉਣ ਦੀ ਲੰਬੀ ਲੜਾਈ ਲੜੀ ਹੈ ਤੇ ਦੇਸ਼ ਭਰ ਵਿੱਚ ਇੱਕੋ-ਇੱਕ ਸੜਕ ਧੂਰੀ ਦੀ ਸੜਕ ਹੈ, ਜਿਸ ਨੂੰ ਮੈਂ ਆਪਣੀ ਸਰਕਾਰ ਦੇ ਉਲਟ ਜਾ ਕੇ ਲੋਕਾਂ ਨੂੰ ਰਾਹਤ ਦੇਣ ਲਈ ਟੋਲ ਪਲਾਜ਼ਾ ਦੇ ਬਰਾਬਰ ਬਣਵਾਇਆ ਹੈ, ਜਿਸ ਕਾਰਨ ਉਨ੍ਹਾਂ ਨੂੰ ਕਈ ਸ਼ਿਕਾਇਤਾਂ ਤੇ ਅਦਾਲਤੀ ਕੇਸਾਂ ਦਾ ਸਾਹਮਣਾ ਵੀ ਕਰਨਾ ਪਿਆ ਹੈ। ਉਨ੍ਹਾ ਭਗਵੰਤ ਮਾਨ ਨੂੰ ਇਸ਼ਤਿਹਾਰੀ, ਫੋਕੀ ਸਿਆਸਤ ਤੋਂ ਬਾਹਰ ਨਿਕਲਣ ਦਾ ਸੱਦਾ ਦਿੰਦਿਆਂ ਕਿ ਟੋਲ ਪਲਾਜ਼ਾ ਲੱਗਣ ਵੇਲੇ ਜਿੱਥੇ ਉਹ ਇੱਕ ਯੂਥ ਆਗੂ ਸਨ, ਪਰ ਭਗਵੰਤ ਮਾਨ ਬਤੌਰ ਮੈਂਬਰ ਪਾਰਲੀਮੈਂਟ ਸਨ, ਪਰ ਕਦੇ ਵੀ ਭਗਵੰਤ ਮਾਨ ਨੇ ਹਾਅ ਦਾ ਨਾਅਰਾ ਮਾਰਨਾ ਮੁਨਾਸਿਬ ਨਹੀਂ ਸਮਝਿਆ। ਉਨ੍ਹਾਂ ਕੋਰੋਨਾ ਕਾਲ ਦੀ ਗੱਲ ਕਰਦਿਆਂ ਕਿਹਾ ਕਿ ਮਹਾਂਮਾਰੀ ਦੇ ਸਮੇਂ ਦੌਰਾਨ ਜਿੱਥੇ ਭਗਵੰਤ ਮਾਨ ਜ਼ੂਮ ਕੈਮਰਿਆਂ ਰਾਹੀਂ ਮੀਟਿੰਗਾਂ ਕਰਦੇ ਸਨ, ਉਥੇ ਉਹ ਤੇ ਉਨ੍ਹਾਂ ਦਾ ਪੂਰਾ ਪਰਿਵਾਰ ਲੋਕ ਸੇਵਾ ਵਿੱਚ ਲੱਗਿਆ ਹੋਇਆ ਸੀ। ਉਨ੍ਹਾ ਕਿਹਾ ਕਿ ਸ਼ਰਮ ਦੀ ਗੱਲ ਹੈ ਕਿ ਡੇਢ ਸਾਲ ਦਾ ਸਮਾਂ ਬੀਤਣ 'ਤੇ ਵੀ ਅੱਜ ਤੱਕ ਸਿਵਲ ਹਸਪਤਾਲ ਵਿਖੇ ਖਾਲੀ ਅਸਾਮੀਆਂ ਨੂੰ ਭਰਨ ਦੀ ਲੋੜ ਮਹਿਸੂਸ ਨਹੀਂ ਕੀਤੀ। ਉਨ੍ਹਾ ਕਿਹਾ ਕਿ ਸ਼ਹਿਰ 'ਚ ਕਰੋੜਾਂ ਰੁਪਏ ਦੀਆਂ ਪ੍ਰੌਪਰਟੀਆਂ ਖੰਡਰ ਬਣਦੀਆਂ ਜਾ ਰਹੀਆਂ ਹਨ, ਸਗੋਂ ਭਗਵੰਤ ਮਾਨ ਨੇ ਹਲਕੇ ਦੇ ਵਿਕਾਸ ਲਈ ਡੱਕਾ ਵੀ ਦੂਹਰਾ ਨਹੀਂ ਕੀਤਾ। ਉਨ੍ਹਾ ਭਗਵੰਤ ਮਾਨ ਨੂੰ ਨਾ-ਪੱਖੀ ਸਿਆਸਤ ਤੇ ਕਿਸੇ ਦੀ ਛਵੀ ਖਰਾਬ ਕਰਨ ਦੀ ਬਜਾਏ ਹਾਂ-ਪੱਖੀ ਸਿਆਸਤ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਨਾ ਤਾਂ ਉਨ੍ਹਾਂ ਦੇ ਘਰ ਨੂੰ ਜਿੰਦਰੇ ਲੱਗੇ ਹਨ ਤੇ ਨਾ ਹੀ ਪ੍ਰਮਾਤਮਾ ਤੋਂ ਬਗੈਰ ਹੋਰ ਕੋਈ ਲਗਵਾ ਸਕਦਾ ਹੈ। ਉਨ੍ਹਾ ਮੁੱਖ ਮੰਤਰੀ ਨੂੰ ਚੈਲੰਜ ਕਰਦਿਆਂ ਕਿਹਾ ਕਿ ਉਹ ਵਿਜੀਲੈਂਸ ਦੇ ਲਾਮ ਲਮਸ਼ਕਰ ਨਾਲ ਆਉਣ ਤੇ ਲਾਈਵ ਚੈਕਿੰਗ ਕਰਨ, ਜੇਕਰ ਮੇਰੇ ਕੋਲ ਕੁੱਝ ਵੱਧ ਪਾਇਆ ਗਿਆ ਤਾਂ ਮੈਂ ਸਾਰੀ ਉਮਰ ਲਈ ਰਾਜਨੀਤੀ ਛੱਡ ਦੇਵਾਂਗਾ, ਜਾਂ ਫਿਰ ਜੋ ਮੇਰੇ 'ਤੇ ਕਰਜ਼ਾ ਹੋਇਆ, ਉਹ ਭਗਵੰਤ ਮਾਨ ਖੁਦ ਭਰਨ। ਇਸ ਮੌਕੇ ਉਨ੍ਹਾ ਨੇੜਲੇ ਪਿੰਡ ਦੇ ਇੱਕ ਚਰਚਿਤ ਵਡੇਰੀ ਉਮਰ ਵਾਲੇ ਵਿਅਕਤੀ ਨੂੰ ਵੀ ਆੜੇ ਹੱਥੀਂ ਲੈਂਦਿਆਂ ਕਈ ਸ਼ਬਦੀ ਹਮਲੇ ਕੀਤੇ।

# ਸਾਈਬਰ ਸੁਰੱਖਿਆ ਮਾਹਰ ਰਕਸਤ ਟੰਡਨ ਵੱਲੋਂ ਇੰਟਰਐਕਟਿਵ ਸੈਸ਼ਨ ਦੀ ਮੇਜ਼ਬਾਨੀ

**ਰਾਜਪੁਰਾ (ਰਮੇਸ਼ ਕਟਾਰੀਆ)**-ਦਿੱਲੀ ਪਬਲਿਕ ਸਕੂਲ ਰਾਜਪੁਰਾ ਨੇ ਭਾਰਤ ਦੇ ਪ੍ਰਸਿੱਧ ਸਾਈਬਰ ਸੁਰੱਖਿਆ ਮਾਹਰ ਸ੍ਰੀ ਰਕਸਤ ਟੰਡਨ ਦੁਆਰਾ ਇੱਕ ਇੰਟਰਐਕਟਿਵ ਸੈਸ਼ਨ ਦੀ ਮੇਜ਼ਬਾਨੀ ਕੀਤੀ। ਉਹ ਰਿਸਕ ਐਡਵਾਈਜ਼ਰੀ, ਸਾਈਬਰ ਡਿਟੈਕਟ ਤੇ ਰਿਸਪਾਂਸ ਲੀਡਰ, ਕੰਸਲਟੈਂਟ, ਇੰਟਰਨੈੱਟ ਤੇ ਮੋਬਾਇਲ ਐਸੋਸੀਏਸ਼ਨ ਆਫ ਇੰਡੀਆ ਅਤੇ ਡਾਇਰੈਕਟਰ, ਹੈਕਡੇਵ ਟੈਕਨਾਲੋਜੀ ਪ੍ਰਾਈਵੇਟ ਲਿਮਟਿਡ, ਸਾਈਬਰ ਸਲਾਹਕਾਰ, ਸੀ.ਆਈ.ਡੀ. ਹਰਿਆਣਾ ਪੁਲਸ, ਸਲਾਹਕਾਰ, ਰਾਜ ਸਾਈਬਰ ਕ੍ਰਾਇਮ ਸੈੱਲ, ਮੈਂਬਰ, ਭਾਰਤੀ ਪੁਲਸ ਫਾਊਂਡੇਸ਼ਨ, ਵਿਜ਼ਟਿੰਗ ਫੈਕਲਟੀ, ਕੇਂਦਰ ਸਰਕਾਰ ਤੇ ਰਾਜ ਸਰਕਾਰ ਦੀਆਂ ਪੁਲਸ ਅਕਾਦਮੀਆਂ, ਗੈਰ-ਈਯੂ ਮਾਹਰ, ਯੂਰਪੀਅਨ ਕਮਿਸ਼ਨ, ਸਿਖਲਾਈ ਸਲਾਹਕਾਰ, ਸਾਈਬਰ ਕ੍ਰਾਈਮ ਜਾਂਚਾਂ ਵਿੱਚ ਮਾਹਰ ਹੋਣ ਦੇ ਨਾਤੇ ਉਨ੍ਹਾ ਨੇ ਦੇਸ਼ ਭਰ ਵਿੱਚ ਸਾਈਬਰ ਸੁਰੱਖਿਆ ਦੇ ਮੁੱਦੇ 'ਤੇ 4.1 ਮਿਲੀਅਨ ਤੋਂ ਵੱਧ ਵਿਦਿਆਰਥੀਆਂ ਨੂੰ ਸੰਵੇਦਨਸ਼ੀਲ ਬਣਾਇਆ ਹੈ।

ਸੈਸ਼ਨ ਦੌਰਾਨ ਉਨ੍ਹਾ ਵਿਦਿਆਰਥੀਆਂ ਨੂੰ ਇੰਟਰਨੈੱਟ ਦੀ ਵਰਤੋਂ ਕਰਨ ਦੇ ਕਾਨੂੰਨੀ ਪਹਿਲੂਆਂ ਜਿਵੇਂ ਕਿ ਕਾਨੂੰਨੀ ਉਮਰ, ਨੈਤਿਕਤਾ ਤੇ ਸੋਸ਼ਲ ਮੀਡੀਆ ਅਤੇ ਗੇਮਿੰਗ ਦੀ ਵਰਤੋਂ ਕਰਨ ਦੇ ਨਿਯਮਾਂ ਤੋਂ ਜਾਣੂ ਕਰਵਾਇਆ। ਵਿਦਿਆਰਥੀਆਂ ਨੂੰ ਅਸਲ ਤੇ ਵਰਚੁਅਲ ਜੀਵਨ ਨੂੰ ਸਮਝਦਾਰੀ ਨਾਲ ਸੰਭਾਲਣ ਦੀ ਸਲਾਹ ਵੀ ਦਿੱਤੀ ਗਈ ਅਤੇ ਕਈ ਕੇਸ ਅਧਿਐਨਾਂ ਨੂੰ ਦਰਸ਼ਕਾਂ ਨਾਲ ਸਾਂਝਾ ਕੀਤਾ ਗਿਆ। ਉਨ੍ਹਾ ਉਨ੍ਹਾਂ ਨੂੰ ਵੱਖ-ਵੱਖ ਤਰੀਕਿਆਂ ਜਿਵੇਂ ਕਿ ਦੋ-ਪੜਾਵੀ ਤਸਦੀਕ, ਟਿੱਪਣੀ ਨਿਯੰਤਰਣ, ਮਜ਼ਬੂਤ ਪਾਸਵਰਡ ਦੀ ਵਰਤੋਂ ਆਦਿ ਬਾਰੇ ਜਾਗਰੂਕ ਕੀਤਾ, ਜਿਸ ਨੂੰ ਉਹ ਸਾਈਬਰ ਅਪਰਾਧਾਂ ਤੋਂ ਬਚਣ ਲਈ ਅਪਣਾ ਸਕਦੇ ਹਨ।

# ਬਲੌਜ਼ਮਜ਼ ਕਾਨਵੈਂਟ ਸਕੂਲ ਦੀ ਦਸਵੀਂ ਤੇ ਬਾਰ੍ਹਵੀਂ ਦੇ ਨਤੀਜਿਆਂ 'ਚ ਚੜ੍ਹਤ



**ਜਗਰਾਉਂ (ਸੰਜੀਵ ਅਰੋੜਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਆਪਣੇ ਸ਼ਾਨਦਾਰ ਨਤੀਜਿਆਂ ਲਈ ਮੂਹਰਲੀ ਕਤਾਰ ਵਿੱਚ ਆਪਣਾ ਰੁਤਬਾ ਕਾਇਮ ਰੱਖਦਿਆਂ ਇੱਕ ਵਾਰ ਮੁੜ ਤੋਂ ਬਾਰਵੀਂ ਤੇ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਬੱਲੇ-ਬੱਲੇ ਕਰਵਾਈ। ਬੱਚਿਆਂ ਨੇ ਨਾਨ-ਮੈਡੀਕਲ ਤੇ ਕਾਮਰਸ ਗਰੁੱਪ ਵਿੱਚ 97.2% ਤੇ ਹਿਊਮੈਨਟੀ ਵਿੱਚੋਂ 96.2% ਲੈ ਕੇ ਇਲਾਕੇ ਵਿੱਚ ਆਪਣੇ ਨਾਮ ਚਾਰ ਚੰਨ ਲਗਾਏ। ਇਸ ਦੇ ਨਾਲ ਹੀ ਦਸਵੀਂ ਵਾਲਿਆਂ ਨੇ ਵੀ ਆਪਣੇ ਸੀਨੀਅਰ ਦੀਆਂ ਪੈੜਾਂ ਦੱਬਦਿਆਂ ਅਧਿਆਪਕਾਂ ਦੀ ਅਣਥੱਕ ਮਿਹਨਤ ਨੇ ਉਨ੍ਹਾਂ ਨੂੰ ਇਨ੍ਹਾਂ ਨਤੀਜਿਆਂ 'ਤੇ ਪਹੁੰਚਾਇਆ 97.2 ਲੈਣ ਵਾਲੇ ਬੱਚੇ ਬਲਪ੍ਰੀਤ ਕੌਰ 97.2%, ਰਮਨੀਕ ਕੌਰ 97.2%, ਵਿਕਰਮਜੀਤ ਸਿੰਘ 97.2%, ਪਵਨਪ੍ਰੀਤ ਕੌਰ 96.6%, ਕਮਲਜੀਤ ਕੌਰ 96.6%, ਤਨਵੀਰ ਕੌਰ 96.2%, ਅੰਸ਼ੀਕਾ 96%, ਮਨਮੀਤ ਕੌਰ ਢਿੱਲੋਂ 95.2%, ਜਸ਼ਨਦੀਪ ਸਿੰਘ ਸਿੱਧੂ 95.2%, ਪ੍ਰਭਲੀਨ ਕੌਰ 95%, ਕੁਲਵੀਰ ਕੌਰ 94.6%, ਗੁਰਬਖਸ਼ ਸਿੰਘ 94.4%, ਸੁਖਮਨ ਕੌਰ 94.2%, ਪ੍ਰਭਲੀਨ ਕੌਰ 94%, ਪ੍ਰਭਜੋਤ ਸਿੰਘ 93.8%, ਸਿਮਰਨਪ੍ਰੀਤ ਕੌਰ 93.8%, ਸਮਰੀਤ ਕੌਰ 93.8%, ਅਕਾਸ਼ਦੀਪ ਸਿੰਘ 92%, ਸੋਨੀਆ ਕੌਰਾ 91.8%, ਅਰਸ਼ਦੀਪ ਸ਼ਿੰਘ ਤੂਰ 91.2%, ਗੁਰਲੀਨ ਕੌਰ 91.2%, ਅਨਮੋਲ ਸੰਧੂ 90.8% ਤੇ ਗੁਰਨੂਰਦੀਪ ਸਿੰਘ 90% ਨੰਬਰ ਹਾਸਲ ਕੀਤੇ। ਇਸੇ ਲੜੀ ਤਹਿਤ ਦਸਵੀਂ ਜਮਾਤ ਦੇ ਅਰਮਾਨਪ੍ਰੀਤ ਕੌਰ 94.6%, ਮਨਜੋਤ ਕੌਰ 94.2%, ਮਨਦੀਪ ਕੌਰ 93% ਨੇ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। 99 ਤੇ 100 ਅੰਕਾਂ ਦੀ ਵਿਸ਼ਿਆਂ ਵਿੱਚ ਭਰਮਾਰ ਨੇ ਅਧਿਆਪਕਾਂ ਦੀ ਕਰਵਾਈ ਹੋਈ ਮਿਹਨਤ ਦਾ ਨਤੀਜਾ ਸਾਹਮਣੇ ਲਿਆਂਦਾ ਹੈ।

ਇਸ ਮੌਕੇ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ਼ ਨੇ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਨੇ ਅੱਜ ਜਿੱਥੇ ਸਕੂਲ ਦਾ ਨਾਮ ਰੌਸ਼ਨ ਕੀਤਾ, ਉੱਥੇ ਆਪਣੇ ਮਾਪਿਆਂ ਦਾ ਵੀ ਸਿਰ ਮਾਣ ਨਾਲ ਉੱਚਾ ਕੀਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ, ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ, ਅਜਮੇਰ ਸਿੰਘ ਰੱਤੀਆ, ਸਤਵੀਰ ਸਿੰਘ ਸੇਖੋਂ ਨੇ ਵੀ ਬੱਚਿਆਂ ਨੂੰ ਵਧਾਈ ਦਿੱਤੀ ਤੇ ਅਗਲੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਯੂ ਕੇ ਇੰਟਰਨੈਸ਼ਨਲ ਸਕੂਲ 'ਚ ਮਨਾਇਆ 'ਮਾਂ ਦਿਵਸ'




**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਯੂ ਕੇ ਇੰਟਰਨੈਸ਼ਨਲ ਸਕੂਲ ਵਿੱਚ 'ਮਾਂ ਦਿਵਸ' ਮਨਾਇਆ ਗਿਆ, ਜਿਸ ਵਿੱਚ ਬੱਚਿਆਂ ਵੱਲੋਂ ਸਪੈਸ਼ਲ ਅਸੈਂਬਲੀ ਕਰਵਾਈ ਗਈ, ਜਿਸ ਵਿੱਚ ਬੱਚਿਆਂ ਨੇ ਆਪਣੀ ਮਾਂ ਬਾਰੇ ਕਵਿਤਾਵਾਂ ਤੇ ਭਾਸ਼ਣ ਪ੍ਰਸਤੁਤ ਕੀਤੇ। ਬੱਚਿਆਂ ਵੱਲੋਂ ਆਪਣੀ-ਆਪਣੀ ਮਾਂ ਲਈ ਬਹੁਤ ਸੋਹਣੇ-ਸੋਹਣੇ ਕਾਰਡ ਬਣਾਏ ਗਏ, ਜਿਸ ਵਿੱਚ ਬੱਚਿਆਂ ਵੱਲੋਂ ਆਪਣੀ ਮਾਂ ਪ੍ਰਤੀ ਪਿਆਰ ਨੂੰ ਬਿਆਨ ਕੀਤਾ ਗਿਆ। ਇਸ ਪਵਿੱਤਰ ਦਿਵਸ ਮੌਕੇ ਪ੍ਰਿੰਸੀਪਲ ਮੈਡਮ ਤੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਬੱਚਿਆਂ ਨੂੰ ਮਾਂ ਦੀ ਮਹਾਨਤਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਂ ਦੀ ਮਹਾਨਤਾ ਬਾਰੇ ਬਿਆਨ ਨਹੀਂ ਕੀਤਾ ਜਾ ਸਕਦਾ, ਇੱਕ ਮਾਂ ਹੀ ਰੱਬ ਦਾ ਹੀ ਰੂਪ ਹੈ, ਜਿਸ ਦਾ ਜਿੰਨਾ ਵੀ ਸਤਿਕਾਰ ਕੀਤਾ ਜਾਵੇ, ਉਨਾ ਹੀ ਥੋੜ੍ਹਾ ਹੈ। ਉਨ੍ਹਾਂ ਬੱਚਿਆਂ ਨੂੰ ਮਾਂ ਦਾ ਸਤਿਕਾਰ ਕਰਨ ਲਈ ਪ੍ਰੇਰਿਆ। ਇਸ ਮੌਕੇ ਸਕੂਲ ਦੇ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਤੇ ਸਮੂਹ ਸਟਾਫ ਮੈਂਬਰ ਸ਼ਾਮਲ ਸਨ।

# ਮਟੌਰੜਾ ਤੇ ਜਾਤੀਵਾਲ ਦੇ ਮਜ਼ਦੂਰ ਪਰਵਾਰਾਂ ਦੇ ਇਨਸਾਫ ਲਈ ਜਥੇਬੰਦੀਆਂ 'ਚ ਭਾਰੀ ਰੋਹ

**ਨਾਭਾ (ਵਰਿੰਦਰ ਵਰਮਾ)**-ਤਹਿਸੀਲ ਨਾਭਾ ਅਧੀਨ ਪੈਂਦੇ ਸਬ-ਤਹਿਸੀਲ ਭਾਦਸੋਂ ਦੇ ਪਿੰਡਾਂ ਮਟੌਰੜਾ ਤੇ ਜਾਤੀਵਾਲ ਦੇ ਮਜ਼ਦੂਰ ਪਰਿਵਾਰਾਂ 'ਤੇ ਹੋਏ ਜ਼ੁਲਮ ਲਈ ਬਣੀ ਐਕਸ਼ਨ ਕਮੇਟੀ ਦੇ ਸੱਦੇ 'ਤੇ ਡੀ.ਐੱਸ.ਪੀ. ਨਾਭਾ ਦੇ ਦਫਤਰ ਬਾਹਰ ਹਜ਼ਾਰਾਂ ਦੀ ਗਿਣਤੀ ਵਿੱਚ ਮਜ਼ਦੂਰਾਂ, ਜਿਨ੍ਹਾਂ ਵਿੱਚ ਔਰਤਾਂ ਦੀ ਵੱਡੀ ਗਿਣਤੀ ਸੀ, ਨੇ ਧਰਨਾ ਦਿੱਤਾ।

ਇਨ੍ਹਾਂ ਧਰਨਾਕਾਰੀ ਮਜ਼ਦੂਰਾਂ ਦੀ ਮੰਗ ਹੈ ਕਿ ਦਿੱਤੂਪੁਰ ਸੀਨੀਅਰ ਸੈਕੰਡਰੀ ਸਕੂਲ ਦੇ ਅੱਗੇ 18 ਅਪ੍ਰੈਲ 2023 ਨੂੰ ਪਵਨਦੀਪ ਸਿੰਘ ਪੁੱਤਰ ਰਾਮ ਸਿੰਘ ਵਾਸੀ ਮਟੌਰੜਾ, ਜੋ ਆਪਣੀ ਭੈਣ ਨੂੰ ਪੇਪਰ ਦਿਵਾਉਣ ਲਈ ਗਿਆ ਸੀ, ਸਾਬਕਾ ਸਰਪੰਚ ਮਹਿੰਦਰ ਸਿੰਘ ਰੋਡਾ ਤੇ ਉਸ ਦੇ ਸਾਥੀਆਂ ਨੇ ਪਵਨਦੀਪ ਸਿੰਘ ਨੂੰ ਬੁਰੀ ਤਰ੍ਹਾਂ ਕੁੱਟਿਆ ਸੀ ਅਤੇ ਉਸ ਦੀ ਮਾਂ ਨੂੰ ਵੀ ਗਾਲੀ ਗਲੋਚ ਕੀਤਾ ਅਤੇ ਜਾਤੀ ਸੂਚਕ ਸ਼ਬਦ ਬੋਲੇ ਸਨ, ਪਰ ਨਾਭਾ ਪੁਲਸ ਨੇ ਮੁਲਜ਼ਮਾਂ ਖਿਲਾਫ ਪਰਚਾ ਭਾਵੇਂ ਦਰਜ ਕੀਤਾ ਹੈ, ਪਰ ਬਣਦੀਆਂ ਧਾਰਾਵਾਂ ਐੱਸ.ਸੀ., ਐੱਸ.ਟੀ. ਐਕਟ-1989 ਤੇ 307 ਨਹੀਂ ਲਗਾਈਆਂ। ਜਾਤੀਵਾਲ ਦੀ ਦਲਿਤ ਔਰਤ ਪ੍ਰਵੀਨ ਕੌਰ ਪਤਨੀ ਗੁਰਧਿਆਨ ਸਿੰਘ ਨੂੰ ਹੰਕਾਰੇ ਅੱਛਰਾ ਸਿੰਘ ਵਾਸੀ ਜਾਤੀਵਾਲ ਨੇ ਘਰ ਜਾ ਕੇ ਬੁਰੀ ਤਰ੍ਹਾਂ ਕੁੱਟਿਆ ਸੀ ਤੇ ਜਾਤੀ ਸੂਚਕ ਸ਼ਬਦ ਬੋਲੇ ਸਨ, ਪਰ ਇਹ ਧਾਰਾਵਾਂ ਪੁਲਸ ਵੱਲੋਂ ਮੁਲਜ਼ਮਾਂ ਖਿਲਾਫ ਨਹੀਂ ਲਗਾਈਆਂ ਗਈਆਂ, ਇਸ ਲਈ ਇਸ ਧਰਨੇ ਵਿੱਚ ਸ਼ਾਮਲ ਜਥੇਬੰਦੀਆਂ ਦੇ ਆਗੂਆਂ ਕਸ਼ਮੀਰ ਸਿੰਘ ਗਦਾਈਆ, ਕ੍ਰਿਸ਼ਨ ਭੜੋ, ਗੁਰਮੀਤ ਸਿੰਘ ਥੂਹੀ, ਗੁਰਮੀਤ ਸਿੰਘ ਕਾਲਾਝਾੜ, ਮਾਸਟਰ ਅਮਰ ਸਿੰਘ ਟੋਡਰਵਾਲ, ਗੁਰਬਿੰਦਰ ਸਿੰਘ ਬੌੜਾਂ, ਚਮਕੌਰ ਸਿੰਘ ਅਗੇਤੀ, ਰਾਮਧਨ ਸਿੰਘ ਨਾਭਾ, ਸੁਖਪਾਲ ਕਾਦਰਾਬਾਦ, ਰਜਿੰਦਰ ਸਿੰਘ, ਕੁਲਵੰਤ ਸਿੰਘ ਸਰੋਏ, ਲਾਲ ਸਿੰਘ ਥੂਹੀ, ਕੁਲਵੰਤ ਸਿੰਘ ਹਿਆਣਾ, ਸੋਮ ਸਿੰਘ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਾਭਾ ਪੁਲਸ ਇਨ੍ਹਾਂ ਮਜ਼ਦੂਰ ਪਰਿਵਾਰਾਂ ਨਾਲ ਧੱਕਾ ਕਰ ਰਹੀ ਹੈ ਅਤੇ ਅਸੀਂ ਦੋਸ਼ੀਆਂ ਖਿਲਾਫ ਉਪਰੋਕਤ ਧਾਰਾਵਾਂ ਲਗਵਾ ਕੇ ਹੀ ਦਮ ਲਵਾਂਗੇ। ਇਸ ਸਮੇਂ ਦੌਰਾਨ ਐੱਸ.ਪੀ. (ਐੱਚ) ਹਰਬੀਰ ਸਿੰਘ ਅਟਵਾਲ, ਡੀ.ਐੱਸ.ਪੀ. ਦਵਿੰਦਰ ਅੱਤਰੀ ਤੇ ਇੰਸਪੈਕਟਰ ਮੋਹਨ ਸਿੰਘ ਥਾਣਾ ਭਾਦਸੋਂ ਨੇ ਆਪਣੇ ਸਟਾਫ ਸਮੇਤ ਧਰਨੇ ਵਾਲੀ ਥਾਂ 'ਤੇ ਆ ਕੇ ਮੁਲਜ਼ਮਾਂ ਖਿਲਾਫ ਉਪਰੋਕਤ ਧਾਰਾਵਾਂ ਲਾਉਣ ਲਈ ਇੱਕ ਹਫਤੇ ਦਾ ਸਮਾਂ ਮੰਗਿਆ ਕਿ ਤਫਤੀਸ਼ ਕਰਕੇ ਮੁਲਜ਼ਮਾਂ ਖਿਲਾਫ ਬਣਦੀਆਂ ਧਾਰਾਵਾਂ ਲਾਵਾਂਗੇ। ਐਕਸ਼ਨ ਕਮੇਟੀ ਨੇ ਐਲਾਨ ਕੀਤਾ ਕਿ 20 ਮਈ ਨੂੰ ਮੀਟਿੰਗ ਕਰਕੇ ਇਨਸਾਫ ਨਾ ਮਿਲਣ ਦੀ ਸੂਰਤ ਵਿੱਚ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇ।

**ਹਜ਼ਾਰਾਂ ਦੀ ਗਿਣਤੀ 'ਚ ਮਜ਼ਦੂਰਾਂ ਨੇ ਡੀ ਐੱਸ ਪੀ ਦਫਤਰ ਅੱਗੇ ਦਿੱਤਾ ਧਰਨਾ**



ਨਾਭਾ ਵਿਖੇ ਐੱਸ. ਪੀ. (ਐੱਚ) ਤੇ ਡੀ.ਸੀ.ਪੀ. ਨਾਭਾ ਧਰਨਾਕਾਰੀਆਂ ਨੂੰ ਵਿਸ਼ਵਾਸ ਦਿਵਾਉਂਦੇ ਹੋਏ, (ਹੇਠਾਂ) ਧਰਨਾਕਾਰੀਆਂ ਨੂੰ ਸੰਬੋਧਨ ਕਰਦੇ ਹੋਏ ਮਜ਼ਦੂਰ ਆਗੂ ਕਸ਼ਮੀਰ ਸਿੰਘ ਗਦਾਈਆ।

## ਵੈਕਸੀਨੇਸ਼ਨ ਕਾਰਨ 10 ਹੋਰ ਵਿਦਿਆਰਥਣਾਂ ਦੀ ਹਾਲਤ ਵਿਗੜੀ

**ਮਾਛੀਵਾੜਾ (ਸ਼ੈਂਕੀ ਸ਼ਰਮਾ)**-ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿੱਚ ਟੈਟਨੈੱਸ ਦਾ ਟੀਕਾਕਰਨ ਕੀਤਾ ਜਾ ਰਿਹਾ ਸੀ ਤਾਂ 12 ਵਿਦਿਆਰਥਣਾਂ ਦੀ ਹਾਲਤ ਵਿਗੜ ਗਈ ਸੀ ਅਤੇ ਸ਼ੁੱਕਰਵਾਰ 10 ਹੋਰ ਵਿਦਿਆਰਥਣਾਂ ਦੀ ਹਾਲਤ ਵਿਗੜਨ ਕਾਰਨ ਉਨ੍ਹਾਂ ਨੂੰ ਹਸਪਤਾਲ ਲਿਆਂਦਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ੁੱਕਰਵਾਰ ਸਵੇਰੇ ਜਦੋਂ ਵਿਦਿਆਰਥਣਾਂ ਸਕੂਲ ਆਈਆਂ, ਜਿਨ੍ਹਾਂ ਦੇ ਕੱਲ੍ਹ ਟੀਕਾ ਲੱਗਿਆ ਸੀ, ਉਨ੍ਹਾਂ 'ਚੋਂ 10 ਦੀ ਹਾਲਤ ਵਿਗੜਨੀ ਸ਼ੁਰੂ ਹੋ ਗਈ, ਜਿਨ੍ਹਾਂ ਨੂੰ ਚੱਕਰ ਤੇ ਘਬਰਾਹਟ ਹੋਣ ਲੱਗ ਪਈ। ਸਕੂਲ ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ। ਇਸ ਤੋਂ ਇਲਾਵਾ ਜਿਹੜੀਆਂ ਵੀਰਵਾਰ 12 ਵਿਦਿਆਰਥਣਾਂ ਬੀਮਾਰ ਹੋਈਆਂ ਸਨ, ਉਨ੍ਹਾਂ 'ਚੋਂ ਕੁਝ ਦੀ ਹਾਲਤ ਨੂੰ ਠੀਕ ਦੇਖਦਿਆਂ ਛੁੱਟੀ ਦੇ ਦਿੱਤੀ ਗਈ ਸੀ, ਪਰ ਘਰ ਜਾ ਕੇ ਉਨ੍ਹਾਂ ਦੀ ਹਾਲਤ ਵਿਗੜਨ ਲੱਗੀ, ਜਿਨ੍ਹਾਂ ਨੂੰ ਪਰਿਵਾਰਕ ਮੈਂਬਰਾਂ ਨੂੰ ਰਾਤ ਸਮੇਂ ਇਲਾਜ ਲਈ ਹਸਪਤਾਲ ਲਿਆਂਦਾ ਗਿਆ।

ਅੱਜ ਜਿਹੜੀਆਂ ਵਿਦਿਆਰਥਣਾਂ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ, ਉਨ੍ਹਾਂ 'ਚ ਤਨਿਸ਼ਾ ਮਾਛੀਵਾੜਾ, ਜਸਪ੍ਰੀਤ ਕੌਰ ਸ਼ੇਰੀਆਂ, ਅੰਜਲੀ, ਹਰਮਨ ਕੌਰ ਸਤਿਆਣਾ, ਜਸ਼ਨ ਕੌਰ ਪਵਾਤ, ਮਨਪ੍ਰੀਤ ਕੌਰ ਇੰਦਰਾ ਕਾਲੋਨੀ, ਮੀਨੂੰ ਘੁਮਾਣਾ, ਮੁਸਕਾਨ ਮਾਛੀਵਾੜਾ, ਰੇਸ਼ਮਾ ਗੜ੍ਹੀ ਬੇਟ ਤੇ ਜੋਤੀ ਨੂਰਪੁਰ ਸ਼ਾਮਲ ਹਨ।

ਇਸ ਤੋਂ ਇਲਾਵਾ 4 ਵਿਦਿਆਰਥਣਾਂ ਪਰਵਿੰਦਰ ਕੌਰ ਇੰਦਰਾ ਕਾਲੋਨੀ, ਅਨਮੋਲ, ਪਰਵਿੰਦਰ ਕੌਰ ਨੂੰ ਡਾਕਟਰ ਵੱਲੋਂ ਨਾਜ਼ੁਕ ਹਾਲਤ ਦੇਖਦਿਆਂ ਸਮਰਾਲਾ ਵਿਖੇ ਰੈਫ਼ਰ ਕਰ ਦਿੱਤਾ ਗਿਆ। ਸਰਕਾਰੀ ਕੰਨਿਆ ਸਕੂਲ ਵਿੱਚ ਟੀਕਾਕਰਨ ਤੋਂ ਬਾਅਦ ਵਿਦਿਆਰਥਣਾਂ ਦੀ ਵਿਗੜੀ ਹਾਲਤ ਕਾਰਨ ਬਾਕੀ ਲੜਕੀਆਂ ਵਿੱਚ ਵੀ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ ਤੇ ਮਾਪੇ ਵੀ ਪ੍ਰੇਸ਼ਾਨ ਹਨ।

## ਟਿੱਪਰ ਤੇ ਰੀਪਰ ਵਿਚਕਾਰ ਟੱਕਰ 'ਚ ਇੱਕ ਦੀ ਮੌਤ, ਤਿੰਨ ਜ਼ਖ਼ਮੀ

### ਟਿੱਪਰ ਚਾਲਕ ਫਰਾਰ, ਪੁਲਸ ਵੱਲੋਂ ਕੇਸ ਦਰਜ



**ਸਮਰਾਲਾ (ਸੁਰਜੀਤ ਸਿੰਘ)**-ਸਮਰਾਲਾ ਦੇ ਮਾਛੀਵਾੜਾ ਰੋਡ 'ਤੇ ਕਰਨ ਹਸਪਤਾਲ ਨੇੜੇ ਇੱਕ ਟਿੱਪਰ ਤੇ ਤੂੜੀ ਬਣਾਉਣ ਵਾਲੇ ਰੀਪਰ ਵਿਚਕਾਰ ਹੋਈ ਜ਼ਬਰਦਸਤ ਟੱਕਰ ਦੌਰਾਨ ਟਰੈਕਟਰ 'ਤੇ ਸਵਾਰ ਇਕ ਵਿਅਕਤੀ ਕਰਮ ਸਿੰਘ (45) ਵਾਸੀ ਡਘਾੜ ਜ਼ਿਲ੍ਹਾ ਪਟਿਆਲਾ ਦੀ ਮੌਤ ਹੋ ਗਈ, ਜਦਕਿ ਟਰੈਕਟਰ ਚਾਲਕ ਸਤਿਗੁਰ ਸਿੰਘ ਤੇ ਦੋ ਪ੍ਰਵਾਸੀ ਹਰਿੰਦਰ ਕੁਮਾਰ ਤੇ ਛੋਟੂ ਲਾਲ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਰਾਹੀਗਰਾਂ ਨੇ ਇਲਾਜ ਲਈ ਸਿਵਲ ਹਸਪਤਾਲ ਵਿੱਚ ਭਰਤੀ ਕਰਵਾਇਆ। ਪੁਲਸ ਨੇ ਮ੍ਰਿਤਕ ਵਿਅਕਤੀ ਦਾ ਪੋਸਟ ਮਾਰਟਮ ਕਰਾਉਣ ਤੋਂ ਬਾਅਦ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਤੇ ਟਿੱਪਰ ਚਾਲਕ ਖਿਲਾਫ ਕੇਸ ਦਰਜ ਕਰ ਲਿਆ ਹੈ।

ਟਰੈਕਟਰ ਚਾਲਕ ਸਤਿਗੁਰ ਸਿੰਘ ਨੇ ਦੱਸਿਆ ਕਿ ਉਹ ਆਪਣੇ ਟਰੈਕਟਰ ਤੇ ਰੀਪਰ ਨਾਲ ਤੂੜੀ ਬਣਾਉਣ ਦਾ ਕੰਮ ਕਰਦੇ ਹਨ, ਹੁਣ ਵੀ ਉਹ ਆਪਣੇ ਸਾਥੀਆਂ ਨਾਲ ਮਾਹਿਲਪੁਰ ਜ਼ਿਲ੍ਹਾ ਨਵਾਂ ਸ਼ਹਿਰ ਤੋਂ ਤੂੜੀ ਬਣਾਉਣ ਦਾ ਕੰਮ ਨਿਬੇੜ ਕੇ ਆਪਣੇ ਟਰੈਕਟਰ ਰਾਹੀਂ ਘਰ ਵਾਪਸ ਜਾ ਰਹੇ ਸਨ। ਜਦੋਂ ਉਹ ਮਾਛੀਵਾੜਾ ਰੋਡ 'ਤੇ ਸਥਿਤ ਕਰਨ ਹਸਪਤਾਲ ਨੇੜੇ ਪਹੁੰਚੇ ਤਾਂ ਮਗਰੋਂ ਤੇਜ਼ ਰਫਤਾਰ ਨਾਲ ਓਵਰਟੇਕ ਕਰ ਰਹੇ ਟਿੱਪਰ ਚਾਲਕ ਨੇ ਉਨ੍ਹਾਂ ਦੇ ਵਾਹਨ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ ਟਰੈਕਟਰ 'ਤੇ ਬੈਠੇ ਸੋਹਣ ਸਿੰਘ ਦੀ ਹੇਠਾਂ ਡਿੱਗਣ ਕਾਰਨ ਮੌਤ ਹੋ ਗਈ, ਜਦਕਿ ਉਸ ਦੇ ਤੇ ਨਾਲ ਦੇ ਸਾਥੀਆਂ ਦੇ ਸਰੀਰ 'ਤੇ ਵੀ ਗੁੱਝੀਆਂ ਸੱਟਾਂ ਲੱਗੀਆਂ। ਇਸ ਹਾਦਸੇ ਵਿੱਚ ਦੋਵੇਂ ਵਾਹਨ ਪਲਟ ਗਏ। ਸਮਰਾਲਾ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਦੋਵੇਂ ਵਾਹਨਾਂ ਨੂੰ ਕਬਜ਼ੇ ਵਿੱਚ ਲੈ ਕੇ ਆਵਾਜਾਈ ਨੂੰ ਚਾਲੂ ਕੀਤਾ।

ਥਾਣਾ ਸਮਰਾਲਾ ਦੇ ਐੱਸ.ਐੱਚ.ਓ. ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਟਰੈਕਟਰ ਚਾਲਕ ਦੇ ਬਿਆਨਾਂ 'ਤੇ ਟਿੱਪਰ ਚਾਲਕ ਖਿਲਾਫ ਕੇਸ ਦਰਜ ਕਰਕੇ ਉਸ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਜਾਰੀ ਹੈ।

## ਕਾਤਰਾਂ

### ਸ਼ਰਾਬ ਦੀਆਂ 120 ਬੋਤਲਾਂ ਸਮੇਤ ਦੋ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਦੋ ਵਿਅਕਤੀਆਂ ਦੇ ਕਬਜ਼ੇ 'ਚੋਂ ਚੰਡੀਗੜ੍ਹ ਮਾਰਕਾ ਅੰਗਰੇਜ਼ੀ ਸ਼ਰਾਬ ਦੀਆਂ 120 ਬੋਤਲਾਂ ਬਰਾਮਦ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਫ਼ਤਹਿਗੜ੍ਹ ਸਾਹਿਬ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਸਰਹਿੰਦ ਸ਼ਹਿਰ ਦੇ ਵਸਨੀਕ ਦੋ ਸਕੇ ਭਰਾ ਸ਼ੈਂਕੀ ਬਜਾਜ ਅਤੇ ਰਾਜੇਸ਼ ਕੁਮਾਰ ਲਾਲੀ ਜਿਨ੍ਹਾਂ ਵਿਰੁੱਧ ਪਹਿਲਾਂ ਵੀ ਸ਼ਰਾਬ ਤਸਕਰੀ ਦੇ ਮਾਮਲੇ ਦਰਜ ਹਨ, ਆਲਟੋ ਕਾਰ 'ਚ ਚੰਡੀਗੜ੍ਹ ਤੋਂ ਸਸਤੀ ਸ਼ਰਾਬ ਖਰੀਦ ਕੇ ਸਰਹਿੰਦ ਦੇ ਇਲਾਕੇ 'ਚ ਵੇਚਣ ਲਈ ਲੈ ਕੇ ਆਏ ਹਨ। ਪੁਲਸ ਨੇ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਸ਼ੈਂਕੀ ਬਜਾਜ ਅਤੇ ਰਾਜੇਸ਼ ਕੁਮਾਰ ਲਾਲੀ ਵਿਰੁੱਧ ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕਰਵਾਉਂਦਿਆਂ ਦੋਵਾਂ ਨੂੰ ਚੰਡੀਗੜ੍ਹ ਮਾਰਕਾ ਅੰਗਰੇਜ਼ੀ ਸ਼ਰਾਬ ਦੀਆਂ 120 ਬੋਤਲਾਂ ਸਮੇਤ ਗ੍ਰਿਫ਼ਤਾਰ ਕਰ ਲਿਆ।

### ਜਸਵਿੰਦਰ ਸਿੰਘ ਬਰਾੜ ਨੇ ਥਾਣੇ ਦਾ ਚਾਰਜ ਸੰਭਾਲਿਆ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਗੁਰੂ ਹਰਸਹਾਏ ਥਾਣੇ ਵਿਖੇ ਨਵੇਂ ਆਏ ਐੱਸ ਐੱਚ ਓ ਜਸਵਿੰਦਰ ਸਿੰਘ ਬਰਾੜ ਨੇ ਸ਼ੁੱਕਰਵਾਰ ਚਾਰਜ ਸੰਭਾਲ ਲਿਆ ਹੈ। ਇਸ ਮੌਕੇ ਉਨ੍ਹਾ ਦਾ ਥਾਣੇ ਪੁੱਜਣ 'ਤੇ ਥਾਣੇ ਦੇ ਸਟਾਫ ਵੱਲੋਂ ਗੁਲਦਸਤਾ ਦੇ ਕੇ ਜੀ ਆਇਆਂ ਕਿਹਾ ਗਿਆ ਤੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾ ਕਿਹਾ ਕਿ ਉਹ ਨਸ਼ਿਆਂ ਦੇ ਸੌਦਾਗਰਾਂ ਤੇ ਲੁੱਟਾਂ ਖੋਹਾਂ ਕਰਨ ਵਾਲਿਆਂ ਵਿਰੁੱਧ ਹਨ। ਕਿਸੇ ਤਰ੍ਹਾਂ ਦੀ ਹੁੱਲੜਬਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਨਾ ਹੀਂ ਕਿਸੇ ਮਾੜੇ ਅਨਸਰਾਂ ਨੂੰ ਬਖਸ਼ਿਆ ਜਾਵੇਗਾ। ਉਨ੍ਹਾਂ ਕਿਹਾ ਕਿ ਹਰੇਕ ਵਿਅਕਤੀ ਦੇ ਜਾਇਜ਼ ਕੰਮ ਪਹਿਲ ਦੇ ਅਧਾਰ 'ਤੇ ਕੀਤੇ ਜਾਣਗੇ। ਇਸ ਮੌਕੇ ਮੁਨਸ਼ੀ ਜਸਵਿੰਦਰ ਸਿੰਘ, ਮਨਦੀਪ ਕੁਮਾਰ ਹੌਲਦਾਰ, ਜਸ਼ਨ ਹਾਂਡਾ, ਜਸਪ੍ਰੀਤ ਤੋਂ ਇਲਾਵਾ ਹੋਰ ਸਟਾਫ ਦੇ ਕਈ ਪੁਲਸ ਅਫਸਰ ਹਾਜ਼ਰ ਸਨ।

### ਚਿੱਟੇ ਸਮੇਤ 2 ਕਾਬੂ

**ਭੀਖੀ (ਧਰਮਵੀਰ ਸ਼ਰਮਾ)**-ਐੱਸ ਐੱਸ ਪੀ ਡਾ. ਨਾਨਕ ਸਿੰਘ ਤੇ ਡੀ ਐੱਸ ਪੀ ਸੰਜੀਵ ਗੋਇਲ ਦੀ ਅਗਵਾਈ ਹੇਠ ਭੀਖੀ ਪੁਲਸ ਨੇ 2 ਲੋਕਾਂ ਨੂੰ ਚਿੱਟੇ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਐੱਸ ਐੱਚ ਓ ਭੀਖੀ ਰੁਪਿੰਦਰ ਕੌਰ ਸਿੱਧੂ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਨਛੱਤਰ ਸਿੰਘ ਨੇ ਸਥਾਨਕ ਅਨਾਜ ਮੰਡੀ ਵਿੱਚੋਂ ਇੱਕ ਵਿਅਕਤੀ ਕਸ਼ਮੀਰ ਸਿੰਘ ਉਰਫ ਲਵਲੀ ਪੁੱਤਰ ਨਿਰਮਲ ਸਿੰਘ ਵਾਸੀ ਸਮੁੰਦਗੜ੍ਹ ਛੰਨਾਂ (ਸੰਗਰੂਰ) ਨੂੰ ਕਾਬੂ ਕਰਕੇ ਉਸ ਦੇ ਪਾਸੋਂ 6 ਗ੍ਰਾਮ ਹੈਰੋਇਨ (ਚਿੱਟਾ) ਬਰਾਮਦ ਕੀਤਾ ਹੈ ਤੇ ਉਸ ਦੀ ਨਿਸ਼ਾਨਦੇਹੀ ਤੇ ਕਾਕੀ ਕੌਰ ਪਤਨੀ ਕੁਲਵੀਰ ਸਿੰਘ ਵਾਸੀ ਭੀਖੀ ਨੂੰ ਨਾਮਜ਼ਦ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਦੋਵੇਂ ਲੋਕਾਂ ਨੂੰ ਗ੍ਰਿਫਤਾਰ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### 5 ਗ੍ਰਾਮ ਹੈਰੋਇਨ ਸਣੇ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਦੀ ਪੁਲਸ ਵੱਲੋਂ ਇੱਕ ਵਿਅਕਤੀ ਪਾਸੋਂ 5 ਗ੍ਰਾਮ ਹੈਰੋਇਨ ਬਰਾਮਦ ਹੋਣ 'ਤੇ ਮੁਕੱਦਮਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਹੁਸ਼ਿਆਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਲਖਵਿੰਦਰ ਸਿੰਘ ਉਰਫ ਬਿੱਟੂ ਪੁੱਤਰ ਸੁਰਜੀਤ ਸਿੰਘ ਵਾਸੀ ਬੱਲੂਆਣਾ, ਜੋਕਿ ਹੈਰੋਇਨ ਵੇਚਣ ਦਾ ਆਦੀ ਹੈ, ਹੁਣ ਵੀ ਪੁਰਾਣੀ ਕਚਹਿਰੀ ਰੋਡ ਜਲਾਲਾਬਾਦ ਸ਼ਹਿਰ ਵਿੱਚ ਆਪਣੀ ਮੋਟਰਸਾਈਕਲ ਨੰਬਰ ਪੀਬੀ 61 ਸੀ 2106 ਐੱਚ.ਪੀ. ਡੀਲੈਕਸ 'ਤੇ ਸਵਾਰ ਹੋ ਕੇ ਗਾਹਕਾਂ ਦੀ ਉਡੀਕ ਕਰ ਰਿਹਾ ਹੈ, ਜਿਸ 'ਤੇ ਸਹਾਇਕ ਥਾਣੇਦਾਰ ਬਲਕਾਰ ਸਿੰਘ ਨੇ ਸਾਥੀ ਕਰਮਚਾਰੀਆਂ ਸਮੇਤ ਮੌਕੇ 'ਤੇ ਰੇਡ ਕਰਕੇ ਲਖਵਿੰਦਰ ਸਿੰਘ ਨੂੰ ਕਾਬੂ ਕੀਤਾ ਤੇ ਤਲਾਸ਼ੀ ਲੈਣ 'ਤੇ ਉਸ ਕੋਲੋਂ 5 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ।

### ਮੋਟਰਸਾਈਕਲ ਸਵਾਰ ਬਜ਼ੁਰਗ ਔਰਤ ਦੀਆਂ ਵਾਲੀਆਂ ਝਪਟ ਕੇ ਫਰਾਰ

**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਵਾਰਡ ਨੰ. 3 ਵਿਖੇ 2 ਅਣਪਛਾਤੇ ਮੋਟਰਸਾਈਕਲ ਸਵਾਰ ਨੌਜਵਾਨਾਂ ਵੱਲੋਂ ਇੱਕ ਬਜ਼ੁਰਗ ਔਰਤ ਦੇ ਕੰਨਾਂ ਦੀਆਂ ਵਾਲੀਆਂ ਝਪਟ ਕੇ ਫਰਾਰ ਹੋ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਵਾਰਡ ਨੰ. 3 ਵਾਸੀ ਰਾਮ ਕੁਮਾਰ ਜਿੰਦਲ ਦੀ 90 ਸਾਲਾ ਮਾਤਾ ਦਿਆਵੰਤੀ ਪਤਨੀ ਰੂਪ ਚੰਦ ਆਪਣੇ ਘਰ ਵਿਖੇ ਬੈਠੀ ਸੀ ਤੇ ਦੂਸਰੇ ਪਰਿਵਾਰਕ ਮੈਂਬਰ ਅੰਦਰ ਕੰਮ ਕਰ ਰਹੇ ਸਨ। ਦੁਪਹਿਰ 11 ਕੁ ਵਜੇ 2 ਅਣਪਛਾਤੇ ਨੌਜਵਾਨ ਮੋਟਰਸਾਈਕਲ 'ਤੇ ਆਏ ਅਤੇ ਮਾਤਾ ਨੂੰ ਗੱਲਾਂ ਵਿੱਚ ਉਲਝਾ ਕੇ ਉਸ ਦੇ ਕੰਨਾਂ ਵਿੱਚੋਂ ਵਾਲੀਆਂ ਝਪਟ ਕੇ ਫਰਾਰ ਹੋ ਗਏ। ਪਰਿਵਾਰਕ ਮੈਂਬਰਾਂ ਵੱਲੋਂ ਰੌਲਾ ਪਾਉਣ 'ਤੇ ਲੋਕ ਇਕੱਤਰ ਹੋਣ ਲੱਗੇ। ਸਥਾਨਕ ਪੁਲਸ ਨੂੰ ਇਤਲਾਹ ਦਿੱਤੇ ਜਾਣ 'ਤੇ ਐੱਸ ਐੱਚ ਓ ਰੁਪਿੰਦਰ ਕੌਰ ਸਿੱਧੂ ਨੇ ਘਟਨਾ ਸਥਾਨ ਦਾ ਦੌਰਾ ਕੀਤਾ। ਉਨ੍ਹਾ ਵੱਲੋਂ ਗਲੀ 'ਚ ਲੱਗੇ ਸੀਸੀਟੀਵੀ ਕੈਮਰਿਆਂ ਨੂੰ ਖੰਗਾਲ ਕੇ ਝਪਟ ਮਾਰਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਝਪਟਮਾਰਾਂ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ।

## ਡੀ ਏ ਵੀ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ ਰਿਹਾ ਸ਼ਾਨਦਾਰ



**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਡੀ.ਏ.ਵੀ. ਸਕੂਲ ਦਾ ਸੀ.ਬੀ.ਐੱਸ.ਈ. ਨਵੀਂ ਦਿੱਲੀ ਵੱਲੋਂ ਬਾਰ੍ਹਵੀਂ ਜਮਾਤ ਦਾ ਸਾਲਾਨਾ ਨਤੀਜਾ ਐਲਾਨਿਆ ਗਿਆ, ਜਿਸ ਵਿੱਚ ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ ਨਤੀਜਾ ਸ਼ਾਨਦਾਰ ਰਿਹਾ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸੰਧਿਆ ਬਠਲਾ ਨੇ ਦੱਸਿਆ ਕਿ ਕਾਮਰਸ ਵਿੱਚੋਂ ਅਭਿਸ਼ੇਕ ਗੋਇਲ ਨੇ ਪਹਿਲਾ, ਆਦੇਸ਼ ਪਾਪਨੀ ਨੇ ਦੂਜਾ ਤੇ ਅਨਮੋਲਪ੍ਰੀਤ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਵਿਗਿਆਨ ਵਿੱਚੋਂ ਵਫ਼ੀਨ ਗਰਗ ਨੇ ਪਹਿਲਾ, ਗੁਨਿਕ ਛਾਬੜਾ ਨੇ ਦੂਜਾ ਸਥਾਨ, ਤਰਨੁਮ ਨੇ ਤੀਜਾ ਸਥਾਨ, ਆਰਟਸ ਗਰੁੱਪ ਵਿੱਚੋਂ ਨਵਜੋਤ ਕੌਰ ਨੇ ਪਹਿਲਾ, ਦੇਵ ਮਦਾਨ ਨੇ ਦੂਜਾ ਤੇ ਅਰਨਾਜ਼ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸੰਧਿਆ ਬਠਲਾ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਬੱਚਿਆਂ ਨੇ ਆਪਣੀ ਮਿਹਨਤ ਦੇ ਦਮ 'ਤੇ ਚੰਗਾ ਪ੍ਰਦਰਸ਼ਨ ਕਰਦੇ ਹੋਏ ਆਪਣਾ ਲੋਹਾ ਮਨਵਾਇਆ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਰਵੀ ਛਾਬੜਾ ਨੇ ਬੱਚਿਆਂ ਨੂੰ ਆਪਣਾ ਅਸ਼ੀਰਵਾਦ ਪ੍ਰਦਾਨ ਕਰਦੇ ਹੋਏ ਕਿਹਾ ਕਿ ਮਿਹਨਤ ਦੇ ਦਮ 'ਤੇ ਸਭ ਕੁੱਝ ਪ੍ਰਾਪਤ ਕੀਤਾ ਜਾ ਸਕਦਾ ਹੈ।

## ਜੀਵਨਜੋਤ ਨਰਸਿੰਗ ਇੰਸਟੀਚਿਊਟ ਵਿਖੇ ਨਰਸਿੰਗ ਡੇ ਮਨਾਇਆ

**ਜਗਰਾਉਂ (ਸੰਜੀਵ ਅਰੋੜਾ)**-ਜੀਵਨਜੋਤ ਨਰਸਿੰਗ ਇੰਸਟੀਚਿਊਟ ਜਗਰਾਉਂ ਵਿਖੇ ਨਰਸਿੰਗ ਡੇ ਬੜੀ ਧੂਮ-ਧਾਮ ਨਾਲ ਮਨਾਇਆ ਗਿਆ, ਜਿਸ 'ਚ ਸਭ ਤੋਂ ਪਹਿਲਾਂ ਡਾਇਰੈਕਟਰ ਡਾ. ਪ੍ਰਮਿੰਦਰ ਸਿੰਘ ਨੇ ਲੈਂਪ ਲਾਈਟਿੰਗ ਕੀਤੀ ਤੇ ਨਾਲ ਕਾਲਜ ਦੀਆਂ ਵਿਦਿਆਰਥਣਾਂ ਨੇ ਮੋਮਬੱਤੀਆਂ ਜਗ੍ਹਾ ਕੇ ਸਹੁੰ ਲਈ। ਵਿਦਿਆਰਥਣ ਭਵਨੂਰ ਕੌਰ ਜੀ.ਐੱਨ. ਐੱਮ. ਭਾਗ ਦੂਜਾ ਨੇ ਨਰਸਿੰਗ ਡੇ 'ਤੇ ਭਾਸ਼ਣ ਦਿੱਤਾ। ਇਸ ਦੇ ਨਾਲ ਵਿਦਿਆਰਥਣਾਂ ਵੱਲੋਂ ਨਰਸਿੰਗ ਡੇ 'ਤੇ ਸਕਿੱਟ ਪੇਸ਼ ਕੀਤੀ ਗਈ। ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਕਾਲਜ ਦੇ ਡਾਇਰੈਕਟਰ ਡਾ. ਪ੍ਰਮਿੰਦਰ ਸਿੰਘ ਨੇ ਨਰਸਿੰਗ ਡੇ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਨਰਸਿੰਗ ਦੇ ਪੇਸ਼ੇ ਨੂੰ ਹੋਰ ਉੱਚਾ ਚੁੱਕਣ ਦਾ ਸੁਨੇਹਾ ਦਿੱਤਾ ਅਤੇ ਕਿਹਾ ਕਿ ਨਰਸਿੰਗ ਦਾ ਖੇਤਰ ਬਹੁਤ ਵਧੀਆ ਹੈ, ਜਿਸ ਨਾਲ ਵਿਦਿਆਰਥਣਾਂ ਆਪਣਾ ਭਵਿੱਖ ਉੱਜਵਲ ਬਣਾ ਸਕਦੀਆਂ ਹਨ। ਇਸ ਮੌਕੇ ਪ੍ਰਿੰਸੀਪਲ ਗਗਨਦੀਪ ਕੌਰ, ਮੈਡਮ ਸਤਵੀਰ ਕੌਰ, ਮੈਡਮ ਗਗਨਦੀਪ ਕੌਰ, ਮੈਡਮ ਹਰਵੀਰ ਕੌਰ, ਮੈਡਮ ਸੁਖਜੀਤ ਕੌਰ, ਮੈਡਮ ਸਿਮਰਨਜੀਤ ਕੌਰ ਤੇ ਮੈਡਮ ਮਨਪ੍ਰੀਤ ਕੌਰ ਆਦਿ ਹਾਜ਼ਰ ਸਨ।



## ਐੱਸ ਐੱਫ ਸੀ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ 100%



**ਮੋਗਾ (ਅਮਰਜੀਤ ਬੱਬਰੀ)**-ਸੀ ਬੀ ਐੱਸ ਈ ਨੇ ਬਾਰਵੀਂ ਜਮਾਤ ਬੋਰਡ ਦਾ ਨਤੀਜਾ ਜਾਰੀ ਕੀਤਾ ਹੈ, ਇਸ ਵਿੱਚ ਐੱਸ ਐੱਫ ਸੀ ਪਬਲਿਕ ਸਕੂਲ ਦਾ ਨਤੀਜਾ ਸੌ ਫ਼ੀਸਦੀ ਰਿਹਾ। ਇਸ ਮੌਕੇ ਗਵਿਸ਼ ਗਰਗ ਨੇ 96 ਫ਼ੀਸਦੀ ਨੰਬਰ ਪ੍ਰਾਪਤ ਕਰਕੇ ਸਕੂਲ ਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਗਿਤੇਸ਼, ਪਵਨੀਤ ਕੌਰ ਤੇ ਰਾਘਵ ਜਿੰਦਲ, ਗੁਰਿੰਦਰਜੀਤ ਕੌਰ, ਜਸ਼ਨਪ੍ਰੀਤ ਕੌਰ ਨੇ 90 ਫ਼ੀਸਦੀ ਤੋਂ ਵੀ ਵੱਧ ਨੰਬਰ ਪ੍ਰਾਪਤ ਕੀਤੇ। ਗੁਰਲੀਨ ਕੌਰ, ਕਿਰਨਦੀਪ ਕੌਰ, ਸਿਰਥਕ ਪ੍ਰਤਾਪ, ਪ੍ਰਿਅੰਕਾ, ਮਨਤਾਜ ਸਿੰਘ, ਮਯੰਕ ਗੁਲਾਟੀ, ਅਨਮੋਲਦੀਪ ਸਿੰਘ, ਗੁਰਮੀਨ ਕੌਰ, ਲਕਸ਼ਯ ਗੋਰਾ, ਨਿਖਿਲ ਸਿੰਗਲਾ ਤੇ ਕਿਰਨਦੀਪ ਕੌਰ ਨੇ 75 ਫ਼ੀਸਦੀ ਤੋਂ ਵੱਧ ਨੰਬਰ ਪ੍ਰਾਪਤ ਕੀਤੇ। ਇਸ ਮੌਕੇ ਸਕੂਲ ਦੇ ਡਾਇਰੈਕਟਰ ਅਭਿਸ਼ੇਕ ਜਿੰਦਲ ਤੇ ਸਕੂਲ ਪ੍ਰਿੰਸੀਪਲ ਸੀਨਮ ਜਿੰਦਲ ਨੇ ਸਾਰੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਨੇ ਸਮੂਹ ਸਕੂਲ ਦਾ ਧੰਨਵਾਦ ਕੀਤਾ ਅਤੇ ਸਟਾਫ ਨੂੰ ਵਿਧਾਈ ਦਿੰਦੇ ਹੋਏ ਕਿਹਾ ਕਿ ਅੱਗੇ ਤੋਂ ਵੀ ਐੱਸ ਐੱਫ ਸੀ ਗਰੁੱਪ ਅਜਿਹੇ ਨਤੀਜਿਆਂ ਲਈ ਤਤਪਰ ਰਹੇਗਾ। ਇਸ ਮੌਕੇ ਸਕੂਲ ਸਟਾਫ ਤੇ ਵਿਦਿਆਰਥੀ ਆਦਿ ਹਾਜ਼ਰ ਸਨ।

## ਦੀਪ ਇੰਸਟੀਚਿਊਟ 'ਚ ਵਿਸ਼ਵ ਨਰਸਿੰਗ ਦਿਵਸ ਮਨਾਇਆ




**ਲਹਿਰਾ ਮੁਹੱਬਤ (ਭੀਮ ਸੈਨ ਹਰਵਾਲੀਆ)**-ਦੀਪ ਇੰਸਟੀਚਿਊਟ ਆਫ ਨਰਸਿੰਗ ਐਂਡ ਮੈਡੀਕਲ ਸਾਇੰਸ ਲਹਿਰਾ ਮੁਹੱਬਤ ਵਿਖੇ 'ਵਿਸ਼ਵ ਨਰਸਿੰਗ ਦਿਵਸ' ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਹੀਨਾ ਗੁਪਤਾ ਸਮੇਤ ਸਮੂਹ ਸਟਾਫ ਮੈਂਬਰਜ਼ ਦੇ ਨਾਲ ਜੀ. ਐੱਨ. ਐੱਮ. ਤੇ ਏ. ਐੱਨ. ਐੱਮ. ਦੀਆਂ ਵਿਦਿਆਰਥਣਾਂ ਨੇ ਨਰਸਿੰਗ ਖੇਤਰ ਦੀ ਜਨਮ ਦਾਤਾ ਫਲੋਰੈਂਸ ਨਾਈਟਿੰਗੇਲ ਦਾ ਜਨਮ ਦਿਨ ਮਨਾ ਕੇ ਵਿਸ਼ਵ ਦੀ ਦੇਵੀ ਨੂੰ ਯਾਦ ਕਰਦਿਆਂ ਪ੍ਰਣ ਲੈ ਕੇ ਸਮਾਗਮ ਦੀ ਸ਼ੁਰੂਆਤ ਕੀਤੀ। ਸੰਸਥਾ ਦੇ ਐੱਮ. ਡੀ. ਸ੍ਰ. ਮਨਦੀਪ ਸਿੰਘ ਢਿੱਲੋਂ ਨੇ ਵਿਦਿਆਰਥਣਾਂ ਨੂੰ ਅਗਾਂਹ ਵਧਣ ਲਈ ਪ੍ਰੇਰਿਤ ਕੀਤਾ ਤੇ ਹੌਸਲਾ ਅਫਜ਼ਾਈ ਕਰਦਿਆਂ ਉਨ੍ਹਾਂ ਨੂੰ ਆਪਣੇ ਕਿੱਤੇ ਨੂੰ ਪੂਰੀ ਇਮਾਨਦਾਰੀ ਤੇ ਲਗਨ ਨਾਲ ਕਰਨ ਤੇ ਜ਼ਰੂਰਤਮੰਦਾਂ ਦੀ ਸੇਵਾ ਲਈ ਆਪਣਾ ਜੀਵਨ ਨੂੰ ਸਮਰਪਤ ਕਰਨ ਦਾ ਸੰਦੇਸ਼ ਦਿੱਤਾ। ਸਮਾਗਮ ਵਿੱਚ ਆਏ ਮਹਿਮਾਨਾਂ ਨੂੰ ਸੰਸਥਾ ਵਿੱਚ ਚੱਲ ਰਹੇ ਕੋਰਸਾਂ, ਜੀ. ਐੱਨ. ਐੱਮ. ਤੇ ਏ. ਐੱਨ. ਐੱਮ. ਕਰ ਚੁੱਕੀਆਂ ਵਿਦਿਆਰਥਣਾਂ ਨੂੰ ਵਿਦੇਸ਼ ਭੇਜਣ ਤੇ ਪਲੇਸਮੈਂਟ ਆਦਿ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਸੱਭਿਆਚਾਰਕ ਪ੍ਰੋਗਰਾਮ ਤੋਂ ਇਲਾਵਾ ਵਿਦਿਆਰਥਣਾਂ 'ਚ ਵੱਖ-ਵੱਖ ਮੁਕਾਬਲੇ ਕਰਵਾਏ ਗਏ ਤੇ ਅੱਵਲ ਰਹਿਣ ਵਾਲੀਆਂ ਵਿਦਿਆਰਥਣਾਂ ਨੂੰ ਸਨਮਾਨਤ ਕੀਤਾ ਗਿਆ।

## ਸ੍ਰੀ ਸਾਹਿਬ ਦਿਆਲ ਸਤਸੰਗ ਟਰੱਸਟ ਵੱਲੋਂ ਖ਼ੂਨਦਾਨ ਕੈਂਪ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਖ਼ੂਨਦਾਨ ਇਕ ਅਜਿਹਾ ਕਾਰਜ ਹੈ, ਜਿਸ ਨਾਲ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਇਸ ਲਈ ਹਰ ਇਕ, ਖਾਸਕਰ ਕੇ ਨੌਜਵਾਨਾਂ ਨੂੰ ਅਜਿਹੇ ਕਾਰਜਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਇਨ੍ਹਾਂ ਵਿਚਾਰਾਂ ਦਾ ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ ਨੇ ਸ੍ਰੀ ਸਾਹਿਬ ਦਿਆਲ ਜੀ ਸੁਲਾਹਕੁਲ ਸਤਸਿੰਗ ਟਰੱਸਟ ਵੱਲੋਂ ਬਲਾੜਾ ਮੰਦਿਰ ਸਰਹਿੰਦ ਵਿਖੇ ਲਗਾਏ ਖ਼ੂਨਦਾਨ ਕੈਂਪ ਦੀ ਸ਼ੁਰੂਆਤ ਕਰਵਾਉਂਦਿਆਂ ਕੀਤਾ। ਸ਼ੇਰਗਿੱਲ ਨੇ ਖ਼ੂਨਦਾਨ ਕਰਨ ਵਾਲੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਅਜਿਹੇ ਸਮਾਜ ਭਲਾਈ ਦੇ ਕਾਰਜਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਤਾਂ ਜੋ ਮਨੁੱਖਤਾ ਦੀ ਸੇਵਾ ਕੀਤੀ ਜਾ ਸਕੇ ਅਤੇ ਕੀਮਤੀ ਜਾਨਾਂ ਬਚਾਈਆਂ ਜਾ ਸਕਣ। ਇਸ ਖ਼ੂਨਦਾਨ ਕੈਂਪ ਵਿੱਚ ਤਕਰੀਬਨ 130 ਯੂਨਿਟ ਖ਼ੂਨ ਇਕੱਤਰ ਕੀਤਾ। ਇਸ ਮੌਕੇ ਡਾ.ਆਰ.ਪੀ.ਸੈਣੀ, ਡਾ.ਬਿੰਦੂ ਸੈਣੀ, ਕਰਨੈਲ ਸਿੰਘ, ਜਗਤਾਰ ਸਿੰਘ, ਵਿਜੈ ਕੁਮਾਰ, ਧਰਮਪਾਲ ਜਗਾਦਰੀ, ਪਰਵੀਨ ਪਟਿਆਲਾ, ਰਾਮਪ੍ਰਤਾਪ ਸਿੰਘ, ਕਰਮਜੀਤ ਸਿੰਘ, ਦੀਪਕ ਜਾਨਸ਼ਾਹ, ਵਿਜੇ ਅੰਬਾਲਾ ਅਤੇ ਵਿਨੇ ਮੁਲਆਲਨਾ ਆਦਿ ਹਾਜ਼ਰ ਸਨ।

## ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ 'ਚ ਨਰਸਿੰਗ ਦਿਵਸ ਮਨਾਇਆ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**

ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫਰੀਦਕੋਟ ਨੇ ਸੰਸਥਾ ਦੇ ਵੱਖ-ਵੱਖ ਵਿਭਾਗਾਂ ਵਿੱਚ ਅੰਤਰਰਾਸ਼ਟਰੀ ਨਰਸਿੰਗ ਦਿਵਸ ਮਨਾਇਆ। ਇਸ ਮੌਕੇ ਡਾ. ਰਾਜੀਵ ਸ਼ਰਮਾ ਪ੍ਰਿੰਸੀਪਲ ਜੀਜੀਐੱਸਐੱਮਸੀ ਨੇ ਸਿਹਤ ਸੰਭਾਲ ਪ੍ਰਣਾਲੀ 'ਚ ਨਰਸਾਂ ਦੀ ਅਹਿਮ ਭੂਮਿਕਾ ਬਾਰੇ ਗੱਲ ਕੀਤੀ ਤੇ ਮਰੀਜ਼-ਕੇਂਦ੍ਰਿਤ ਦੇਖਭਾਲ ਪ੍ਰਦਾਨ ਕਰਨ 'ਚ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾ ਨੇ ਨਰਸਾਂ ਦਾ ਆਪਣੇ ਕਿੱਤੇ ਪ੍ਰਤੀ ਅਟੁੱਟ ਸਮਰਪਣ ਤੇ ਵਚਨਬੱਧਤਾ ਲਈ ਧੰਨਵਾਦ ਵੀ ਕੀਤਾ। ਡਾ. ਸਿਲੇਖ ਮਿੱਤਲ ਐੱਮ ਐੱਸ ਨੇ ਨਰਸਿੰਗ ਸਟਾਫ ਦੀ ਕੋਵਿਡ-19 ਵਾਲੇ ਮਰੀਜ਼ਾਂ ਦੀ ਦੇਖਭਾਲ ਪ੍ਰਦਾਨ ਕਰਨ ਲਈ ਅਣਥੱਕ ਯਤਨਾਂ ਲਈ ਪ੍ਰਸੰਸਾ ਕੀਤੀ। ਡਾ. ਨਿਰਮਲ ਓਸੇਪਚਨ ਰਜਿਸਟਰਾਰ ਨੇ ਫਲੋਰੈਂਸ ਨਾਈਟਿੰਗੇਲ ਦੀ ਕਹਾਣੀ ਸੁਣਾਈ, ਜਿਸ ਨੂੰ 'ਲੇਡੀ ਵਿਦ ਦਾ ਲੈਂਪ' ਵਜੋਂ ਜਾਣਿਆ ਜਾਂਦਾ ਹੈ। ਡਾਕਟਰ ਨਿਤਿਨ ਨਾਗਪਾਲ ਐੱਚ ਓ ਡੀ ਸਰਜਰੀ ਵਿਭਾਗ ਨੇ ਕਿਹਾ ਕਿ ਉਨ੍ਹਾਂ ਨੂੰ ਸਾਡੇ ਨਰਸਿੰਗ ਸਟਾਫ ਦੇ ਨਾਲ ਮਿਲ ਕੇ ਕੰਮ ਕਰਨ ਦਾ ਸਨਮਾਨ ਮਿਲਿਆ ਹੈ ਤੇ ਉਹ ਸਾਡੀ ਸਿਹਤ ਸੰਭਾਲ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹਨ। ਨਰਸਿੰਗ ਪੇਸ਼ੇ ਇੱਕ ਅਜਿਹਾ ਹੈ, ਜਿਸ 'ਚ ਬਹੁਤ ਸਮਰਪਣ, ਦਇਆ ਤੇ ਹੁਨਰ ਦੀ ਲੋੜ ਹੁੰਦੀ ਹੈ। ਇਸ ਮੌਕੇ ਡਾਕਟਰ ਰਵਿੰਦਰ ਗਰਗ ਐੱਚ ਓ ਡੀ, ਮੈਡੀਸਨ ਵਿਭਾਗ, ਡਾ. ਕਿਰਨਜੀਤ ਕੌਰ, ਐੱਚ.ਓ.ਡੀ. ਚੈਸਟ ਤੇ ਟੀ.ਬੀ., ਡਾ: ਜਸਬੀਰ ਕੌਰ ਐੱਚ ਓ ਡੀ ਡੈਂਟਲ ਵਿਭਾਗ ਤੇ ਮੀਡੀਆ ਕੋਆਰਡੀਨੇਟਰ ਡਾ: ਗਗਨ ਪ੍ਰੀਤ ਸਿੰਘ ਨੇ ਨਰਸਿੰਗ ਸਟਾਫ ਦਾ ਉਨ੍ਹਾਂ ਦੇ ਬੇਮਿਸਾਲ ਯੋਗਦਾਨ ਲਈ ਧੰਨਵਾਦ ਕੀਤਾ।

## ਮਾਤਾ ਗੁਜਰੀ ਕਾਲਜ 'ਚ ਦੋ ਹਫ਼ਤਿਆਂ ਦਾ ਕਰੈਸ਼ ਕੋਰਸ ਭਲਕ ਤੋਂ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਪੋਸਟ ਗ੍ਰੈਜੂਏਟ ਕਾਮਰਸ ਵਿਭਾਗ ਵੱਲੋਂ ਬਾਰ੍ਹਵੀਂ ਵਿੱਚ ਦਾਖਲ ਅਤੇ ਬਾਰ੍ਹਵੀਂ ਪਾਸ ਵਿਦਿਆਰਥੀਆਂ ਲਈ ਦੋ ਹਫਤਿਆਂ ਦੇ ਕਰੈਸ਼ ਕੋਰਸ ਦੀ ਸ਼ੁਰੂਆਤ ਕੀਤੀ ਜਾਵੇਗੀ ਜੋ 15 ਮਈ ਤੋਂ 26 ਮਈ ਤੱਕ ਜਾਰੀ ਰਹੇਗਾ। ਇਸ ਕੋਰਸ ਲਈ ਕੋਈ ਵੀ ਫੀਸ ਨਹੀਂ ਹੋਵੇਗੀ ਕਾਲਜ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਦੱਸਿਆ ਕਿ ਇਸ ਕੋਰਸ ਵਿੱਚ ਵਿਦਿਆਰਥੀਆਂ ਨੂੰ ਕਾਮਰਸ ਵਿਸ਼ੇ ਨਾਲ ਸੰਬੰਧਤ ਜਾਣਕਾਰੀ ਦਿੱਤੀ ਜਾਵੇਗੀ ਜੋ ਉਨ੍ਹਾਂ ਨੂੰ ਇਸ ਵਿਸ਼ੇ ਬਾਰੇ ਸਮਝਣ ਵਿੱਚ ਬਹੁਤ ਸਹਾਈ ਸਿੱਧ ਹੋਵੇਗੀ। ਕਾਮਰਸ ਵਿਭਾਗ ਦੇ ਮੁਖੀ ਡਾ. ਬਿਕਰਮਜੀਤ ਸਿੰਘ ਨੇ ਦੱਸਿਆ ਕਿ ਇਸ ਕੋਰਸ ਦੌਰਾਨ ਵਿਦਿਆਰਥੀਆਂ ਨੂੰ ਅਕਾਊਂਟਿੰਗ, ਟੈਲੀ ਈਆਰਪੀ 9, ਸ਼ਖਸੀਅਤ ਵਿਕਾਸ, ਬੈਂਕਿੰਗ ਅਤੇ ਵਿੱਤੀ ਬਜ਼ਾਰਾਂ ਨਾਲ ਸੰਬੰਧਤ ਮੁਢਲੀ ਜਾਣਕਾਰੀ ਦੇਣ ਦੇ ਨਾਲ-ਨਾਲ ਇਨਕਮ ਟੈਕਸ ਰਿਟਰਨ ਭਰਨ ਅਤੇ ਪੈਨ ਕਾਰਡ ਬਣਾਉਣ ਬਾਰੇ ਵੀ ਵਿਸਥਾਰ ਨਾਲ ਦੱਸਿਆ ਜਾਵੇਗਾ। ਇਸ ਮੌਕੇ ਕੋਰਸ ਕੋਆਰਡੀਨੇਟਰ ਪ੍ਰੋ. ਜਸਪ੍ਰੀਤ ਕੌਰ ਅਤੇ ਸਮੂਹ ਅਧਿਆਪਕ ਸਾਹਿਬਾਨ ਹਾਜ਼ਰ ਸਨ।

## ਮਾਤਾ ਸਾਹਿਬ ਕੌਰ ਪਬਲਿਕ ਸਕੂਲ ਦਾ ਨਤੀਜਾ 100 ਪ੍ਰਤੀਸ਼ਤ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਕੇਂਦਰੀ ਮਾਧਮਿਕ ਸਿੱਖਿਆ ਬੋਰਡ (ਨਿਊ ਦਿੱਲੀ) ਦੁਆਰਾ ਕਲਾਸ ਦਸਵੀਂ ਦਾ ਨਤੀਜਾ ਐਲਾਨਿਆ ਗਿਆ, ਜਿਸ ਵਿੱਚ ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਗੁਰੂ ਹਰਸਹਾਏ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਮਾਤਾ ਸਾਹਿਬ ਕੌਰ ਸਕੂਲ ਦੇ ਵਿਦਿਆਰਥੀ ਲਵਿਸ਼ ਭੋਲੋਵਾਲੀਆ ਨੇ 'ਚੋਂ ਪਹਿਲਾ, ਪੂਰਵੀ ਤੇ ਖੁਸ਼ਦੀਪ ਕੌਰ ਨੇ ਦੂਸਰਾ ਅਤੇ ਕਮਲਜੀਤ ਕੌਰ ਤੇ ਪੁਸ਼ਪਦੀਪ ਸਿੰਘ ਸੋਢੀ ਨੇ ਤੀਸਰਾ, ਸਨਮਦੀਪ ਕੌਰ ਨੇ ਚੌਥਾ, ਨਵਜੋਤ ਕੌਰ ਤੇ ਹੁਸਨਦੀਪ ਸਿੰਘ ਨੇ ਪੰਜਵਾਂ, ਨਵਲੀਨ ਕੌਰ ਸੋਢੀ ਤੇ ਸਮਰਪ੍ਰੀਤ ਸਿੰਘ ਨੇ ਛੇਵਾਂ ਸਥਾਨ ਹਾਸਲ ਕੀਤਾ।

ਸਕੂਲ ਦੇ 100 ਪ੍ਰਤੀਸ਼ਤ ਨਤੀਜੇ ਤੋਂ ਸਕੂਲ ਦੇ ਪ੍ਰਿੰਸੀਪਲ ਡਾਕਟਰ ਪੰਕਜ ਧਮੀਜਾ, ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਮਹੀਪਾਲ ਸਿੰਘ, ਕਮਲਪਾਲ ਸਿੰਘ, ਹਰਬੀਰ ਸਿੰਘ, ਗੁਰਿੰਦਰ ਸਿੰਘ, ਮੈਡਮ ਸਿਮਰਨ ਨੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਦੀ ਇਸ ਉਪਲਬਧੀ 'ਤੇ ਖੁਸ਼ੀ ਜਤਾਈ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਜੀਵਨ ਵਿੱਚ ਅੱਗੇ ਵਧਦੇ ਰਹਿਣ ਦਾ ਆਸ਼ੀਰਵਾਦ ਦਿੱਤਾ। ਇਸ ਮੌਕੇ ਮੈਡਮ ਪਵਨਦੀਪ ਕੌਰ, ਮੈਡਮ ਵਿਸ਼ਾਲੀ, ਮੈਡਮ ਕੋਮਲ, ਮੈਡਮ ਰਜਨੀ, ਮੈਡਮ ਸ਼ਿਵਾਲੀ, ਮੈਡਮ ਸੁਖਵੀਰ, ਜਸਬੀਰ ਸਿੰਘ, ਅਭੈ ਬਜਾਜ ਤੇ ਸਮੂਹ ਸਕੂਲ ਸਟਾਫ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਭਵਿੱਖ ਵਿੱਚ ਅੱਗੇ ਵਧਦੇ ਰਹਿਣ ਦੀ ਪ੍ਰੇਰਣਾ ਦਿੱਤੀ।

## ਪਾਥਵੇਜ਼ ਗਲੋਬਲ ਸਕੂਲ ਨੇ ਮਨਾਇਆ ਅੰਤਰਰਾਸ਼ਟਰੀ ਨਰਸ ਦਿਵਸ

**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ ਵਿਖੇ ਅੰਤਰਰਾਸ਼ਟਰੀ ਨਰਸ ਦਿਵਸ ਮਨਾਇਆ ਗਿਆ। ਸਕੂਲ ਦੇ ਵਿਦਿਆਰਥੀਆਂ ਨੇ ਸਪੀਚ ਰਾਹੀਂ ਇਸ ਦਿਨ ਦੇ ਮਹੱਤਵ ਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਇਸ ਦਿਨ ਦੇ ਸਬੰਧ ਵਿੱਚ ਬੱਚਿਆਂ ਦੁਆਰਾ ਚਾਰਟ ਵੀ ਤਿਆਰ ਕੀਤੇ ਗਏ। ਅੰਤਰਰਾਸ਼ਟਰੀ ਨਰਸ ਦਿਵਸ ਇੱਕ ਵਿਸ਼ਵ ਸਮਾਰੋਹ ਹੈ, ਜੋ ਹਰ ਸਾਲ 12 ਮਈ ਨੂੰ ਮਨਾਇਆ ਜਾਂਦਾ ਹੈ। ਇਹ ਦਿਨ 'ਫਲੋਰੈਂਸ ਨਾਈਟੇਂਗਲ' ਦੀ ਜੈਯੰਤੀ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ, ਜੋ ਆਧੁਨਿਕ ਨਰਸਿੰਗ ਸੰਸਥਾ ਦੇ ਸੰਸਥਾਪਕ ਸਨ। ਇਸ ਮੌਕੇ ਸਕੂਲ ਦੇ ਮਾਨਯੋਗ ਪ੍ਰਿੰਸੀਪਲ ਸ੍ਰ. ਹਰਵੰਤ ਸਿੰਘ, ਸਕੂਲ ਦੇ ਕਮੇਟੀ ਮੈਂਬਰ ਮਾਨਯੋਗ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰੈਜ਼ੀਡੈਂਟ ਡਾ. ਅਨਿਲਜੀਤ ਕੰਬੋਜ, ਵਾਈਸ-ਚੇਅਰਮੈਨ ਸ੍ਰ. ਅਵਤਾਰ ਸਿੰਘ ਸੌਂਧ, ਪ੍ਰਧਾਨ ਜਸਵਿੰਦਰ ਸਿੰਘ ਸਿੱਧੂ, ਸ੍ਰ. ਜੋਗਿੰਦਰ ਸਿੰਘ ਸੌਂਧ, ਚਾਹਤ ਕੰਬੋਜ, ਸਤਨਾਮ ਸਿੰਘ ਸੌਂਧ ਨੇ ਅੰਤਰਰਾਸ਼ਟਰੀ ਨਰਸ ਦਿਵਸ ਮੌਕੇ ਵਿਦਿਆਥੀਆਂ ਨੂੰ ਵਧਾਈਆਂ ਦਿੱਤੀਆਂ।



## ਮੀਰਾ ਪਬਲਿਕ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ




**ਸਰਦੂਲਗੜ੍ਹ (ਅਵਤਾਰ ਜਟਾਣਾ)**

ਮੈਰੀਟੋਰੀਅਸ ਨਤੀਜੇ ਦੇਣ ਦੇ ਮੀਰਾ ਪਬਲਿਕ ਸਕੂਲ ਦੇ ਲੰਬੇ ਸਮੇਂ ਤੋਂ ਚੱਲ ਰਹੇ ਰਿਕਾਰਡ ਨੂੰ ਕਾਇਮ ਰੱਖਦੇ ਹੋਏ ਸਾਰੀਆਂ ਧਾਰਾਵਾਂ ਦੇ ਵਿਦਿਆਰਥੀਆਂ ਨੇ ਸੀ ਬੀ ਐਸ ਈ ਬੋਰਡ ਦੇ 100% ਨਤੀਜੇ ਪ੍ਰਾਪਤ ਕਰਕੇ ਮੀਰਾ ਪਬਲਿਕ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਦਸਵੀਂ ਜਮਾਤ 'ਚੋਂ ਨਿਕਿਤਾ ਜੈਨ (94.6%) ਨੇ ਪਹਿਲਾ, ਹਰਮਨਦੀਪ ਕੌਰ (93%) ਨੇ ਦੂਜਾ ਅਤੇ ਜਪਜੀ (91%) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਬਾਰ੍ਹਵੀਂ ਜਮਾਤ 'ਚੋਂ ਲਕਸ਼ੈ (96.2%) ਨੇ ਪਹਿਲਾ, ਹਿਮਾਨੀ (95%) ਨੇ ਦੂਜਾ, ਯੋਗੇਸ਼ (94%) ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਪ੍ਰਬੰਧਕ ਕਮੇਟੀ ਦੇ ਮੈਂਬਰ ਵਿਜੇ ਕੁਮਾਰ, ਦਰਸ਼ਨ ਗਰਗ, ਰਜਿੰਦਰ ਗਰਗ, ਮਹੇਸ਼ ਗਰਗ, ਸਤੀਸ਼ ਲਹਿਰੀ, ਪ੍ਰਿੰਸੀਪਲ ਰਾਮ ਕਿਸ਼ਨ ਯਾਦਵ ਸਮੇਤ ਸਾਰੇ ਚੋਟੀ ਦੇ ਰੈਂਕਰਾਂ, ਅਧਿਆਪਕਾਂ ਤੇ ਮਾਪਿਆਂ ਨੂੰ ਵਧਾਈ ਦਿੰਦੇ ਹਨ ਅਤੇ ਉਨ੍ਹਾਂ ਦੇ ਕੰਮ ਅਤੇ ਪੜ੍ਹਾਈ ਪ੍ਰਤੀ ਲਗਨ ਦੀ ਵੀ ਸ਼ਲਾਘਾ ਕਰਦੇ ਹਨ।

## ਕਰਮਜੀਤ ਢਿੱਲੋਂ ਨੂੰ ਵੱਖ-ਵੱਖ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਕੈਬਨਿਟ ਮੰਤਰੀ ਪੰਜਾਬ ਸ੍ਰ. ਚੇਤਨ ਸਿੰਘ ਜੌੜਾਮਾਜਰਾ ਦੇ ਸਾਲਾ ਸਾਹਿਬ ਤੇ ਬੀਬੀ ਸ਼ਰਨਜੀਤ ਕੌਰ ਦੇ ਛੋਟੇ ਭਰਾ ਸਵ. ਕਰਮਜੀਤ ਸਿੰਘ ਢਿੱਲੋਂ ਨਮਿਤ ਸ੍ਰੀ ਅਖੰਡ ਪਾਠ ਦੇ ਭੋਗ ਗੁਰਦੁਆਰਾ ਸਾਹਿਬ ਪਿੰਡ ਬਖੋਪੀਰ (ਤਹਿਸੀਲ ਭਵਾਨੀਗੜ੍ਹ) ਵਿਖੇ ਪਾਏ ਗਏ ਜਿੱਥੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਰਾਗੀ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਸਵ. ਕਰਮਜੀਤ ਸਿੰਘ ਢਿੱਲੋਂ ਦੀ ਅੰਤਿਮ ਅਰਦਾਸ ਮੌਕੇ ਵੱਖ-ਵੱਖ ਧਾਰਮਿਕ, ਸਮਾਜਿਕ ਤੇ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਸ਼ਰਧਾ ਦੇ ਫ਼ੁੱਲ ਭੇਟ ਕੀਤੇ ਗਏ ਤੇ ਵਿੱਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਬੇਨਤੀ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਵਿਛੋੜੇ ਨਾਲ ਪਰਵਾਰ ਨੂੰ ਵੱਡਾ ਘਾਟਾ ਪਿਆ ਹੈ, ਜੋ ਕਦੀ ਵੀ ਪੂਰਾ ਨਹੀਂ ਹੋਵੇਗਾ। ਇਸ ਦੌਰਾਨ ਸ. ਜੌੜਾਮਾਜਰਾ, ਸ਼ਰਨਜੀਤ ਕੌਰ ਜੌੜਾਮਾਜਰਾ ਤੇ ਸਮੂਹ ਢਿੱਲੋਂ ਪਰਿਵਾਰ ਨਾਲ ਦੁੱਖ ਸਾਂਝੇ ਕਰਨ ਵਾਲਿਆਂ 'ਚ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਮਾਤਾ ਹਰਪਾਲ ਕੌਰ, ਵਿਧਾਇਕਾ ਨਰਿੰਦਰ ਕੌਰ ਭਰਾਜ, ਅਮਨਦੀਪ ਸਿੰਘ ਭੰਗੂ, ਹਰਜਿੰਦਰ ਸਿੰਘ ਮਿੰਟੂ ਜੌੜਾਮਾਜਰਾ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜੱਸੀ ਸੋਹੀਆਂਵਾਲਾ, ਹਲਕਾ ਸ਼ੁਤਰਾਣਾ ਤੋਂ ਵਿਧਾਇਕ ਕੁਲਵੰਤ ਬਾਜ਼ੀਗਰ, ਸਨੌਰ ਵਿਧਾਇਕ ਹਰਮੀਤ ਸਿੰਘ ਪਠਾਣ ਮਾਜਰਾ, ਪੀ ਏ ਗੁਰਦੇਵ ਟਿਵਾਣਾ, ਆਮ ਆਦਮੀ ਪਾਰਟੀ ਦੇ ਐੱਸ ਸੀ ਵਿੰਗ ਦੇ ਹਲਕਾ ਇੰਚਾਰਜ ਸੁਰਜੀਤ ਸਿੰਘ ਦਈਆ, ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ, ਬੀ ਕੇ ਗੁਪਤਾ, ਆਪ ਪਾਰਟੀ ਦੇ ਯੂਥ ਵਿੰਗ ਦੇ ਪ੍ਰਧਾਨ ਪਾਰਸ ਸ਼ਰਮਾ, ਸੰਦੀਪ ਸੰਜੂ ਕਕਰਾਲਾ, ਕੁਲਬੀਰ ਸਿੰਗਲਾ, ਕੁਲਦੀਪ ਵਿਰਕ, ਲਖਵਿੰਦਰ ਸਿੰਘ ਜਵੰਦਾ, ਰਾਣਾ ਵਿਰਕ, ਦੀਪਕ ਵਧਵਾ, ਸੰਦੀਪ ਵਿਰਕ, ਲਾਡੀ ਚੀਮਾ, ਰਵੀ ਰੰਧਾਵਾ, ਜਸ਼ਕਰਨ ਸਿੰਘ, ਦੀਵਾਨ ਥਰੇਜਾ, ਸੁਖਜੀਤ ਢੀਂਡਸਾ, ਗੁਰਮੀਤ ਸਿੰਘ ਬੰਮਣ੍ਹਾ, ਪ੍ਰਵੀਨ ਅਰੋੜਾ, ਨੰਬਰਦਾਰ ਕਮਲ ਜਵੰਦਾ ਤੇ ਜਗਤਾਰ ਸਿੰਘ ਗਾਜੇਵਾਸ ਚਤੇਰਾ ਆਦਿ ਪਤਵੰਤਿਆਂ ਸਮੇਤ ਵੱਡੀ ਗਿਣਤੀ ਵਿੱਚ ਰਿਸ਼ਤੇਦਾਰ, ਸਨੇਹੀ ਤੇ ਇਲਾਕੇ ਦੇ ਲੋਕ ਹਾਜ਼ਰ ਸਨ।

## ਡੀ ਆਰ ਐੱਸ ਕਾਨਵੈਂਟ ਸਕੂਲ ਕਾਉਣੀ ਦਾ ਨਤੀਜਾ ਸ਼ਾਨਦਾਰ



**ਦੋਦਾ (ਵਕੀਲ ਬਰਾੜ)**-ਸੀ.ਬੀ.ਐੱਸ.ਈ. ਨਵੀਂ ਦਿੱਲੀ ਵੱਲਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਡੀ.ਆਰ.ਐੱਸ. ਕਾਨਵੈਂਟ ਸਕੂਲ ਕਾਉਣੀ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਦੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਪ੍ਰਿੰਸੀਪਲ ਤੇਜਪਾਲ ਸਿੰਘ ਨੇ ਦੱਸਿਆ ਕਿ ਇਸ ਸਾਲ ਕੁੱਲ 38 ਬੱਚਿਆਂ ਨੇ ਦਸਵੀਂ ਜਮਾਤ ਦੀ ਪ੍ਰੀਖਿਆ ਦਿੱਤੀ ਸੀ, ਜਿਸ ਵਿੱਚ ਸਾਰੇ ਹੀ ਬੱਚੇ ਚੰਗੇ ਅੰਕਾਂ ਨਾਲ ਪਾਸ ਹੋਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਨਤੀਜਿਆਂ ਵਿੱਚੋਂ ਕਰਮਵੀਰ ਕੌਰ ਨੇ ਪਹਿਲਾ, ਏਕਮਵੀਰ ਕੌਰ ਨੇ ਦੂਜਾ ਤੇ ਕਿਰਨਦੀਪ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਸ੍ਰ. ਨਿਹਾਲ ਸਿੰਘ ਬਰਾੜ ਨੇ ਵਿਦਿਆਰਥੀਆਂ ਦਾ ਮੂਹ ਮਿੱਠਾ ਕਰਵਾ ਕੇ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਇਸ ਦਾ ਸਿਹਰਾ ਮਿਹਨਤੀ ਤੇ ਤਜਰਬੇਕਾਰ ਅਧਿਆਪਕਾਂ ਨੂੰ ਦਿੱਤਾ, ਜਿਨ੍ਹਾਂ ਦੀ ਮਿਹਨਤ ਸਦਕਾ ਬੱਚੇ ਚੰਗੇ ਅੰਕ ਲੈ ਕੇ ਪਾਸ ਹੋਏ ਹਨ। ਇਸ ਮੌਕੇ ਸਕੂਲ ਦੇ ਡਾਇਰੈਕਟਰ ਡਾ: ਯੂ ਆਰ ਵਿਸ਼ਿਸ਼ਟ ਤੇ ਸਮੂਹ ਸਟਾਫ ਹਾਜ਼ਰ ਸੀ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਵੱਲੋਂ ਸੰਨੀ ਓਬਰਾਏ ਸਕਾਲਰਸ਼ਿਪ ਪ੍ਰਾਪਤ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜੱਸਾ ਸਿੰਘ, ਕੌਮੀ ਪ੍ਰਧਾਨ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਅਤੇ ਬਲਵਿੰਦਰ ਸਿੰਘ ਨੇ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਦਾ ਦੌਰਾ ਕਰਕੇ ਸੰਨੀ ਓਬਰਾਏ ਸਕਾਲਰਸ਼ਿਪ ਸਕੀਮ ਅਧੀਨ ਗਤਕਾ ਦਾ ਡਿਪਲੋਮਾ ਦੇ ਵਿਦਿਆਰਥੀਆਂ ਦੀ ਫੀਸ ਦਾ ਚੈੱਕ ਸੌਂਪਿਆ। ਯੂਨੀਵਰਸਿਟੀ ਦੇ ਫਿਜ਼ੀਕਲ ਐਜੂਕੇਸ਼ਨ ਅਤੇ ਸਪੋਰਟਸ ਟੈਕਨਾਲੋਜੀ ਵਿਭਾਗ ਵਿੱਚ ਪਿਛਲੇ ਚਾਰ ਸਾਲਾਂ ਤੋਂ ਗਤਕੇ ਦਾ ਡਿਪਲੋਮਾ ਚਲਾਇਆ ਜਾ ਰਿਹਾ ਹੈ। ਸਾਰੇ ਵਿਦਿਆਰਥੀਆਂ ਲਈ ਇਸ ਕੋਰਸ ਦੀ ਫੀਸ ਡਾ.ਐਸ.ਪੀ ਸਿੰਘ ਓਬਰਾਏ ਦੁਆਰਾ ਚਲਾਏ ਜਾ ਰਹੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਅਦਾ ਕੀਤੀ ਜਾਂਦੀ ਹੈ। ਜੱਸਾ ਸਿੰਘ ਨੇ ਯੂਨੀਵਰਸਿਟੀ ਵੱਲੋਂ ਇਨ੍ਹਾਂ ਵਿਦਿਆਰਥੀਆਂ ਨੂੰ ਦਿੱਤੇ ਅਨੁਸ਼ਾਸਨ ਅਤੇ ਸਖਤ ਸਿਖਲਾਈ ਦੀ ਸ਼ਲਾਘਾ ਕੀਤੀ। ਉਨ੍ਹਾ ਨੌਜਵਾਨ ਪੀੜ੍ਹੀ ਵਿੱਚ ਸਿੱਖ ਧਰਮ ਦੇ ਸਿਧਾਂਤਾਂ ਨੂੰ ਫੈਲਾਉਣ ਲਈ ਯੂਨੀਵਰਸਿਟੀ ਦੇ ਪ੍ਰਬੰਧਕਾਂ ਅਤੇ ਪ੍ਰਸ਼ਾਸਨ ਦੀ ਵਚਨਬੱਧਤਾ ਦੀ ਵੀ ਸ਼ਲਾਘਾ ਕੀਤੀ। ਉਨ੍ਹਾ ਵਿਸ਼ਵ ਪੱਧਰੀ ਬੁਨਿਆਦੀ ਢਾਂਚੇ ਅਤੇ ਯੂਨੀਵਰਸਿਟੀ ਦੇ ਅੱਪਡੇਟ ਕੀਤੇ ਅਕਾਦਮਿਕ ਪਾਠਕ੍ਰਮ 'ਤੇ ਵੀ ਖੁਸ਼ੀ ਜ਼ਾਹਰ ਕੀਤੀ। ਯੂਨੀਵਰਸਿਟੀ ਦੇ ਪ੍ਰੋ ਚਾਂਸਲਰ ਪ੍ਰੋ.(ਡਾ.) ਅਜਾਇਬ ਸਿੰਘ ਬਰਾੜ ਨੇ ਟਰੱਸਟ ਵੱਲੋਂ ਯੂਨੀਵਰਸਿਟੀ ਨੂੰ ਦਿੱਤੇ ਜਾ ਰਹੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾ ਕਿਹਾ ਕਿ ਸਰਬੱਤ ਦਾ ਭਲਾ ਟਰੱਸਟ ਅਤੇ ਯੂਨੀਵਰਸਿਟੀ ਦਾ ਮਿਸ਼ਨ ਇੱਕੋ ਜਿਹਾ ਹੈ ਕਿਉਂਕਿ ਦੋਵੇਂ ਸੰਸਥਾਵਾਂ ਚੈਰੀਟੇਬਲ ਹਨ ਅਤੇ ਸਮਾਜ ਦੇ ਪੇਂਡੂ ਅਤੇ ਗਰੀਬ ਵਰਗਾਂ ਨੂੰ ਉੱਚ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਹਨ।

ਵਾਈਸ-ਚਾਂਸਲਰ ਪ੍ਰੋ.(ਡਾ.) ਪ੍ਰਿਤਪਾਲ ਸਿੰਘ ਨੇ ਜੱਸਾ ਸਿੰਘ ਪਾਸੋਂ ਪੰਜ ਲੱਖ ਦਸ ਹਜ਼ਾਰ ਦਾ ਚੈਕ ਪ੍ਰਾਪਤ ਕਰਦਿਆਂ ਦੱਸਿਆ ਕਿ ਪਿਛਲੇ ਚਾਰ ਸਾਲਾਂ ਦੌਰਾਨ ਯੂਨੀਵਰਸਿਟੀ ਦੀ ਗਤਕਾ ਟੀਮ ਨੇ ਖਾਲਸਾ ਖੇਡਾਂ ਵਿੱਚ ਲਗਾਤਾਰ ਪਹਿਲਾ ਸਥਾਨ ਹਾਸਲ ਕੀਤਾ ਹੈ ਅਤੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਗਤਕਾ ਚੈਂਪੀਅਨਸ਼ਿਪ ਵਿੱਚ ਕੁੱਲ ਮਿਲਾ ਕੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਯੂਨੀਵਰਸਿਟੀ ਦੀ ਟੀਮ ਨੇ ਕਈ ਹੋਰ ਇਨਾਮ ਵੀ ਜਿੱਤੇ ਹਨ। ਪ੍ਰੋ.(ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਵੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋਕ ਭਲਾਈ ਅਤੇ ਸਿੱਖਿਆ ਦੇ ਖੇਤਰ ਵਿੱਚ ਨਿਭਾਈਆਂ ਜਾ ਰਹੀਆਂ ਸੇਵਾਵਾਂ ਲਈ ਟਰੱਸਟ ਅਧਿਕਾਰੀਆਂ ਦਾ ਧੰਨਵਾਦ ਕੀਤਾ।

## 6 ਸਿਲਾਈ ਸੈਂਟਰ ਜਲਦ ਖੋਲ੍ਹੇ ਜਾਣਗੇ : ਜੀਤ ਦਹੀਆ



**ਬਰੇਟਾ/ਬੁਢਲਾਡਾ (ਗੋਬਿੰਦ ਸ਼ਰਮਾ/ਅਸ਼ੋਕ ਲਾਕੜਾ)**-ਸਮਾਜ ਸੇਵਾ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਵਾਲੀ ਸੁਤੰਤਰਤਾ ਸੰਗਰਾਮੀਆਂ ਦੀ ਵਾਰਿਸ ਹੋਣਹਾਰ ਧੀ ਐਂਟੀ ਕੁਰੱਪਸ਼ਨ ਐਸੋਸੀਏਸ਼ਨ ਇੰਡੀਆ ਜ਼ਿਲ੍ਹਾ ਮਾਨਸਾ ਦੀ ਚੇਅਰਪਰਸਨ ਜੀਤ ਦਹੀਆ ਵੱਲੋਂ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਨੂੰ ਸਵੈ-ਰੁਜ਼ਗਾਰ ਪ੍ਰਦਾਨ ਕਰਨ ਲਈ 6 ਸਿਲਾਈ ਸੈਂਟਰ ਜ਼ਿਲ੍ਹਾ ਮਾਨਸਾ ਵਿਖੇ ਜਲਦ ਹੀ ਖੋਲ੍ਹੇ ਜਾ ਰਹੇ ਹਨ। ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਂਟੀ-ਕੁਰੱਪਸ਼ਨ ਐਸੋਸੀਏਸ਼ਨ ਇੰਡੀਆ ਜ਼ਿਲ੍ਹਾ ਮਾਨਸਾ ਦੀ ਚੇਅਰਪਰਸਨ ਜੀਤ ਦਹੀਆ ਨੇ ਕਿਹਾ ਕਿ ਇਹ ਸਿਲਾਈ ਸੈਂਟਰ 3 ਸਲੱਮ ਖੇਤਰ 'ਚ ਅਤੇ 3 ਸੈਂਟਰ 2 ਪਿੰਡਾਂ ਅਤੇ 1 ਲੋਕਲ ਵਾਰਡ ਜ਼ਿਲ੍ਹਾ ਮਾਨਸਾ ਦੇ ਖੇਤਰਾਂ ਵਿੱਚ ਖੋਲ੍ਹੇ ਜਾਣਗੇ, ਜਿਨ੍ਹਾਂ ਵਿੱਚ ਪੜ੍ਹਾਈ ਦੇ ਕਾਬਲ ਹੋਣਹਾਰ ਬੱਚੀਆਂ ਨੂੰ ਸਿੱਖਿਆ ਦੇਣੀ, ਚੰਗੇ ਭਵਿੱਖ ਲਈ ਮਾਰਗ ਦਰਸ਼ਨ ਕਰਨਾ, ਬੱਚੀਆਂ ਨੂੰ ਸਿੱਖਿਆ ਦਿਵਾਉਣ ਲਈ ਨਵੇਂ ਦਾਖਲੇ ਕਰਵਾਉਣੇ ਤੇ ਔਰਤਾਂ ਨੂੰ ਸਿੱਖਿਆਵਾਂ ਪ੍ਰਦਾਨ ਕਰਵਾਉਣ ਉੱਤੇ ਜ਼ੋਰ ਦਿੱਤਾ ਜਾਵੇਗਾ। ਇਸ ਮੌਕੇ ਐਂਟੀ-ਕੁਰੱਪਸ਼ਨ ਐਸੋਸੀਏਸ਼ਨ ਇੰਡੀਆ ਜ਼ਿਲ੍ਹਾ ਮਾਨਸਾ ਦੇ ਮੀਡੀਆ ਇੰਚਾਰਜ ਦਵਿੰਦਰ ਸਿੰਘ ਕੋਹਲੀ ਨੇ ਇਸ ਚੰਗੇ ਉਪਰਾਲੇ ਦੀ ਸ਼ਲਾਘਾ ਕੀਤੀ।

# ਪ੍ਰਾਇਮਰੀ/ਐਲੀਮੈਂਟਰੀ ਅਧਿਆਪਕਾਂ ਨੇ ਵਿਭਾਗੀ ਮੰਗਾਂ ਹੱਲ ਨਾ ਹੋਣ 'ਤੇ ਜਤਾਇਆ ਡਾਢਾ ਰੋਸ

## ਮੁੱਖ ਮੰਤਰੀ, ਵਿੱਤ ਮੰਤਰੀ ਅਤੇ ਸਿੱਖਿਆ ਮੰਤਰੀ ਪੰਜਾਬ ਦੇ ਨਾਂਅ ਭੇਜੇ ਰੋਸ ਪੱਤਰ



ਧਾਰੀਵਾਲ (ਗੁਰਦਾਸਪੁਰ) (ਮਨਦੀਪ ਸਿੰਘ ਵਿੱਕੀ)-ਐਲੀਮੈਂਟਰੀ ਟੀਚਰਜ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਜ਼ਿਲ੍ਹਾ ਜਨਰਲ ਸਕੱਤਰ ਅਸ਼ਵਨੀ ਫੱਜੂਪੁਰ ਤੇ ਸੂਬਾਈ ਆਗੂ ਹਰਪ੍ਰੀਤ ਸਿੰਘ ਪਰਮਾਰ ਦੀ ਅਗਵਾਈ ਵਿੱਚ ਪ੍ਰਾਇਮਰੀ/ਐਲੀਮੈਂਟਰੀ ਅਧਿਆਪਕਾਂ ਦੀਆਂ ਵਿੱਤੀ ਅਤੇ ਵਿਭਾਗੀ ਮੰਗਾਂ ਦੇ ਜਲਦ ਹੱਲ ਲਈ ਸਹਾਇਕ ਕਮਿਸ਼ਨਰ (ਜਨਰਲ) ਗੁਰਦਾਸਪੁਰ ਸੰਦੀਪ ਪਾਠਕ ਰਾਹੀਂ ਮੁੱਖ ਮੰਤਰੀ ਪੰਜਾਬ, ਵਿੱਤ ਮੰਤਰੀ ਪੰਜਾਬ ਅਤੇ ਸਿੱਖਿਆ ਮੰਤਰੀ ਪੰਜਾਬ ਨੂੰ ਰੋਸ ਪੱਤਰ ਭੇਜ ਕੇ ਮੰਗ ਕਰਦਿਆਂ ਕਿਹਾ ਕਿ ਪ੍ਰਾਇਮਰੀ/ਐਲੀਮੈਂਟਰੀ ਵਰਗ ਦੀਆਂ ਮੰਗਾਂ ਦਾ ਲੰਮੇ ਸਮੇਂ ਤੋਂ ਹੱਲ ਨਾ ਹੋਣ ਤੇ ਜਿੱਥੇ ਅਧਿਆਪਕਾਂ ਦਾ ਵੱਡੇ ਪੱਧਰ ਤੇ ਵਿੱਤੀ ਨੁਕਸਾਨ ਹੋ ਰਿਹਾ ਹੈ, ਉਥੇ ਪ੍ਰਾਇਮਰੀ ਸਿੱਖਿਆ ਸੁਧਾਰਾਂ ਤੇ ਵੀ ਮਾੜਾ ਅਸਰ ਪੈ ਰਿਹਾ ਹੈ। ਐਲੀਮੈਂਟਰੀ ਟੀਚਰਜ਼ ਯੂਨੀਅਨ ਗੁਰਦਾਸਪੁਰ ਨੇ ਮੰਗ ਕੀਤੀ ਕਿ ਪੁਰਾਣੀ ਪੈਨਸ਼ਨ ਸਕੀਮ ਨੂੰ ਮੁਕੰਮਲ ਰੂਪ ਵਿੱਚ ਲਾਗੂ ਕੀਤਾ ਜਾਵੇ, ਪੇਂਡੂ ਭੱਤਾ, ਬਾਰਡਰ ਭੱਤਾ ਅਤੇ ਹੈਂਡੀਕੈਪਡ ਭੱਤੇ ਸਮੇਤ ਕੱਟੇ ਸਾਰੇ ਭੱਤੇ ਬਹਾਲ ਕਰਨ, ਪ੍ਰਾਇਮਰੀ ਅਧਿਆਪਕਾਂ ਨੂੰ ਪੇ-ਕਮਿਸ਼ਨ ਵੱਲੋਂ ਦਿੱਤੇ ਵੱਧ ਗੁਣਾਂਕ ਨੂੰ ਲਾਗੂ ਕਰਕੇ ਬਕਾਏ ਦੇਣ, ਏਸੀਪੀ ਲਾਗੂ ਕਰਕੇ ਅਗਲਾ ਗ੍ਰੇਡ ਦੇਣ, 17/07/20 ਬਾਅਦ ਭਰਤੀ ਅਧਿਆਪਕਾਂ ਤੇ ਕੇਂਦਰੀ ਪੈਟਰਨ ਸਕੇਲ ਬੰਦ ਕਰਕੇ ਪਹਿਲਾਂ ਵਾਂਗ ਸਕੇਲ ਦਿੱਤੇ ਜਾਣ ਅਤੇ ਇੱਕੋ ਇਸ਼ਤਿਹਾਰ ਰਾਹੀਂ ਭਰਤੀ ਹੋਏ ਬਾਕੀ 180 ਟੈੱਟ ਪਾਸ ਅਧਿਆਪਕਾਂ ਨੂੰ ਵੀ ਪੂਰੇ ਲਾਭ ਦੇਣ, ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਅਤੇ ਪ੍ਰੀ-ਪ੍ਰਾਇਮਰੀ/ਪ੍ਰਾਇਮਰੀ ਰਹਿੰਦੀ ਭਰਤੀ ਮੁਕੰਮਲ ਕਰਨ, ਐਲੀਮੈਂਟਰੀ ਡਾਇਰੈਕਟੋਰੇਟ ਲਾਗੂ ਕਰਕੇ ਇਸਦਾ ਪ੍ਰਬੰਧ ਪ੍ਰਾਇਮਰੀ ਅਧਿਆਪਕਾਂ ਦੇ ਹਵਾਲੇ ਕਰਨ, ਅਧਿਆਪਕਾਂ ਦੇ ਜ਼ਿਲ੍ਹਾ ਪ੍ਰੀਸ਼ਦ ਸਮੇਂ ਦੇ ਬਕਾਏ ਅਤੇ ਹੋਰ ਤਰ੍ਹਾਂ ਦੇ ਹਰੇਕ ਤਰ੍ਹਾਂ ਦੇ ਬਕਾਏ ਦੇਣ, ਈਟੀਟੀ ਅਧਿਆਪਕ ਨੂੰ ਸਰਵਿਸ ਦੌਰਾਨ ਹੈੱਡ ਟੀਚਰ ਦਾ ਸਮਾਂਬੱਧ ਸਕੇਲ ਦੇਣ, ਈਟੀਟੀ ਅਧਿਆਪਕਾਂ, ਹੈੱਡ ਟੀਚਰ, ਸੈਂਟਰ ਹੈੱਡ ਟੀਚਰ ਨੂੰ ਵੱਧ ਸਕੇਲ ਦੇਣ, ਉੱਚ ਯੋਗਤਾ ਅਧਿਆਪਕਾਂ ਨੂੰ ਵਿਸ਼ੇਸ਼ ਲਾਭ ਦੇਣ, ਸਿੱਖਿਆ ਸੁਧਾਰਾਂ ਅਤੇ ਵਿਭਾਗੀ ਮੰਗਾਂ 'ਚ ਅਧਿਆਪਕਾਂ ਨੂੰ ਪੂਰਨ ਰੂਪ 'ਚ ਬੱਚਿਆਂ ਦੀ ਸਿੱਖਿਆ ਨਾਲ ਜੋੜਨ ਲਈ ਅਧਿਆਪਕਾਂ ਕੋਲੋਂ ਲਏ ਜਾਂਦੇ ਗੈਰ-ਵਿੱਦਿਅਕ ਕੰਮ/ਆਨਲਾਈਨ ਕੰਮਾਂ/ਬੀ.ਐਲ.ਓ. ਕੰਮਾਂ ਨੂੰ ਖਤਮ ਕਰਕੇ ਤੁਰੰਤ ਸੈਂਟਰ ਪੱਧਰ 'ਤੇ ਡਾਟਾ ਐਂਟਰੀ ਅਪ੍ਰੇਟਰਜ਼ ਪੋਸਟਾਂ ਦੇਣ ਅਤੇ ਹਰੇਕ ਸਕੂਲ 'ਚ ਸਫਾਈ ਸੇਵਕ/ਮਾਲੀ/ਚੌਕੀਦਾਰ ਦੇਣ, ਬੱਚਿਆਂ ਦੀਆਂ ਰਹਿੰਦੇ ਵਿਸ਼ਿਆਂ ਦੀਆਂ ਕਿਤਾਬਾਂ ਦੇਣ, ਅਧਿਆਪਕ ਵਿਦਿਆਰਥੀ ਅਨੁਪਾਤ 1:20 ਕਰਕੇ ਜਮਾਤਵਾਰ ਅਧਿਆਪਕ ਦਿੱਤੇ ਜਾਣ ਅਤੇ ਪ੍ਰੀ-ਪ੍ਰਾਇਮਰੀ ਪੱਧਰ ਤੇ ਘੱਟੋ-ਘੱਟ 2 ਅਧਿਆਪਕ ਅਤੇ ਹੈਲਪਰ ਦੇਣ, ਹੈਡ ਟੀਚਰਜ਼/ਸੈਂਟਰ ਹੈੱਡ ਟੀਚਰਜ/ਬੀਪੀਈਓਜ਼, ਮਾਸਟਰ ਕੇਡਰ ਦੀਆਂ ਪ੍ਰਮੋਸ਼ਨਾਂ ਸਮਾਂਬੱਧ ਕੀਤੀਆਂ ਜਾਣ, ਬੀਪੀਈਓਜ਼ ਦਾ ਪ੍ਰਮੋਸ਼ਨ ਕੋਟਾ ਪਹਿਲਾਂ ਦੀ ਤਰ੍ਹਾਂ 75% ਕਰਕੇ ਜ਼ਿਲ੍ਹਾ ਸੀਨੀਅਰਤਾ ਕਰਨ, ਪ੍ਰੀ-ਪ੍ਰਾਇਮਰੀ ਅਤੇ ਈਟੀਟੀ ਦੀ ਰਹਿੰਦੀ ਭਰਤੀ ਤੁਰੰਤ ਰੈਗੂਲਰ ਕਰਨ, ਪਿਛਲੀ ਸਰਕਾਰ ਵੱਲੋਂ ਹੈੱਡ ਟੀਚਰਜ਼ ਦੀਆਂ ਖਤਮ ਕੀਤੀਆਂ 1904 ਪੋਸਟਾਂ ਬਹਾਲ ਕਰਨ, ਸਿੱਧੀ ਭਰਤੀ ਦਾ ਪਰਖ ਕਾਲ ਸਮਾਂ ਘੱਟ ਕਰਨ, ਫਾਈਨ ਆਰਟਸ ਦੀ ਯੋਗਤਾ ਪੂਰੀ ਕਰਦੇ ਅਧਿਆਪਕਾਂ ਨੂੰ ਆਰਟ ਐਂਡ ਕਰਾਫਟ ਵਜੋਂ ਪ੍ਰਮੋਟ ਕਰਨ ਅਤੇ ਵੋਕੇਸ਼ਨਲ ਯੋਗਤਾ ਪੂਰੀ ਕਰਦੇ ਅਧਿਆਪਕ ਨੂੰ ਵੀ ਮਾਸਟਰ ਕੇਡਰ 'ਚ ਪ੍ਰਮੋਟ ਕਰਨ, ਮਾਸਟਰ ਕੇਡਰ ਵਿੱਚ ਪ੍ਰਮੋਟ ਅਧਿਆਪਕਾਂ ਦੀ ਸੀਨੀਅਰਤਾ ਪ੍ਰਾਇਮਰੀ ਤੋਂ ਗਿਣਨ, ਦੂਰ-ਦੁਰਾਡੇ ਜਾਂਦੇ ਅਧਿਆਪਕਾਂ ਨੂੰ ਜ਼ਿਲ੍ਹੇ ਚ ਰੱਖਣ ਲਈ ਕੋਈ ਯੋਗ ਨੀਤੀ ਬਣਾਉਣ, ਪ੍ਰਾਇਮਰੀ ਪੱਧਰ ਤੇ ਖੇਡਾਂ ਲਈ ਪੀਟੀਆਈ ਦੀ ਭਰਤੀ ਜਲਦ ਮੁਕੰਮਲ ਕਰਨ ਅਤੇ ਸੈਕੰਡਰੀ ਸਕੂਲਾਂ ਵਿਚੋਂ ਬੀਪੀਈਓਜ਼ ਦਫਤਰਾਂ ਵਿੱਚ ਸ਼ਿਫਟ ਕੀਤੇ 228 ਪੀਟੀ ਅਧਿਆਪਕ ਵਾਪਿਸ ਸਕੂਲਾਂ ਵਿੱਚ ਭੇਜਣ, ਬੱਚਾ ਸੰਭਾਲ/ਵਿਦੇਸ਼ ਛੁੱਟੀ/ਮੈਡੀਕਲ ਦੇ ਅਧਿਕਾਰ ਡੀਡੀਓਜ਼ ਪੱਧਰ 'ਤੇ ਦੇਣ ਆਦਿ ਮੰਗ ਕੀਤੀ। ਇਸ ਸਮੇਂ ਜ਼ਿਲ੍ਹਾ ਜਨਰਲ ਸਕੱਤਰ ਅਸ਼ਵਨੀ ਫੱਜੂਪੁਰ, ਸੂਬਾਈ ਆਗੂ ਹਰਪ੍ਰੀਤ ਪਰਮਾਰ, ਰਛਪਾਲ ਉਦੋਕੇ, ਗੁਰਪ੍ਰੀਤ ਬਾਜਵਾ, ਗੁਰਵਿੰਦਰ ਸੈਣੀ, ਭੁਪਿੰਦਰ ਦਿਓ, ਸੰਜੀਵ ਗੁਪਤਾ, ਪਰਮਜੀਤ ਲੁਬਾਣਾ, ਨਿਸ਼ਾਨ ਖਾਨਪੁਰ ਆਦਿ ਸਮੇਤ ਹੋਰ ਅਧਿਆਪਕ ਆਗੂ ਵੀ ਸ਼ਾਮਿਲ ਸਨ।

# ਗਦਰੀ ਬਾਬਿਆਂ ਦੀ ਸੋਚ ਦਾ ਸਮਾਜ ਸਿਰਜਣਾ ਅਤਿ ਜ਼ਰੂਰੀ: ਮਾੜੀਮੇਘਾ, ਗੁਰਦਿਆਲ



ਤਰਨਤਾਰਨ (ਨਜ਼ਸ)-ਸੀਪੀਆਈ ਵੱਲੋਂ ਹਰੇਕ ਮਨੁੱਖ ਦੇ ਰੁਜ਼ਗਾਰ, ਵਿੱਦਿਆ, ਸਿਹਤ ਤੇ ਘਰ ਦੀ ਪ੍ਰਾਪਤੀ ਲਈ ਦੇਸ਼ ਭਰ ਵਿੱਚ 14 ਅਪ੍ਰੈਲ ਤੋਂ 15 ਮਈ ਤੱਕ ਪਦ ਯਾਤਰਾ ਕੀਤੀ ਜਾ ਰਹੀ ਹੈ। ਇਸ ਪ੍ਰੋਗਰਾਮ ਤਹਿਤ ਮੱਛੀ ਮੰਡੀ ਦੀ ਪ੍ਰਸਿੱਧ ਮਾਰਕੀਟ ਹਰੀਕੇ ਦਾਣਾ ਮੰਡੀ ਤੇ ਬਜ਼ਾਰ ਵਿੱਚ ਪ੍ਰੋਗਰਾਮ ਕਰਨ ਤੋਂ ਬਾਅਦ ਮਹਾਨ ਗਦਰੀ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੇ ਇਤਿਹਾਸਕ ਪਿੰਡ ਸਰਹਾਲੀ ਅਤੇ ਗੁਰੂਆਂ ਦੇ ਸਥਾਨ 'ਤੇ ਗਦਰੀ ਸੁੱਚਾ ਸਿੰਘ ਦੀ ਭੂਮੀ ਚੋਹਲਾ ਸਾਹਿਬ ਅਤੇ ਗਦਰੀ ਕੇਹਰ ਸਿੰਘ, ਬੁੱਧ ਸਿੰਘ ਤੇ ਅਬਦੁੱਲਾ ਦੇ ਪਿੰਡ ਢੋਟੀਆਂ ਵਿਖੇ ਪ੍ਰੋਗਰਾਮ ਬਲਵਿੰਦਰ ਸਿੰਘ ਦਦੇਹਰ ਸਾਹਿਬ ਤੇ ਜਸਬੀਰ ਸਿੰਘ ਜਿਊਣੇਕੇ ਦੀ ਅਗਵਾਈ ਹੇਠ ਕੀਤੇ ਗਏ। ਪ੍ਰੋਗਰਾਮਾਂ ਨੂੰ ਸੰਬੋਧਨ ਕਰਦਿਆਂ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਜ਼ਿਲ੍ਹਾ ਤਰਨ ਤਾਰਨ ਦੇ ਮੀਤ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਕਿਹਾ ਕਿ ਸਾਡੇ ਗੁਰੂ ਸਾਹਿਬਾਨ ਤੇ ਗਦਰੀ ਬਾਬਿਆਂ ਨੇ ਦੇਸ਼ ਦੀ ਆਜ਼ਾਦੀ ਵਾਸਤੇ ਸਭ ਕੁਝ ਕੁਰਬਾਨ ਕਰ ਦਿੱਤਾ ਕਿ ਦੇਸ਼ ਵਿੱਚੋਂ ਲੁਟੇਰੇ ਤੇ ਜ਼ਾਲਮ ਕੱਢ ਕੇ ਮਿਹਨਤੀ ਆਵਾਮ ਦਾ ਰਾਜ ਪ੍ਰਬੰਧ ਕਾਇਮ ਹੋਵੇਗਾ ਜਿਸ 'ਚ ਗਰੀਬੀ ਨਹੀਂ ਹਰੇਕ ਮਨੁੱਖ ਅਮੀਰ ਭਾਵ ਖੁਸ਼ਹਾਲ ਹੋਵੇਗਾ। ਬੇਈਮਾਨੀ ਤੇ ਕੁਰੱਪਸ਼ਨ ਦਾ ਖਾਤਮਾ ਹੋਵੇਗਾ। ਲੋਕ ਜਾਤ-ਪਾਤ ਦੇ ਬੰਧਨ ਤੋਂ ਮੁਕਤ ਹੋਣਗੇ ਪਰ ਹੁਣ ਮੋਦੀ ਸਰਕਾਰ ਦੇਸ਼ ਵਿੱਚ ਫਿਰਕੂ ਜ਼ਹਿਰ ਘੋਲ ਰਹੀ ਹੈ। ਇਸ ਲਈ ਇਸ ਨੂੰ ਰੋਕਣਾ ਹੋਵੇਗਾ। ਹਰੇਕ ਮਨੁੱਖ ਦੇ ਰੁਜ਼ਗਾਰ, ਵਿੱਦਿਆ, ਸਿਹਤ ਤੇ ਘਰ ਦੀ ਪ੍ਰਾਪਤੀ ਲਈ ਜ਼ੋਰਦਾਰ ਸੰਘਰਸ਼ ਕਰਨਾ ਹੋਵੇਗਾ। ਪਾਰਟੀ ਨੂੰ ਮਜ਼ਬੂਤ ਕਰਨ ਲਈ ਨਵੇਂ ਪਾਰਟੀ ਮੈਂਬਰਾਂ ਦੀ ਭਰਤੀ ਕਰਨੀ ਹੋਵੇਗੀ। ਆਗੂਆਂ ਨੇ ਦਿੱਲੀ ਵਿੱਚ ਚੱਲ ਰਹੇ ਭਲਵਾਨਾਂ ਦੇ ਸੰਘਰਸ਼ ਦੀ ਪੂਰਨ ਤੌਰ 'ਤੇ ਹਮਾਇਤ ਕਰਦੇ ਹਾਂ ਪਰੰਤੂ ਇਨ੍ਹਾਂ ਨੂੰ ਵੀ ਕਦੀ ਕਿਰਤੀਆਂ ਦੇ ਸੰਘਰਸ਼ ਦੀ ਹਮਾਇਤ ਵਿੱਚ ਨਿੱਤਰਨਾ ਚਾਹੀਦਾ ਹੈ। ਆਗੂਆਂ ਨੇ ਕਿਹਾ ਕਿ ਬੜੀ ਹੈਰਾਨੀ ਹੈ ਕਿ ਸਰਕਾਰ ਖਰੀਦੀ ਹੋਈ ਕਣਕ ਨਹੀਂ ਚੁੱਕ ਰਹੀ। ਕਣਕ ਦੀ ਰਾਖੀ ਦੀ ਜ਼ਿੰਮੇਵਾਰੀ ਸਰਕਾਰ ਤੇ ਆੜ੍ਹਤੀਆਂ ਨੇ ਪੱਲੇਦਾਰਾਂ 'ਤੇ ਪਾਈ ਹੈ। ਮਜ਼ਦੂਰ ਦਿਹਾੜੀ ਕਰਨ ਤੋਂ ਵੀ ਵਿਰਵੇ ਹਨ। ਘਰ ਤੋਂ ਖਾ ਰਹੇ ਹਨ। ਆਗੂਆਂ ਨੇ ਕਿਹਾ ਕਿ ਮਜ਼ਦੂਰਾਂ ਨੂੰ ਕਣਕ ਦੀ ਰਾਖੀ ਦਾ ਮੁਆਵਜ਼ਾ ਦਿੱਤਾ ਜਾਵੇ। ਜੇ ਨਾ ਦਿੱਤਾ ਗਿਆ ਤਾਂ ਜਲਦੀ ਹੀ ਹਰੀਕੇ ਚੌਕ ਵਿੱਚ ਟਰੈਫਿਕ ਬੰਦ ਕੀਤੀ ਜਾਵੇਗੀ। ਪ੍ਰੋਗਰਾਮਾਂ ਨੂੰ ਦੇਵੀ ਕੁਮਾਰੀ ਸੀਪੀਆਈ ਦੀ ਸੂਬਾ ਸਕੱਤਰੇਤ ਮੈਂਬਰ, ਬਾਬਾ ਪਰਮਜੀਤ ਸਿੰਘ ਚੋਹਲਾ ਸਾਹਿਬ ਅਤੇ ਬੂਟਾ ਸਿੰਘ ਢੋਟੀਆਂ ਨੇ ਵੀ ਸੰਬੋਧਨ ਕੀਤਾ।

# ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਨੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਬਲਾਕ ਸ੍ਰੀ ਹਰਗੋਬਿੰਦਪੁਰ ਤੇ ਕਾਦੀਆਂ ਵੱਲੋਂ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਕੇਂਦਰੀ ਸਰਕਾਰ ਮੋਦੀ ਹਕੂਮਤ ਦੇ ਖਿਲਾਫ ਰੋਸ ਰੈਲੀ ਅਤੇ ਮੁਜ਼ਾਹਰਾ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ ਗਿਆ। ਬਲਾਕ ਪ੍ਰਧਾਨ ਕੈਪਟਨ ਅਜੀਤ ਸਿੰਘ ਸੇਰੋਵਾਲ ਅਤੇ ਬਲਾਕ ਸਕੱਤਰ ਕੁਲਦੀਪ ਸਿੰਘ ਸੇਰੋਵਾਲ ਦੀ ਅਗਵਾਈ ਹੇਠ ਹੋਏ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਖਜਾਨਚੀ ਪਾਲ ਸਿੰਘ ਚੀਮਾ ਖੁੱਡੀ ਅਤੇ ਹੋਰ ਬੁਲਾਰਿਆਂ ਨੇ ਕਿਹਾ ਕਿ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਆਪਣੇ ਨਾਲ ਹੋਏ ਜਿਨਸੀ ਸ਼ੋਸ਼ਣ ਖ਼ਿਲਾਫ ਔਰਤ ਪਹਿਲਵਾਨਾਂ ਵੱਲੋਂ ਲਗਾਤਾਰ ਧਰਨਾ ਦੇ ਕੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਜਾ ਰਹੀ ਹੈ ਪਰ ਪਰਚਾ ਦਰਜ ਹੋਣ ਦੇ ਬਾਵਜੂਦ ਨਾ ਤਾਂ ਉਸ ਤੋਂ ਅਸਤੀਫਾ ਲਿਆ ਜਾ ਰਿਹਾ ਹੈ।

ਸੂਬਾ ਪ੍ਰੈੱਸ ਸਕੱਤਰ ਡਾ. ਅਸ਼ੋਕ ਭਾਰਤੀ ਨੇ ਸੰਬੋਧਨ ਕਿਹਾ ਕਿ ਭਾਰਤ ਦਾ ਰਾਜ ਪ੍ਰਬੰਧ ਅਸਲ ਵਿੱਚ ਧੱਕੜ ਆਪਾਸ਼ਾਹ ਅਤੇ ਗੈਰ ਜਮਹੂਰੀ ਅਤੇ ਪਿਛਾਖੜੀ ਹੈ। ਇਸ ਕਰਕੇ ਇਨ੍ਹਾਂ ਦੇ ਨਾਦਰਸ਼ਾਹੀ ਕਾਰਨਾਮਿਆਂ ਖਿਲਾਫ ਇਕਜੁੱਟ ਹੋ ਕੇ ਸੰਘਰਸ਼ ਦੇ ਰਾਹੇ ਪੈਣਾ ਚਾਹੀਦਾ ਹੈ। ਇਸ ਮੌਕੇ ਸਤਨਾਮ ਸਿੰਘ ਨੰਗਲ ਝੌਰ, ਪ੍ਰਕਾਸ਼ ਸਿੰਘ ਨੰਗਲ ਝੌਰ, ਜਰਨੈਲ ਸਿੰਘ ਭਰਥ, ਬਖਸ਼ੀਸ਼ ਸਿੰਘ ਭਰਥ, ਹਰਜੀਤ ਸਿੰਘ ਮਠੋਲਾ, ਕਸ਼ਮੀਰ ਸਿੰਘ ਮਠੋਲਾ, ਕੁਲਵਿੰਦਰ ਸਿੰਘ ਬਸਰਾਵਾਂ, ਅਮਰਜੀਤ ਸਿੰਘ ਬਸਰਾਵਾਂ, ਧਰਮ ਸਿੰਘ, ਸਰਬਜੀਤ ਸਿੰਘ ਸੇਰੋਵਾਲ, ਇਕਬਾਲ ਸਿੰਘ, ਗੁਰਦੇਵ ਸਿੰਘ ਮਠੋਲਾ, ਕਸ਼ਮੀਰ ਸਿੰਘ, ਸੁਖਵਿੰਦਰ ਸਿੰਘ ਨੰਗਲ ਝੌਰ, ਮੰਗਲ ਸਿੰਘ, ਕਸ਼ਮੀਰ ਸਿੰਘ, ਅਜੀਤ ਸਿੰਘ, ਸੁਰਿੰਦਰ ਸਿੰਘ ਚੀਮਾ, ਰਾਜਿੰਦਰਜੀਤ ਸਿੰਘ ਪਿੰਟੂ, ਬਖਸ਼ੀਸ਼ ਸਿੰਘ, ਗੁਰਨਾਮ ਸਿੰਘ ਸੈਰੋਵਾਲ, ਗੁਲਜ਼ਾਰ ਸਿੰਘ ਸੈਰੋਵਾਲ, ਨਰਿੰਦਰ ਸਿੰਘ ਬਸਰਾਵਾਂ, ਧਰਮਪ੍ਰੀਤ ਸਿੰਘ ਕਾਦੀਆਂ, ਬਲਕਾਰ ਸਿੰਘ, ਬਲਬੀਰ ਸਿੰਘ, ਸੁਖਦੇਵ ਸਿੰਘ, ਗੁਰਸੇਵਕ ਸਿੰਘ ਚੀਮਾ ਖੁੱਡੀ, ਗੁਰਬਖਸ਼ ਸਿੰਘ ਢਪੱਈ ਅਤੇ ਸੁਖਜਿੰਦਰ ਸਿੰਘ ਢਪੱਈ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦਾ ਨਤੀਜਾ ਰਿਹਾ ਸ਼ਾਨਮੱਤਾ

ਝਬਾਲ (ਹਰਜਿੰਦਰ ਸਿੰਘ ਸੋਨੀ—ਸ੍ਰੀ ਗੁਰੂ ਹਰਿਕ੍ਰਿਸ਼ਨ ਸੀ. ਸੈਕੰ. ਪਬਲਿਕ ਸਕੂਲ ਦੀ ਦਸਵੀਂ ਤੇ ਬਾਰ੍ਹਵੀਂ ਸ੍ਰੇਣੀ (ਸੀ.ਬੀ.ਐਸ.ਈ.ਬੋਰਡ) ਦਾ ਨਤੀਜਾ ਇਸ ਵਾਰ ਵੀ 100 ਫੀਸਦੀ ਰਿਹਾ। ਇਸ ਸਾਲ ਦਸਵੀਂ ਦੇ 154 ਅਤੇ ਬਾਰ੍ਹਵੀਂ ਦੇ 124 ਵਿਦਿਆਰਥੀ ਪਰੀਖਿਆ ਵਿੱਚ ਬੈਠੇ ਸਨ ਜਿਨ੍ਹਾਂ ਵਿੱਚੋਂ ਸਾਰੇ ਹੀ ਵਿਦਿਆਰਥੀ ਚੰਗੇ ਨੰਬਰ ਲੈ ਕੇ ਪਾਸ ਹੋਏ। ਦਸਵੀਂ ਜਮਾਤ ਦੇ ਗੁਰਬਲਜੀਤ ਸਿੰਘ ਢਿੱਲੋਂ ਅਤੇ ਲਵਲੀਨ ਕੌਰ ਨੇ 97%, ਨੂਰਦੀਪ ਕੌਰ ਨੇ 95%, ਵਿਰਾਸਤ ਸਿੰਘ ਨੇ 94.4% ਅੰਕ ਪ੍ਰਾਪਤ ਕੀਤੇ ਅਤੇ ਬਾਰ੍ਹਵੀਂ ਜਮਾਤ ਦੇ ਨਾਨ-ਮੈਡੀਕਲ ਗਰੁੱਪ ਵਿੱਚੋਂ ਮਹਿਕਪ੍ਰੀਤ ਕੌਰ ਨੇ 96%, ਮੈਡੀਕਲ ਗਰੁੱਪ ਵਿੱਚੋਂ ਅਵਲੀਨ ਕੌਰ ਨੇ 93%, ਕਾਮਰਸ ਗਰੁੱਪ ਵਿੱਚੋਂ ਗੁਰਲੀਨ ਕੌਰ ਅਤੇ ਉਦੈਬੀਰ ਸਿੰਘ ਨੇ 94% ਅਤੇ ਆਰਟਸ ਗਰੁੱਪ ਵਿੱਚੋਂ ਹਰਮਨਦੀਪ ਕੌਰ ਨੇ 84.2% ਅੰਕ ਪ੍ਰਾਪਤ ਕਰਕੇ ਆਪਣੇ ਸਕੂਲ, ਅਧਿਆਪਕਾਂ ਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ। ਸਕੂਲ ਦੇ ਇਸ ਸ਼ਾਨਦਾਰ ਨਤੀਜੇ ਤੇ ਸਕੂਲ ਦੇ ਮੈਂਬਰ ਇੰਚਾਰਜ ਸ: ਗੁਰਪ੍ਰੀਤ ਸਿੰਘ ਸੇਠੀ, ਮਨਜੀਤ ਸਿੰਘ ਢਿੱਲੋਂ, ਜਤਿੰਦਰਬੀਰ ਸਿੰਘ, ਰਮਨੀਕ ਸਿੰਘ ਫਰੀਡਮ ਤੇ ਪ੍ਰਿੰਸੀਪਲ ਉਰਮਿੰਦਰ ਕੌਰ ਨੇ ਪਾਸ ਹੋਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਜਿੱਥੇ ਚੰਗੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੰਦਿਆਂ ਜ਼ਿੰਦਗੀ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਆ ਉੱਥੇ ਹੀ ਉਨਾਂ ਨੇ ਅਧਿਆਪਕਾਂ ਨੂੰ ਵੀ ਵਧੀਆ ਕਾਰਗੁਜ਼ਾਰੀ ਵਿਖਾਉਣ ਤੇ ਵਧਾਈ ਦਿੱਤੀ। ਇਸ ਮੌਕੇ ਸਕੂਲ ਦਾ ਸਾਰਾ ਸਟਾਫ ਹਾਜ਼ਰ ਸੀ।

# ਸੇਂਟ ਸੋਲਜਰ ਸਕੂਲ ਦਾ ਸੀ ਬੀ ਐੱਸ ਸੀ ਬਾਰ੍ਹਵੀਂ ਦਾ ਨਤੀਜਾ ਸੌ ਫੀਸਦੀ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਦਾ ਬਾਰ੍ਹਵੀਂ ਕਲਾਸ ਦਾ ਨਤੀਜਾ 100% ਰਿਹਾ। 159 ਵਿੱਚੋਂ ਨੇ ਪ੍ਰੀਖਿਆ 'ਚ ਭਾਗ ਲਿਆ ਤੇ ਸਾਰੇ ਹੀ ਵਧੀਆ ਅੰਕਾਂ ਨਾਲ ਪਾਸ ਹੋਏ। ਕਾਮਰਸ ਗਰੁੱਪ : ਮਹਿਕਦੀਪ ਕੌਰ (95.6%) ਨੰਬਰ ਲੈ ਕੇ ਪਹਿਲੇ, ਸਮਰੀਨ ਕੌਰ (94.1%) ਦੂਜੇ, ਹਰਮਨਪ੍ਰੀਤ ਕੌਰ (92.2%) ਨੰਬਰ ਲੈ ਕੇ ਤੀਜੇ ਸਥਾਨ 'ਤੇ ਰਹੀ। ਸਾਇੰਸ ਗਰੁੱਪ : ਅਰਸ਼ਪ੍ਰੀਤ ਸਿੰਘ (92.4%) ਪਹਿਲੇ, ਲਵਪ੍ਰੀਤ ਸਿੰਘ (90.8%) ਦੂਜੇ, ਸਮਰੀਨ ਕੌਰ (90%) ਲੈ ਕੇ ਤੀਜੇ ਸਥਾਨ ਤੇ ਰਹੀ। ਕੈਮਿਸਟਰੀ ਵਿੱਚੋਂ 6 ਮੈਰਿਟ, ਅਕਾਊਂਟਸ ਵਿੱਚੋਂ 6, ਫਿਜ਼ੀਕਲ ਐਜੂਕੇਸ਼ਨ 'ਚੋਂ 46, ਬਿਜ਼ਨੈਸ ਸਟੱਡੀ ਵਿੱਚੋਂ 5, ਇਕਨਾਮਿਕਸ ਵਿੱਚੋਂ 2, ਫਾਈਨ ਆਰਟਸ ਵਿੱਚੋਂ 3, ਇੰਗਲਿਸ਼ ਵਿੱਚੋਂ 11, ਮੈਥ, ਬਾਓਲੋਜੀ ਅਤੇ ਪੰਜਾਬੀ 'ਚ 1-1 ਮੈਰਿਟ ਆਈ। ਸਕੂਲ ਦੇ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਨੇ ਇਸ ਸ਼ਾਨਦਾਰ ਨਤੀਜੇ ਲਈ ਆਪਣੇ ਸਮੁੱਚੇ ਅਧਿਆਪਕਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਦੀ ਅਣਥੱਕ ਮਿਹਨਤ ਸਦਕਾ ਸਾਰੇ ਬੱਚੇ ਪਾਸ ਹੋਏ ਅਤੇ ਬਹੁਤ ਸਾਰੇ ਬੱਚਿਆਂ ਨੇ ਮੈਰਿਟ ਪ੍ਰਾਪਤ ਕੀਤੀਆਂ।

ਸਕੂਲ ਦੇ ਡਾਇਰੈਕਟਰ, ਪ੍ਰਿੰਸੀਪਲ ਅਮਰਦੀਪ ਕੌਰ, ਵਾਈਸ ਪ੍ਰਿੰਸੀਪਲ ਗੁਰਪ੍ਰੀਤ ਕੌਰ, ਕੋਆਰਡੀਨੇਟਰ ਸ਼ਿਲਪਾ ਸ਼ਰਮਾ ਅਤੇ ਨਿਰਮਲਾ ਗੁਪਤਾ ਨੇ ਸਟਾਫ ਅਤੇ ਬੱਚਿਆਂ ਨਾਲ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ ਇੱਕ ਦੂਜੇ ਦਾ ਮੂੰਹ ਮਿੱਠਾ ਕਰਵਾਇਆ। ਇਸ ਸ਼ਾਨਦਾਰ ਨਤੀਜੇ ਲਈ ਬੱਚਿਆਂ ਦੇ ਮਾਪਿਆਂ ਦਾ ਵੀ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਆਪਣੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਬਹੁਤ ਮਿਹਨਤ ਕੀਤੀ।

# ਪੋਲਟਰੀ ਫਾਰਮ ਨੂੰ ਲੱਗੀ ਅੱਗ ਬੁਝਾਉਂਦੇ ਪਿਓ-ਪੁੱਤ ਝੁਲਸੇ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪਿੰਡ ਬਸਰਾਵਾਂ ਵਿਖੇ ਨਾੜ ਨੂੰ ਲਗਾਈ ਅੱਗ ਦੌਰਾਨ ਪੋਲਟਰੀ ਫਾਰਮ 'ਚ ਲੱਗੀ ਅੱਗ ਦੌਰਾਨ ਇਕ ਵਿਅਕਤੀ ਤੇ ਬੱਚਾ ਝੁਲਸਿਆ। ਹਜ਼ਾਰਾਂ ਰੁਪਿਆਂ ਦਾ ਨੁਕਸਾਨ ਹੋਣ ਅਤੇ ਵੱਡਾ ਹਾਦਸਾ ਟਲਣ ਦੀ ਖਬਰ ਮਿਲੀ ਹੈ। ਜਾਣਕਾਰੀ ਦਿੰਦੇ ਹੋਏ ਪੋਲਟਰੀ ਫਾਰਮ ਦੇ ਮਾਲਕ ਇਫਤਖਾਰ ਅਹਿਮਦ ਵਾਸੀ ਕਾਦੀਆਂ ਨੇ ਦੱਸਿਆ ਕਿ ਉਸ ਦਾ ਪੋਲਟਰੀ ਫਾਰਮ ਜੋ ਪਿੰਡ ਬਸਰਾਵਾਂ ਦੇ ਬਾਹਰ ਫ਼ਿਰਨੇ 'ਤੇ ਹੈ, ਫਾਰਮ ਦੇ ਨਜ਼ਦੀਕ ਖੇਤਾਂ ਵਿੱਚ ਕਿਸੇ ਕਿਸਾਨ ਵਲੋਂ ਖੁੰਦ ਨੂੰ ਲਗਾਈ ਅੱਗ ਦੀ ਲਿਪਟ 'ਚ ਆ ਗਿਆ। 15 ਹਜ਼ਾਰ ਰੁਪਏ ਦੀਆਂ ਤਰਪਾਲਾਂ ਸੜ ਕੇ ਸੁਆਹ ਹੋ ਗਈਆਂ। ਫਾਰਮ ਵਿੱਚ ਰੱਖੇ ਗਏ ਮੁਲਾਜ਼ਮ ਬਸ਼ੀਰੁਦੀਨ ਤੇ ਉਸਦਾ ਛੋਟਾ ਬੱਚਾ ਮੁਹੰਮਦ ਅਨੀਸ ਅਹਿਮਦ ਅੱਗ ਨੂੰ ਬੁਝਾਉਂਦੇ ਹੋਏ ਝੁਲਸ ਗਏ। ਪੁਲਸ ਥਾਣਾ ਕਾਦੀਆਂ ਦੇ ਸਬ-ਇੰਸਪੈਕਟਰ ਚਰਨਜੀਤ ਸਿੰਘ ਤੇ ਏਐੱਸਆਈ ਮਲਕੀਤ ਸਿੰਘ ਵੱਲੋਂ ਘਟਨਾ ਸਥਾਨ ਦਾ ਜਾਇਜ਼ਾ ਲਿਆ ਗਿਆ ਅਤੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਗਈ। ਪੋਲਟਰੀ ਫਾਰਮ ਦੇ ਮਾਲਕ ਨੇ ਪੰਜਾਬ ਸਰਕਾਰ ਅਤੇ ਸਬੰਧਤ ਮਹਿਕਮਿਆਂ ਅਤੇ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ ਕਿ ਨਾੜ ਨੂੰ ਅੱਗ ਲਗਾਉਣ ਵਾਲੇ ਇਨ੍ਹਾਂ ਲੋਕਾਂ ਉੱਪਰ ਬਣਦੀ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇਫਤਖਾਰ ਅਹਿਮਦ, ਬਸ਼ੀਰੁਦੀਨ, ਇਕਰਾਮ ਅਹਿਮਦ ਚਾਂਦ, ਮੁਹੰਮਦ ਚਾਂਦ ਅਤੇ ਮੁਹੰਮਦ ਅਨੀਸ ਅਹਿਮਦ ਹਾਜ਼ਰ ਸਨ।

## ਰਿਸ਼ਵਤ ਮੰਗਣ ਦੇ ਦੋਸ਼ ਹੇਠ ਨੰਬਰਦਾਰ ਗ੍ਰਿਫ਼ਤਾਰ

ਧਾਰੀਵਾਲ (ਗੁਰਦਾਸਪੁਰ) (ਮਨਦੀਪ ਸਿੰਘ ਵਿੱਕੀ) ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਮੁਹਿੰਮ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਪੁਰੇਵਾਲ ਰਾਜਪੂਤਾਂ ਦੇ ਨੰਬਰਦਾਰ ਸੁਭਾਸ਼ ਚੰਦਰ ਨੂੰ 50,000 ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਸੁਰਿੰਦਰ ਸਿੰਘ ਵਾਸੀ ਫਤਿਹਗੜ੍ਹ ਚੂੜੀਆਂ, ਤਹਿਸੀਲ ਬਟਾਲਾ ਵੱਲੋਂ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੀ ਪੜਤਾਲ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਹੈ। ਉਕਤ ਮੁਲਜ਼ਮ ਨੇ ਸ਼ਿਕਾਇਤਕਰਤਾ ਤੋਂ 50,000 ਰੁਪਏ ਦੀ ਰਿਸ਼ਵਤ ਦੀ ਮੰਗੀ ਸੀ ਅਤੇ ਦੋ ਕਿਸ਼ਤਾਂ ਵਿੱਚ ਇਹ ਰਕਮ ਲੈਣ ਲਈ ਰਾਜ਼ੀ ਹੋ ਗਿਆ ਸੀ। ਇਸ ਪੜਤਾਲ ਦੇ ਆਧਾਰ 'ਤੇ ਉਕਤ ਨੰਬਰਦਾਰ ਖਿਲਾਫ ਭ੍ਰਿਸ਼ਟਾਚਾਰ ਦੀ ਰੋਕਥਾਮ ਸਬੰਧੀ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਦੜਾ-ਸੱਟਾ ਲਗਾਉਣ ਦੇ ਦੋਸ਼ ਹੇਠ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਦੀਨਾਨਗਰ ਪੁਲਸ ਵਲੋਂ ਇੱਕ ਵਿਅਕਤੀ ਨੂੰ ਦੜਾ ਸੱਟਾ ਲਗਾਉਣ ਦੇ ਦੋਸ਼ ਹੇਠ ਮਾਮਲਾ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਥਾਣਾ ਦੀਨਾਨਗਰ ਕੇ. ਈ. ਐੱਸ. ਆਈ . ਨਰੇਸ਼ ਕੁਮਾਰ ਸਮੇਤ ਪੁਲਸ ਪਾਰਟੀ ਦੌਰਾਨੇ ਗਸ਼ਤ ਲਾਈਟਾਂ ਵਾਲੇ ਚੌਕ ਦੀਨਾਨਗਰ ਮੌਜੂਦ ਸੀ। ਇਤਲਾਹ ਮਿਲੀ ਕਿ ਸੁਰੇਸ਼ ਕੁਮਾਰ ਪੁੱਤਰ ਓਮ ਪ੍ਰਕਾਸ਼ ਵਾਸੀ ਸਹਾਰਨਪੁਰ ਥਾਣਾ ਤਾਰਾਗੜ੍ਹ ਜ਼ਿਲਾ ਪਠਾਨਕੋਟ ਆਪਣੀ ਦੁਕਾਨ ਵਿੱਚ ਪੰਜਾਬ ਸਰਕਾਰ ਦੀ ਲਾਟਰੀ ਦੀ ਆੜ ਵਿੱਚ ਦੜਾ ਸੱਟਾ ਦਾ ਕੰਮ ਕਰਦਾ ਹੈ। ਪੁਲਸ ਪਾਰਟੀ ਉਕਤ ਦੁਕਾਨ 'ਤੇ ਪੁੱਜੀ ਤੇ ਕਾਊਂਟਰ ਤੇ ਬੈਠੇ ਸੁਰੇਸ਼ ਕੁਮਾਰ ਤੋਂ ਮੌਕੇ 'ਤੇ ਇੱਕ ਮੋਬਾਈਲ ਤੇ 3800 ਰੁਪਏ ਨਕਦ ਇੱਕ ਸਲਿਪ ਪੈਡ ਤੇ ਇੱਕ ਬਾਲ ਪੈੱਨ ਬਰਾਮਦ ਕਰਕੇ ਉਕਤ ਦੋਸ਼ੀ ਖਿਲਾਫ ਧਾਰਾ 420, 13 ਏ ਪੰਜਾਬ ਗੈਂਬਲਿਗ ਐਕਟ ਅਧੀਨ ਮਾਮਲਾ ਦਰਜ ਕਰਦੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਉਕਤ ਦੋਸ਼ੀ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ।

# ਬੀਬੀ ਕੌਲਾਂ ਜੀ ਪਬਲਿਕ ਸਕੂਲ ਦਾ ਦੱਸਵੀਂ ਅਤੇ ਬਾਰ੍ਹਵੀਂ ਦਾ 100 ਫੀਸਦੀ ਨਤੀਜਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਦੀ ਸਰਪ੍ਰਸਤੀ ਹੇਠ ਚੱਲ ਰਹੇ ਬੀਬੀ ਕੌਲਾਂ ਜੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ (ਬਰਾਂਚ-2), ਨੇੜੇ ਗੁਰਦੁਆਰਾ ਟਾਹਲਾ ਸਾਹਿਬ , ਤਰਨ ਤਾਰਨ ਰੋਡ, ਅੰਮ੍ਰਿਤਸਰ ਵਿਖੇ ਬਾਰ੍ਹਵੀਂ ਅਤੇ ਦੱਸਵੀਂ ਕਲਾਸ ਦਾ ਨਤੀਜਾ 100 ਫੀਸਦੀ ਰਿਹਾ। ਸਕੂਲ ਦੇ ਪ੍ਰਿੰਸੀਪਲ ਇੰਦਰਪ੍ਰੀਤ ਕੌਰ ਨੇ ਦੱਸਿਆ ਕਿ ਬਾਰ੍ਹਵੀਂ ਕਲਾਸ ਦੇ ਬੱਚੇ ਨਾਮਪ੍ਰੀਤ ਕੌਰ ਨੇ ਨਾਨ-ਮੈਡੀਕਲ ਵਿੱਚੋਂ 95.2%, ਜੈਸਮੀਨ ਕੌਰ 95% ਤੇ ਕਾਮਰਸ ਵਿੱਚੋਂ ਸਿਮਰਨ ਕੌਰ ਨੇ 92.2%, ਜਸਪ੍ਰੀਤ ਸਿੰਘ 92%, ਹਰਪ੍ਰੀਤ ਕੌਰ 91.6% , ਮਾਨਵਜੀਤ ਸਿੰਘ 90.8% ਅਤੇ ਸੰਜੂ ਸਿੰਘ ਨੇ 90% ਅੰਕ ਪ੍ਰਾਪਤ ਕੀਤੇ ਹਨ। ਬੱਚਿਆਂ ਨੇ ਵੱਖ-ਵੱਖ ਵਿਸ਼ਿਆਂ ਵਿੱਚੋਂ ਜਿਵੇ ਕਿ ਇੰਗਲਿਸ਼ ਵਿੱਚ 97%, ਅਕਾਂਊਟਸ ਵਿੱਚੋਂ 99%, ਫਿਜ਼ੀਕਲ ਐਜੂਕੇਸ਼ਨ ਵਿੱਚੋਂ 96%, ਕਮਿਸਟਰੀ ਵਿੱਚੋਂ 96%, ਮੈਥਸ ਤੇ ਫਿਜ਼ਿਕਸ ਵਿੱਚੋਂ 95% ਨੰਬਰ ਪ੍ਰਾਪਤ ਕੀਤੇ। ਇਸਦੇ ਨਾਲ ਹੀ ਦੱਸਵੀਂ ਕਲਾਸ ਦੀ ਜਸਲੀਨ ਕੌਰ ਤੇ ਤਰਲੀਨ ਕੌਰ ਨੇ 95.4%, ਤਜਿੰਦਰ ਸਿੰਘ 94.6%, ਰਾਯਨਾਪ੍ਰੀਤ ਕੌਰ 93.8%, ਮਨਕਿਰਤ ਸਿੰਘ 93.4%, ਗੁਰਸੇਵਕ ਸਿੰਘ 93.4%, ਖੁਸ਼ਪ੍ਰੀਤ ਕੌਰ 92.4%, ਗੁਰਬਖਸ਼ੀਸ਼ ਕੌਰ 92%, ਤਰਨਬੀਰ ਸਿੰਘ 91.4 ਅਤੇ ਗੁਰਅੰਗਦ ਸਿੰਘ ਨੇ 90.2 ਅੰਕ ਪ੍ਰਾਪਤ ਕਰਕੇ ਸਕੂਲ ਦਾ ਅਤੇ ਆਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ। ਸਕੂਲ ਦਾ ਸ਼ਾਨਦਾਰ ਨਤੀਜਾ ਵੇਖਦੇ ਹੋਏ ਸਕੂਲ ਦੇ ਚੇਅਰਮੈਨ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਨੇ ਸਤਿਗੁਰਾਂ ਦਾ ਸ਼ੁਕਰਾਨਾ ਕੀਤਾ ਅਤੇ ਰਜਿੰਦਰ ਸਿੰਘ ਜੀ (ਐੱਮ.ਡੀ), ਟਹਿਲਇੰਦਰ ਸਿੰਘ ਅਤੇ ਭੁਪਿੰਦਰ ਸਿੰਘ ਗਰਚਾ (ਚੀਫ ਐਡਵਾਈਜ਼ਰ) ਨੇ ਸਾਰੇ ਸਟਾਫ ਅਤੇ ਬੱਚਿਆਂ ਨੂੰ ਵਧਾਈ ਦਿੱਤੀ।

# ਵਿਦਿਆਰਥੀਆਂ ਦੇ ਸੁੰਦਰ ਲਿਖਾਈ ਮੁਕਾਬਲੇ ਆਯੋਜਿਤ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਆਫ ਕੈਡਿੰਡ ਸਟੱਡੀਜ਼ ਫਤਿਹਾਬਾਦ ਵਿੱਚ ਵਿਦਿਆਰਥੀਆ ਦੇ ਸੁੰਦਰ ਲਿਖਾਈ ਦੇ ਮੁਕਾਬਲੇ ਕਰਵਾਏ ਗਏ। ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਸਕੂਲ ਪ੍ਰਬੰਧਕਾਂ ਵੱਲੋਂ ਇਨਾਮ ਅਤੇ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਅਨੀਤਾ ਚਤਰਥ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਹੁਨਰ ਦੀ ਪਛਾਣ ਕਰਨ ਅਤੇ ਹੁਨਰ ਨੂੰ ਹੋਰ ਨਿਖਾਰਨ ਲਈ ਸਕੂਲ ਵੱਲੋਂ ਸਮੇਂ ਸਮੇਂ 'ਤੇ ਅਜਿਹੇ ਮੁਕਾਬਲਿਆਂ ਦਾ ਆਯੋਜਨ ਕੀਤਾ ਜਾਂਦਾ ਹੈ। ਸੰਸਥਾ ਦੇ ਸਰਪ੍ਰਸਤ ਮਾਸਟਰ ਮੰਗਤ ਰਾਮ ਅਤੇ ਚੇਅਰਮੈਨ ਰਵਿੰਦਰ ਕੁਮਾਰ ਨੇ ਵੀ ਇਸ ਖਾਸ ਮੌਕੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਫਲਤਾ ਲਈ ਵਧਾਈ ਦਿੱਤੀ ਅਤੇ ਪ੍ਰਿੰਸੀਪਲ ਅਨੀਤਾ ਚਤਰਥ ਤੇ ਸਮੂਹ ਸਕੂਲ ਸਟਾਫ ਦੁਆਰਾ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਸੰਤੋਸ਼ ਕੁਮਾਰੀ, ਮਮਤਾ ਮੈਡਮ, ਮਨਜਿੰਦਰ ਕੌਰ, ਕੰਵਲਪ੍ਰੀਤ ਕੌਰ, ਅੰਤਰਪ੍ਰੀਤ ਕੌਰ, ਸੁਖਬੀਰ ਮੈਡਮ, ਬਲਜੀਤ ਕੌਰ, ਹਰਪ੍ਰੀਤ ਕੌਰ, ਕਿਰਨਦੀਪ ਕੌਰ, ਅਰਚਨਾ ਮੈਡਮ, ਰਜਨੀਸ਼ ਮੈਡਮ, ਰਾਜਬੀਰ ਕੌਰ, ਰਮਨਦੀਪ ਕੌਰ ਅਤੇ ਕਿਰਨਦੀਪ ਕੌਰ, ਮਨਜਿੰਦਰ ਮੈਡਮ, ਸੰਦੀਪ ਸਿੰਘ, ਜਸਬੀਰ ਸਿੰਘ ਅਤੇ ਤੇਜਿੰਦਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਮਾਤਾ ਗੁਜਰੀ ਕਾਨਵੈਂਟ ਸਕੂਲ ਦਾ ਦਸਵੀਂ/ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਸੀਬੀਐੱਸਈ ਬੋਰਡ ਵੱਲੋ ਦਸਵੀਂ ਅਤੇ ਬਾਰ੍ਹਵੀਂ ਜਮਾਤ ਦਾ ਨਤੀਜਾ ਘੋਸ਼ਿਤ ਕੀਤਾ ਗਿਆ ਜਿਸ ਵਿੱਚ ਮਾਤਾ ਗੁਜਰੀ ਕਾਨਵੈਂਟ ਸਕੂਲ ਸਰਹਾਲੀ ਕਲਾਂ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਬਾਰ੍ਹਵੀਂ ਕਲਾਸ ਦੀ ਕੋਮਲਪ੍ਰੀਤ ਕੌਰ 97.4% ਅਤੇ ਦਸਵੀਂ ਜਮਾਤ ਦੀ ਖੁਸ਼ਪ੍ਰੀਤ ਕੌਰ ਨੇ 96% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਬਾਰ੍ਹਵੀਂ ਜਮਾਤ ਦੇ ਕਾਮਰਸ ਗਰੁੱਪ ਵਿੱਚੋਂ ਕੋਮਲਪ੍ਰੀਤ ਕੌਰ 97.4 ਪ੍ਰਤੀਸ਼ਤ ਪਹਿਲਾ ਸਥਾਨ, ਹਰਮਨਪ੍ਰੀਤ ਕੌਰ 93.4% ਦੂਸਰਾ ਸਥਾਨ ਅਤੇ ਸ਼ਰਨਜੀਤ ਕੌਰ ਨੇ 93.2% ਤੀਸਰਾ ਸਥਾਨ ਪ੍ਰਾਪਤ ਕੀਤਾ। ਸਾਇੰਸ ਗਰੁੱਪ ਵਿੱਚ ਖੁਸ਼ਦੀਪ ਕੌਰ ਨੇ 97% ਪਹਿਲਾ ਸਥਾਨ, ਨਵਜੋਤ ਕੌਰ 91.6% ਦੂਸਰਾ ਸਥਾਨ ਅਤੇ ਸੁਖਮਨਪ੍ਰੀਤ ਕੌਰ ਨੇ 87.6% ਅੰਕਾਂ ਨਾਲ ਤੀਸਰਾ ਸਥਾਨ ਪ੍ਰਾਪਤ ਕੀਤਾ। ਆਰਟਸ ਗਰੁੱਪ ਵਿੱਚੋਂ ਅਵਤਾਰ ਸਿੰਘ 77.2%, ਗੁਰਜੋਬਨਪ੍ਰੀਤ ਸਿੰਘ,71.2% ਅਤੇ ਲਵਦੀਪ ਸਿੰਘ 66% ਨੇ ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਸਰਾ, ਤੀਸਰਾ ਸਥਾਨ ਹਾਸਿਲ ਕੀਤਾ। ਇਸ ਤੋਂ ਇਲਾਵਾ ਕਵਲਜੀਤ ਕੌਰ 88%, ਪ੍ਰਭਕੇਤ ਸਿੰਘ 87% ਅਤੇ ਰਾਜਬੀਰ ਕੌਰ ਨੇ 79% ਅੰਕ ਪ੍ਰਾਪਤ ਕਰਕੇ ਬਹੁਤ ਹੀ ਵਧੀਆ ਪ੍ਰਦਰਸ਼ਨ ਕੀਤਾ। ਦਸਵੀਂ ਜਮਾਤ ਵਿਚੋਂ ਖੁਸ਼ਪ੍ਰੀਤ ਕੌਰ 96% ਪਹਿਲਾ ਸਥਾਨ, ਸਾਈਮਨਪ੍ਰੀਤ ਕੌਰ 94% ਦੂਸਰਾ ਸਥਾਨ ਅਤੇ ਰਮਨਪ੍ਰੀਤ ਕੌਰ ਨੇ 91% ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕਰਕੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਸਕੂਲ ਦੇ ਡਾਇਰੈਕਟਰ ਮਨਜਿੰਦਰ ਸਿੰਘ ਕੁਕਰੇਜਾ, ਪ੍ਰਿੰਸੀਪਲ ਗੀਤਾ ਕੁਕਰੇਜਾ ਅਤੇ ਵਿਦਿਆਰਥੀਆਂ ਦੀ ਇਸ ਉਪਲਬਧੀ ਨੂੰ ਸਲਾਹੁੰਦਿਆਂ ਸਾਰੇ ਵਿਦਿਆਰਥੀਆਂ ਸਮੂਹ ਸਟਾਫ਼ ਅਤੇ ਬੱਚਿਆਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ।

## ਅਰਸ਼ਦੀਪ ਕੌਰ ਨੇ ਅਕਾਲ ਅਕੈਡਮੀ ਢੋਟੀਆਂ ਦਾ ਨਾਂਅ ਚਮਕਾਇਆ



ਸਰਹਾਲੀ ਕਲਾਂ (ਹਰਪ੍ਰੀਤ ਸਿੰਘ, ਰਮਨ ਚੱਢਾ)-ਅਕਾਲ ਅਕੈਡਮੀ ਢੋਟੀਆਂ ਦਾ ਬਾਰ੍ਹਵੀਂ ਕਲਾਸ ਮੈਡੀਕਲ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਮੈਡਮ ਰਮਨਦੀਪ ਕੌਰ ਨੇ ਪੱਤਰਕਾਰਾਂ ਨਾਲ ਗਲਬਾਤ ਦੌਰਾਨ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅਕਾਲ ਅਕੈਡਮੀ ਢੋਟੀਆਂ ਦਾ ਬਾਰ੍ਹਵੀਂ ਮੈਡੀਕਲ ਕਲਾਸ ਦਾ ਨਤੀਜਾ ਬਹੁਤ ਵਧੀਆ ਰਿਹਾ ਹੈ ਜਿਸ ਵਿੱਚ ਅਰਸ਼ਦੀਪ ਕੌਰ ਨੇ 88 ਪ੍ਰਤੀਸ਼ਤ ਨੰਬਰ ਪ੍ਰਾਪਤ ਕਰਨੇ ਦੂਸਰਾ ਸਥਾਨ ਹਾਸਿਲ ਕੀਤਾ ਹੈ ਜਿਸ ਨਾਲ ਜਿੱਥੇ ਅਰਸ਼ਦੀਪ ਕੌਰ ਨੇ ਆਪਣੇ ਪਿਤਾ ਸੰਨਦੀਪ ਸਿੰਘ ਅਤੇ ਮਾਤਾ ਹਰਿੰਦਰਪਾਲ ਕੌਰ ਅਤੇ ਹੋਰ ਪਰਿਵਾਰਕ ਮੈਂਬਰਾਂ ਦਾ ਸਿਰ ਫਖਰ ਨਾਲ ਉੱਚਾ ਕੀਤਾ ਹੈ ਉਥੇ ਸਕੂਲ ਦਾ ਨਾਮ ਵੀ ਰੌਸ਼ਨ ਕੀਤਾ ਹੈ। ਇਸ ਸਮੇਂ ਸਕੂਲ ਦਾ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਹਾਜ਼ਰ ਸੀ।

# ਰੁਕੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ 'ਆਪ' ਆਗੂਆਂ ਵੱਲੋਂ ਅਹਿਮ ਮੀਟਿੰਗ



ਪੱਟੀ ਬਲਦੇਵ ਸਿੰਘ ਸੰਧੂ/ਸ਼ਮਸੇਰ ਸਿੰਘ ਯੋਧਾ)-ਪਿੰਡ ਕਿਰਤੋਵਾਲ ਕਲਾਂ 'ਚ ਰੁਕੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨ ਨਵੇ ਸਿਰਿਉਂ ਵਿਕਾਸ ਕਾਰਜ ਸ਼ੁਰੂ ਕਰਵਾਉਣ ਨੂੰ ਲੈ ਕੇ ਆਪ ਆਗੂ ਗੁਰਪ੍ਰੀਤ ਗੋਰਾ ਮੈਬਰ ਦੇ ਗ੍ਰਹਿ ਵਿਖੇ ਅਹਿਮ ਮੀਟਿੰਗ ਹੋਈ। ਮੀਟਿੰਗ ਦੌਰਾਨ ਕਿਰਤੋਵਾਲ ਕਲਾਂ ਦੀਆਂ ਅਧੂਰੀਆਂ ਗਲੀਆਂ ਨਾਲੀਆਂ ਤੇ ਟੁੱਟੀਆਂ ਪੁਲੀਆਂ ਅਤੇ ਅਧੂਰੇ ਸੀਵਰੇਜ ਸਿਸਟਮ ਅਤੇ ਗੰਦਗੀ ਨਾਲ ਭਰੇ ਬਦਬੂ ਮਾਰਦੇ ਛੱਪੜਾਂ ਦੀ ਸਫਾਈ ਮੀਟਿੰਗ 'ਚ ਮੁੱਖ ਵਿਸ਼ਾ ਰਿਹਾ। ਆਗੂਆਂ ਨੇ ਦੱਸਿਆ ਕਿ ਪਿੰਡ ਦੇ ਅਧੂਰੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਪੂਰੀ ਵਾਹ ਲਗਾਈ ਜਾਵੇਗੀ ਪਿੰਡ ਦੇ ਵਿਕਾਸ ਕਾਰਜਾਂ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਜ਼ਿਕਰਯੋਗ ਹੈ ਪਿੰਡ 'ਚ ਛੱਪੜਾਂ ਦੀ ਬੀਤੇ 20-25 ਸਾਲਾਂ ਤੋ ਸਫਾਈ ਨਾ ਹੋਣ ਕਾਰਨ ਸਵੈਥ ਬੂਟੀ ਤੇ ਗੰਦਗੀ ਨਾਲ ਭਰੇ ਹੋਏ ਹਨ। ਇਨ੍ਹਾਂ ਦੇ ਨੇੜੇ ਵੱਸਦੇ ਪਰਿਵਾਰ ਨਰਕ ਭਰੀ ਜ਼ਿੰਦਗੀ ਜੀਣ ਲਈ ਮਜਬੂਰ ਹਨ। ਉਲਟਾ ਤਤਕਾਲੀ ਸਰਕਾਰ ਵੱਲੋਂ ਸੀਵਰੇਜ ਪਾਉਣ ਦੀ ਆੜ ਵਿਚ ਗਲੀਆਂ ਨਾਲੀਆਂ ਪੁੱਟ ਕੇ ਗਲੀਆਂ ਦੇ ਹਾਲਾਤ ਦੇਸ਼ ਦੀ ਵੰਡ ਤੋਂ ਪਹਿਲਾਂ ਵਰਗੇ ਬਣਾ ਦਿੱਤੇ ਗਏ। ਪਾਣੀ ਵਾਲੀ ਟੈਂਕੀ ਬੀਤੇ 2-3 ਸਾਲਾਂ ਤੋ ਬੰਦ ਪਈ ਹੈ। ਗਰੀਬ ਲੋਕ ਸਾਫ ਪਾਣੀ ਪੀਣ ਤੋਂ ਆਤੁਰ ਹਨ। ਵਾਟਰ ਸਪਲਾਈ ਤੋਂ ਸਾਫ ਪਾਣੀ ਦੀ ਬਹਾਲੀ ਤੇ ਅੱਧ ਵਿਚਾਲੇ ਲਟਕੇ ਵਿਕਾਸ ਕਾਰਜਾਂ ਨੂੰ ਪੂਰਾ ਕਰਨ ਲਈ ਲੰਮੀ ਵਿਚਾਰ ਚਰਚਾ ਚੱਲੀ। ਆਗੂਆਂ ਵੱਲੋਂ ਬਿਨਾਂ ਕਿਸੇ ਭੇਦਭਾਵ ਤੋਂ ਆਪਸੀ ਤਾਲਮੇਲ ਨਾਲ ਅਧੂਰੇ ਵਿਕਾਸ ਕਾਰਜਾਂ ਨੂੰ ਨਵੇਂ ਸਿਰਿਉਂ ਪੂਰੇ ਕਰਨ ਲਈ ਇੱਕਜੁੱਟ ਰਹਿਣ ਦਾ ਅਹਿਦ ਕੀਤਾ ਗਿਆ। ਇਸ ਮੌਕੇ ਨਰਵਿੰਦਰ ਸਿੰਘ ਟੋਮਾ ਫੌਜੀ, ਰਛਪਾਲ ਸਿੰਘ ਫੌਜੀ, ਠਾਕਰ ਸਿੰਘ, ਗੁਰਜੰਟ ਸਿੰਘ, ਜੋਗਾ ਸਿੰਘ, ਡਾਕਟਰ ਕੁਲਵੰਤ ਸਿੰਘ ਸੈਂਡੀ ਆਦਿ ਆਗੂ ਹਾਜ਼ਰ ਸਨ।

# 17 ਸਾਲਾ ਨੌਜਵਾਨ ਲਾਪਤਾ, ਪੁਲਸ ਵੱਲੋਂ ਭਾਲ ਜਾਰੀ

ਤਰਨਤਾਰਨ/ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਪ੍ਰਿਤਪਾਲ ਸਿੰਘ/ਰਣਬੀਰ ਸਿੰਘ ਗੋਲਣ)-ਜ਼ਿਲ੍ਹਾ ਤਰਨਤਾਰਨ ਅਧੀਨ ਪੈਂਦੇ ਪਿੰਡ ਮੱਲੀਆਂ ਕਲਾਂ ਦੇ 17 ਸਾਲਾ ਨੌਜਵਾਨ ਦੇ ਪਿਛਲੇ ਚਾਰ ਦਿਨਾਂ ਤੋਂ ਲਾਪਤਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਨੌਜਵਾਨ ਘਰ ਤੋਂ ਕੰਮ ਲਈ ਦੁਕਾਨ 'ਤੇ ਗਿਆ ਸੀ, ਪਰ ਚਾਰ ਦਿਨ ਬੀਤ ਜਾਣ ਤੋਂ ਬਾਅਦ ਵੀ ਘਰ ਵਾਪਸ ਨਹੀਂ ਆਇਆ, ਜਿਸ ਕਾਰਨ ਉਸਦਾ ਸਾਰਾ ਪਰਿਵਾਰ ਅਤੇ ਰਿਸ਼ਤੇਦਾਰ ਸਦਮੇ ਵਿੱਚ ਹਨ। ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ ਇਸ ਸਬੰਧੀ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਕੇ ਨੌਜਵਾਨ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਲਾਪਤਾ ਨੌਜਵਾਨ ਦੀ ਮਾਂ ਸਿਮਰਜੀਤ ਕੌਰ ਵਾਸੀ ਪਿੰਡ ਮੱਲ੍ਹੀਆਂ ਕਲਾਂ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਅਤੇ ਦੱਸਿਆ ਕਿ ਉਸ ਦਾ ਮੁੰਡਾ ਅਕਾਸ਼ਦੀਪ ਸਿੰਘ ਹਰ ਰੋਜ਼ ਦੀ ਤਰ੍ਹਾਂ 9 ਮਈ ਨੂੰ ਸਵੇਰੇ 10.15 ਵਜੇ ਐੱਚ.ਡੀ.ਐੱਫ.ਸੀ. ਬੈਂਕ ਜੰਡਿਆਲਾ ਰੋਡ ਨੇੜੇ ਸਥਿਤ ਇਕ ਡਿਸਪੋਜ਼ਲ ਦੀ ਦੁਕਾਨ 'ਤੇ ਜਾਣ ਲਈ ਘਰੋਂ ਨਿਕਲਿਆ ਸੀ, ਪਰ ਅੱਜ ਤੱਕ ਉਹ ਵਾਪਸ ਨਹੀਂ ਆਇਆ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਤਰਨਤਾਰਨ ਤੋਂ ਇਲਾਵਾ ਰਿਸ਼ਤੇਦਾਰਾਂ ਵਿੱਚ ਵੀ ਉਸ ਦੀ ਕਾਫੀ ਭਾਲ ਕੀਤੀ ਪਰ ਉਸ ਦਾ ਕੋਈ ਸੁਰਾਗ ਨਹੀਂ ਲੱਗਾ। ਇਸ ਦੇ ਨਾਲ ਹੀ ਪਿੰਡ ਤੋਂ ਜੰਡਿਆਲਾ ਬਾਈਪਾਸ ਤੱਕ ਸੀਸੀਟੀਵੀ ਕੈਮਰਿਆਂ ਦੀ ਸਕੈਨਿੰਗ ਕੀਤੀ ਤਾਂ ਪਤਾ ਲੱਗਾ ਕਿ ਉਹ ਇਕੱਲਾ ਹੀ ਦੁਕਾਨ ਵੱਲ ਜਾ ਰਿਹਾ ਸੀ। ਬੱਸ ਸਟੈਂਡ ਚੌਕ ਨੇੜੇ ਲੱਗੇ ਸੀਸੀਟੀਵੀ ਕੈਮਰੇ 'ਚ 11 ਵੱਜ ਕੇ 02 ਮਿੰਟ ਦੀ ਵੀਡੀਓ ਸਾਹਮਣੇ ਆਈ ਹੈ ਜਿੱਥੋਂ ਉਹ ਬੱਸ ਸਟੈਂਡ ਵੱਲ ਗਿਆ, ਉਸ ਤੋਂ ਬਾਅਦ ਉਸ ਦੀ ਕੋਈ ਵੀਡੀਓ ਸਾਹਮਣੇ ਨਹੀਂ ਆਈ। ਉਨ੍ਹਾਂ ਨੇ ਇਸ ਮਾਮਲੇ ਸੰਬੰਧੀ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੂੰ ਲਿਖਤੀ ਸ਼ਿਕਾਇਤ ਦੇ ਦਿੱਤੀ ਹੈ । ਉਧਰ ਨੌਜਵਾਨ ਦੇ ਲਾਪਤਾ ਹੋਣ ਸੰਬੰਧੀ ਏਐੱਸਆਈ ਨਿਰਮਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਧਾਰਾ 346 ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪੇਂਡੂ ਵਿਕਾਸ ਤੇ ਪੰਚਾਇਤੀ ਰਾਜ ਬਾਰੇ ਸਥਾਈ ਕਮੇਟੀ ਵੱਲੋਂ ਕੇਂਦਰੀ ਸਕੀਮਾਂ ਦੀ ਪ੍ਰਗਤੀ ਦਾ ਜਾਇਜ਼ਾ




ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਸੰਸਦ ਵਲੋਂ ਬਣਾਈ ਗਈ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਬਾਰੇ ਸਥਾਈ ਕਮੇਟੀ ਜਿਸਦੀ ਅਗਵਾਈ ਅੱਜ ਲੋਕਸਭਾ ਮੈਂਬਰ ਸ਼ਿਆਮ ਸਿੰਘ ਯਾਦਵ ਨੇ ਕੀਤੀ, ਨੇ ਪੰਜਾਬ ਸਰਕਾਰ ਦੇ ਪੰਚਾਇਤੀ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਵਿਸਥਾਰਤ ਮੀਟਿੰਗ ਕਰਕੇ ਕੇਂਦਰ ਸਰਕਾਰ ਵਲੋਂ ਰਾਜ ਵਿੱਚ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਦੀ ਜਾਣਕਾਰੀ ਲਈ। ਇਨ੍ਹਾਂ ਸਕੀਮਾਂ ਵਿੱਚ ਮਹਾਤਮਾ ਗਾਂਧੀ ਰਾਸ਼ਟਰੀ ਰੋਜ਼ਗਾਰ ਗਰੰਟੀ ਸਕੀਮ, ਪੰਜਾਬ ਸਟੇਟ ਰੂਰਲ ਲਾਈਵਲੀਹੁੱਡ ਮਿਸ਼ਨ, ਸ਼ਯਾਮਾ ਪ੍ਰਸਾਦ ਮੁਖਰਜੀ ਨੈਸ਼ਨਲ ਰੂਬਨ ਮਿਸ਼ਨ, 15ਵੇਂ ਫਾਈਨਾਂਸ ਕਮਿਸ਼ਨ, ਰਾਸ਼ਟਰੀ ਗ੍ਰਾਮ ਸਵਰਾਮ ਅਭਿਆਨ, ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ, ਪ੍ਰਧਾਨ ਮੰਤਰੀ ਸੜ੍ਹਕ ਯੋਜਨਾ, ਇੰਦਰਾ ਗਾਂਧੀ ਨੈਸ਼ਨਲ ਬੁਢਾਪਾ ਸਕੀਮ ਅਤੇ ਹੋਰ ਸਕੀਮਾਂ ਦੀ ਪ੍ਰਗਤੀ ਲੈਂਦੇ ਹੋਏ ਕਮੇਟੀ ਮੈਂਬਰਾਂ ਨੇ ਉਕਤ ਸਕੀਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੁਝਾਵ ਵੀ ਲਏ। ਅੱਜ ਦੀ ਮੀਟਿੰਗ ਵਿੱਚ ਕਲਿਆਣਸੁੰਦਰਮ, ਜਨਾਰਦਨ ਮਿਸ਼ਰਾ, ਦਿਨੇਸ਼ ਚੰਦਰਾ, ਐਮ. ਮੁਹੰਮਦ ਅਬਦੁੱਲਾ, ਐਸ. ਜੋਤੀ ਮਨੀ, ਸ਼੍ਰੀ ਨਾਰਾਇਣ ਭਾਈ ਜੇ ਰਥਵਾ, ਗੀਤਾਬੇਨ ਰਥਵਾ, ਅਜੈ ਪ੍ਰਤਾਪ ਸਿੰਘ, ਵਿਵੇਕ ਨਾਰਾਇਣ ਸ਼ੈਜਵਾਲਕਰ, ਅਰੁਣ ਚੌਧਰੀ ਕਮੇਟੀ ਅਫ਼ਸਰ, ਡਾ. ਤਾਲਾਰੀ ਰੰਗਾਈਆ ਅਤੇ ਸ਼ਾਂਤਾ ਛੇਤਰੀ ਹਾਜ਼ਰ ਸਨ।

## ਰਿੰਕੂ ਦੇ ਹੱਕ 'ਚ ਇਤਿਹਾਸਕ ਫਤਵੇ ਨੇ ਸਾਬਿਤ ਕਰ ਦਿੱਤਾ ਕਿ ਲੋਕ 'ਆਪ' ਦੇ ਕੰਮਾਂ ਤੋਂ ਸੰਤੁਸ਼ਟ ਹਨ: ਹੈਪੀ ਮਸੀਹ ਮੋਮਨ



ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ) ਜਲੰਧਰ ਵਿੱਚ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਹੱਕ ਵਿਚ ਬੇਮਿਸਾਲ ਫਤਵਾ ਦੇ ਕੇ ਸਾਬਿਤ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੇ ਕੰਮਾਂ ਤੋਂ ਸੰਤੁਸ਼ਟ ਹਨ। ਇਹ ਪ੍ਰਗਟਾਵਾ ਪਿੰਡ ਥੇ ਗੁਲਾਮ ਨਬੀ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹੈਪੀ ਮਸੀਹ ਮੋਮਨ ਨੇ ਕੀਤਾ। ਉਨ੍ਹਾਂ ਕਿਹਾ ਕਿ ਸੁਸ਼ੀਲ ਕੁਮਾਰ ਰਿੰਕੂ ਦੀ ਜਿੱਤ ਨੇ ਸਾਬਿਤ ਕਰ ਦਿੱਤਾ ਕਿ ਭਗਵੰਤ ਮਾਨ ਦੇ ਪੰਜਾਬ ਦਾ ਮੁੱਖ ਮੰਤਰੀ ਬਣਨ ਨਾਲ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ 'ਚ ਜੋ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਰਹੀਆਂ, ਉਨ੍ਹਾਂ ਬਾਰੇ ਦੱਸਣ ਦੀ ਲੋੜ ਨਹੀਂ ਹੈ।

ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਹੱਕ ਵਿਚ ਜੋਂ ਫਤਵਾ ਦਿੱਤਾ ਹੈ ਉਸ ਤੋਂ ਸਰਕਾਰ ਪ੍ਰਤੀ ਲੋਕਾਂ ਦੀ ਸੰਤੁਸਟੀ ਸਾਬਿਤ ਹੋ ਗਈ ਹੈ। ਹੈਪੀ ਮਸੀਹ ਨੇ ਕਿਹਾ ਕਿ ਪੰਜਾਬ ਸਰਕਾਰ ਵਲੋ 300 ਯੂਨਿਟ ਬਿਜਲੀ ਘਰੇਲੂ ਵਰਤੋਂ ਲਈ ਹਰੇਕ ਵਰਗ ਦੇ ਪਰਿਵਾਰਾਂ ਨੂੰ ਪ੍ਰਤੀ ਮਹੀਨਾ ਮੁਫਤ ਤੇ ਮੁਫਤ ਸਿਹਤ ਸਹੂਲਤਾਂ ਮੁਹਈਆ ਕਰਵਾਉਣ ਲਈ ਰਾਜ ਭਰ 'ਚ ਸ਼ੁਰੂ ਕੀਤੇ ਮੁਹੱਲਾ ਕਲੀਨਿਕ ਸ਼ਲਾਘਾਯੋਗ ਕਾਰਜ ਕੀਤੇ ਹਨ ਜਿਨ੍ਹਾਂ ਉਪਰ ਜਲੰਧਰ ਦੇ ਲੋਕਾਂ ਨੇ ਅੱਜ ਮੋਹਰ ਲਾਈ ਹੈ। ਉਨ੍ਹਾਂ ਜਲੰਧਰ ਹਲਕੇ ਦੇ ਲੋਕਾਂ ਅਤੇ ਸਮੁੱਚੀ ਆਮ ਆਦਮੀ ਪਾਰਟੀ ਨੂੰ ਇਸ ਇਤਿਹਾਸਕ ਜਿੱਤ ਲਈ ਵਧਾਈ ਦਿੱਤੀ ਹੈ। ਇਸ ਮੌਕੇ ਉਨਾਂ ਨਾਲ ਮਨਦੀਪ ਸਿੰਘ ਗਿੱਲ ਜਿਲ੍ਹਾ ਪ੍ਰਧਾਨ, ਅਜੈ ਮਸੀਹ ਜੈਕਸ, ਮਨਦੀਪ ਸਿੰਘ ਸਰਪੰਚ ਨੌਸ਼ਹਿਰਾ ਮੱਝਾ ਸਿੰਘ, ਅਮਨਦੀਪ ਸਿੰਘ ਗਿੱਲ, ਅਮਨਦੀਪ ਸਿੰਘ ਨੰਬਰਦਾਰ, ਨਿਸ਼ਾਨ ਸਿੰਘ ਫੌਜੀ, ਲਖਵਿੰਦਰ ਸਿੰਘ ਲੱਖਾ, ਰਾਜਬੀਰ ਸਿੰਘ ਰੰਧਾਵਾ ਆਦਿ ਪਾਰਟੀ ਮੈਂਬਰ ਹਾਜ਼ਰ ਸਨ।

# ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਗ੍ਰੰਥੀ ਸਭਾ ਦੀ ਇਕੱਤਰਤਾ ਹੋਈ



ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਗ੍ਰੰਥੀ ਸਭਾ ਦੇ ਆਗੂਆਂ ਤੇ ਵਰਕਰਾਂ ਵੱਲੋਂ ਸੂਬਾ ਪ੍ਰਧਾਨ ਗਿਆਨੀ ਨਰਿੰਦਰ ਸਿੰਘ ਚੰਡੇ ਦੀ ਪ੍ਰਧਾਨਗੀ ਤੇ ਜਨਰਲ ਸਕੱਤਰ ਕੁਲਦੀਪ ਸਿੰਘ ਮੱਝੂਪੁਰੀਆ, ਮਾਝਾ ਦੁਆਬਾ ਇਲਾਕੇ ਦੇ ਸਕੱਤਰ ਲਖਵਿੰਦਰ ਸਿੰਘ ਰੈਂਅ, ਤਹਿਸੀਲ ਅਜਨਾਲਾ ਦੇ ਪ੍ਰਧਾਨ ਬਲਵੰਤ ਸਿੰਘ, ਤਹਿਸੀਲ ਸਕੱਤਰ ਭਾਈ ਜਸਬੀਰ ਸਿੰਘ ਭੱਖਾ ਦੀ ਸਾਂਝੀ ਅਗਵਾਈ 'ਚ ਉਕਤ ਸਭਾ ਦੇ ਆਗਾਮੀ ਪ੍ਰੋਗਰਾਮਾਂ ਤਹਿਤ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਐੱਸਜੀਪੀਸੀ ਵੱਲੋਂ 21 ਮਈ ਦਿਨ ਐਤਵਾਰ ਨੂੰ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਵੱਡੇ ਪੱਧਰ 'ਤੇ ਮਨਾਏ ਜਾ ਰਹੇ ਮਹਾਨ ਗੁਰਮਤਿ ਸਮਾਗਮ 'ਚ ਹਾਜ਼ਰੀ ਭਰਨ ਲਈ ਸੰਗਤਾਂ ਨੂੰ ਪ੍ਰੇਰਿਤ ਕਰਨ ਅਤੇ ਵੱਖ-ਵੱਖ ਪਿੰਡਾਂ ਦੇ ਗੁਰੂ ਘਰਾਂ ਦੇ ਗ੍ਰੰਥੀ ਤੇ ਅਖੰਡ ਪਾਠੀ ਸਿੰਘਾਂ ਦੀਆਂ ਕਥਿਤ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਵਿਚਾਰ-ਵਟਾਂਦਰਾ ਕਰਨ ਲਈ ਭਰਵੀਂ ਮੀਟਿੰਗ ਹੋਈ। ਇਸ ਸੰਬੰਧੀ ਉਕਤ ਸਭਾ ਦੇ ਪ੍ਰੈੱਸ ਸਕੱਤਰ ਦੀਦਾਰ ਸਿੰਘ ਪੰਜੂ ਰਾਏ, ਤਹਿਸੀਲ ਅਜਨਾਲਾ ਦੇ ਪ੍ਰਧਾਨ ਬਲਵੰਤ ਸਿੰਘ ਅਤੇ ਸਕੱਤਰ ਜਸਬੀਰ ਸਿੰਘ ਭੱਖਾ ਨੇ ਤਹਿਸੀਲ ਅਜਨਾਲਾ ਦੇ ਵੱਖ-ਵੱਖ ਪਿੰਡਾਂ 'ਚ ਸਭਾ ਦੀਆਂ ਕੀਤੀਆਂ ਜਾ ਰਹੀਆਂ ਮੀਟਿੰਗਾਂ ਦੇ ਸਿਲਸਿਲੇ ਤਹਿਤ ਪਿੰਡ ਰੈਂਅ ਦੀ ਸੰਗਤ ਤੇ ਗ੍ਰੰਥੀ ਸਿੰਘਾਂ ਨਾਲ ਹੋਈ ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਭਾ ਦੇ ਸੂਬਾ ਪ੍ਰਧਾਨ ਗਿਆਨੀ ਨਰਿੰਦਰ ਸਿੰਘ ਚੰਡੇ ਨੇ ਸਮੂਹ ਗ੍ਰੰਥੀ ਸਿੰਘਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਉਨ੍ਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਰਹਿਤ ਮਰਿਆਦਾ 'ਤੇ ਪਹਿਰਾ ਦੇਣ ਲਈ ਲਾਮਬੰਦ ਕੀਤਾ। ਇਸ ਮੌਕੇ ਉਕਤ ਸਭਾ ਦੇ ਸਮੂਹ ਅਹੁਦੇਦਾਰਾਂ ਤੇ ਵਰਕਰਾਂ ਵੱਲੋਂ ਮੋਰਿੰਡਾ ਸ਼ਹਿਰ ਦੇ ਗੁਰਦੁਆਰਾ ਕੋਤਵਾਲੀ ਸਾਹਿਬ ਵਿਖੇ ਹੋਈ ਬੇਅਦਬੀ ਦੀ ਘਟਨਾ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਦੇ ਆਗੂਆਂ ਅਤੇ ਗ੍ਰੰਥੀ ਸਿੰਘਾਂ ਨੂੰ ਅਪੀਲ ਕੀਤੀ ਕਿ ਉਹ ਪੂਰਨ ਰਹਿਤ ਮਰਿਆਦਾ ਅਤੇ ਹੋਰ ਵੀ ਸੁਚੇਤ ਹੋ ਕੇ ਗੁਰੂ ਘਰਾਂ ਪ੍ਰਤੀ ਬਰਾਬਰ ਜ਼ਿੰਮੇਵਾਰ ਸੇਵਾਵਾਂ ਨਿਭਾਉਣ ਤਾਂ ਕਿ ਅਜਿਹੀਆਂ ਕੋਝੀਆਂ ਘਟਨਾਵਾਂ ਨੂੰ ਵਾਪਰਨ ਤੋਂ ਪਹਿਲਾਂ ਹੀ ਰੋਕਿਆ ਜਾ ਸਕੇ। ਇਸ ਮੌਕੇ ਸਭਾ ਦੇ ਖਜਾਨਚੀ ਭਾਈ ਵਿਰਸਾ ਸਿੰਘ ਚਮਿਆਰੀ, ਭਾਈ ਗੁਰਮੁੱਖ ਸਿੰਘ ਧਾਰੀਵਾਲ ਕਲੇਰ, ਦੀਦਾਰ ਸਿੰਘ ਪੰਜੂ ਰਾਏ, ਭਾਈ ਸੁਖਜੀਤ ਸਿੰਘ ਟਪਿਆਲਾ, ਜਜਵਿੰਦਰ ਸਿੰਘ ਅਜਨਾਲਾ, ਭਾਈ ਹਰਵਿੰਦਰ ਸਿੰਘ ਆਦਿ ਹਾਜ਼ਰ ਸਨ।

# 'ਭਾਜਪਾ ਹਟਾਓ ਦੇਸ਼ ਬਚਾਓ' ਦੇ ਨਾਅਰੇ ਤਹਿਤ ਜਥਾ ਮਾਰਚ ਸ਼ੁਰੂ




ਮਜੀਠਾ (ਸੋਇਮ ਆਨੰਦ)-ਸੀਪੀਆਈ ਅੰਮ੍ਰਿਤਸਰ ਦਿਹਾਤੀ ਨੇ ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ ਸਿਜਦਾ ਕਰਕੇ ਬੀਜੇਪੀ ਹਟਾਓ ਦੇਸ਼ ਬਚਾਓ ਦੇ ਨਾਅਰੇ ਤਹਿਤ ਜਥਾ ਮਾਰਚ ਸ਼ੁਰੂ ਕੀਤਾ। ਇਸ ਜਥੇ ਦੀ ਅਗਵਾਈ ਜ਼ਿਲ੍ਹਾ ਸੈਕਟਰੀ ਸੀਪੀਆਈ ਲਖਬੀਰ ਸਿੰਘ ਨਿਜ਼ਾਮਪੁਰਾ, ਮੰਗਲ ਸਿੰਘ ਖਜਾਲਾ ਤੇ ਬਲਵਿੰਦਰ ਸਿੰਘ ਦੁਧਾਲਾ ਨੇ ਕੀਤੀ। ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ ਨਮਸਕਾਰ ਕਰਨ ਤੋਂ ਬਾਅਦ ਸਾਥੀ ਨਰਿੰਦਰ ਬੱਲ ਨੇ ਕਿਹਾ ਕਿ ਬੀਜੇਪੀ ਦੇਸ਼ ਨੂੰ ਫਿਰਕੂ ਲੀਹਾਂ 'ਤੇ ਵੰਡ ਕੇ ਰਾਜ ਗੱਦੀ ਨੂੰ ਸੁਰੱਖਿਅਤ ਰੱਖਣਾ ਚਾਹੁੰਦੀ ਹੈ ਜੋ ਕਿ ਦੇਸ਼ ਨੂੰ ਕਮਜ਼ੋਰ ਕਰ ਦੇਵੇਗੀ। ਇਸ ਵੇਲੇ ਜੋ ਮੋਦੀ ਜੁੰਡਲੀ ਦੇਸ਼ ਵਿੱਚ ਹਿੰਦੂ ਰਾਜ ਸਥਾਪਿਤ ਕਰਨ ਦੀ ਗੱਲ ਕਰ ਰਹੀ ਹੈ ਇਸ ਦੀ ਨਿੰਦਾ ਕਰਦਿਆਂ ਸੀਪੀਆਈ ਪੰਜਾਬ ਦੇ ਕੰਟਰੋਲ ਕਮਿਸ਼ਨ ਮੈਂਬਰ ਬਲਵੰਤ ਬਾਵਾ ਨੇ ਕਿਹਾ ਕਿ ਬੀਜੇਪੀ ਸਰਕਾਰ ਲੋਕ ਅਤੇ ਮਜ਼ਦੂਰ ਮਾਰੂ ਸਰਕਾਰ ਹੈ ਜੋ ਕਿ ਮਜ਼ਦੂਰਾਂ ਤੇ ਕਿਸਾਨਾਂ ਵਾਸਤੇ ਮਾਰੂ ਕਾਨੂੰਨ ਬਣਾ ਕੇ ਭੁੱਖਮਰੀ ਵੱਲ ਧੱਕ ਰਹੀ ਹੈ। ਇਸ ਮੌਕੇ ਜਗਦੀਸ਼ ਕੁਮਾਰ, ਮੱਖਣ ਸਿੰਘ, ਹੀਰਾ ਸਿੰਘ ਲਹਿਰਕਾ, ਪ੍ਰਮਜੀਤ ਸਿੰਘ, ਦੀਦਾਰ ਮਸੀਹ ਫਤਿਹਪੁਰ, ਅਜ਼ਾਦ ਸਿੰਘ ਮਹਿਤਾ, ਬੂਟਾ ਸਿੰਘ ਭੱਟੀਕੇ, ਕੀਰਤ ਸਿੰਘ, ਸੁਖਵਿੰਦਰ ਸਿੰਘ, ਚਵਿੰਡਾ ਦੇਵੀ, ਰਣਜੀਤ ਸਿੰਘ, ਬਲਜੀਤ ਸਿੰਘ ਜੇਠੂਵਾਲ, ਬਲਕਾਰ ਸਿੰਘ ਦਸ਼ਮੇਸ ਨਗਰ, ਧਰਮ ਸਿੰਘ, ਬਲਕਾਰ ਸਿੰਘ ਦੁਧਾਲਾ ਵੀ ਸ਼ਾਮਲ ਹੋਏ।

ਜਲ੍ਹਿਆਂਵਾਲਾ ਬਾਗ ਤੋਂ ਇਕ ਜਥਾ ਪਿੰਡ ਗੁਰੂਵਾਲੀ ਨੂੰ ਰਵਾਨਾ ਹੋਇਆ। ਕਸ਼ਮੀਰ ਸਿੰਘ, ਗੁਰਦੀਪ ਸਿੰਘ ਤੇ ਹੋਰ ਪਿੰਡ ਦੇ ਲੋਕਾਂ ਨੇ ਜਥੇ ਦਾ ਭਰਵਾਂ ਸਵਾਗਤ ਕੀਤਾ।

## ਇੰਦਰਜੀਤ ਸਿੰਘ ਨੇ ਥਾਣਾ ਵਲਟੋਹਾ ਦੇ ਮੁੱਖ ਮੁਨਸ਼ੀ ਵਜੋਂ ਅਹੁਦਾ ਸੰਭਾਲਿਆ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਸਬ-ਡਵੀਜ਼ਨ ਭਿੱਖੀਵਿੰਡ ਅਧੀਨ ਪੈਂਦੇ ਥਾਣਾ ਵਲਟੋਹਾ ਵਿਖੇ ਇੰਦਰਜੀਤ ਸਿੰਘ ਨੇ ਬਤੌਰ ਮੁੱਖ ਮੁਨਸ਼ੀ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਅਹੁਦਾ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇੰਦਰਜੀਤ ਸਿੰਘ ਨੇ ਕਿਹਾ ਕਿ ਉਹ ਇਲਾਕੇ ਦੇ ਲੋਕਾਂ ਦੀ ਸੇਵਾ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਉਹ ਜਨਤਾ ਅਤੇ ਮੋਹਤਬਰਾਂ ਨੂੰ ਬਣਦਾ ਮਾਣ-ਸਤਿਕਾਰ ਦੇਣਗੇ।

ਇਸ ਮੌਕੇ ਥਾਣਾ ਵਲਟੋਹਾ ਦੇ ਐੱਸਐੱਚਓ ਹਰਜੀਤ ਸਿੰਘ ਨੇ ਇੰਦਰਜੀਤ ਸਿੰਘ ਨੂੰ ਥਾਣਾ ਵਲਟੋਹਾ ਦੇ ਮੁੱਖ ਮੁਨਸੀ ਵਜੋਂ ਅਹੁਦਾ ਸੰਭਾਲਣ 'ਤੇ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਇੰਦਰਜੀਤ ਸਿੰਘ ਥਾਣਾ ਵਲਟੋਹਾ ਦੇ ਮੁੱਖ ਮੁਨਸ਼ੀ ਵਜੋਂ ਆਪਣੀ ਡਿਊਟੀ ਨੂੰ ਮਿਹਨਤ ਅਤੇ ਲਗਨ ਨਾਲ ਨਿਭਾਉਣਗੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇੰਦਰਜੀਤ ਸਿੰਘ ਥਾਣਾ ਖੇਮਕਰਨ ਵਿਖੇ ਮੁੱਖ ਮੁਨਸ਼ੀ ਵਜੋਂ ਲੰਮਾ ਸਮਾਂ ਸੇਵਾਵਾਂ ਨਿਭਾ ਚੁੱਕੇ ਹਨ। ਇਸ ਮੌਕੇ ਏਐੱਸਆਈ ਸੁਰਿੰਦਰਪਾਲ ਸਿੰਘ, ਏਐੱਸਆਈ ਦਰਸ਼ਨ ਸਿੰਘ, ਐੱਚਸੀ ਗਗਨਦੀਪ ਸਿੰਘ, ਪੀਐੱਚਜੀ ਕਰਮਜੀਤ ਸਿੰਘ ਆਦਿ ਮੁਲਾਜ਼ਮ ਹਾਜ਼ਰ ਸਨ ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਕਾਮਰੇਡ ਗੁਰਮੇਲ ਹੂੰਝਣ ਤੇ ਕਾਮਰੇਡ ਜੋਗਿੰਦਰ ਸਿੰਘ ਦੀ ਬਰਸੀ 'ਤੇ ਵਿਸ਼ੇਸ਼



ਕਾਮਰੇਡ ਗੁਰਮੇਲ ਸਿੰਘ ਹੂੰਝਣ

ਦੇਸ਼ ਦੀ ਏਕਤਾ, ਅਖੰਡਤਾ ਦੇ ਅਮਰ ਸ਼ਹੀਦ ਕਾਮਰੇਡ ਗੁਰਮੇਲ ਹੂੰਝਣ ਅਤੇ ਕਾਮਰੇਡ ਜੋਗਿੰਦਰ ਸਿੰਘ ਨੂੰ ਲਾਲ ਸਲਾਮ



ਕਾਮਰੇਡ ਜੁਗਿੰਦਰ ਸਿੰਘ

ਵੱਲੋਂ : ਸ਼ਹੀਦ ਕਾਮਰੇਡ ਗੁਰਮੇਲ ਸਿੰਘ ਹੂੰਝਣ ਅਤੇ ਕਾਮਰੇਡ ਜੁਗਿੰਦਰ ਸਿੰਘ ਯਾਦਗਾਰੀ ਸੁਸਾਇਟੀ ਰਜਿ. 503 ਲੁਧਿਆਣਾ



ਗੁਰਮੇਲ ਸਿੰਘ ਹੂੰਝਣ ਤੇ ਸ਼ਰਨਜੀਤ ਕੌਰ (ਪੁਰਾਣੀਆਂ ਯਾਦਾਂ)



ਬੇਟੇ : ਯਾਦਵਿੰਦਰ ਤੇ ਮਨਿੰਦਰ

ਦੇਸ਼ ਦੀ ਏਕਤਾ ਅਖੰਡਤਾ ਦੇ ਅਮਰ ਸ਼ਹੀਦ ਕਾਮਰੇਡ ਗੁਰਮੇਲ ਹੂੰਝਣ ਅਤੇ ਕਾਮਰੇਡ ਜੋਗਿੰਦਰ ਸਿੰਘ ਨੂੰ ਲਾਲ ਸਲਾਮ



ਬਿਕਰਮ ਸਿੰਘ ਸਿੱਧੂ ਐਡਵੋਕੇਟ



ਗੁਰਦੇਵ ਸਿੰਘ ਹੂੰਝਣ

ਦੇਸ਼ ਦੀ ਏਕਤਾ ਅਖੰਡਤਾ ਦੇ ਅਮਰ ਸ਼ਹੀਦ ਕਾਮਰੇਡ ਗੁਰਮੇਲ ਹੂੰਝਣ ਅਤੇ ਕਾਮਰੇਡ ਜੋਗਿੰਦਰ ਸਿੰਘ ਨੂੰ ਲਾਲ ਸਲਾਮ



ਰਾਮ ਚੰਦ

ਦੇਸ਼ ਦੀ ਏਕਤਾ, ਅਖੰਡਤਾ ਦੇ ਅਮਰ ਸ਼ਹੀਦ ਕਾਮਰੇਡ ਗੁਰਮੇਲ ਹੂੰਝਣ ਅਤੇ ਕਾਮਰੇਡ ਜੋਗਿੰਦਰ ਸਿੰਘ ਨੂੰ ਲਾਲ ਸਲਾਮ



ਕਰਤਾਰ ਰਾਮ



ਮਲਕੀਤ ਸਿੰਘ ਮਾਲੜਾ

## ਸ਼ਹੀਦ ਕਾਮਰੇਡ ਜੋਗਿੰਦਰ ਸਿੰਘ ਦੇ ਪਰਿਵਾਰ ਦੇ ਮੈਂਬਰ



ਹਰਬੰਸ ਕੌਰ (ਪਤਨੀ)



ਹਰਪਾਲ ਸਿੰਘ (ਪੁੱਤਰ)



ਦੇਸ਼ ਦੀ ਏਕਤਾ, ਅਖੰਡਤਾ ਦੇ ਅਮਰ ਸ਼ਹੀਦ ਕਾਮਰੇਡ ਗੁਰਮੇਲ ਹੂੰਝਣ ਅਤੇ ਕਾਮਰੇਡ ਜੋਗਿੰਦਰ ਸਿੰਘ ਨੂੰ ਲਾਲ ਸਲਾਮ





ਭਗਵਾਨ ਸਿੰਘ ਸੋਮਲਖੇੜੀ ਸਕੱਤਰ ਸੀ ਪੀ ਆਈ ਬਲਾਕ ਮਲੌਦ | ਕੁਲਵੰਤ ਸਿੰਘ ਹੂੰਝਣ ਪੰਧੇਰਖੇੜੀ | ਰਿਟਾ. ਪ੍ਰਿੰਸੀ. ਜਗਜੀਤ ਸਿੰਘ ਰਾਮਗੜ੍ਹ ਸਰਦਾਰਾਂ | ਜੰਗ ਸਿੰਘ ਸਿਰਥਲਾ | ਹਰਬੰਸ ਸਿੰਘ ਗੋਰਾ ਸੋਮਲਖੇੜੀ



ਦਰਬਾਰਾ ਸਿੰਘ ਰਾਮਗੜ੍ਹ ਸਰਦਾਰਾਂ | ਸੁਦਾਗਰ ਸਿੰਘ ਨੰਬਰਦਾਰ ਸਿਆੜ | ਰਣਜੀਤ ਸਿੰਘ ਪੰਧੇਰਖੇੜੀ | ਗੁਰਮੇਲ ਸਿੰਘ ਮੇਹਲੀ ਸਿਆੜ੍ਹ | ਸਾਧੂ ਸਿੰਘ ਸਾਬਕਾ ਸਰਪੰਚ ਸਿਆੜ



ਨਛੱਤਰ ਸਿੰਘ ਪੰਧੇਰ ਖੇੜੀ | ਮਲਕੀਤ ਸਿੰਘ ਰਾਮਗੜ੍ਹ ਸਰਦਾਰਾਂ | ਹਰਚੰਦ ਸਿੰਘ ਰਾਮਗੜ੍ਹ ਸਰਦਾਰਾਂ

ਵੱਲੋਂ : ਭਾਰਤੀ ਕਮਿਊਨਿਸਟ ਪਾਰਟੀ ਬਲਾਕ ਮਲੌਦ

ਦੇਸ਼ ਦੀ ਏਕਤਾ, ਅਖੰਡਤਾ ਦੇ ਅਮਰ ਸ਼ਹੀਦ ਕਾਮਰੇਡ ਗੁਰਮੇਲ ਹੂੰਝਣ ਅਤੇ ਕਾਮਰੇਡ ਜੋਗਿੰਦਰ ਸਿੰਘ ਨੂੰ ਲਾਲ ਸਲਾਮ



ਕਰਤਾਰ ਬੁਆਣੀ | ਅਰੁਣ ਮਿੱਤਰਾ | ਚਮਕੌਰ ਸਿੰਘ | ਡੀ ਪੀ ਮੌੜ | ਰਮੇਸ਼ ਰਤਨ | ਗੁਲਜ਼ਾਰ ਗੋਰੀਆ



ਦੀਪਕ ਕੁਮਾਰ | ਸੁਰਿੰਦਰ ਸਿੰਘ ਜਲਾਲਦੀਵਾਲ | ਭਰਪੂਰ ਸਿੰਘ | ਗੁਰਨਾਮ ਸਿੱਧੂ | ਗੁਰਮੇਲ ਮੈਲਡੇ | ਐੱਮ ਐੱਸ ਭਾਟੀਆ



ਡਾ. ਗੁਲਜ਼ਾਰ ਪੰਧੇਰ | ਮਨਜੀਤ ਸਿੰਘ ਗਿੱਲ | ਕੁਲਵੰਤ ਕੌਰ | ਵਿਨੋਦ ਕੁਮਾਰ | ਕੇਵਲ ਸਿੰਘ ਬਨਵੈਤ | ਗੁਰਨਾਮ ਬਹਾਦਰਕੇ



ਨਿਰੰਜਣ ਸਿੰਘ ਧੀਰ | ਵਿਜੈ ਕੁਮਾਰ | ਜਗਦੀਸ਼ ਬੌਬੀ | ਐਡਵਕੇਟ ਨਵਲ ਛਿੱਬੜ | ਐਡਵਕੇਟ ਪਰਮਜੀਤ ਸਿੰਘ | ਐੱਸ ਪੀ ਸਿੰਘ



ਭਗਵਾਨ ਸਿੰਘ | ਕੁਲਵੰਤ ਸਿੰਘ ਹੂੰਝਣ | ਰਾਮ ਪ੍ਰਤਾਪ | ਚਮਕੌਰ ਸਿੰਘ ਜਗਰਾਉਂ

ਵੱਲੋਂ : ਐਗਜ਼ੈਕਟਿਵ ਕਮੇਟੀ ਸੀ ਪੀ ਆਈ ਲੁਧਿਆਣਾ



ਪਰਮਿੰਦਰ ਪਾਲ ਸਿੰਘ ਅਧਿਆਪਕ ਆਗੂ

ਦੇਸ਼ ਦੀ ਏਕਤਾ ਅਖੰਡਤਾ ਦੇ ਅਮਰ ਸ਼ਹੀਦ ਕਾਮਰੇਡ ਗੁਰਮੇਲ ਹੂੰਝਣ ਅਤੇ ਕਾਮਰੇਡ ਜੋਗਿੰਦਰ ਸਿੰਘ ਨੂੰ ਲਾਲ ਸਲਾਮ



ਜੀਤ ਸਿੰਘ ਟਿੰਬਰਵਾਲ

ਦੇਸ਼ ਦੀ ਏਕਤਾ, ਅਖੰਡਤਾ ਦੇ ਅਮਰ ਸ਼ਹੀਦ ਕਾਮਰੇਡ ਗੁਰਮੇਲ ਹੂੰਝਣ ਅਤੇ ਕਾਮਰੇਡ ਜੋਗਿੰਦਰ ਸਿੰਘ ਨੂੰ ਲਾਲ ਸਲਾਮ



ਹਰਕੇਸ਼ ਧਾਮੀ ਅਤੇ ਦੇਵ ਕੁਮਾਰੀ ਧਾਮੀ

ਦੇਸ਼ ਦੀ ਏਕਤਾ, ਅਖੰਡਤਾ ਦੇ ਅਮਰ ਸ਼ਹੀਦ ਕਾਮਰੇਡ ਗੁਰਮੇਲ ਹੂੰਝਣ ਅਤੇ ਕਾਮਰੇਡ ਜੋਗਿੰਦਰ ਸਿੰਘ ਨੂੰ ਲਾਲ ਸਲਾਮ




ਲਾਭ ਸਿੰਘ ਬੇਰਕਲਾਂ | ਜਗਰੂਪ ਸਿੰਘ ਰਾਮਗੜ੍ਹ ਸਰਦਾਰਾਂ | ਸੁਦਾਗਰ ਸਿੰਘ ਸਹਾਰਨ ਮਾਜਰਾ | ਜੰਗ ਸਿੰਘ ਸਮਾਜ ਸੇਵਕ



ਹਰਮਿੰਦਰ ਸੇਠ | ਰੈਕਟਰ ਕਥੂਰੀਆ | ਪਰਦੀਪ ਕੁਮਾਰ

ਦੇਸ਼ ਦੀ ਏਕਤਾ ਅਖੰਡਤਾ ਦੇ ਅਮਰ ਸ਼ਹੀਦ ਕਾਮਰੇਡ ਗੁਰਮੇਲ ਹੂੰਝਣ ਅਤੇ ਕਾਮਰੇਡ ਜੋਗਿੰਦਰ ਸਿੰਘ ਨੂੰ ਲਾਲ ਸਲਾਮ



ਅਵਤਾਰ ਛਿੱਬੜ | ਮੁਹੰਮਦ ਰਫੀਕ | ਬਲਵੰਤ ਸਿੰਘ ਹੌਲਦਾਰ



ਕੁਲਦੀਪ ਸਿੰਘ ਬਿੰਦਰ | ਅਵਤਾਰ ਸਿੰਘ ਗਿੱਲ | ਜੀਤ ਕੁਮਾਰੀ

ਦੇਸ਼ ਦੀ ਏਕਤਾ, ਅਖੰਡਤਾ ਦੇ ਅਮਰ ਸ਼ਹੀਦ ਕਾਮਰੇਡ ਗੁਰਮੇਲ ਹੂੰਝਣ ਅਤੇ ਕਾਮਰੇਡ ਜੋਗਿੰਦਰ ਸਿੰਘ ਨੂੰ ਲਾਲ ਸਲਾਮ

14-MAY-PAGE-8.qxd 5/13/2023 10:42 PM Page 2



# ਕਾਮਰੇਡ ਗੁਰਮੇਲ ਹੂੰਝਣ ਤੇ ਕਾਮਰੇਡ ਜੋਗਿੰਦਰ ਸਿੰਘ ਦੀ ਬਰਸੀ 'ਤੇ ਵਿਸ਼ੇਸ਼

## ਮੌਜੂਦਾ ਫਾਸ਼ੀਵਾਦੀ ਤਾਕਤਾਂ ਨੂੰ ਭਾਂਜ ਦੇਣਾ ਹੀ ਹੂੰਝਣ ਤੇ ਜੋਗਿੰਦਰ ਸਿੰਘ ਨੂੰ ਸੱਚੀ ਸ਼ਰਧਾਂਜਲੀ

**ਡੀ ਪੀ ਮੌੜ**

ਅੱਜ ਜਦੋਂ ਅਸੀਂ ਕਾਮਰੇਡ ਗੁਰਮੇਲ ਸਿੰਘ ਅਤੇ ਕਾਮਰੇਡ ਜੁਗਿੰਦਰ ਸਿੰਘ ਦੇ ਸ਼ਰਧਾਂਜਲੀ ਸਮਾਰੋਹ ਵਿੱਚ ਇਕੱਠੇ ਹੋਏ ਹਾਂ ਤਾਂ ਅਸੀਂ ਉਸ ਕਾਲੇ ਦੌਰ ਨੂੰ ਯਾਦ ਕਰਦੇ ਹਾਂ ਜਦੋਂ ਬਹਾਦਰੀ ਨਾਲ ਲੜਦੇ ਹੋਏ ਭਾਰਤੀ ਕਮਿਊਨਿਸਟ ਪਾਰਟੀ ਦੇ ਇਸ ਨੌਜਵਾਨ ਆਗੂ ਅਤੇ ਉਸ ਦੇ ਅੰਗ ਰੱਖਿਅਕ ਨੇ ਦੇਸ਼ ਦੋਖੀ ਤਾਕਤਾਂ ਨਾਲ ਲੋਹਾ ਲੈਂਦੇ ਹੋਏ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਪਰ ਦੇਸ਼ ਨੂੰ ਟੁੱਟਣ ਨਹੀਂ ਦਿੱਤਾ। ਅੱਜ ਫੇਰ ਉਹ ਤਾਕਤਾਂ ਧਰਮ ਦੇ ਨਾਂਅ 'ਤੇ ਲੋਕਾਂ ਨੂੰ ਵੰਡ ਰਹੀਆਂ ਹਨ ਅਤੇ ਦੇਸ਼ ਵਿੱਚ ਅਰਾਜਕਤਾ ਫੈਲਾਉਣਾ ਚਾਹੁੰਦੀਆਂ ਹਨ, ਜਿਨ੍ਹਾਂ ਦਾ ਦੇਸ਼ ਦੀ ਆਜ਼ਾਦੀ ਵਿੱਚ ਕੋਈ ਯੋਗਦਾਨ ਨਹੀਂ ਰਿਹਾ, ਸਗੋਂ ਅਜ਼ਾਦੀ ਦੇ ਸੰਘਰਸ਼ ਨੂੰ ਸਾਬੋਤਾਜ ਕੀਤਾ ਅਤੇ ਅੰਗਰੇਜ਼ਾਂ ਦੀ ਦਲਾਲੀ ਕੀਤੀ। ਪਿਛਲੇ 9 ਸਾਲਾਂ ਤੋਂ ਜਦੋਂ ਤੋਂ ਬੀ ਜੇ ਪੀ/ਆਰ.ਐੱਸ.ਐੱਸ ਵਿੱਚ ਆਏ ਹਨ, ਦੇਸ਼ ਦੀ ਆਰਥਿਕਤਾ ਨਿਵਾਣ ਵੱਲ ਜਾ ਰਹੀ ਹੈ, ਮਹਿੰਗਾਈ ਅਤੇ ਬੇਰੋਜ਼ਗਾਰੀ ਆਪਣੇ ਸਿਖਰ ਵੱਲ ਜਾ ਰਹੀ ਹੈ, ਪਰ ਸਰਕਾਰ ਨੇ ਇਨ੍ਹਾਂ ਮੁੱਦਿਆਂ ਤੋਂ ਆਪਣਾ ਪੱਲਾ ਝਾੜ ਲਿਆ ਹੈ।

ਭਾਰਤੀ ਕਮਿਊਨਿਸਟ ਪਾਰਟੀ ਵੱਲੋਂ 14 ਅਪਰੈਲ ਤੋਂ 15 ਮਈ ਤੱਕ ਸਾਰੇ ਦੇਸ਼ ਵਿੱਚ ਭਾਜਪਾ ਹਟਾਓ, ਦੇਸ਼ ਬਚਾਓ, ਲੋਕ ਬਚਾਓ- ਸੰਵਿਧਾਨ ਬਚਾਓ ਦੇ ਨਾਅਰੇ ਦੇ ਤਹਿਤ ਜਨ ਸੰਪਰਕ ਮੁਹਿੰਮ ਚਲਾਈ ਹੈ। ਲੋਕਾਂ ਦੇ ਮਸਲੇ ਹੱਲ ਕਰਨ ਵਿੱਚ ਅਸਫਲ, ਕੇਂਦਰ ਦੀ ਮੋਦੀ ਸਰਕਾਰ ਲੋਕਾਂ ਦਾ ਧਿਆਨ ਹਟਾਉਣ ਲਈ ਫਿਰਕਾਪ੍ਰਸਤੀ ਦਾ ਸਹਾਰਾ ਲੈ ਰਹੀ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਸੰਸਦ ਵਿਚ ਪੇਸ਼ ਕੀਤਾ ਗਿਆ ਬੱਜਟ ਲੋਕ ਵਿਰੋਧੀ ਅਤੇ ਦੇਸ਼ ਵਿਰੋਧੀ ਹੈ। ਇਹ ਕਾਰਪੋਰੇਟਾਂ ਦਾ ਪੱਖ ਪੂਰਦਾ ਹੈ। ਕਿਰਤੀ ਲੋਕਾਂ ਦੇ ਕਿਸੇ ਵੀ ਅਸਲ ਮੁੱਦੇ ਨੂੰ ਸੰਬੋਧਿਤ ਨਹੀਂ ਕੀਤਾ ਗਿਆ, ਜਿਵੇਂ ਕਿ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਨਾ, ਸਭ ਨੂੰ ਸਮਾਜਿਕ ਸੁਰੱਖਿਆ, ਸਾਰਿਆਂ ਨੂੰ ਪੈਨਸ਼ਨ, ਸਕੀਮ ਵਰਕਰਾਂ ਨੂੰ ਰੈਗੂਲਰ ਕਰਨਾ, ਅਸੰਗਠਿਤ/ਗੈਰ-ਰਸਮੀ, ਸਨਅਤੀ ਅਤੇ ਖੇਤ ਮਜ਼ਦੂਰਾਂ ਲਈ ਘੱਟੋ-ਘੱਟ ਉਜਰਤਾਂ ਵਿੱਚ ਵਾਧਾ, ਕੇਂਦਰ ਅਤੇ ਰਾਜਾਂ ਵਿੱਚ ਮਨਜ਼ੂਰਸ਼ੁਦਾ ਅਸਾਮੀਆਂ ਨੂੰ ਭਰਨਾ ਆਦਿ। ਦੇਸ਼ ਦੀ 94% ਗੈਰ ਰਸਮੀ ਆਰਥਿਕਤਾ ਦੀ ਕਾਰਜ ਸ਼ਕਤੀ ਜੋ ਜੀ ਡੀ ਪੀ ਵਿੱਚ 60% ਯੋਗਦਾਨ ਪਾਉਂਦੀ ਹੈ, ਨੂੰ ਪੂਰੀ ਤਰ੍ਹਾਂ ਅਣਗੌਲਿਆ ਗਿਆ ਹੈ। ਸਾਰੀਆਂ ਨੌਕਰੀਆਂ ਨੂੰ ਸੀਮਤ ਸਮੇਂ ਲਈ ਠੇਕੇ 'ਤੇ ਦਿੱਤਾ ਜਾ ਰਿਹਾ ਹੈ, ਜਿਵੇਂ ਕਿ ਫੌਜ ਵਿਚ ਅਗਨੀਵੀਰਾਂ ਦੀ 4 ਸਾਲ ਲਈ ਭਰਤੀ ਕੀਤੀ ਜਾ ਰਹੀ ਹੈ।





ਅਸੀਂ ਬ੍ਰਿਜ ਭੂਸ਼ਣ ਸਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਕਰਦੇ ਹਾਂ। ਬ੍ਰਿਜ ਭੂਸ਼ਣ 'ਤੇ ਮਹਿਲਾ ਭਲਵਾਨਾਂ ਨੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ ਹਨ। ਇਨ੍ਹਾਂ ਮਹਿਲਾ ਭਲਵਾਨਾਂ ਨੇ ਉਨ੍ਹਾਂ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਜੰਤਰ-ਮੰਤਰ ਨਵੀਂ ਦਿੱਲੀ ਵਿਖੇ ਧਰਨਾ ਦਿੱਤਾ ਹੋਇਆ ਹੈ।

ਸਾਥੀ ਗੁਰਮੇਲ ਸਿੰਘ ਹੂੰਝਣ ਅਤੇ ਉਨ੍ਹਾਂ ਦਾ ਅੰਗ ਰੱਖਿਅਕ ਕਾਮਰੇਡ ਜੋਗਿੰਦਰ ਸਿੰਘ 14 ਮਈ 1989 ਨੂੰ ਆਪਣੇ ਪਿੰਡ ਪੰਧੇਰ ਖੇੜੀ ਜ਼ਿਲ੍ਹਾ ਲੁਧਿਆਣਾ ਵਿਖੇ ਖਾਲਿਸਤਾਨੀ ਦਹਿਸ਼ਤਗਰਦਾਂ ਹੱਥੋਂ ਸ਼ਹੀਦ ਹੋ ਗਏ ਸਨ। ਕਾਮਰੇਡ ਹੂੰਝਣ ਮਾਰਕਸਵਾਦ-ਲੈਨਿਨਵਾਦ ਦੇ ਆਦਰਸ਼ਾਂ ਨੂੰ ਪ੍ਰਣਾਏ ਹੋਏ ਸਨ, ਜਿਸ ਦੀ ਗੁੜ੍ਹਤੀ ਉਨ੍ਹਾਂ ਨੂੰ ਆਪਣੇ ਪਿਤਾ ਅਤੇ ਅਣਥੱਕ ਆਜ਼ਾਦੀ ਘੁਲਾਟੀਏ ਕਾਮਰੇਡ ਚੰਨਣ ਸਿੰਘ ਬਰੋਲਾ ਤੋਂ ਮਿਲੀ। ਉਨ੍ਹਾਂ ਵਿਦਿਆਰਥੀ ਲਹਿਰ, ਯੂਥ ਫੈਡਰੇਸ਼ਨ ਅਤੇ ਕਮਿਊਨਿਸਟ ਪਾਰਟੀ ਦੀ ਅਗਵਾਈ ਪੂਰੀ ਸੂਝ-ਬੂਝ ਨਾਲ ਕੀਤੀ। ਇਸੇ ਦੌਰਾਨ ਉਨ੍ਹਾਂ ਆਪਣੀ ਸੁਚੱਜੀ ਅਗਵਾਈ ਮੇਰੇ ਨਾਲ ਸਾਂਝੀ ਕਰਦਿਆਂ 80ਵਿਆਂ ਦੌਰਾਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅੰਦਰ ਇਕ ਮਜ਼ਬੂਤ ਏ.ਆਈ.ਐੱਸ.ਐੱਫ ਖੜ੍ਹੀ ਕੀਤੀ। ਉਹ ਜ਼ਿਲ੍ਹਾ ਸਹਾਇਕ ਸਕੱਤਰ ਅਤੇ ਸੂਬਾ ਕੌਂਸਲ ਮੈਂਬਰ ਵੀ ਰਹੇ। ਕਾਮਰੇਡ ਹੂੰਝਣ ਆਪਣੀ ਸਿਧਾਂਤਕ ਪਹੁੰਚ, ਇਮਾਨਦਾਰੀ ਅਤੇ ਮਿਹਨਤਕਸ਼ ਲੋਕਾਂ ਦੇ ਹੱਕਾਂ ਲਈ ਲੜਨ ਕਰਕੇ ਆਪਣੇ ਆਲੇ-ਦੁਆਲੇ ਦੇ ਪਿੰਡਾਂ, ਕਸਬਿਆਂ, ਖ਼ਾਸ ਕਰਕੇ ਡੇਹਲੋਂ, ਅਹਿਮਦਗੜ੍ਹ ਅਤੇ ਮਲੌਦ ਇਲਾਕੇ ਵਿਚ ਇਕ ਹਰਮਨ ਪਿਆਰੇ ਆਗੂ ਵਜੋਂ ਉੱਭਰੇ। ਉਨ੍ਹਾਂ ਆਪਣੇ ਸਿਧਾਂਤ ਨਾਲ ਕਦੇ ਵੀ ਅਤੇ ਕਿਸੇ ਕਿਸਮ ਦਾ ਕੋਈ ਸਮਝੌਤਾ ਨਹੀਂ ਕੀਤਾ, ਇਹੀ ਕਾਰਨ ਸੀ ਕਿ 80ਵਿਆਂ 'ਚ ਉੱਭਰੇ ਅੱਤਵਾਦ-ਵੱਖਵਾਦ ਦਾ ਉਨ੍ਹਾਂ ਡਟ ਕੇ ਵਿਰੋਧ ਕੀਤਾ ਅਤੇ ਆਪਣੇ ਵਿਚਾਰ ਬਿਨਾਂ ਕਿਸੇ ਡਰ-ਭੈਅ ਦੇ ਖੁੱਲ੍ਹ ਕੇ ਰੱਖੇ, ਜੋ ਕਿ ਅੱਤਵਾਦੀਆਂ ਨੂੰ ਮਨਜ਼ੂਰ ਨਹੀਂ ਸੀ। ਇਸੇ ਦੌਰਾਨ 14 ਮਈ 1989 ਵਾਲੇ ਦਿਨ ਉਹ ਅੱਤਵਾਦੀ ਦਹਿਸ਼ਤਗਰਦਾਂ ਹੱਥੋਂ ਆਪਣੇ ਸਾਥੀ ਜੋਗਿੰਦਰ ਸਿੰਘ ਸਮੇਤ ਸ਼ਹੀਦੀ ਦਾ ਜਾਮ ਪੀ ਗਏ। ਸਾਥੀ ਗੁਰਮੇਲ ਹੂੰਝਣ ਅਤੇ ਹੋਰ ਅੱਤਵਾਦ-ਵੱਖਵਾਦ ਖਿਲਾਫ ਲੜਨ ਵਾਲੇ ਸਾਥੀਆਂ ਦੀ ਸਿਧਾਂਤਕ ਪਹੁੰਚ ਸਦਕਾ ਅੱਤਵਾਦ-ਵੱਖਵਾਦ ਦਾ ਪੰਜਾਬ ਅੰਦਰ ਖਾਤਮਾ ਹੋਇਆ। ਅੱਤਵਾਦ ਹੋਵੇ ਜਾਂ ਜੰਗ ਹੋਵੇ, ਇਕ ਗੱਲ ਸਾਬਤ ਹੋ ਗਈ ਕਿ ਸਮਾਜਵਾਦ ਦਾ ਸਿਧਾਂਤ ਹੀ ਹੈ, ਜੋ ਕਿ ਪੂਰੀ ਦ੍ਰਿੜ੍ਹਤਾ, ਇਮਾਨਦਾਰੀ, ਸੂਝਬੂਝ ਅਤੇ ਯੋਜਨਾਬੰਦ ਤਰੀਕੇ ਨਾਲ ਇਨ੍ਹਾਂ ਨੂੰ ਭਾਂਜ ਦੇ ਸਕਦਾ ਹੈ। ਦੁਨੀਆ ਸਾਹਮਣੇ ਕੇਰਲਾ ਵਰਗਾ ਸੂਬਾ ਅਤੇ ਵੀਅਤਨਾਮ ਤੇ ਕਿਊਬਾ ਵਰਗੇ ਸਮਾਜਵਾਦੀ ਦੇਸ਼ ਉਦਾਹਰਣ ਹਨ। ਅੱਜ ਕਾਮਰੇਡ ਗੁਰਮੇਲ ਹੂੰਝਣ ਅਤੇ ਜੋਗਿੰਦਰ ਸਿੰਘ ਦੀ ਸ਼ਹਾਦਤ ਦੀ 34ਵੀਂ ਬਰਸੀ ਮੌਕੇ ਸੱਚੀ ਸ਼ਰਧਾਂਜਲੀ ਉਨ੍ਹਾਂ ਦੀ ਸੋਚ 'ਤੇ ਪਹਿਰਾ ਦਿੰਦਿਆਂ ਉਨ੍ਹਾਂ ਵੱਲੋਂ ਸ਼ੁਰੂ ਕੀਤੇ ਕਾਰਜਾਂ ਨੂੰ ਅੱਗੇ ਤੋਰਨਾ ਹੈ।

—ਜ਼ਿਲ੍ਹਾ ਸਕੱਤਰ, ਭਾਰਤੀ ਕਮਿਊਨਿਸਟ ਪਾਰਟੀ

## ਕਾਮਰੇਡ ਗੁਰਮੇਲ ਹੂੰਝਣ ਨੂੰ ਯਾਦ ਕਰਦਿਆਂ

**ਡਾ. ਗੁਲਜ਼ਾਰ ਸਿੰਘ ਪੰਧੇਰ**

ਸਾਥੀ ਗੁਰਮੇਲ ਸਿੰਘ ਹੂੰਝਣ ਦਾ ਜਨਮ 15 ਨਵੰਬਰ 1951 ਨੂੰ ਉੱਘੇ ਅਜ਼ਾਦੀ ਸੰਗਰਾਮੀਏ ਕਾਮਰੇਡ ਚੰਨਣ ਸਿੰਘ ਬਰੋਲਾ ਦੇ ਸਪੁੱਤਰ ਵਜੋਂ ਮਾਤਾ ਜਸਵੰਤ ਕੌਰ ਦੀ ਕੁੱਖੋਂ ਪਿੰਡ ਪੰਧੇਰ ਖੇੜੀ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਮੁੱਢਲੀ ਵਿੱਦਿਆ ਨਾਲ ਦੇ ਕਸਬੇ ਮਲੌਦ ਤੋਂ ਪ੍ਰਾਪਤ ਕੀਤੀ ਤੇ ਉੱਚ ਵਿੱਦਿਆ (ਐੱਮ ਏ ਰਾਜਨੀਤੀ ਸਾਸ਼ਤਰ) ਆਰੀਆ ਕਾਲਜ ਲੁਧਿਆਣਾ ਤੋਂ ਪ੍ਰਾਪਤ ਕੀਤੀ। ਸਕੂਲੀ ਪੜ੍ਹਾਈ ਸਮੇਂ ਹੀ ਉਹ ਹੁਸ਼ਿਆਰ ਵਿਦਿਆਰਥੀ ਦੇ ਨਾਲ-ਨਾਲ ਕਬੱਡੀ ਦਾ ਦਰਸ਼ਨੀ ਖਿਡਾਰੀ ਸੀ। ਮੇਰੇ ਤੋਂ ਚਾਰ ਸਾਲ ਉਮਰ ਵੱਡੀ ਸੀ ਤੇ ਮੈਂ ਉਸ ਨੂੰ ਆਪਣੇ ਪਿੰਡ ਸਿਆੜ੍ਹ ਦੇ ਟੂਰਨਾਮੈਂਟਾਂ 'ਚ ਕਬੱਡੀ ਖੇਡਦਿਆਂ ਮੇਲਾ ਲੁੱਟਦੇ ਖੁਦ ਵੇਖਿਆ ਹੈ। ਬੀ ਏ ਤੱਕ ਦੀ ਪੜ੍ਹਾਈ ਉਸ ਨੇ ਸਰਕਾਰੀ ਕਾਲਜ ਮੀਲੇਰਕੋਟਲਾ ਤੋਂ ਪ੍ਰਾਪਤ ਕੀਤੀ। ਉੱਥੇ ਪੜ੍ਹਦਿਆਂ ਹੀ ਉਹ ਉਸ ਸਮੇਂ ਵਿਦਿਆਰਥੀਆਂ ਦੀ ਹਰਮਨ ਪਿਆਰੀ ਜੱਥੇਬੰਦੀ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦਾ ਸੂਬਾਈ ਆਗੂ ਬਣ ਗਿਆ ਸੀ। ਉਸ ਸਮੇਂ ਵਿਦਿਆਰਥੀ ਘੋਲ ਦੀ ਪ੍ਰਸਿੱਧ ਘਟਨਾ ਮੋਗਾ ਗੋਲੀ ਕਾਂਡ ਤੋਂ ਬਾਅਦ ਉਹ ਕਾਮਰੇਡ ਬੰਤ ਸਿੰਘ ਬਰਾੜ ਦੀ ਅਗਵਾਈ 'ਚ ਕਾਮਰੇਡ ਕਰਤਾਰ ਬੁਆਣੀ ਦੀ ਸੱਜੀ ਬਾਂਹ ਬਣ ਕੇ ਉੱਭਰਿਆ ਸੀ। ਮੇਰਾ ਪਿੰਡ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਹੈ। ਉਹਨਾਂ ਦਿਨਾਂ 'ਚ ਮੈਂ ਸਰਕਾਰੀ ਕਾਲਜ ਕਰਮਸਰ ਦਾ ਵਿਦਿਆਰਥੀ ਸੀ। ਪਹਿਲਾਂ-ਪਹਿਲ ਵਿਚਾਰਧਾਰਕ ਸਹਿਮਤੀ ਨਾ ਹੋਣ ਦੇ ਬਾਵਜੂਦ ਉਹਦੀ ਮਿਕਨਾਤੀਸੀ ਸ਼ਖਸੀਅਤ ਨੇ ਇਸ ਕਦਰ ਪ੍ਰਭਾਵਤ ਕੀਤਾ ਕਿ ਉਸ ਦੇ ਬਹੁਤ ਨੇੜੇ ਹੋ ਗਿਆ ਤੇ ਵਿਦਿਆਰਥੀ ਜੱਥੇਬੰਦੀ ਵਿਚ ਸ਼ਾਮਲ ਹੋ ਕੇ ਬਹਿਸ ਮੁਬਾਹਸਿਆਂ ਤੋਂ ਬਾਅਦ ਵਿਚਾਰਧਾਰਕ ਸਹਿਮਤੀ ਵੀ ਹੋ ਗਈ।

ਉਹਨਾਂ ਦੇ ਪਿਤਾ ਕਾਮਰੇਡ ਚੰਨਣ ਵਿੱਚ ਬਰੋਲਾ ਉਹਨਾਂ ਦਿਨਾਂ 'ਚ ਸਾਡੇ ਇਲਾਕੇ ਦੇ ਵਿਰਲੇ ਵਿਰਲੇ ਕਮਿਊਨਿਸਟ ਆਗੂਆਂ ਵਿੱਚੋਂ ਸਨ। ਕਮਿਊਨਿਸਟ ਮੋਰਚਿਆਂ ਅਤੇ ਕਾਮਰੇਡਾਂ ਵੱਲੋਂ ਇਲਾਕੇ 'ਚ ਕੀਤੇ ਜਾਂਦੇ ਉਪੇਰੇ ਨਾਟਕ ਅਤੇ ਜਲਸਿਆਂ ਕਰਕੇ ਜਾਣੇ ਜਾਂਦੇ ਸੀ। ਇਕ ਹੋਰ ਜਿਹੜਾ ਮਾਨਵਵਾਦੀ ਕਾਰਜ ਇਹਨਾਂ ਨੇ ਕੀਤਾ ਸੀ ਉਹ ਇਹ ਸੀ ਕਿ 1947 ਦੇ ਫਸਾਦਾਂ ਸਮੇਂ ਬਹੁਤ ਸਾਰੇ ਮੁਸਲਮਾਨ ਪਰਵਾਰਾਂ ਨੂੰ ਇਹਨਾਂ ਨੇ ਰਾਮਗੜ੍ਹ ਸਰਦਾਰਾਂ ਦੇ ਸਾਥੀਆਂ ਨਾਲ ਮਿਲ ਕੇ ਮਾਲੇਰਕੋਟਲਾ ਰਿਆਸਤ ਜੋ 10-11 ਕਿਲੋਮੀਟਰ ਪੈਂਦੀ ਸੀ, ਦੀ ਹੱਦ ਵਿੱਚ ਪੁਚਾ ਕੇ ਰੱਖਿਆ ਕੀਤੀ। ਅਜ਼ਾਦੀ ਸੰਗਰਾਮ ਸਮੇਂ ਕਾਮਰੇਡ ਬਰੋਲਾ ਜੀ ਪਹਿਲਾਂ ਕਾਂਗਰਸ ਪਾਰਟੀ ਵਿੱਚ ਰਹੇ ਤੇ ਫੇਰ ਜੇਲ੍ਹ ਵਿੱਚ ਹੁੰਦੀਆਂ ਬਹਿਸਾਂ ਤੋਂ ਬਾਅਦ ਕਮਿਊਨਿਸਟ ਗਰੁੱਪ ਵਿੱਚ ਸ਼ਾਮਲ ਹੋ ਗਏ। ਉਹ ਦੱਸਦੇ ਹੁੰਦੇ ਸੀ ਕਿ ਉਹਨਾਂ ਨੇ ਪੰਡਿਤ ਜਵਾਹਰ ਲਾਲ ਨਹਿਰੂ ਦੁਆਰਾ ਲਿਖਤ, 'ਗਲਿੰਪਸਿਜ ਆਫ ਦੀ ਵਰਲਡ ਹਿਸਟਰੀ' ਅਤੇ 'ਡਿਸਕਵਰੀ ਆਫ ਇੰਡੀਆ' ਪੜ੍ਹਨ ਤੋਂ ਬਾਅਦ ਕਮਿਊਨਿਸਟ ਵਿਚਾਰਧਾਰਾ ਵੱਲ ਝੁਕਣਾ ਸ਼ੁਰੂ ਕੀਤਾ। ਉਹਨਾਂ ਤੋਂ ਸੁਣੇ ਲੈਕਚਰਾਂ ਨੇ ਮੈਨੂੰ ਆਪਣੀ ਪੜ੍ਹਾਈ ਵਿੱਚ ਵੀ ਕਾਫੀ ਮਦਦ ਕੀਤੀ ਤੇ ਇਹ ਕਾਮਰੇਡ ਚੰਨਣ ਸਿੰਘ ਬਰੋਲਾ ਅਤੇ ਕਾਮਰੇਡ ਗੁਰਮੇਲ ਹੂੰਝਣ ਦੀ ਸ਼ਖਸੀਅਤ ਸੀ, ਜਿਸ ਕਰਕੇ ਵਧੇਰੇ ਸਮਾਜਿਕ ਜ਼ਿੰਮੇਵਾਰੀ ਵਾਲਾ ਸੁਭਾਅ ਬਣਿਆ। ਮਾਰਕਸਵਾਦ ਦੇ ਲੈਕਚਰਾਂ ਨੇ ਤਾਂ ਮੇਰੀ ਲੇਖਣੀ ਵਿੱਚ ਵੀ ਬੜਾ ਨਿਖਾਰ ਲਿਆਂਦਾ।

ਕਾਮਰੇਡ ਗੁਰਮੇਲ ਹੂੰਝਣ ਉੱਚ ਵਿੱਦਿਆ ਪ੍ਰਾਪਤ ਕਰਨ ਤੋਂ ਬਾਅਦ ਥੋੜ੍ਹੀ ਦੇਰ ਕੋਆਪਰੇਟਿਵ ਬੈਂਕ ਵਿੱਚ ਨੌਕਰੀ ਕਰਨ ਤੋਂ ਬਾਅਦ ਭਾਰਤੀ ਕਮਿਊਨਿਸਟ ਪਾਰਟੀ ਵਿਚ ਕੁਲਵਕਤੀ ਦੇ ਤੌਰ 'ਤੇ ਕੰਮ ਕਰਨ ਲੱਗ ਗਏ ਸਨ। ਪਾਰਟੀ ਵਿੱਚ ਕੰਮ ਕਰਦਿਆਂ ਉਹ ਲੁਧਿਆਣਾ ਜ਼ਿਲ੍ਹੇ ਦੇ ਸਹਾਇਕ ਸਕੱਤਰ ਅਤੇ ਸੂਬਾ ਕੌਂਸਲ ਦੇ ਮੈਂਬਰ ਬਣੇ। ਬਹੁਤਾ ਸਮਾਂ ਉਹਨਾਂ ਸਰਵ ਭਾਰਤ ਨੌਜਵਾਨ ਸਭਾ 'ਚ ਕੰਮ ਕੀਤਾ, ਪਿੰਡ-ਪਿੰਡ ਨੌਜਵਾਨ ਸਭਾ ਦੀਆਂ ਬਰਾਂਚਾਂ ਬਣਾਈਆਂ, ਵਿਸ਼ੇਸ਼ ਕਰਕੇ ਸਾਡੇ ਇਲਾਕੇ ਵਿੱਚ ਨੌਜਵਾਨਾਂ ਨੂੰ ਖੇਡਾਂ ਅਤੇ ਖੇਡ ਮੇਲਿਆਂ ਵੱਲ ਪ੍ਰੇਰਿਆ। ਨਾਲ ਰਹਿੰਦਿਆਂ ਉਹ ਅਕਸਰ ਕਹਿੰਦੇ ਸਨ ਕਿ ਨੌਜਵਾਨਾਂ ਨੂੰ ਬਹੁ-ਪੱਖੀ ਸਰਗਰਮੀਆਂ ਵਿੱਚ ਹਿਸਾ ਪਾਉਣਾ ਚਾਹੀਦਾ ਹੈ, ਨਹੀਂ ਤਾਂ ਨੌਜਵਾਨ ਨਸ਼ਿਆਂ ਵੱਲ ਖਿੱਚੇ ਜਾਣਗੇ। ਉਹਨਾਂ ਦਿਨਾਂ 'ਚ ਨੌਜਵਾਨਾਂ ਵਿੱਚ ਨਸ਼ੇ ਇੰਨੇ ਜ਼ਿਆਦਾ ਨਹੀਂ ਸੀ ਹੁੰਦੇ, ਪਰ ਅੱਜ ਦੇ ਹਾਲਾਤ ਵੇਖਦਿਆਂ ਲੱਗਦਾ ਹੈ ਕਿ ਉਹ ਅਗਾਊਂ ਹੀ ਜਾਣਦੇ ਸਨ। ਉਹ ਭਾਵੇਂ ਘਰੋਂ ਬਹੁਤੇ ਸਰਦੇ-ਪੁੱਜਦੇ ਨਹੀਂ ਸਨ, ਪਰ ਫੇਰ ਵੀ ਜਦੋਂ ਉਹ ਇਮਾਨਦਾਰੀ ਨਾਲ ਲੋਕਾਂ ਲਈ ਕੰਮ ਕਰਦੇ ਸੀ ਤਾਂ ਲੋਕ ਪਾਰਟੀ ਲਈ ਉਹਨਾਂ ਰਾਹੀਂ ਖੁੱਲ੍ਹ ਕੇ ਸਹਾਇਤਾ ਵੀ ਦਿੰਦੇ ਸਨ। ਪਾਰਟੀ ਵਾਸਤੇ ਸਾਧਨ ਪੈਦਾ ਕਰਨ ਵਾਲਿਆਂ ਵਿੱਚੋਂ ਉਹ ਪਹਿਲੇ ਨੰਬਰ 'ਤੇ ਗਿਣੇ ਜਾਂਦੇ ਸਨ। ਮਜ਼ਦੂਰ ਜਮਾਤ ਲਈ ਹਮਦਰਦੀ ਉਹਨਾਂ ਅੰਦਰ ਕੁੱਟ-ਕੁੱਟ ਕੇ ਭਰੀ ਹੋਈ ਸੀ। ਸਰਵ ਭਾਰਤ ਨੌਜਵਾਨ ਸਭਾ ਅਤੇ ਪਾਰਟੀ ਲਈ ਕੰਮ ਕਰਦਿਆ ਉਹਨਾਂ ਨੇ ਅਹਿਮਦਗੜ੍ਹ, ਮਲੌਦ, ਡੇਹਲੋਂ ਅਤੇ ਲੁਧਿਆਣਾ ਆਦਿ ਕਸਬਿਆਂ/ਸ਼ਹਿਰਾਂ ਨੂੰ ਆਪਣਾ ਕੇਂਦਰ ਬਣਾਇਆ। ਇਹਨਾਂ ਸ਼ਹਿਰਾਂ/ਕਸਬਿਆਂ ਵਿੱਚ ਉਹਨੀਂ ਦਿਨੀਂ ਪੱਲੇਦਾਰ ਮਜ਼ਦੂਰ ਵੱਡੀ ਗਿਣਤੀ 'ਚ ਪੈਦਾ ਹੋਏ ਸਨ। ਉਹਨਾਂ ਆਪਣੇ ਇਲਾਕੇ 'ਚ ਪੱਲੇਦਾਰਾਂ ਦੀ ਮਜ਼ਬੂਤ ਜੱਥੇਬੰਦੀ ਨੂੰ ਅਗਵਾਈ ਦਿੱਤੀ। ਅਹਿਮਦਗੜ੍ਹ ਭਾਵੇਂ ਜ਼ਿਲ੍ਹਾ ਸੰਗਰੂਰ 'ਚ ਪੈਂਦਾ ਸੀ, ਪਰ ਉਥੋਂ ਦੇ ਤਾਂ ਉਹ ਪ੍ਰਵਾਨਤ ਆਗੂ ਵਜੋਂ ਉੱਭਰ ਚੁੱਕੇ ਸਨ। ਜਦੋਂ ਇਲਾਕੇ 'ਚ ਕਮਿਊਨਿਸਟ ਪਾਰਟੀ ਅਤੇ ਸਾਥੀ ਗੁਰਮੇਲ ਹੂੰਝਣ ਰੋਜ਼ ਤਰੱਕੀ ਕਰ ਰਹੇ ਸੀ ਤਾਂ ਪੰਜਾਬ 'ਚ ਖਾਲਿਸਤਾਨ ਦੀ ਲਹਿਰ ਨੇ ਜ਼ੋਰ ਪਕੜਨਾ ਸ਼ੁਰੂ ਕਰ ਦਿੱਤਾ, ਕਿਉਂਕਿ ਇਸ ਲਹਿਰ ਦਾ ਸੁਭਾਅ ਫਿਰਕੂ ਅਤੇ ਤਾਨਾਸ਼ਾਹੀ ਵਾਲਾ ਸੀ ਤਾਂ ਭਾਰਤੀ ਕਮਿਊਨਿਸਟ ਪਾਰਟੀ ਦੀ ਲੋਕ ਪੱਖੀ ਨੀਤੀ ਅਨੁਸਾਰ ਉਸ ਨੇ ਡਟ ਕੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਅੱਸੀਵਿਆਂ ਵਿੱਚ ਜਦੋਂ ਬਹੁਤ ਸਾਰੇ ਕਮਿਊਨਿਸਟਾਂ ਨੂੰ ਖਾਲਿਸਤਾਨੀਆਂ ਵੱਲੋਂ ਸ਼ਹੀਦ ਕੀਤਾ ਗਿਆ ਤਾਂ ਕਾਮਰੇਡ ਗੁਰਮੇਲ ਹੂੰਝਣ, ਕਾਮਰੇਡ ਕਰਤਾਰ ਸਿੰਘ ਬੁਆਣੀ ਅਤੇ ਡਾ. ਅਰੁਣ ਮਿੱਤਰਾ ਦੀ ਅਗਵਾਈ ਹੇਠਲੀ ਟੀਮ ਫਿਰਕੂ ਏਕਤਾ ਲਈ ਸਾਰੀਆਂ ਸੰਭਾਵਨਾਵਾਂ ਝੋਕ ਕੇ ਕੰਮ ਕਰਦੀ ਰਹੀ। ਕਾਮਰੇਡ ਗੁਰਮੇਲ ਹੂੰਝਣ ਅਕਸਰ ਸਾਡੇ ਇਲਾਕੇ ਵਿੱਚ ਵੀ ਕਾਨਫਰੰਸ ਵਿੱਚ ਕਾਮਰੇਡ ਸਤਪਾਲ ਡਾਂਗ ਅਤੇ ਜਗਜੀਤ ਸਿੰਘ ਅਨੰਦ ਵਰਗੇ ਆਗੂਆਂ ਨੂੰ ਬੁਲਾ ਕੇ ਜਲਸੇ ਕਰਵਾਉਂਦੇ ਰਹੇ। ਉਹਨਾਂ ਦੀ 14 ਮਈ 1989 ਨੂੰ ਆਪਣੇ ਪਿੰਡ ਪੰਧੇਰ ਖੇੜੀ ਵਿਖੇ ਹੀ ਆਪਣੇ ਗੰਨਮੈਨ ਸਾਥੀ ਜੁਗਿੰਦਰ ਸਿੰਘ ਨਾਲ ਖਾਲਿਸਤਾਨੀਆਂ ਹੱਥੋਂ ਸ਼ਹਾਦਤ ਹੋਈ। ਮਹੀਨਾ ਕੁ ਪਹਿਲਾਂ ਹੀ ਉਹਨਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਪ੍ਰਸ਼ਾਸਨ ਨੇ ਉਹਨਾਂ ਨੂੰ ਗੰਨਮੈਨ ਦਿੱਤੇ ਸਨ ਅਤੇ ਕੁਝ ਦਿਨ ਪਹਿਲਾਂ ਹੀ ਅਸੀਂ ਰਲ ਕੇ ਉਹਨਾਂ ਲਈ ਗੱਡੀ ਲੈਣ ਹਿਤ ਸਾਧਨ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਸਨ। ਬਾਅਦ ਵਿੱਚ ਭਾਵੇਂ ਕਾਤਲ ਵੀ ਮਾਰੇ ਗਏ ਪਰ ਉਹਨਾਂ ਸਾਡੇ ਸਮਾਜ ਦੇ ਹੀਰੇ ਨੂੰ ਗੁਆ ਦਿੱਤਾ। ਉਸ ਦੇ ਸਸਕਾਰ ਸਮੇਂ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋਏ। ਉਹਨਾਂ ਦੇ ਪਿਤਾ ਕਾਮਰੇਡ ਚੰਨਣ ਸਿੰਘ ਬਰੋਲਾ ਜੀ ਨੇ ਬੋਲਦਿਆਂ ਕਿਹਾ ਕਿ ਗੁਰਮੇਲ ਸੂਰਮਾ ਸੀ 'ਦਾਤਾ, ਭਗਤ ਤੇ ਸੂਰਮਾ' ਤਿੰਨੇ ਜੱਗ 'ਤੇ ਹਮੇਸ਼ਾ ਰਹਿੰਦੇ ਨੇ, ਲੋਕਾਂ ਨੇ ਪੈਦਾ ਕੀਤਾ ਸੀ, ਲੋਕਾਂ ਲਈ ਜੀਵਿਆ ਤੇ ਲੋਕਾਂ ਲਈ ਸ਼ਹੀਦ ਹੋਇਆ ਹੈ। ਉਸ ਤੋਂ ਬਾਅਦ ਲਗਾਤਾਰ ਹਰ ਸਾਲ 14 ਮਈ ਨੂੰ ਪਿੰਡ ਪੰਧੇਰ ਖੇੜੀ ਵਿਖੇ ਲੋਕਾਂ ਦਾ ਇੱਕ ਵੱਡਾ ਇਕੱਠ ਸਾਥੀ ਗੁਰਮੇਲ ਹੂੰਝਣ ਅਤੇ ਜੁਗਿੰਦਰ ਸਿੰਘ ਨੂੰ ਸ਼ਰਧਾ ਭੇਟ ਕਰਨ ਲਈ ਪੁੱਜਦਾ ਹੈ ਤੇ ਸਮਾਜ ਨੂੰ ਦਰਪੇਸ਼ ਚੁਣੌਤੀਆਂ ਵਿਰੁੱਧ ਸੰਘਰਸ਼ ਲਈ ਪ੍ਰੇਰਨਾ ਲੈਂਦਾ ਹੈ। ਇਸ ਵਾਰ ਪੰਧੇਰ ਖੇੜੀ ਵਿਖੇ ਪਹਿਲਾਂ ਵਰਗਾ ਵੱਡਾ ਇਕੱਠ ਹੋ ਸਕੇਗਾ ਤੇ ਸ਼ਹੀਦੀ ਸਮਾਗਮ ਧੂਮ-ਧਾਮ ਨਾਲ ਕਰਨ ਦਾ ਫੈਸਲਾ ਸਾਰੀਆਂ ਸੰਬੰਧਤ ਧਿਰਾਂ ਨੇ ਕੀਤਾ ਹੈ। 'ਨਵਾਂ ਜ਼ਮਾਨਾ' ਰਾਹੀਂ ਉਹਨਾਂ ਨੂੰ ਯਾਦ ਕਰਦਿਆਂ ਅਸੀਂ ਅਜੋਕੇ ਨਾਜ਼ੀਵਾਦੀ ਭਿਆਨਕ ਹਾਲਾਤ 'ਤੇ ਕਾਬੂ ਪਾਉਣ ਲਈ ਇਸ ਤੋਂ ਬਾਅਦ ਵਾਲੀਆਂ ਹਾਲਤਾਂ ਅਤੇ ਚੁਣੌਤੀਆਂ ਖਿਲਾਫ ਸੰਗਰਾਮੀ ਪ੍ਰੇਰਨਾ ਸਾਥੀ ਗੁਰਮੇਲ ਹੂੰਝਣ ਅਤੇ ਜੁਗਿੰਦਰ ਸਿੰਘ ਦੀ ਸ਼ਹਾਦਤ ਤੋਂ ਪ੍ਰੇਰਨਾ ਲੈਂਦੇ ਰਹਾਂਗੇ।

## ਪਿਤਾ ਕਾਮਰੇਡ ਚੰਨਣ ਸਿੰਘ ਵਰੋਲਾ ਦੀ ਗੁੜ੍ਹਤੀ ਲੈ ਕੇ ਇਨਕਲਾਬੀ ਬਣੇ ਸਨ ਗੁਰਮੇਲ ਹੂੰਝਣ

**ਰਮੇਸ਼ ਰਤਨ**

ਕਾਮਰੇਡ ਗੁਰਮੇਲ ਹੂੰਝਣ ਅਤੇ ਉਸ ਦੇ ਅੰਗ ਰੱਖਿਅਕ ਕਾਮਰੇਡ ਜੁਗਿੰਦਰ ਸਿੰਘ 14 ਮਈ 1989 ਨੂੰ ਦਹਿਸ਼ਤਗਰਦਾਂ ਵੱਲੋਂ ਸ਼ਹੀਦ ਕਰ ਦਿੱਤੇ ਗਏ। ਕੁਝ ਦਿਨਾਂ ਬਾਅਦ ਉਹਨਾਂ ਦੇ ਸ਼ਰਧਾਂਜਲੀ ਸਮਾਗਮ ਸਮੇਂ ਗੁਰਮੇਲ ਦੇ ਪਿਤਾ ਕਾਮਰੇਡ ਚੰਨਣ ਸਿੰਘ ਵਰੋਲਾ ਨੇ ਸਟੇਜ ਤੋਂ ਬੋਲਦਿਆਂ ਆਖਿਆ ਕਿ, "ਮੇਰੇ ਪੁੱਤਰਾਂ 'ਚੋਂ ਇਸ ਨੇ ਹੀ ਪੜ੍ਹਾਈ ਵਿਚ ਮਾਸਟਰ ਡਿਗਰੀ ਹਾਸਲ ਕੀਤੀ ਅਤੇ ਇਹ ਸਭ ਤੋਂ ਵੱਧ ਹੋਣਹਾਰ ਸੀ। ਇਸ ਦੀ ਰਾਜਨੀਤਕ ਸੂਝ ਅਤੇ ਦਿਲਚਸਪੀ ਨੂੰ ਧਿਆਨ ਵਿੱਚ ਰੱਖਦੇ ਹੋਏ ਅਸੀਂ ਕਦੇ ਇਸ ਨੂੰ ਕਿਸੇ ਘਰੇਲੂ ਕੰਮ ਲਈ ਨਹੀਂ ਆਖਦੇ ਸਾਂ। ਇਨ੍ਹਾਂ ਨੂੰ ਸ਼ਹੀਦ ਕਰਨ ਵਾਲੇ ਇਹ ਅੰਦਾਜ਼ਾ ਵੀ ਨਹੀਂ ਲਗਾ ਸਕਦੇ ਕਿ ਉਨ੍ਹਾਂ ਸਾਡੇ ਇਲਾਕੇ ਦਾ, ਬਲਕਿ ਦੇਸ਼ ਦਾ ਕਿੱਡਾ ਵੱਡਾ ਨੁਕਸਾਨ ਕਰ ਦਿੱਤਾ ਹੈ।"

ਕਈ ਦਿਨਾਂ ਤੱਕ ਮੈਂ ਇਹ ਸੋਚਦਾ ਰਿਹਾ ਕਿ ਵਰੋਲਾ ਜੀ ਘਰ ਵਿਚ ਗੁਰਮੇਲ ਦੀ ਜਵਾਨ ਪਤਨੀ ਅਤੇ ਬੱਚਿਆਂ ਦਾ ਕਿਵੇਂ ਸਾਹਮਣਾ ਕਰਨਗੇ, ਜਦੋਂ ਕਿ ਉਸ ਦੇ ਛੋਟੇ ਪੁੱਤਰ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਘਰ ਵਿਚ ਕੀ ਵਾਪਰ ਗਿਆ ਹੈ। ਵਰੋਲਾ ਜੀ ਦੇ ਸਾਦੇ ਸੁਭਾਅ, ਪਰ ਗੂੜ੍ਹੀ ਰਾਜਨੀਤਕ ਸਮਝ ਬਾਰੇ ਮੈਨੂੰ ਪਹਿਲਾਂ ਤੋਂ ਹੀ ਜਾਣਕਾਰੀ ਸੀ।

ਅਸਲ ਵਿਚ 1974 ਦੇ ਕਿਸਾਨ ਸਭਾ ਅਤੇ ਮਜ਼ਦੂਰ ਸਭਾਵਾਂ ਦੇ ਅੰਦੋਲਨ ਸਮੇਂ ਉਹਨਾਂ ਨਾਲ ਜੇਲ੍ਹ ਵਿਚ ਲੱਗਭੱਗ 2 ਮਹੀਨੇ ਰਹਿਣਾ ਪਿਆ। ਗ੍ਰਿਫਤਾਰ ਹੋਣ ਵਾਲਿਆਂ ਵਿੱਚ ਲੁਧਿਆਣਾ ਜੇਲ੍ਹ ਵਿੱਚ ਮੈਂ ਇਕੱਲਾ ਹੀ ਵਿਦਿਆਰਥੀ ਸਾਂ, ਇਸ ਲਈ ਸਾਰੇ ਸੀਨੀਅਰ ਸਾਥੀ ਖਾਸ ਕਰਕੇ ਵਰੋਲਾ ਜੀ ਮੇਰਾ ਵਿਸ਼ੇਸ਼ ਧਿਆਨ ਰੱਖਦੇ ਸਨ।

ਉਹ ਜੇਲ੍ਹ ਅੰਦਰ ਸਾਨੂੰ ਰਾਜਨੀਤਕ ਗਿਆਨ ਦੇ ਮੁੱਢਲੇ ਸਿਧਾਂਤ ਪੜ੍ਹਾਉਣ ਸਮੇਂ ਪੰਜਾਬ ਦੀ ਵਿਸ਼ੇਸ਼ ਸਮਾਜਿਕ ਤੇ ਰਾਜਨੀਤਕ ਧਰਾਤਲ ਸਮਝਣ ਲਈ ਬਹੁਤ ਜ਼ੋਰ ਦਿੰਦੇ।

ਉਹਨਾਂ ਵੱਲੋਂ ਰਾਜਨੀਤਕ ਪ੍ਰਚਾਰ ਅਤੇ ਕਾਰਕੁਨਾਂ ਦਾ ਵਿਸ਼ੇਸ਼ ਧਿਆਨ ਰੱਖਣ ਕਾਰਨ ਹੀ ਜਿੱਥੇ ਉਹ ਖੁਦ ਆਪਣੇ ਪਿੰਡ ਦੇ ਸਰਪੰਚ ਸਨ, ਪਰ ਨਾਲ ਵਾਲੇ ਪਿੰਡ ਸਹਾਰਨ ਮਾਜਰਾ ਦੇ ਸਰਪੰਚ ਕਾਮਰੇਡ ਸਰੂਪ ਸਿੰਘ ਇਲਾਕੇ ਦੇ ਵੱਡੇ ਪਿੰਡ ਸਿਆੜ੍ਹ ਤੋਂ ਕਾਮਰੇਡ ਸਾਧੂ ਸਿੰਘ, ਰਾਮਗੜ੍ਹ ਸਰਦਾਰਾਂ ਤੋਂ ਕਾਮਰੇਡ ਸਤਪਾਲ ਸਰਪੰਚ ਸਨ ਅਤੇ ਅਨੇਕ ਪਿੰਡਾਂ ਵਿੱਚ ਪੰਚਾਇਤ ਮੈਂਬਰ, ਕੋਆਪਰੇਟਿਵ ਸੋਸਾਇਟੀਆਂ ਦੇ ਮੈਂਬਰ ਉਨ੍ਹਾ ਦੇ ਪ੍ਰਭਾਵ ਨਾਲ ਹੀ ਅੱਗੇ ਆਏ ਸਨ। ਇਲਾਕੇ ਦੇ ਪ੍ਰਭਾਵਸ਼ਾਲੀ ਰਾਜਨੀਤਕ ਲੋਕਾਂ ਦਾ ਵੱਡਾ ਹਿੱਸਾ ਉਹਨਾਂ ਨੂੰ ਆਪਣਾ ਰਾਜਸੀ ਗੁਰੂ ਆਖਦਾ ਸੀ।

ਉਹਨੀਂ ਦਿਨੀਂ ਕਾਲਜ ਦੇ ਵਿਦਿਆਰਥੀਆਂ ਵਿੱਚ ਖੱਬੀ ਵਿਚਾਰਧਾਰਾ ਨੂੰ ਜਾਨਣ ਲਈ ਵਿਸ਼ੇਸ਼ ਉਤਸ਼ਾਹ ਹੁੰਦਾ ਸੀ। ਸਾਡੀ ਆਪਣੀ ਕਲਾਸ ਵਿੱਚੋਂ ਹੀ 23 ਲੜਕੇ ਵਿਦਿਆਰਥੀਆਂ ਵਿੱਚੋਂ ਲੱਗਭੱਗ 17 ਵਿਦਿਆਰਥੀ ਕਮਿਊਨਿਸਟ ਪਾਰਟੀਆਂ ਦੇ ਮੈਂਬਰ ਸਨ। ਇਕ ਦਿਨ ਸਾਡੇ ਰਾਜਨੀਤਕ ਵਿਗਿਆਨ ਨੂੰ ਪੜ੍ਹਾਉਣ ਵਾਲੇ ਪ੍ਰੋਫੈਸਰ ਗਰੇਵਾਲ ਸਾਹਿਬ ਨੇ ਮੈਨੂੰ ਇਹ ਜਾਨਣ ਲਈ ਘੇਰ ਲਿਆ ਕਿ ਪਿੰਡਾਂ ਦੇ ਸਧਾਰਨ ਘਰਾਂ ਤੋਂ ਆਏ ਵਿਦਿਆਰਥੀਆਂ ਵਿਚ ਇੰਨੀ ਰਾਜਨੀਤਕ ਸਮਝ ਕਿਵੇਂ ਪੈਦਾ ਹੋ ਗਈ ਹੈ। ਮੈਂ ਵਰੋਲਾ ਜੀ ਬਾਰੇ ਉਸ ਨਾਲ ਗੱਲ ਸਾਂਝੀ ਕੀਤੀ। ਇਕ ਦਿਨ ਉਹਨਾਂ ਮੈਨੂੰ ਦੱਸਿਆ ਕਿ ਉਹ ਵਰੋਲਾ ਜੀ ਨੂੰ ਮਿਲੇ ਅਤੇ ਉਹਨਾਂ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ ਹੈ। ਹੈਰਾਨੀ ਵਾਲੀ ਗੱਲ ਇਹ ਸੀ ਕਿ ਵਰੋਲਾ ਜੀ ਖੁਦ ਪ੍ਰਾਇਮਰੀ ਪਾਸ ਵੀ ਨਹੀਂ ਸਨ, ਪਰ ਢੇਰ ਸਾਰੀਆਂ ਕਿਤਾਬਾਂ ਪੜ੍ਹਦੇ ਰਹਿੰਦੇ ਸਨ।

ਉਹ ਕਾਰਕੁਨਾਂ ਨੂੰ ਆਪਣੀਆਂ ਵਿਸ਼ੇਸ਼ ਸਥਿਤੀਆਂ ਅਨੁਸਾਰ ਕੰਮ ਕਰਨ ਅਤੇ ਜਥੇਬੰਦ ਹੋਣ 'ਤੇ ਜ਼ੋਰ ਦਿੰਦੇ। ਇਸੇ ਕਾਰਨ ਕਈ ਵਾਰ ਪਾਰਟੀ ਦੇ ਸਥਾਨਕ ਆਗੂ ਜੋ ਆਮ ਤੌਰ 'ਤੇ ਪਾਰਟੀ ਦੇ ਉੱਪਰਲੇ ਅਦਾਰਿਆਂ ਤੋਂ ਆਏ ਸੱਦਿਆਂ ਨੂੰ ਨੇਪਰੇ ਚਾੜ੍ਹਨ ਤੱਕ ਹੀ ਸੀਮਤ ਰਹਿੰਦੇ ਸਨ, ਉਹਨਾਂ ਨਾਲ ਕੁਝ ਓਪਰੇਪਣ ਵਾਲਾ ਰਵੱਈਆ ਰੱਖਦੇ।

ਇੱਕ ਵਾਰ ਵਰੋਲਾ ਜੀ ਨੂੰ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਬਰਖਾਸਤ ਕਰ ਦਿੱਤਾ ਗਿਆ। ਉਹ ਫਿਰ ਵੀ ਪਾਰਟੀ ਸਰਗਰਮੀ ਵਿਚ ਲਗਾਤਾਰ ਸ਼ਾਮਲ ਹੁੰਦੇ ਰਹੇ ਅਤੇ ਆਪਣੇ ਸੁਭਾਅ ਅਨੁਸਾਰ ਕੰਮ ਕਰਦੇ ਆਖਦੇ, "ਰਾਜਨੀਤਕ ਮੰਤਵ ਸਭ ਤੋਂ ਵੱਧ ਮਹੱਤਵਪੂਰਨ ਹੈ, ਉਸ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਜੱਥੇਬੰਦਕ ਸਥਾਨ ਤਾਂ ਪਾਰਟੀ ਨੇ ਆਪਣੀਆਂ ਲੋੜਾਂ ਅਨੁਸਾਰ ਤੁਹਾਨੂੰ ਦੇਣੇ ਹਨ। ਪਾਰਟੀ ਅੰਦਰ ਗੁੱਟਬੰਦੀ ਰਾਜਨੀਤਕ ਸੋਚ ਦੀ ਕਚਿਆਈ ਅਤੇ ਵਿਅਕਤੀਗਤ ਲਾਲਸਾਵਾਂ ਕਾਰਨ ਪੈਦਾ ਹੁੰਦੀ ਹੈ। ਰਾਜਨੀਤਕ ਤੌਰ 'ਤੇ ਸਪੱਸ਼ਟ ਸਮਝ ਰੱਖਣ ਵਾਲਿਆਂ ਨੂੰ ਗੁੱਟਬੰਦੀ ਕਰਨ ਦੀ ਜ਼ਰੂਰਤ ਨਹੀਂ ਹੁੰਦੀ, ਸਗੋਂ ਉਹ ਆਪਣੇ ਵਿਚਾਰਾਂ ਦੀ ਰੌਸ਼ਨੀ ਕਾਰਨ ਹੀ ਦੂਜਿਆਂ ਨੂੰ ਆਪਣੇ ਨਾਲ ਜੋੜ ਲੈਂਦਾ ਹੈ।" ਉਨ੍ਹਾ ਕਿਹਾ ਕਿ, "ਮੈਂ ਪਾਰਟੀ ਮੈਂਬਰਸ਼ਿਪ ਵਾਸਤੇ ਅਪਲਾਈ ਕੀਤਾ ਸੀ, ਅਹੁਦੇਦਾਰੀ ਲਈ ਨਹੀਂ।

ਰਾਜਨੀਤੀਵਾਨਾਂ ਦੀ ਅਸਲੀ ਤਾਕਤ ਉਨ੍ਹਾਂ ਦੀ ਆਪਣੇ ਲੋਕਾਂ ਨਾਲ ਜੁੜਨ ਵਿੱਚ ਹੁੰਦੀ ਹੈ।" ਵਰੋਲਾ ਜੀ ਨਾਲ ਆਖਰੀ ਮੁਲਾਕਾਤ ਗੁਰਮੇਲ ਦੀ ਸ਼ਹਾਦਤ ਤੋਂ ਕੁਝ ਵਰ੍ਹੇ ਪਿੱਛੋਂ ਹੋਈ। ਉਹਨਾਂ ਦੇ ਦਿਲ ਦਾ ਅਪਰੇਸ਼ਨ ਹੋਇਆ ਸੀ ਅਤੇ ਮੈਂ ਖਬਰ ਲੈਣ ਉਹਨਾਂ ਦੇ ਪਿੰਡ ਚਲਾ ਗਿਆ। ਉਹ ਅੰਦਰ ਵਾਲੇ ਕਮਰੇ ਵਿਚ ਲੇਟੇ ਹੋਏ ਸਨ ਅਤੇ ਵਿਹੜੇ ਵਿੱਚ ਉਹਨਾ ਦੇ ਦੂਜੇ ਪੁੱਤਰ ਕੁਲਵੰਤ ਸਿੰਘ ਨੇ ਮੈਨੂੰ ਪਾਣੀ ਪਿਲਾਉਣ ਤੋਂ ਬਾਅਦ ਇਸ ਹਦਾਇਤ ਨਾਲ ਹੀ ਅੰਦਰ ਜਾਣ ਦਿੱਤਾ ਕਿ, "ਬਹੁਤੀ ਗੱਲ ਨਹੀਂ ਕਰਨੀ। ਡਾਕਟਰ ਨੇ ਇਹਨਾਂ ਨੂੰ ਉਤੇਜਿਤ ਹੋਣ ਵਾਲੀ ਸਥਿਤੀ ਤੋਂ ਬਚਾਅ ਕੇ ਰੱਖਣ ਲਈ ਕਿਹਾ ਹੋਇਆ ਹੈ।" ਕਮਰੇ ਅੰਦਰ ਵੜਦੇ ਸਾਰ ਵੇਖਿਆ ਕਿ ਉਹ ਮੰਜੇ 'ਤੇ ਬੈਠੇ ਜਾਰਜੀ ਦਮਿਤਰੋਵ ਦੀ 'ਸਾਂਝੇ ਮੋਰਚੇ' ਬਾਰੇ ਕਿਤਾਬ ਪੜ੍ਹ ਰਹੇ ਸਨ। ਮੇਰੇ ਵੱਲੋਂ ਉਹਨਾਂ ਦੀ ਸਿਹਤ ਬਾਰੇ ਸੁਆਲ ਦਾ ਜਵਾਬ ਦੇਣ ਦੀ ਬਜਾਏ ਉਹਨਾਂ ਹੀ ਪ੍ਰਸ਼ਨ ਕਰ ਦਿੱਤਾ ਕਿ, "ਭਾਰਤ ਵਿੱਚ ਸੱਜ-ਪਿਛਾਖੜ ਅੱਗੇ ਵਧ ਰਿਹਾ ਹੈ ਅਤੇ ਆਪਣੀ ਪਾਰਟੀ ਕੀ ਕਰ ਰਹੀ ਹੈ? ਕੀ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਇੱਕੋ ਢੰਗ ਉੱਤੇ ਤੁਰਨ ਵਾਲੀਆਂ ਹਨ?" ਫਿਰ ਦਮਿਤਰੋਵ ਦਾ ਜ਼ਿਕਰ ਕਰਦੇ ਉਨ੍ਹਾਂ ਦੀ ਆਵਾਜ਼ ਉੱਚੀ ਹੋ ਗਈ। ਮੁਸ਼ਕਲ ਨਾਲ ਉਹਨਾਂ ਨੂੰ ਇਹ ਕਹਿ ਕੇ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਕਿ, "ਅਸੀਂ ਕਈ ਵਾਰ ਇਹ ਕਿਤਾਬ ਪੜ੍ਹ ਚੁੱਕੇ ਹਾਂ। ਰਾਜਨੀਤਕ ਘਟਨਾਵਾਂ ਬਹੁਤ ਤੇਜ਼ੀ ਨਾਲ ਗੁੰਝਲਦਾਰ ਸਥਿਤੀਆਂ ਵੱਲ ਵਧ ਰਹੀਆਂ ਹਨ ਅਤੇ ਪਾਰਟੀ ਲੋੜ ਅਨੁਸਾਰ ਬਦਲਣ ਦੀ ਕੋਸ਼ਿਸ਼ ਕਰ ਰਹੀ ਹੈ।"

ਉਹਨਾਂ ਦੀ ਆਵਾਜ਼ ਫਿਰ ਉੱਚੀ ਹੋ ਗਈ, "ਨਹੀਂ ਕਿਤੇ ਕੋਈ ਗੜਬੜ ਹੈ। ਜਦੋਂ ਆਪਾਂ ਰਾਜਨੀਤਕ ਵਿਗਿਆਨੀ ਹੋਣ ਦਾ ਦਾਅਵਾ ਕਰਦੇ ਹਾਂ ਤਾਂ ਕੀ ਇਹ ਸਾਡਾ ਫਰਜ਼ ਨਹੀਂ ਕਿ ਅਸੀਂ ਭਾਰਤ ਦੀਆਂ ਜਮਹੂਰੀ ਤਾਕਤਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਤਰ ਕਰੀਏ? ਕੀ ਇਹ ਪਲੇਟਫਾਰਮ ਇਕੱਲੇ ਸੀ ਪੀ ਆਈ ਅਤੇ ਸੀ ਪੀ ਐੱਮ ਦੇ ਗੱਠਜੋੜ ਨਾਲ ਹੀ ਬਣ ਸਕਦਾ ਹੈ? ਇਹ ਜ਼ਰੂਰੀ ਨਹੀਂ ਕਿ ਸਾਡੀ ਪਾਰਟੀ ਦੀ ਅਗਵਾਈ ਵਿੱਚ ਸਾਰੇ ਇਕੱਤਰ ਹੋਣ, ਪਰ ਅਸੀਂ ਆਪਣੇ ਵਿਚਾਰ ਤੇ ਸੋਚ ਦੇ ਅਧਾਰ ਉਪਰ ਬਾਕੀਆਂ ਨੂੰ ਇਕੱਤਰ ਕਰ ਸਕਦੇ ਹਾਂ। ਜੇਕਰ ਸੰਭਵ ਹੋਵੇ ਤਾਂ ਤੁਸੀਂ ਆਪ ਲੀਡਰ ਬਣ ਜਾਵੋ। ਰਾਜਨੀਤਕ ਉਦੇਸ਼ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ। ਜੇਕਰ ਸਮੇਂ ਦੀ ਲੋੜ ਹੈ ਤਾਂ ਕਿਸੇ ਹੋਰ ਦੀ ਅਗਵਾਈ ਵਿਚ ਕੰਮ ਕਰ ਲਵੋ। ਤੁਸੀਂ ਨਹੀਂ ਸਮਝ ਰਹੇ ਇਹ ਫਿਰਕਾਪ੍ਰਸਤੀ ਦੇ ਅਧਾਰ 'ਤੇ ਰਾਜਨੀਤੀ ਕਰਨ ਵਾਲੇ ਕਿੰਨੇ ਵੱਡੇ ਖਤਰੇ ਪੈਦਾ ਕਰ ਸਕਦੇ ਹਨ। ਅਸੀਂ ਸੰਤਾਲੀ ਵੇਖਿਆ ਹੋਇਆ। ਮੇਰੀ ਸਿਹਤ ਦਾ ਖਿਆਲ ਛੱਡੋ, ਜਾਓ, ਜਾ ਕਰ ਫਿਰਕਾਪ੍ਰਸਤ ਫਾਸਿਸ਼ਟਾਂ ਤੋਂ ਦੇਸ਼ ਬਚਾ ਲਓ।"

ਇਹ ਚੰਨਣ ਸਿੰਘ ਵਰੋਲਾ, ਗੁਰਮੇਲ ਸਿੰਘ ਹੂੰਝਣ ਅਤੇ ਪਿੰਡ ਦੇ ਅਨੇਕ ਨੌਜਵਾਨਾਂ ਦੀ ਰਾਜਨੀਤਕ ਸੂਝ ਦਾ ਅਧਾਰ ਸੀ। ਅਸਲ ਵਿਚ ਗੁਰਮੇਲ ਉਹਨਾਂ ਦਾ ਅਗਲਾ ਉਨਤ ਸਵਰੂਪ ਸੀ। ਉਹ ਪੇਚੀਦਾ ਸਥਿਤੀਆਂ ਨਾਲ ਟਕਰਾਉਣ ਤੇ ਜਿੱਤਣ ਦੀ ਸਮਰੱਥਾ ਰੱਖਣ ਵਾਲਾ ਆਗੂ ਸੀ। ਉਸ ਦੀ ਰਾਜਨੀਤਕ ਸਮਝ ਅਤੇ ਲੋਕਾਂ ਨੂੰ ਜਥੇਬੰਦ ਕਰਨ ਦੀ ਸਮਰੱਥਾ ਲਾਸਾਨੀ ਸੀ। ਉਸ ਦੀ ਯੋਗਤਾ ਕਾਰਨ ਇਲਾਕੇ ਦੇ ਸੈਂਕੜੇ ਪਿੰਡਾਂ ਦੇ ਸਰਪੰਚ ਆਪਣੀਆਂ ਪੰਚਾਇਤਾਂ ਦੀਆਂ ਕਰਵਾਈਆਂ ਸਿਰੇ ਚੜ੍ਹਾਉਣ ਲਈ ਉਸ ਦੇ ਸਲਾਹ-ਮਸ਼ਵਰੇ ਨਾਲ ਚਲਦੇ। ਲੁਧਿਆਣਾ ਜ਼ਿਲ੍ਹੇ ਦੇ ਅਨੇਕਾਂ ਪਿੰਡਾਂ ਦੇ ਨੌਜਵਾਨ ਉਸ ਦੇ ਰੌਸ਼ਨ ਖਿਆਲ ਤੋਂ ਪ੍ਰਭਾਵਿਤ ਹੋਏ ਅਤੇ ਜਾਤਾਂ-ਧਰਮਾਂ ਤੋਂ ਉੱਪਰ ਉੱਠ ਕੇ ਇਨਸਾਨੀਅਤ ਦੇ ਅਧਾਰ 'ਤੇ ਵਿਚਰਨਾ ਸਿੱਖ ਰਹੇ ਸਨ। ਸੈਂਕੜੇ ਨੌਜਵਾਨਾਂ ਦੇ ਘਰਾਂ ਵਿੱਚ ਉਸ ਨੇ ਨਿਊਏਜ਼ ਅਤੇ ਸਾਡਾ ਜੁਗ ਪਾਰਟੀ ਰਸਾਲੇ ਪਹੁੰਚਾਉਣ ਦਾ ਪ੍ਰਬੰਧ ਕਰਵਾਇਆ। ਉਹ ਆਪਣੇ ਸੰਪਰਕ ਵਿਚ ਆਏ ਇਕੱਲੇ-ਇਕੱਲੇ ਨੌਜਵਾਨ ਦੀ ਸ਼ਖਸੀਅਤ ਨੂੰ ਪ੍ਰਫੁੱਲਿਤ ਕਰਨ ਲਈ ਹਮੇਸ਼ਾ ਧਿਆਨ ਰੱਖਦਾ। ਅਜੋਕੇ ਸਮੇਂ ਵਿੱਚ ਉਸ ਦੀ ਅਣਹੋਂਦ ਸਾਡੇ ਲਈ ਬਹੁਤ ਭਿਆਨਕ ਢੰਗ ਨਾਲ ਮਹਿਸੂਸ ਹੁੰਦੀ ਹੈ। ਹਰ ਸਾਲ 14 ਮਈ ਨੂੰ ਗੁਰਮੇਲ ਸਿੰਘ ਹੂੰਝਣ ਅਤੇ ਜੁਗਿੰਦਰ ਸਿੰਘ ਦੀ ਸ਼ਹਾਦਤ ਦੀ ਯਾਦ ਵਿਚ ਅਸੀਂ ਉਹਨਾਂ ਦੇ ਪਿੰਡ ਵੱਡੀ ਸੰਖਿਆ ਵਿੱਚ ਇਕੱਤਰ ਹੁੰਦੇ ਹਾਂ। ਵਿਦੇਸ਼ ਵਸਦੇ ਗੁਰਮੇਲ ਹੂੰਝਣ ਦੀ ਪਤਨੀ ਅਤੇ ਦੋਵੇਂ ਪੁੱਤਰ ਆਮ ਤੌਰ 'ਤੇ ਇਸ ਮੌਕੇ ਸਾਡੇ ਨਾਲ ਸ਼ਾਮਲ ਹੋਣ ਦਾ ਯਤਨ ਕਰਦੇ ਹਨ। ਜੇਕਰ ਉਹ ਨਾ ਵੀ ਆ ਸਕਣ ਤਾਂ ਵੀ ਪਿੰਡ ਦੇ ਸਕੂਲੀ ਪੜ੍ਹਦੇ ਬੱਚਿਆਂ ਨੂੰ ਵਿੱਦਿਆ ਪ੍ਰਾਪਤੀ ਲਈ ਉਤਸ਼ਾਹਤ ਕਰਨ ਵਾਸਤੇ ਕਈ ਤਰ੍ਹਾਂ ਦੇ ਉਪਰਾਲੇ ਕਰਦੇ ਰਹਿੰਦੇ ਹਨ। ਅਸੀਂ ਵਰੋਲਾ ਜੀ ਦੇ ਪਰਵਾਰ ਅਤੇ ਉਹਨਾਂ ਦੇ ਸਾਥੀਆਂ ਬਾਰੇ ਚਰਚਾ ਕਰਦੇ ਹਾਂ। ਉਹਨਾਂ ਦੇ ਵਿਚਾਰ ਅੱਜ ਵੀ ਸਾਨੂੰ ਅਗਵਾਈ ਅਤੇ ਪ੍ਰੇਰਨਾ ਦੇ ਰਹੇ ਹਨ।

ਮੋਬਾ-98142-73870

## ਸਿਆਸੀ ਸਮਝ ਨਾਲ ਲੈਸ ਸੀ ਊਰਜਾਵਾਨ ਗੁਰਮੇਲ ਹੂੰਝਣ

**ਐੱਮ ਐੱਸ ਭਾਟੀਆ**

ਕਾਮਰੇਡ ਗੁਰਮੇਲ ਸਿੰਘ ਹੂੰਝਣ ਇਕ ਇਨਕਲਾਬੀ, ਜੋਸ਼ੀਲਾ ਅਤੇ ਦੇਸ਼ ਭਗਤ ਨੌਜਵਾਨ ਸੀ। ਮਿਹਨਤਕਸ਼ ਅਤੇ ਦੱਬੇ ਕੁਚਲੇ ਲੋਕਾਂ ਲਈ ਕੰਮ ਕਰਨਾ ਉਸ ਦੇ ਸੁਭਾਅ ਵਿਚ ਸ਼ਾਮਲ ਸੀ। ਮਨੁੱਖ ਦੇ ਕਲਿਆਣ ਤੇ ਭਲਾਈ ਲਈ ਕੰਮ ਕਰਨ ਤੋਂ ਪਰ੍ਹੇ ਧਰਤੀ ਉੱਤੇ ਹੋਰ ਖੁਸ਼ੀ ਨਹੀਂ। ਇਹ ਗੁਣ ਉਸ ਨੂੰ ਆਪਣੇ ਪਿਤਾ ਕਾਮਰੇਡ ਚੰਨਣ ਸਿੰਘ ਬਰੋਲਾ ਕੋਲੋਂ ਮਿਲਿਆ ਸੀ। ਆਪਣੇ ਵਿਦਿਆਰਥੀ ਜੀਵਨ ਦੌਰਾਨ ਹੀ ਕਾਮਰੇਡ ਗੁਰਮੇਲ ਵਿੱਚ ਲੀਡਰਸ਼ਿਪ ਦੇ ਗੁਣ ਸਨ ਅਤੇ ਉਹ ਵਿੱਦਿਆ ਅਤੇ ਵਿਦਿਆਰਥੀਆਂ ਨਾਲ ਸਬੰਧਤ ਮਸਲਿਆਂ ਨੂੰ ਲੈ ਕੇ ਸੰਘਰਸ਼ ਕਰਦਾ ਰਿਹਾ ਹੈ। ਵਿਦਿਆਰਥੀ ਜੀਵਨ ਤੋਂ ਬਾਅਦ ਉਸ ਨੇ ਸਰਬ ਭਾਰਤ ਨੌਜਵਾਨ ਸਭਾ ਵਿਚ ਕੰਮ ਕੀਤਾ ਅਤੇ ਉਸ ਦੇ ਸੂਬਾਈ ਆਗੂ ਦੇ ਤੌਰ 'ਤੇ ਆਪਣੀ ਪਹਿਚਾਣ ਬਣਾ ਲਈ। 1970 ਵਿੱਚ ਕਾਮਰੇਡ ਗੁਰਮੇਲ ਕਮਿਊਨਿਸਟ ਪਾਰਟੀ ਦਾ ਮੈਂਬਰ ਬਣਿਆ। ਉਸੇ ਸਾਲ ਉਹ ਨੌਜਵਾਨ ਸਭਾ ਲੁਧਿਆਣਾ ਦਾ ਸਕੱਤਰ ਚੁਣਿਆ ਗਿਆ। ਮਾਰਕਸਵਾਦ ਦੀ ਚੰਗੀ ਪਕੜ ਸਦਕਾ ਛੇਤੀ ਪਾਰਟੀ ਦਾ ਐਗਜੈਕਟਿਵ ਕਮੇਟੀ ਦਾ ਮੈਂਬਰ ਬਣ ਗਿਆ। 1976 ਵਿੱਚ ਉਹ ਪਾਰਟੀ ਦੇ ਕੁੱਲ ਵਕਤੀ ਦੇ ਤੌਰ 'ਤੇ ਕੰਮ ਕਰਨ ਲੱਗਿਆ। ਜ਼ਿਲ੍ਹਾ ਸਕੱਤਰ ਕਾਮਰੇਡ ਕਰਤਾਰ ਬੁਆਣੀ ਦੇ ਨਾਲ ਸਹਾਇਕ ਸਕੱਤਰ ਦੇ ਤੌਰ 'ਤੇ ਕੰਮ ਕਰਦੇ ਹੋਏ ਕਾਮਰੇਡ ਹੂੰਝਣ ਨੇ ਜਥੇਬੰਦਕ ਕੰਮਾਂ ਨੂੰ ਬਾਖੂਬੀ ਸੰਭਾਲਿਆ ਹੋਇਆ ਸੀ। 15 ਅਕਤੂਬਰ 1951 ਨੂੰ ਜਨਮੇ ਕਾਮਰੇਡ ਗੁਰਮੇਲ ਹੂੰਝਣ ਦੀ ਸ਼ਾਦੀ 1977 ਵਿਚ ਪਿੰਡ ਦੁੱਗਰੀ ਤੋਂ ਬੀਬੀ ਸ਼ਰਨਜੀਤ ਕੌਰ ਨਾਲ ਹੋਈ। ਉਨ੍ਹਾਂ ਦੇ ਦੋ ਪੁੱਤਰ ਹੋਏ ਯਾਦਵਿੰਦਰ ਅਤੇ ਮਨਿੰਦਰ। ਕਾਮਰੇਡ ਗੁਰਮੇਲ ਦੀ ਇੱਛਾ ਸੀ ਕਿ ਉਹ ਕਿਸੇ ਸੋਸ਼ਲਿਸਟ ਦੇਸ਼ ਵਿੱਚ ਪੜ੍ਹ ਕੇ ਮਾਰਕਸਵਾਦ ਦਾ ਗਿਆਨ ਹਾਸਲ ਕਰਨ। ਜ਼ਿਲ੍ਹਾ ਪਾਰਟੀ ਦੇ ਫੈਸਲੇ ਅਨੁਸਾਰ ਉਹ 1982 ਵਿਚ ਪੂਰਬੀ ਜਰਮਨੀ ਛੇ ਮਹੀਨੇ ਦੀ ਪੜ੍ਹਾਈ ਲਈ ਗਿਆ। ਉਹ ਅੱਤਵਾਦ ਵੱਖਵਾਦ ਦੇ ਖ਼ਿਲਾਫ਼ ਪਾਰਟੀ ਦੇ ਇੱਕ ਸ਼ਿਪਾਹੀ ਦੇ ਤੌਰ 'ਤੇ ਡਟ ਕੇ ਲੜਿਆ ਅਤੇ ਦੇਸ਼ ਵਿਰੋਧੀ ਤਾਕਤਾਂ ਦੇ ਖ਼ਿਲਾਫ਼ ਲੜਾਈ ਵਿੱਚ ਸ਼ਾਮਲ ਰਿਹਾ। ਉਹ ਦਲੇਰ ਸੀ ਅਤੇ ਬੇਇਨਸਾਫ਼ੀ ਦੇ ਖ਼ਿਲਾਫ਼ ਹਮੇਸ਼ਾ ਖੜਦਾ ਸੀ। ਉਹ ਆਪਣੇ ਪਿੰਡ ਪੰਧੇਰ ਖੇੜੀ ਦਾ ਕਈ ਸਾਲ ਸਰਪੰਚ ਵੀ ਰਿਹਾ। ਜ਼ਰੂਰਤਮੰਦਾਂ ਲੋਕਾਂ ਨੂੰ ਕਰਜ਼ਾ ਦਿਵਾਉਣਾ ਅਤੇ ਖੇਤ ਮਜ਼ਦੂਰਾਂ ਅਤੇ ਭੱਠਾ ਮਜਦੂਰਾਂ ਦੇ ਕੰਮ ਆਉਣਾ ਉਸ ਦੇ ਸੁਭਾਅ ਦਾ ਹਿੱਸਾ ਸੀ। ਆਪਣੀ ਮੌਤ ਤੋਂ ਦੋ ਦਿਨ ਪਹਿਲਾਂ ਇਕ ਜਲਸੇ ਵਿਚ ਬੋਲਦਿਆਂ ਗੁਰਮੇਲ ਨੇ ਕਿਹਾ ਸੀ ਕਿ ਦੇਸ਼ ਦੀ ਸੇਵਾ ਲਈ ਮਰਨਾ ਮੇਰੇ ਲਈ ਮਾਣ ਵਾਲੀ ਗੱਲ ਹੋਏਗੀ। 14 ਮਈ 1989 ਨੂੰ ਉਹ ਆਪਣੇ ਗੰਨਮੈਨ ਸਾਥੀ ਜੋਗਿੰਦਰ ਸਿੰਘ ਨਾਲ ਸਾਨੂੰ ਸਦੀਵੀ ਵਿਛੋੜਾ ਦੇ ਗਿਆ ਅਤੇ ਦੇਸ਼ ਦੋਖੀ ਤਾਕਤਾਂ ਹੱਥੋਂ ਸ਼ਹੀਦ ਹੋ ਗਿਆ। ਭਾਵੇਂ ਸਰੀਰਕ ਤੌਰ ਵਿਚ ਉਹ ਸਾਡੇ ਦਰਮਿਆਨ ਨਹੀਂ ਪਰ ਉਹ ਹਮੇਸ਼ਾਂ ਸਾਡਾ ਰਾਹ ਦਸੇਰਾ ਰਹੇਗਾ।

-ਵਿੱਤ ਸਕੱਤਰ ਭਾਰਤੀ ਕਮਿਊਨਿਸਟ ਪਾਰਟੀ, ਲੁਧਿਆਣਾ

Sahu Seed Farm
Producer & Distributor of High Quality Seeds
VPO SAHAULI, DISTT. LUDHIANA-141105
H.O. Opp. P.A.U. Gate No.1, Ferozepur Road, Ludhiana
ਝੋਨੇ ਦੇ ਫਾਊਂਡੇਸ਼ਨ ਅਤੇ ਸਰਟੀਫਾਈਡ ਬੀਜਾਂ ਦੇ ਉਤਪਾਦਕ ਅਤੇ ਵਿਕਰੇਤਾ
PR-131 PR-130 PR-129 PR-128 PR-127
PR-126 PR-122 PR-121 PR-114 PR-113
PUSA-44 PUSA Basmati-1509 PUSA Basmati-1692

ਮਲੇਰਕੋਟਲਾ ਸੀਡ ਸਟੋਰ
ਫਕੀਰੀਆ ਮੁਹੰਮਦ ਲਾਲੀ 98144-37716
ਆਸ਼ੂ 98782-34824
98725-67716




ਹਰ ਤਰ੍ਹਾਂ ਦੇ ਹਾਈਬ੍ਰਿਡ ਬੀਜ਼ ਅਤੇ ਹਾਈਬ੍ਰਿਡ ਪਨੀਰੀ ਤਿਆਰ ਮਿਲਦੀ ਹੈ।
ਨੋਟ : ਕੀੜੇਮਾਰ ਦਵਾਈਆਂ ਵੀ ਮਿਲਦੀਆਂ ਹਨ।
ਜੀ.ਟੀ. ਰੋਡ, ਮੁੱਲਾਂਪੁਰ-ਦਾਖਾ (ਲੁਧਿਆਣਾ)

## ਸਦੀਆਂ ਤੱਕ ਯਾਦ ਰਹਿਣਗੇ ਗੁਰਮੇਲ ਸਿੰਘ ਹੂੰਝਣ

**ਡਾ. ਅਰੁਣ ਮਿੱਤਰਾ**

ਤੇਤੀ ਵਰ੍ਹੇ ਹੋ ਗਏ ਗੁਰਮੇਲ ਸਿੰਘ ਨੂੰ ਸਾਨੂੰ ਸਦੀਵੀ ਵਿਛੋੜਾ ਦਿੱਤੇ ਹੋਏ। ਪਰ ਉਨ੍ਹਾਂ ਦੀ ਇੱਕ ਇੱਕ ਗੱਲ ਉਸੇ ਤਰ੍ਹਾਂ ਹੀ ਦਿਮਾਗ ਵਿਚ ਮੌਜੂਦ ਹੈ ਜਿਵੇਂ ਕਿ ਇਹ ਹਾਲੇ ਕੱਲ੍ਹ ਦੀ ਗੱਲ ਹੋਵੇ। ਆਮ ਕਹਾਵਤ ਹੈ ਨਜਰ ਤੋਂ ਦੂਰ ਤੇ ਦਿਮਾਗ ਤੋਂ ਦੂਰ। ਪਰ ਗੁਰਮੇਲ ਨੇ ਇਸ ਕਹਾਵਤ ਨੂੰ ਗਲਤ ਸਾਬਿਤ ਕਰ ਕੇ ਰੱਖ ਦਿੱਤਾ ਹੈ। ਮੈਨੂੰ ਅਜੇ ਵੀ ਯਾਦ ਹੈ ਕਿ ਜਦੋਂ ਮੈਂ ਦਿਆਨੰਦ ਮੈਡੀਕਲ ਕਾਲਜ ਵਿਚ ਐੱਮ ਬੀ ਬੀ ਐੱਸ ਦੀ ਪੜ੍ਹਾਈ ਕਰਦਾ ਸੀ ਤਾਂ ਵਿਦਿਆਰਥੀਆਂ ਦੇ ਸੂਬਾਈ ਆਗੂ ਕਾਮਰੇਡ ਕਰਤਾਰ ਸਿੰਘ ਬੁਆਣੀ ਸਾਡੇ ਲੀਡਰ ਹੋਇਆ ਕਰਦੇ ਸਨ ਅਤੇ ਮੈਂ ਅਤੇ ਕਾਮਰੇਡ ਗੁਰਮੇਲ ਸਿੰਘ ਹੂੰਝਣ ਰਲ ਕੇ ਵਿਦਿਆਰਥੀਆਂ ਦੀਆਂ ਹੱਕੀ ਮੰਗਾਂ ਨੂੰ ਉਠਾਉਂਦੇ ਸਾਂ ਅਤੇ ਉਸ ਲਈ ਸੰਘਰਸ਼ ਕਰਦੇ ਸਾਂ। ਗੁਰਮੇਲ ਸਾਡੇ ਦਿਮਾਗਾਂ ਤੇ ਅੱਖਾਂ ਦੇ ਸਾਹਮਣੇ ਨਾ ਹੋਣ ਦੇ ਬਾਵਜੂਦ ਵੀ ਉਵੇਂ ਹੀ ਛਾਇਆ ਹੈ ਜਿਵੇਂ ਜਦੋਂ ਉਹ ਸਾਡੇ ਨਾਲ ਹੱਸਦਾ ਖੇਡਦਾ ਸੀ, ਅੰਦੋਲਨ ਕਰਦਾ ਸੀ, ਨਾਅਰੇਬਾਜੀ ਕਰਦਾ ਸੀ ਲੋਕ ਹਿਤੂ ਕੰਮਾਂ ਵਿੱਚ ਨਾਲ ਜੁੜ ਕੇ ਚਲਦਾ ਸੀ, ਮਜਦੂਰਾਂ ਲਈ ਕੰਮਾਂ ਵਿੱਚ ਨਾਲ ਜੁੜ ਕੇ ਖੜ੍ਹਾ ਹੁੰਦਾ ਸੀ ਅਤੇ ਖਾਸ ਤੌਰ ਤੇ ਪੱਲੇਦਾਰਾਂ ਲਈ ਅੰਦੋਲਨ ਵਿੱਚ ਵੱਧ ਚੜ੍ਹ ਕੇ ਮੂਹਰਲੀਆਂ ਕਤਾਰਾਂ ਵਿੱਚ ਹੁੰਦਾ ਸੀ ਉਵੇਂ ਦਾ ਉਵੇਂ ਹੀ ਸਾਡੇ ਦਿਮਾਗ ਵਿੱਚ ਹੈ। ਉਸ ਦਾ ਕਾਰਨ ਉਸ ਦਾ ਵਿਹਾਰ ਉਸ ਦਾ ਕੰਮ ਕਰਨ ਦਾ ਢੰਗ ਅਤੇ ਉਸਦੇ ਸਮਾਜਿਕ ਤੇ ਰਾਜਨੀਤਿਕ ਵਿਚਾਰ ਹਨ ਜੋ ਕਿ ਸਾਡੇ ਦਿਮਾਗਾਂ ਵਿੱਚ ਪੂਰੀ ਤਰ੍ਹਾਂ ਘਰ ਕਰ ਚੁੱਕੇ ਹਨ। ਜਦੋਂ ਵੀ ਉਸਨੇ ਮਿਲਣਾ ਦੂਰੋਂ ਹੀ ਐਸੀ ਮੁਸਕਰਾਹਟ ਨਾਲ ਮਿਲਣਾ ਕਿ ਜੀਅ ਕਰਨਾ ਕੇ ਦੌੜ ਕੇ ਜੱਫੀ ਪਾ ਲਓ ਤੇ ਉਸਦੇ ਚਿਹਰੇ ਨੂੰ ਚੁੰਮ ਲਓ। ਉਸ ਨੂੰ ਗੁੱਸਾ ਬਹੁਤ ਘੱਟ ਆਉਂਦਾ ਸੀ ਪਰ ਜਦੋਂ ਕਿਸੇ ਤੇ ਅੱਤਿਆਚਾਰ ਹੁੰਦਾ ਸੀ ਜਾਂ ਜ਼ਿਆਦਤੀ ਹੁੰਦੀ ਸੀ ਉਸ ਵੇਲੇ ਉਹ ਡਟ ਕੇ ਮੈਦਾਨ ਵਿੱਚ ਖੜ੍ਹਾ ਹੋ ਕੇ ਜ਼ੁਲਮ ਕਰਨ ਵਾਲੇ ਦੇ ਖ਼ਿਲਾਫ਼ ਅਵਾਜ਼ ਬੁਲੰਦ ਕਰਨ ਲਈ ਤੱਤਪਰ ਹੁੰਦਾ ਸੀ। ਉਸ ਦੇ ਵਿਹਾਰ ਦਾ ਪ੍ਰਤੀਬਿੰਬ ਅੱਜ ਅਸੀਂ ਦੇਖ ਰਹੇ ਹਾਂ ਜਿਸ ਢੰਗ ਦੇ ਨਾਲ ਉਸ ਨੇ ਸ਼ਰਨਜੀਤ ਨਾਲ ਬੰਧਨ ਵਿੱਚ ਬੰਨ੍ਹ ਕੇ ਆਪਣੇ ਜੀਵਨ ਵਿਚ ਪੂਰਾ ਸਹਿਯੋਗ ਦਿੱਤਾ ਉਸ ਦਾ ਹੀ ਨਤੀਜਾ ਹੈ ਕਿ ਅੱਜ ਉਸ ਦੇ ਦੋਨੋਂ ਬੱਚੇ ਯਾਦਵਿੰਦਰ ਅਤੇ ਮਨਿੰਦਰ ਉਸੇ ਢੰਗ ਨਾਲ ਹੀ ਖਿੜੇ ਮੱਥੇ ਨਾਲ ਹੀ ਸਾਨੂੰ ਸਭ ਨੂੰ ਮਿਲਦੇ ਹਨ, ਪਿਆਰ ਕਰਦੇ ਹਨ ਅਤੇ ਸਤਿਕਾਰ ਕਰਦੇ ਹਨ ਤੇ ਆਪਣੇ ਪਰਿਵਾਰਾਂ ਵਿੱਚ ਖ਼ੁਸ਼ ਹਨ। ਦੋਨਾਂ ਨੇ ਜੋ ਪਿਆਰ ਸਤਿਕਾਰ ਆਪਣੀ ਮਾਂ ਨੂੰ ਦਿੱਤਾ ਹੈ ਇਹ ਉਨ੍ਹਾਂ ਨੇ ਗੁੜ੍ਹਤੀ ਵਿਚ ਪਾਇਆ ਹੈ। ਦੇਸ਼ ਦੀ ਏਕਤਾ ਅਖੰਡਤਾ ਦੀ ਰਾਖੀ ਲਈ ਗੁਰਮੇਲ ਨੇ ਆਪਣੇ ਜੀਵਨ ਦਾ ਬਲੀਦਾਨ ਕਰ ਦਿੱਤਾ।

ਉਹ ਆਖਦਾ ਸੀ ਮੈਨੂੰ ਕੋਈ ਪਰਵਾਹ ਨਹੀਂ ਆਪਣੇ ਜੀਵਨ ਦੀ ਇਹ ਲੇਖੇ ਤੇ ਲਾਣਾ ਹੈ ਮੈਂ ਆਪਣੇ ਦੇਸ਼ ਦੇ ਉਹ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭਾ ਅਤੇ ਗ਼ਦਰੀ ਬਾਬਿਆਂ ਤੋਂ ਪੂਰੀ ਤਰ੍ਹਾਂ ਨਾਲ ਪ੍ਰਭਾਵਤ ਸੀ। ਹਿੰਦੂ ਰਾਜ ਨਾ ਖਾਲਿਸਤਾਨ ਦਾ ਨਾਅਰਾ ਲਾਉਂਦੇ ਹੋਏ ਅਨੇਕਾਂ ਵਾਰ ਅਸੀਂ ਰਲ ਮਿਲ ਕੇ ਉਸ ਦੀ ਅਗਵਾਈ ਹੇਠ ਲੁਧਿਆਣਾ ਤੇ ਹੋਰ ਥਾਵਾਂ ਤੇ ਜਲੂਸ ਕੱਢੇ ਤੇ ਖਾਲਿਸਤਾਨ ਪੱਖੀ ਵੱਖਵਾਦੀ ਲਹਿਰ ਦਾ ਡਟ ਕੇ ਵਿਰੋਧ ਕੀਤਾ ਅਤੇ ਫ਼ਿਰਕਾਪ੍ਰਸਤੀ ਦੇ ਖਿਲਾਫ ਆਵਾਜ ਬੁਲੰਦ ਕੀਤੀ। ਪੂਰੇ ਹਾਲਾਤ ਖਰਾਬ ਹੋਣ ਦੇ ਬਾਵਜੂਦ ਗੁਰਮੇਲ ਨੇ ਮਲੌਦ ਵਿਚ ਇਕ ਸਭਾ ਦਾ ਆਯੋਜਨ ਕੀਤਾ ਜਿਸ ਵਿੱਚ ਕਾਮਰੇਡ ਜਗਜੀਤ ਸਿੰਘ ਆਨੰਦ ਨੂੰ ਵੀ ਬੁਲਾਇਆ ਗਿਆ। ਇਨ੍ਹਾਂ ਗੱਲਾਂ ਕਰਕੇ ਹੀ ਗੁਰਮੇਲ ਇਕ ਸੱਚਾ ਕਾਮਰੇਡ ਅਤੇ ਮਿੱਤਰ ਸੀ ਜਿਸ ਨੇ ਜੋ ਕਿਹਾ ਉਹੀ ਕਰ ਦਿਖਾਇਆ। ਇਸ ਲਈ ਉਹ ਅਭੁੱਲ ਹੈ ਕਦੇ ਵੀ ਸਾਡੇ ਦਿਮਾਗਾਂ ਵਿੱਚੋਂ ਨਹੀਂ ਨਿਕਲੇਗਾ।



**ਸਵੈ-ਕਥਨ:** ਕਵਿਤਾ ਬਹੁਤ ਸਹਿਜੇ ਹੀ ਜ਼ਿੰਦਗੀ ਵਿੱਚ ਉਤਰੀ ਤੇ ਸਹਿਜੇ ਹੀ ਅੱਗੇ ਵਧ ਰਹੀ ਹੈ। ਤਿੰਨ ਭਾਸ਼ਾਵਾਂ ਵਿੱਚ ਲਿਖਦੀ ਹਾਂ ; ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ। ਵਿਧਾਵਾਂ ਵਿੱਚ ਵਾਰਤਕ, ਕਲਮੀ ਚਿੱਤਰ, ਮਿੰਨੀ ਕਹਾਣੀਆਂ ਅਤੇ ਸਭ ਤੋਂ ਉੱਪਰ ਕਵਿਤਾਵਾਂ ਤੇ ਗਜ਼ਲਾਂ। ਸਭ ਕ੍ਰਿਤਾਂ ਨੂੰ ਦੇਸ਼-ਵਿਦੇਸ਼ ਦੇ ਨਾਮਵਰ ਰਸਾਲਿਆਂ ਅਤੇ ਅਖਬਾਰਾਂ ਵਿੱਚ ਅਤੇ ਆਨਲਾਈਨ ਕਵੀ ਦਰਬਾਰਾਂ ਵਿੱਚ ਮਾਣ ਮਿਲਦਾ ਰਹਿੰਦਾ ਹੈ। ਕੁਝ ਚੈਨਲਾਂ ਵੱਲੋਂ ਰੂ-ਬ-ਰੂ ਵੀ ਹੋਏ ਹਨ। ਦਿੱਲੀ ਤੋਂ ਛਪਦੇ ਮਸ਼ਹੂਰ ਪੰਜਾਬੀ ਮੈਗਜ਼ੀਨ 'ਅਕਸ' ਵਿੱਚ ਕਵੀਆਂ ਦੇ ਕਲਮੀ ਚਿੱਤਰਾਂ ਉੱਤੇ ਅਧਾਰਤ ਮੇਰਾ ਕਾਲਮ 'ਕਾਵਿ ਜਿਨ੍ਹਾਂ ਦੇ ਹਿਰਦੇ ਵਸਿਆ' ਇੱਕ ਸਾਲ ਲਈ ਚੱਲਿਆ। ਲਗਭਗ ਇੱਕ ਸੈਂਕੜਾ ਕਵਿਤਾਵਾਂ ਦਾ ਅੰਗਰੇਜ਼ੀ ਵਿੱਚ ਅਨੁਵਾਦ ਵੀ ਕੀਤਾ ਹੈ। ਕੁਝ ਕੁ ਅੰਗਰੇਜ਼ੀ ਕਵਿਤਾਵਾਂ ਦਾ ਪੰਜਾਬੀ ਅਤੇ ਹਿੰਦੀ 'ਚ ਅਨੁਵਾਦ ਵੀ ਕੀਤਾ ਹੈ।

# ਕੁਲਵਿੰਦਰ ਚਾਵਲਾ ਦੀਆਂ 'ਮਾਂ-ਮਮਤਾ' ਬਾਰੇ ਕਵਿਤਾਵਾਂ

## ਚੰਗਾ ਹੁੰਦਾ

ਚੰਗਾ ਹੁੰਦਾ ਜੇ ਦੱਸ ਜਾਂਦੀ
ਛੋਟੇ ਹੁੰਦਿਆਂ ਅਕਸਰ ਵੇਖਦੀ
ਮਾਂ ਹਰ ਚੀਜ਼ ਸਾਂਭ-ਸਾਂਭ ਰੱਖਦੀ

ਸੂਟਾਂ ਵਿੱਚੋਂ ਬਚੇ
ਕੱਪੜੇ ਦੇ ਨਿੱਕੇ-ਨਿੱਕੇ ਪਟੋਲੇ ਜਿਹੇ
ਗੁਦਾਮ, ਰੰਗ-ਬਿਰੰਗੇ, ਧਾਗੇ, ਡੋਰੀਆਂ
ਸਾਂਭ-ਸਾਂਭ ਰੱਖਦੀ

ਕਿਸੇ ਪੋਟਲੀ ਵਿੱਚ
ਮੌਲੀ, ਕੌਡੀਆਂ, ਪੁਰਾਣੇ ਸਿੱਕੇ
ਕਿਸੇ ਡੱਬੀ ਵਿੱਚ
ਹੁੱਕਾਂ, ਟਿੱਚ ਬਟਨ ਪਾਉਂਦੀ
ਕਿੰਨੀ ਸਾਰੀ ਟੁੱਟ-ਭੁੱਟ ,
ਕਿੰਨੀ ਸਾਰੀ ਨਿੱਕ-ਸੁਕ
ਮੁੜ-ਮੁੜ ਵੇਖਦੀ
ਫੁੱਲੀ ਨਾ ਸਮਾਉਂਦੀ

ਜੇ ਕਦੀ ਪੁੱਛਣਾ
ਤਾਂ ਅੱਗੋਂ ਇੱਕੋ ਜਵਾਬ ਮਿਲਣਾ
'ਲੋੜ ਪੈਣ 'ਤੇ ਕੰਮ ਆਉਣਗੀਆਂ'

.. ਤੇ ਫਿਰ ਤੂੰ
ਆਪਣਾ ਸਾਰਾ ਖਜ਼ਾਨਾ ਇੱਥੇ ਹੀ ਛੱਡ ਕੇ
ਤੁਰ ਗਈ ਉੱਥੇ
ਇਹਨਾਂ ਚੀਜ਼ਾਂ ਦੀ ਲੋੜ ਨਹੀਂ ਜਿੱਥੇ

ਅੱਜ ਕਿੰਨੀ ਲੋੜ ਹੈ ਮੈਨੂੰ
ਤੇਰੀਆਂ ਕੁਝ ਚੀਜ਼ਾਂ ਦੀ

ਤੇਰੀਆਂ ਸਾਂਭੀਆਂ ਚੀਜ਼ਾਂ ਵਿੱਚੋਂ
ਮੈਂ ਲੱਭ-ਲੱਭ ਹਾਰ ਗਈ ਹਾਂ
ਤੇਰੀ ਬੁੱਕਲ ਦਾ ਨਿੱਘ
ਤੇਰਾ ਦੁਲਾਰ, ਪਿਆਰ
ਤੇਰਾ ਗੱਲ-ਗੱਲ 'ਤੇ ਕਹਿਣਾ
'ਫਿਕਰ ਨਾ ਕਰਿਆ ਕਰ
ਸਭ ਠੀਕ ਹੋ ਜਾਊ'
ਕਿੰਨੀਆਂ ਭਾਲੀਆਂ ਮੈਂ
ਤੇਰੀਆਂ ਮੈਨੂੰ ਉਡੀਕਦੀ ਨਜ਼ਰਾਂ
ਕਿਤੋਂ ਨਹੀਂ ਲੱਭਿਆ

ਇਹ ਨਿੱਕ-ਸੁਕ
ਕਿਤੋਂ ਵੀ ਨਹੀਂ ਥਿਆਇਆ
ਤੇਰੀਆਂ ਸਾਂਭੀਆਂ ਚੀਜ਼ਾਂ ਵਿੱਚੋਂ

ਚੰਗਾ ਹੁੰਦਾ ਜੇ ਦੱਸ ਜਾਂਦੀ
ਜਾਣ ਤੋਂ ਪਹਿਲਾਂ
ਕਿਸ ਪੋਟਲੀ ਵਿੱਚ
ਸਾਂਭੀਆਂ ਸੀ ਤੂੰ
ਲੋੜ ਪੈਣ 'ਤੇ ਕੰਮ ਆਉਣ ਵਾਲੀਆਂ
ਇਹ ਜ਼ਰੂਰੀ ਚੀਜ਼ਾਂ ?

## ਇੱਕ ਰੁਪਏ ਦਾ ਸਿੱਕਾ

ਬੜੇ ਚਿਰ ਤੋਂ ਰੱਖਿਆ ਹੈ ਸੰਭਾਲ ਕੇ ਇੱਕ ਰੁਪਏ ਦਾ ਸਿੱਕਾ ਉਹ
ਜੋ ਉੱਛਲ ਕੇ ਮਾਂ ਦੀ ਅਰਥੀ ਉੱਤੋਂ
ਆ ਡਿੱਗਿਆ ਸੀ ਕੋਲ ਮੇਰੇ
ਜ਼ਿੰਦਗੀ ਦੀਆਂ ਤਲਖੀਆਂ
ਜਦ ਹੁੰਦੀਆਂ ਹਾਵੀ
ਲਾ ਕੇ ਇਸ ਨੂੰ ਗਲ ਨਾਲ
ਮੈਂ ਰੋਂਦੀ ਭੁੱਬੀਂ
ਫਿਰ ਲੱਗਦੈ ਮੈਨੂੰ
ਮਾਂ ਕੋਲ ਹੈ ਮੇਰੇ
ਬਸ ਨਜ਼ਰ ਨਾ ਆਵੇ

ਰਿਸ਼ਤਿਆਂ ਦੀ ਨਦੀ ਉੱਤੇ
ਕੁਦਰਤ ਵੱਲੋਂ ਬੰਨ੍ਹਿਆ ਮਜ਼ਬੂਤ ਪੁਲ ਸੀ
ਜਿਸ ਰੱਖੇ ਜੋੜੀ ਵਾਂਗ ਕੰਢਿਆਂ
ਦੂਰ-ਦੂਰ ਰਹਿਣ ਵਾਲੇ ਰਿਸ਼ਤੇ ਸਾਰੇ

ਜਿਸ ਦਿਨ ਟੁੱਟਿਆ ਇਹ ਪੁਲ
ਸੁੱਕ ਗਈ ਨਦੀ ਰਿਸ਼ਤਿਆਂ ਦੀ
ਹੋ ਗਏ ਦੂਰ ਕਿਨਾਰੇ ਮੁੜ ਤੋਂ

ਹੁਣ ਆਸਪਾਸ ਭੀੜ ਤਾਂ ਹੈ
ਪਰ ਸਾਂਝ ਨਹੀਂ
ਉਹ ਕੀ ਗਈ ਸਭ ਲੈ ਗਈ ਨਾਲ
ਸਾਕ, ਸਾਂਝਾਂ, ਨਿੱਘ, ਪਿਆਰ

ਅੱਜ ਹੋਈ ਉਦਾਸੀ ਹਾਵੀ ਮੁੜ ਤੋਂ
ਫਿਰ ਰੋਵਾਂਗੀ ਭੁੱਬੀਂ
ਲਾ ਕੇ ਗਲ ਦੇ ਨਾਲ
ਇੱਕ ਰੁਪਏ ਦਾ ਸਿੱਕਾ ਉਹ
ਜੋ ਉੱਛਲ ਕੇ ਮਾਂ ਦੀ ਅਰਥੀ ਉੱਤੋਂ
ਆ ਡਿੱਗਿਆ ਸੀ ਕੋਲ ਮੇਰੇ
ਲੱਗੇਗਾ ਫਿਰ ਤੋਂ
ਮਾਂ ਕੋਲ ਹੈ ਮੇਰੇ
ਬਸ ਨਜ਼ਰ ਨਾ ਆਵੇ

## ਭੁੱਲ ਗਈ ਸਿਰਨਾਵਾਂ

ਦਿਲ ਕਰਦੈ ਉਸ ਘਰ ਹੋ ਆਵਾਂ
ਜਿਸ ਦਾ ਭੁੱਲ ਗਈ ਸਿਰਨਾਵਾਂ
ਜਦ ਦੀ ਮਾਂ ਰੁਖਸਤ ਹੈ ਹੋਈ
ਮੈਥੋਂ ਛੁੱਟ ਗਈਆਂ ਉਹ ਰਾਹਵਾਂ

ਉਹ ਹੁੰਦੀ ਸੀ ਘਰ ਹੁੰਦਾ ਸੀ
ਬਾਬਲ ਦਾ ਇੱਕ ਦਰ ਹੁੰਦਾ ਸੀ
ਜਦ ਚਾਹੁੰਦੀ ਸਾਂ ਜਾ ਆਉਂਦੀ ਸਾਂ
ਚਾਅ ਮਨ ਦੇ ਮੈਂ ਲਾਹ ਆਉਂਦੀ ਸਾਂ

ਹੁਣ ਤਾਂ ਹੋਰ ਕਹਾਣੀ ਹੋ ਗਈ
ਉਲਝੀ-ਉਲਝੀ ਤਾਣੀ ਹੋ ਗਈ
ਆਪਣੇ ਘਰ ਮੈਂ ਕੀਕਣ ਵੱਸਦੀ
ਨਾ ਉਹ ਪੁੱਛਦੇ ਨਾ ਮੈਂ ਦੱਸਦੀ

ਨਾ ਹੀ ਸੁਨੇਹਾ ਨਾ ਖਤ ਆਵੇ
ਜਾਵਾਂ ਤਾਂ ਜੇ ਕੋਈ ਬੁਲਾਵੇ
ਮੁੱਕ ਗਏ ਰਿਸ਼ਤੇ ਸਾਂਝ ਵੀ ਮੁੱਕੀ
ਮਿਲਣੇ ਦੀ ਹੁਣ ਤਾਂਘ ਵੀ ਮੁੱਕੀ

ਇੱਕ ਤ੍ਰਿਸ਼ਨਾ ਰਹਿ-ਰਹਿ ਕੇ ਉੱਠਦੀ
ਇੱਕ ਵਾਰੀ ਉਸ ਘਰ ਹੋ ਆਵਾਂ
ਘਰ ਦੀ ਦੇਹਲੀ ਉੱਤੇ ਬਹਿ ਕੇ
ਰੋਵਾਂ ਦਿਲ ਦਾ ਦਰਦ ਘਟਾਵਾਂ

ਫਿਰ ਸੋਚਾਂ ਕੀ ਜਾਣਾ ਓਥੇ
ਕਿਸ ਨੇ ਮੈਨੂੰ ਚੁੱਪ ਕਰਾਉਣਾ
ਕਿਸ ਨੇ ਸੁੱਖ ਸੁਨੇਹਾ ਪੁੱਛਣਾ
ਕਿਸ ਨੇ ਘੁੱਟ ਕੇ ਗਲ ਨਾਲ ਲਾਉਣਾ

ਮਨ ਨੂੰ ਪੱਕਾ ਕਰ ਲਿਆ ਹੈ
ਦਿਲ 'ਤੇ ਪੱਥਰ ਧਰ ਲਿਆ ਹੈ
ਉਹ ਘਰ ਬਸ ਮੇਰਾ ਹੁਣ ਘਰ ਨਹੀਂ
ਇਸ ਦੁੱਖ ਨੂੰ ਹੁਣ ਜਰ ਲਿਆ ਹੈ

ਫਿਰ ਵੀ ਦਿਲ ਤਾਂ ਦਿਲ ਹੀ ਹੁੰਦਾ
ਇਸ ਚੰਦਰੇ ਨੂੰ ਕਿਵੇ ਵਰਾਵਾਂ
ਕਦੇ-ਕਦੇ ਇੱਕ ਹੂਕ ਹੈ ਉੱਠਦੀ
ਕਿਉਂ ਨਾ ਕਿਸੇ ਦਿਨ ਜਾ ਹੀ ਆਵਾਂ

ਦਿਲ ਕਰਦੈ ਉਸ ਘਰ ਹੋ ਆਵਾਂ
ਜਿਸ ਦਾ ਭੁੱਲ ਗਈ ਸਿਰਨਾਵਾਂ
ਜਦ ਦੀ ਮਾਂ ਰੁਖਸਤ ਹੈ ਹੋਈ
ਮੈਥੋਂ ਛੁੱਟ ਗਈਆਂ ਉਹ ਰਾਹਵਾਂ

## ਰੀਤ

ਉਹਦਾ ਨੇਮ ਸੀ
ਮਹੀਨੇ ਬਾਅਦ ਜਦੋਂ ਵੀ ਤਨਖਾਹ ਮਿਲਣੀ
ਉਸ ਚਾਈਂ-ਚਾਈਂ ਘਰ ਆਉਣਾ
ਬੀਬੀ ਦੇ ਪੈਰੀਂ ਹੱਥ ਲਾਉਣਾ
ਤਨਖਾਹ ਵਾਲਾ ਲਿਫਾਫਾ
ਬੀਬੀ ਦੀ ਤਲੀ 'ਤੇ ਧਰਨਾ
ਸੀਸ ਨਿਵਾਉਣਾ
ਬੀਬੀ ਨੇ ਬਥੇਰਾ ਕਹਿਣਾ
'ਪੁੱਤ ਕੋਲ ਰੱਖਿਆ ਕਰ
ਸੁੱਖ ਨਾਲ ਕੱਲ੍ਹ ਨੂੰ
ਤੇਰੇ ਘਰ ਦੀ ਮਾਲਕਣ ਨੇ ਵੀ ਆਉਣਾ'
ਪਰ ਉਸ ਨੇ ਕਹਿਣਾ
'ਬੀਬੀ ਰੀਤ ਆ !
ਘਰ ਦੀ ਮਾਲਕਣ ਤਾਂ ਫਿਰ ਵੀ ਤੂੰ ਹੀ ਹੋਣਾ'

ਕੁਝ ਸਮਾਂ ਇਹੀ ਚੱਲਿਆ
ਫਿਰ ਘਰ 'ਚ ਨਵਾਂ ਜੀਅ ਰਲਿਆ

ਪਰ ਰੀਤ ਤਾਂ ਰੀਤ ਸੀ
ਰੀਤ ਨਹੀਂ ਬਦਲੀ
ਮਾਲਕਣ ਬੀਬੀ ਹੀ ਰਹੀ
ਬੱਸ ਲਿਫਾਫਾ ਲੈਣ ਵਾਲੀ ਤਲੀ ਬਦਲ ਗਈ

## ਵਿਤਕਰਾ

ਯਾਦ ਆਉਂਦੈ
ਨਿੱਕੇ ਹੁੰਦਿਆਂ ਘਰ ਵਿੱਚ ਬੱਚਿਆਂ ਲਈ
ਜਦੋਂ ਵੀ ਨਵੇਂ ਕੱਪੜੇ ਆਉਣੇ
ਵੀਰਾਂ ਨੂੰ ਪਾਉਣ ਤੋਂ ਪਹਿਲਾਂ
ਮਾਂ ਨੇ ਉਹਨਾਂ ਦੇ ਕੱਪੜੇ ਮੇਰੇ ਪੈਰੀਂ ਛੁਹਾਉਣੇ
ਨਾਲ ਵੀਰਾਂ ਨੂੰ ਅਸੀਸ ਦੇਣੀ
'ਸੁਖ ਹੰਢਾਉਣੇ ਹੋਣ'

ਮੇਰੇ ਲਈ ਲਿਆਂਦੀ ਫਰਾਕ
ਬਿਨਾਂ ਵੀਰਾਂ ਦੇ ਪੈਰੀਂ ਛੁਹਾਏ
ਮਾਂ ਨੇ ਮੇਰੇ ਗਲ ਪਾਉਣੀ
ਕੋਈ ਅਸੀਸ ਮੇਰੇ ਹਿੱਸੇ ਨਾ ਆਉਣੀ
ਮਾਂ ਹੁਣ ਨਹੀਂ ਹੈ
ਉਹਦੀ ਰੀਤ ਚਾਲੂ ਰੱਖੀ ਹੈ !!

ਮੈਂ ਮੇਰੀ ਬੇਟੀ ਲਈ ਲਿਆਂਦੀ
ਹਰ ਡਰੈੱਸ ਉਸ ਨੂੰ ਪਾਉਣ ਤੋਂ ਪਹਿਲਾਂ
ਧਰਤੀ ਨੂੰ ਛੁਹਾਉਂਦੀ ਹਾਂ
'ਸੁੱਖ ਹੰਢਾਉਣੀ ਹੋਵੇ' ਆਖ ਕੇ
ਬੇਟੀ ਨੂੰ ਅਸੀਸ ਦਿੰਦੀ ਹਾਂ
ਮੈਂ ਮਾਂ ਨਾਲ ਵਿਤਕਰਾ ਨਹੀਂ ਕਰਦੀ !!!

## ਸ਼ਾਰੇ ਦੀ ਬੀਬੀ

ਸਾਰੇ ਪਿੰਡ ਦੀਆਂ
ਗਲੀਆਂ ਗਾਹੁੰਦੇ-ਗਾਹੁੰਦੇ ਅਸੀਂ
ਸ਼ਾਰੇ ਦੇ ਬੀਬੀ ਦੇ ਵਿਹੜੇ
ਜਾ ਡੇਰਾ ਲਾਉਂਦੇ
ਤੂਤੀਆਂ ਤੋੜਦੇ
ਸ਼ਟਾਪੂ ਖੇਡਦੇ
ਨਿੰਮ 'ਤੇ ਪਈ ਪੀਂਘ ਝੂਟਦੇ

ਸ਼ਾਰਾ ਸਾਡੇ ਹਾਣ ਤੋਂ ਕਿਤੇ ਵੱਡਾ
ਸਾਡੇ ਨਾਲ ਖੇਡਦਾ
ਤੂਤੀਆਂ ਤੋੜਦਾ
ਸ਼ਟਾਪੂ ਖੇਡਦਾ
ਪੀਂਘ ਝੂਟਦਾ

ਸ਼ਾਰੇ ਦੀ ਬੀਬੀ ਨੇ ਉਸ ਨੂੰ
ਸਾਡੇ ਨਾਲ ਖੇਡਣ ਤੋਂ ਵਰਜਣਾ
'ਤੇਰੇ ਜੁਆਕਾਂ ਦੀ ਉਮਰ ਦੇ ਨੇ
ਜਿਹਨਾਂ ਨਾਲ ਖੇਡਦੈਂ'

ਅਸੀਂ ਹੈਰਾਨ ਹੋਣਾ
ਸ਼ਾਰੇ ਦਾ ਤਾਂ ਕੋਈ ਬੱਚਾ ਈ ਨਈਂ ਸੀ
ਉਹਦਾ ਤੇ ਵਿਆਹ ਵੀ ਨਹੀਂ ਸੀ ਹੋਇਆ

ਸ਼ਾਰੇ ਦੀ ਬੀਬੀ ਨੇ ਬੁੱਕ-ਬੁੱਕ ਰੋਣਾ
'ਜੇ ਕਿਤੇ ਤੂੰ ਬਾਕੀਆਂ ਵਰਗਾ ਹੁੰਦਾ!!!'
ਅੱਗੋਂ ਉਹਨੇ ਚੁੱਪ ਕਰ ਜਾਣਾ

ਸ਼ਾਰੇ ਨੇ ਵੱਡਾ ਜਿਹਾ ਸਿਰ ਹਿਲਾਉਣਾ
'ਇਹਨਾਂ ਵਰਗਾ ਈ ਤਾਂ ਹਾਂ' ਆਖ
ਸਾਡੇ ਨਾਲ ਖੇਡਣ ਲੱਗ ਜਾਣਾ

ਅੱਜ ਵਰ੍ਹਿਆਂ ਬਾਅਦ ਪਾਰਕ ਵਿੱਚ
ਬੱਚਿਆਂ ਨਾਲ ਖੇਡਦਾ
ਇੱਕ ਸ਼ਾਰਾ ਦਿਸਿਆ
ਕੁਝ ਦੂਰੀ 'ਤੇ ਬੈਠੀ ਉਸ ਬੱਚੇ ਦੀ ਮਾਂ ਝੂਰਦੀ

'ਕੀ ਕਰਨ ਡਿਹੈਂ !'
'ਸੁੱਖ ਨਾਲ ਜੇ ਅੱਜ ਤੇਰੇ ਵੀ ਬਾਲ ਹੁੰਦੇ
ਉਹ ਵੀ ......'
...ਤੇ ਉਹ ਅੱਖਾਂ ਪੂੰਝਣ ਲੱਗੀ

ਮੇਰਾ ਮਨ ਬੇਚੈਨ ਹੈ
ਹਰ ਗਲੀ, ਹਰ ਮੁਹੱਲੇ ਵਿੱਚ
ਕਿਸੇ ਸ਼ਾਰੇ ਦੀ ਬੀਬੀ ਵੱਸਦੀ ਏ
ਮੇਰੀਆਂ ਗੱਲ੍ਹਾਂ ਉੱਤੇ ਪਾਣੀ ਵਗ ਰਿਹੈ
ਲੱਗਦੈ ਮੇਰੀ ਅੱਖ ਚੁੱਭੀ ਏ!

# ਤਰਕਸ਼ੀਲ ਸੁਸਾਇਟੀ ਪੰਜਾਬ ਦਾ ਡੈਲੀਗੇਟ ਚੋਣ ਅਜਲਾਸ



**ਅੰਮ੍ਰਿਤਸਰ** : ਲੋਕ ਵਿਰੋਧੀ ਕੌਮੀ ਸਿੱਖਿਆ ਨੀਤੀ-2020 ਨੂੰ ਤੁਰੰਤ ਰੱਦ ਕਰਨ ਤੇ ਪੰਜਾਬ ਵਿੱਚ ਅੰਧ-ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨ ਦੀ ਮੰਗ ਕੀਤੀ ਗਈ। ਤਰਕਸ਼ੀਲ ਸੁਸਾਇਟੀ ਪੰਜਾਬ ਦਾ ਸੂਬਾਈ ਡੈਲੀਗੇਟ ਚੋਣ ਅਜਲਾਸ ਤਰਕਸ਼ੀਲ ਭਵਨ ਵਿਖੇ ਕੀਤਾ ਗਿਆ। 13 ਮੈਂਬਰੀ ਨਵੀਂ ਸੂਬਾਈ ਕਾਰਜਕਾਰਨੀ ਟੀਮ ਦੀ ਸਰਬ-ਸੰਮਤੀ ਨਾਲ ਚੋਣ ਕੀਤੀ ਗਈ।

ਇਸ ਚੋਣ ਵਿਚ ਜਥੇਬੰਦਕ ਵਿਭਾਗ ਲਈ ਮਾਸਟਰ ਰਾਜਿੰਦਰ ਭਦੌੜ, ਵਿੱਤ ਵਿਭਾਗ ਰਾਜੇਸ਼ ਅਕਲੀਆ, ਸੱਭਿਆਚਾਰਕ ਵਿਭਾਗ ਜੋਗਿੰਦਰ ਕੁੱਲੇਵਾਲ, ਮੀਡੀਆ ਵਿਭਾਗ ਸੁਮੀਤ ਸਿੰਘ ਅੰਮ੍ਰਿਤਸਰ, ਸੰਪਾਦਕੀ ਵਿਭਾਗ ਬਲਬੀਰ ਲੌਂਗੋਵਾਲ, ਸਾਹਿਤ ਵਿਭਾਗ ਹੇਮ ਰਾਜ ਸਟੈਨੋ, ਪ੍ਰਿੰਟਿੰਗ ਵਿਭਾਗ ਰਾਜਪਾਲ ਸਿੰਘ, ਕੌਮੀ ਤੇ ਕੌਮਾਂਤਰੀ ਤਾਲਮੇਲ ਵਿਭਾਗ ਜਸਵੰਤ ਮੋਹਾਲੀ, ਮਾਨਸਿਕ ਸਿਹਤ ਮਸਵਰਾ ਵਿਭਾਗ ਅਜੀਤ ਪ੍ਰਦੇਸੀ ਰੋਪੜ, ਕਾਨੂੰਨ ਵਿਭਾਗ ਜਸਵਿੰਦਰ ਫਗਵਾੜਾ, ਵਿਦਿਆਰਥੀ ਚੇਤਨਾ ਵਿਭਾਗ ਰਾਮ ਸਵਰਨ ਲੱਖੇਵਾਲੀ, ਸਾਹਿਤ ਵੈਨ ਵਿਭਾਗ ਗੁਰਪ੍ਰੀਤ ਸਹਿਣਾ ਅਤੇ ਸੋਸ਼ਲ ਮੀਡੀਆ ਵਿਭਾਗ ਲਈ ਸੰਦੀਪ ਧਾਰੀਵਾਲ ਭੋਜਾਂ ਚੁਣੇ ਗਏ।

ਇਸ ਤੋਂ ਪਹਿਲੇ ਸੈਸ਼ਨ ਵਿੱਚ ਸੂਬਾ ਕਾਰਜਕਾਰਨੀ ਵੱਲੋਂ ਪਿਛਲੇ ਸੈਸ਼ਨ ਦੀ ਦੋ ਸਾਲਾ ਰੀਵਿਊ ਰਿਪੋਰਟ ਅਤੇ ਅਗਲੇ ਦੋ ਸਾਲ ਲਈ ਕਾਰਜ ਵਿਉਂਤਬੰਦੀ ਦਾ ਖਰੜਾ ਪੇਸ਼ ਕੀਤਾ ਗਿਆ। ਇਸ ਉੱਤੇ ਵੱਖ-ਵੱਖ ਜ਼ੋਨਾਂ ਅਤੇ ਇਕਾਈਆਂ ਨਾਲ ਸੰਬੰਧਤ ਡੈਲੀਗੇਟਾਂ ਨੇ ਉਸਾਰੂ ਬਹਿਸ ਵਿੱਚ ਹਿੱਸਾ ਲੈਂਦਿਆਂ ਪੰਜਾਬ ਸਮੇਤ ਦੇਸ਼ ਵਿਚ ਦਿਨੋਂ-ਦਿਨ ਵਧ ਰਹੇ ਅੰਧ-ਵਿਸ਼ਵਾਸਾਂ, ਧਾਰਮਿਕ ਕੱਟੜਵਾਦ, ਡੇਰਾਵਾਦ, ਬਾਬਾਵਾਦ ਅਤੇ ਸਿੱਖਿਆ ਦੇ ਵਧ ਰਹੇ ਭਗਵੇਂਕਰਨ, ਵਪਾਰੀਕਰਨ ਅਤੇ ਦੇਸ਼ ਵਿਚ ਵਧ ਰਹੇ ਫਿਰਕੂ ਫਾਸ਼ੀਵਾਦ ਦੇ ਖਿਲਾਫ ਤਰਕਸ਼ੀਲ ਸੁਸਾਇਟੀ ਵੱਲੋਂ ਸਮਾਜ ਵਿਚ ਵਿਗਿਆਨਕ ਅਤੇ ਜਮਾਤੀ ਚੇਤਨਾ ਦੀ ਲਹਿਰ ਨੂੰ ਹੋਰ ਤੇਜ਼ੀ ਨਾਲ ਵਿਕਸਤ ਕਰਨ ਅਤੇ ਪੰਜਾਬ ਵਿੱਚ ਅੰਧ-ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਵਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ।

ਲੋਕ ਪੱਖੀ ਵਿਗਿਆਨਕ, ਸਮਾਜਿਕ ਅਤੇ ਸੱਭਿਆਚਾਰਕ ਤਬਦੀਲੀ ਲਈ ਸੁਸਾਇਟੀ ਦੀਆਂ ਇਕਾਈਆਂ ਅਤੇ ਜ਼ੋਨਾਂ ਨੂੰ ਲਗਾਤਾਰ ਦੀਆਂ ਸਿਖਲਾਈ ਵਰਕਸ਼ਾਪਾਂ ਅਤੇ ਸੈਮੀਨਾਰਾਂ ਰਾਹੀਂ ਹੋਰ ਵੱਧ ਸਰਗਰਮ ਕਰਨ ਅਤੇ ਵੱਧ ਤੋਂ ਵੱਧ ਔਰਤਾਂ, ਵਿਦਿਆਰਥੀਆਂ, ਨੌਜਵਾਨਾਂ ਨੂੰ ਲਾਮਬੰਦ ਕਰਕੇ ਸੁਸਾਇਟੀ ਦਾ ਘੇਰਾ ਹੋਰ ਵਿਸ਼ਾਲ ਕਰਨ ਦਾ ਫੈਸਲਾ ਕੀਤਾ ਗਿਆ।

ਤਰਕਸ਼ੀਲ ਲਹਿਰ ਦੇ ਵਿਕਾਸ ਵਿਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲੇ ਸਾਥੀ ਜਰਨੈਲ ਕ੍ਰਾਂਤੀ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ, ਸਭ ਤੋਂ ਵੱਧ ਤਰਕਸ਼ੀਲ ਮੈਗਜ਼ੀਨ ਦੇ ਚੰਦੇ ਕੱਟਣ ਲਈ ਤਰਕਸ਼ੀਲ ਆਗੂ ਅਜੀਤ ਪ੍ਰਦੇਸੀ ਅਤੇ ਬਠਿੰਡਾ ਇਕਾਈ ਅਤੇ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿਚ ਸਭ ਤੋਂ ਵੱਧ ਵਿਦਿਆਰਥੀਆਂ ਦੀ ਸ਼ਮੂਲੀਅਤ ਕਰਵਾਉਣ ਲਈ ਪਟਿਆਲਾ ਇਕਾਈ ਦੇ ਸਾਥੀਆਂ ਨੂੰ ਸਨਮਾਨ ਪੱਤਰ ਅਤੇ ਮਿਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸਮੁੱਚੇ ਇਜਲਾਸ ਵੱਲੋਂ ਜੰਤਰ ਮੰਤਰ ਦਿੱਲੀ ਵਿਖੇ ਜਿਨਸੀ ਅਤੇ ਮਾਨਸਿਕ ਸ਼ੋਸ਼ਣ ਦੇ ਖਿਲਾਫ ਧਰਨਾ ਦੇ ਰਹੇ ਮਹਿਲਾ ਅਤੇ ਪੁਰਸ਼ ਪਹਿਲਵਾਨਾਂ ਦੀ ਹਮਾਇਤ ਕਰਦਿਆਂ ਮੋਦੀ ਸਰਕਾਰ ਤੋਂ ਉਨ੍ਹਾਂ ਨੂੰ ਸਹੀ ਅਤੇ ਜਲਦੀ ਇਨਸਾਫ ਦੇਣ ਦੀ ਜ਼ੋਰਦਾਰ ਮੰਗ ਕੀਤੀ ਗਈ।

ਇਸ ਮੌਕੇ ਤਰਕਸ਼ੀਲ ਮੈਗਜ਼ੀਨ ਦਾ ਮਈ-ਜੂਨ ਅੰਕ ਵੀ ਰਿਲੀਜ਼ ਕੀਤਾ ਗਿਆ। ਬਰਨਾਲਾ ਇਕਾਈ ਦੇ ਸਾਥੀਆਂ ਵੱਲੋਂ ਇਜਲਾਸ ਦੇ ਸਮੁੱਚੇ ਪ੍ਰਬੰਧ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ ਗਈ।

—ਸੁਮੀਤ ਸਿੰਘ

# ਪਰਵਾਸੀ ਪੰਜਾਬੀ ਕਾਵਿ 'ਤੇ ਵਿਚਾਰ-ਚਰਚਾ



**ਸਰੀ**—ਵੈਨਕੂਵਰ ਵਿਚਾਰ ਮੰਚ ਵੱਲੋਂ ਆਨਲਾਈਨ ਸੈਮੀਨਾਰ ਲੜੀ ਦੇ ਅੰਤਰਗਤ '21ਵੀਂ ਸਦੀ ਦਾ ਪਰਵਾਸੀ ਪੰਜਾਬੀ ਕਾਵਿ : ਇਕ ਸੰਵਾਦ' ਵਿਸ਼ੇ ਉੱਪਰ ਅੰਤਰਰਾਸਟਰੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਚਿੰਤਕਾਂ ਵੱਲੋਂ ਆਲੋਚਨਾਤਮਕ ਪਰਚੇ ਪੇਸ਼ ਕੀਤੇ ਗਏ।

ਸੈਮੀਨਾਰ ਦਾ ਆਗਾਜ਼ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਮੰਚ ਦੀ ਕਾਰਗੁਜ਼ਾਰੀ ਬਾਰੇ ਦੱਸਦਿਆਂ ਕਿਹਾ ਕਿ ਇਹ ਮੰਚ ਮੁੱਢ ਤੋਂ ਹੀ ਗੁਰੂ ਨਾਨਕ ਸਾਹਿਬ ਦੇ ਕਥਨ 'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ' ਮੁਤਾਬਕ ਸੰਵਾਦ ਪਰੰਪਰਾ ਜਾਰੀ ਰੱਖਣ ਲਈ ਗਤੀਸ਼ੀਲ ਰਿਹਾ ਹੈ। ਉਨ੍ਹਾ ਮੰਚ ਵੱਲੋਂ ਸਮੇਂ-ਸਮੇਂ 'ਤੇ ਵਿਦਵਾਨਾਂ ਨਾਲ ਕੀਤੀਆਂ ਗਈਆਂ ਗੋਸ਼ਟੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਸੈਮੀਨਾਰ ਵਿਚ ਸ਼ਿਰਕਤ ਕਰਨ ਵਾਲਿਆਂ ਨੂੰ ਜੀ ਆਇਆਂ ਕਿਹਾ।

ਮੋਹਨ ਗਿੱਲ ਨੇ ਦੱਸਿਆ ਕਿ ਇਸ ਸੈਮੀਨਾਰ ਦਾ ਮੁੱਖ ਮਕਸਦ ਭਾਰਤੀ ਪੰਜਾਬੀ ਅਤੇ ਪਾਕਿਸਤਾਨੀ ਪੰਜਾਬੀ ਖੋਜਾਰਥੀਆਂ ਨੂੰ ਪਰਵਾਸੀ ਪੰਜਾਬੀ ਸਾਹਿਤ ਦੇ ਨਾਲ ਜੋੜਨ ਅਤੇ ਨਵੀਂ ਸਾਹਿਤਕ ਖੋਜ ਨੂੰ ਹੱਲਾਸ਼ੇਰੀ ਦੇਣਾ ਹੈ। ਉਹਨਾ ਸੈਮੀਨਾਰ ਦੇ ਮੁੱਖ ਮਹਿਮਾਨ ਰਵਿੰਦਰ ਰਵੀ, ਪ੍ਰਧਾਨਗੀ ਮੰਡਲ ਡਾ. ਸੁਖਦੇਵ ਸਿੰਘ ਸਿਰਸਾ ਅਤੇ ਡਾ. ਨਰੇਸ਼ ਕੁਮਾਰ ਦੀਆਂ ਅਕਾਦਮਿਕ ਅਤੇ ਸਾਹਿਤਕ ਪ੍ਰਾਪਤੀਆਂ ਉਪਰ ਵੀ ਰੋਸ਼ਨੀ ਪਾਈ।

ਰਵਿੰਦਰ ਰਵੀ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਸਮੇਂ ਦੇ ਬਦਲਾਅ ਨਾਲ ਸਾਨੂੰ ਹੁਣ ਦੇ ਪਰਵਾਸੀ ਸਾਹਿਤ ਨੂੰ ਵਧੇਰੇ ਵਾਚਣ ਦੀ ਜ਼ਰੂਰਤ ਹੈ, ਨਾ ਕਿ ਮੁੱਢਲੇ ਦੌਰ ਦੇ ਸਾਹਿਤ ਨੂੰ ਮੁੜ ਪੀਸੀ ਜਾਣ ਦੀ। ਉਹਨਾ ਪਰਵਾਸੀ ਪੰਜਾਬੀ ਕਵਿਤਾ ਦੇ ਆਰੰਭ ਤੋਂ ਲੈ ਕੇ ਹੁਣ ਤੱਕ ਦੇ ਸਫਰ ਨੂੰ ਬਹੁਤ ਤਰਕਮਈ ਢੰਗ ਨਾਲ ਬਿਆਨ ਕਰਦਿਆਂ ਪਰਵਾਸੀ ਪੰਜਾਬੀ ਸਾਹਿਤ ਨੂੰ ਵਿਸ਼ਵ-ਵਿਆਪੀ ਮਸਲਿਆਂ ਉਪਰ ਕੇਂਦਰਤ ਕਰਨ ਦੀ ਗੱਲ ਕੀਤੀ।

ਸੈਮੀਨਾਰ ਵਿਚ ਭਾਰਤ ਅਤੇ ਪਾਕਿਸਤਾਨ ਦੀਆਂ ਵੱਖ-ਵੱਖ ਯੂਨੀਵਰਸਿਟੀਆਂ/ ਕਾਲਜਾਂ ਦੇ ਲਗਭਗ 15 ਦੇ ਕਰੀਬ ਅਧਿਆਪਕਾਂ ਅਤੇ ਖੋਜਾਰਥੀਆਂ ਵੱਲੋਂ ਪਰਚੇ ਪੜ੍ਹੇ ਗਏ। ਪਹਿਲੇ ਸੈਸ਼ਨ ਵਿਚ ਕੁੱਲ 7 ਪਰਚੇ ਪੜ੍ਹੇ ਗਏ।

ਦੂਸਰੇ ਸੈਸ਼ਨ ਵਿੱਚ ਕੁੱਲ 8 ਪਰਚੇ ਪੜ੍ਹੇ ਗਏ। ਡਾ. ਨਰੇਸ਼ ਨੇ ਲੇਖਕ ਅਧਾਰਤ ਆਲੋਚਨਾ ਦੀ ਬਜਾਇ ਰਚਨਾ ਅਧਾਰਤ ਆਲੋਚਨਾ ਨੂੰ ਤਰਜੀਹ ਦੇਣ ਸੰਬੰਧੀ ਵਿਚਾਰ ਸਾਂਝੇ ਕੀਤੇ।

ਮੰਚ ਦੇ ਡਾਇਰੈਕਟਰ ਅਤੇ ਉੱਘੇ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਅਜਿਹੇ ਪ੍ਰੋਗਰਾਮਾਂ ਨੂੰ ਸ਼ਲਾਘਾਯੋਗ ਪਹਿਲਕਦਮੀ ਕਿਹਾ। ਅੰਤ ਵਿੱਚ ਮੋਹਨ ਗਿੱਲ ਨੇ ਬੁਲਾਰਿਆਂ ਅਤੇ ਸਰੋਤਿਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਨਾਲ ਹੀ ਮੰਚ ਵੱਲੋਂ 'ਪਰਵਾਸੀ ਪੰਜਾਬੀ ਕਹਾਣੀ' ਸੰਬੰਧੀ ਕਰਵਾਏ ਜਾਣ ਵਾਲੇ ਅਗਲੇ ਸੈਮੀਨਾਰ ਦਾ ਐਲਾਨ ਕੀਤਾ। ਸੈਮੀਨਾਰ ਦਾ ਮੰਚ ਸੰਚਾਲਨ ਡਾ. ਹਰਜੋਤ ਕੌਰ ਖਹਿਰਾ ਅਤੇ ਡਾ. ਯਾਦਵਿੰਦਰ ਕੌਰ ਵੱਲੋਂ ਬਾਖੂਬੀ ਕੀਤਾ ਗਿਆ।

—ਹਰਦਮ ਮਾਨ

# ਪੰਜਾਬੀ ਲਿਖਾਰੀ ਸਭਾ ਵੱਲੋਂ ਸਮਾਗਮ



**ਸਿਆਟਲ**-ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਵੱਲੋਂ ਇਕ ਸਾਹਿਤਕ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਬਹੁਰੰਗੀ ਸਾਹਿਤਕ ਪ੍ਰੋਗਰਾਮ ਤੋਂ ਇਲਾਵਾ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ। ਡਾ. ਸੁਖਬੀਰ ਸਿੰਘ ਬੀਹਲਾ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਪ੍ਰੋਗਰਾਮ ਦੇ ਸ਼ੁਰੂ ਵਿੱਚ ਸ਼ਿਵ ਕੁਮਾਰ ਬਟਾਲਵੀ ਨੂੰ ਉਹਨਾ ਦੀ 50ਵੀਂ ਬਰਸੀ 'ਤੇ ਯਾਦ ਕੀਤਾ।

ਕਵੀ ਦਰਬਾਰ ਦਾ ਨਵਾਂ ਰੂਪ ਅੰਗਰੇਜ਼ੀ ਵਿੱਚ ਲਿਖੀ ਬੋਲੀ ਗਈ ਕਵਿਤਾ ਵੀ ਸੀ। ਹਰਦਿਆਲ ਸਿੰਘ ਚੀਮਾ, ਡਾ. ਜਸਵੀਰ ਕੌਰ, ਅਵਤਾਰ ਸਿੰਘ ਆਦਮਪੁਰੀ, ਪ੍ਰਿਤਪਾਲ ਸਿੰਘ ਟਿਵਾਣਾ, ਸਾਧੂ ਸਿੰਘ ਝੱਜ, ਸ਼ਿੰਗਾਰ ਸਿੰਘ ਸਿੱਧੂ, ਮੰਗਤ ਕੁਲਜਿੰਦ, ਹਰਪਾਲ ਸਿੰਘ ਸਿੱਧੂ, ਸੁਖਵੀਰ ਬੀਹਲਾ, ਬਲਿਹਾਰ ਲੇਹਲ, ਮਨਜੀਤ ਕੌਰ ਗਿੱਲ, ਜਸਵੀਰ ਕੌਰ ਨਿੱਜਰ ਸਿੱਧੂ, ਹਰਜਿੰਦਰ ਸੰਧਾਵਾਲੀਆ, ਬੇਟੀ ਇਨਾਇਤ ਅਤੇ ਬੇਟਾ ਅਨਹਦ ਸਿੱਧੂ ਕਵੀ ਦਰਬਾਰ ਦਾ ਸ਼ਿੰਗਾਰ ਸਨ। ਕਵੀ ਦਰਬਾਰ ਵਿੱਚ ਸਮਾਜਕ, ਸੱਭਿਆਚਾਰਕ, ਪਰਵਾਰਿਕ, ਹਾਸ-ਵਿਅੰਗ ਅਤੇ ਮੌਜੂਦਾ ਸਮੇਂ ਦੀ ਤਕਨਾਲੋਜੀ ਆਦਿ ਦੇ ਵਿਸ਼ੇ ਭਾਰੂ ਸਨ।

ਗੀਤ ਪੇਸ਼ ਕਰਦਿਆਂ ਸਿਮਰਨ ਸਿੰਘ ਨੇ ਜਿੱਥੇ ਸਾਰੇ ਪ੍ਰੋਗਰਾਮ ਦੀ ਆਪਣੇ ਸ਼ੁਰੂ ਕੀਤੇ ਟੀ ਵੀ ਚੈਨਲ 'ਸਾਡਾ ਟੀ ਵੀ' ਰਾਹੀਂ ਸਰੋਤਿਆਂ ਨਾਲ ਸਾਂਝ ਪਵਾਈ, ਉਥੇ ਉਹਨਾ ਚੈਨਲ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ। ਸਟੇਜ ਸੰਚਾਲਨ ਦੇ ਕੰਮ ਨੂੰ ਡਾ. ਸੁਖਵੀਰ ਬੀਹਲਾ ਨੇ ਰੌਚਕ ਬਣਾਈ ਰੱਖਿਆ।

—ਮੰਗਤ ਕੁਲਜਿੰਦ

# 'ਮਹਿੰਦਰ ਸਾਥੀ ਯੁਵਾ ਕਾਵਿ ਪੁਰਸਕਾਰ' ਤਲਵਿੰਦਰ ਸ਼ੇਰਗਿੱਲ ਨੂੰ



**ਮੋਗਾ** : ਪ੍ਰਸਿੱਧ ਆਵਾਮੀ ਸ਼ਾਇਰ ਮਹਿੰਦਰ ਸਾਥੀ ਦੀ ਯਾਦ ਵਿੱਚ ਸਥਾਪਤ ਕੀਤਾ ਗਿਆ ਪਹਿਲਾ 'ਮਹਿੰਦਰ ਸਾਥੀ ਯੁਵਾ ਕਾਵਿ ਪੁਰਸਕਾਰ' ਨੌਜਵਾਨ ਗਜ਼ਲਗੋ ਤਲਵਿੰਦਰ ਸ਼ੇਰਗਿੱਲ ਨੂੰ ਦਿੱਤਾ ਜਾਵੇਗਾ। ਮਹਿੰਦਰ ਸਾਥੀ ਯਾਦਗਾਰੀ ਮੰਚ ਦੇ ਮੁੱਖ ਸਲਾਹਕਾਰ ਅਮਰ ਸੂਫੀ ਦੀ ਪ੍ਰਧਾਨਗੀ ਹੇਠ ਸਥਾਪਤ ਸ਼ਾਇਰ ਰਣਜੀਤ ਸਰਾਂਵਾਲੀ, ਅਮਰਜੀਤ ਸਨ੍ਹੇਰਵੀ ਅਤੇ ਗੁਰਪ੍ਰੀਤ ਧਰਮਕੋਟ ਉਪਰ ਆਧਾਰਿਤ ਪੁਰਸਕਾਰ ਕਮੇਟੀ ਨੇ ਪੁਰਸਕਾਰ ਦੀ ਘੋਸ਼ਣਾ ਕਰਦਿਆਂ ਜਾਣਕਾਰੀ ਦਿੱਤੀ ਕਿ ਸਨਮਾਨਿਤ ਸ਼ਾਇਰ ਦੀ ਚੋਣ ਪੰਜਾਬ ਦੇ ਨਾਮਵਰ 10 ਸ਼ਾਇਰਾਂ ਪਾਸੋਂ ਪ੍ਰਾਪਤ ਤਜਵੀਜ਼ਾਂ 'ਚੋਂ ਮੈਰਿਟ ਦੇ ਆਧਾਰ 'ਤੇ ਕੀਤੀ ਗਈ ਹੈ। ਮੰਚ ਦੇ ਜਨਰਲ ਸਕੱਤਰ ਰਣਜੀਤ ਸਰਾਂਵਾਲੀ ਨੇ ਦੱਸਿਆ ਕਿ ਜੂਨ ਮਹੀਨੇ ਮਹਿੰਦਰ ਸਾਥੀ ਦੇ ਜਨਮ ਦਿਨ 'ਤੇ ਮੋਗਾ ਵਿਖੇ ਵਿਸ਼ਾਲ ਸਾਹਿਤਕ ਸਮਾਗਮ ਕਰਵਾਇਆ ਜਾਵੇਗਾ। ਇਸ ਸਮਾਗਮ ਵਿਚ ਪ੍ਰੋ. ਜਸਪਾਲ ਘਈ ਵੱਲੋਂ ਮਹਿੰਦਰ ਸਾਥੀ ਦੀ ਸਮੁੱਚੀ ਸ਼ਾਇਰੀ ਬਾਰੇ ਸੰਪਾਦਿਤ ਕੀਤੀ ਆਲੋਚਨਾਤਮਕ ਪੁਸਤਕ "ਮਹਿੰਦਰ ਸਾਥੀ ਦੀ ਕਾਵਿ ਸੰਵੇਦਨਾ" ਲੋਕ ਅਰਪਣ ਕੀਤੀ ਜਾਵੇਗੀ। ਪੰਜਾਬ ਦੇ ਚਰਚਿੱਤ ਨੌਜਵਾਨ ਸ਼ਾਇਰ ਆਪਣਾ ਕਲਾਮ ਪੇਸ਼ ਕਰਨਗੇ। ਇਸ ਸਮਾਗਮ ਵਿਚ ਬਹੁਤ ਹੀ ਸੂਖਮ ਤੇ ਸੰਵੇਦਨਸ਼ੀਲ ਯੁਵਾ ਸ਼ਾਇਰ ਤਲਵਿੰਦਰ ਸ਼ੇਰਗਿੱਲ ਨੂੰ ਸਨਮਾਨਿਤ ਕੀਤਾ ਜਾਵੇਗਾ।

ਲੋਕ ਅਰਪਣ ਕੀਤੀ ਜਾਣ ਵਾਲੀ ਪੁਸਤਕ ਬਾਰੇ ਜਾਣਕਾਰੀ ਦਿੰਦਿਆਂ ਮੰਚ ਦੇ ਪ੍ਰਧਾਨ ਗੁਰਮੀਤ ਕੜਿਆਲਵੀ ਨੇ ਦੱਸਿਆ ਕਿ ਨਾਮਵਰ ਆਲੋਚਕ ਤੇ ਚਿੰਤਕ ਡਾ. ਸੁਰਜੀਤ ਭੱਟੀ, ਡਾ. ਪਰਮਜੀਤ ਢੀਂਗਰਾ, ਡਾ. ਸੁਰਜੀਤ ਬਰਾੜ, ਡਾ. ਸ਼ਮਸ਼ੇਰ ਮੋਹੀ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਭੀਮਇੰਦਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪ੍ਰੋ. ਕੁਲਦੀਪ ਸਿੰਘ, ਐੱਚ ਐੱਸ ਡਿੰਪਲ ਅਤੇ ਜਸਵੀਰ ਕਲਸੀ ਆਦਿ ਵੱਲੋਂ ਆਲੋਚਨਾਤਮਕ ਲੇਖ ਲਿਖੇ ਗਏ ਹਨ।

## ਸਫ਼ਾ 2 ਦੀ ਬਾਕੀ

## ਇੰਝ ਵੇਖੀ ਵਲੈਤੀ ਅਦਾਲਤ...

ਇਸ ਵੇਲੇ ਇੱਕ ਵੀਹ ਕੁ ਸਾਲਾਂ ਦੇ ਗੋਰੇ ਮੁੰਡੇ ਦੇ ਬਿਆਨ ਹੋ ਰਹੇ ਸਨ, ਉਸ ਅੱਗੇ ਨਿੱਕਾ ਮਾਈਕ ਪਿਆ ਸੀ, ਲੋੜ ਪੈਣ 'ਤੇ ਉਹ ਵਰਤ ਸਕਦਾ ਸੀ, ਪਰ ਕੋਈ ਵਰਤੋਂ ਨਹੀਂ ਸੀ ਕਰ ਰਿਹਾ, ਜੱਜ ਅੱਗੇ ਵੀ ਤੇ ਵਕੀਲਾਂ ਅੱਗੇ ਵੀ, ਨਿੱਕੇ-ਨਿੱਕੇ ਮਾਈਕ ਸਨ। ਜੱਜ ਲਾਲ ਕੁਰਸੀ 'ਤੇ ਬੈਠਾ ਹੋਇਆ ਸੀ। ਉਹ ਕਿਸੇ ਵੱਲ ਨਹੀਂ ਸੀ ਝਾਕਦਾ। ਮੈਨੂੰ ਯਾਦ ਆਇਆ, ਸਾਡੇ ਫਰੀਦਕੋਟ ਕਚਹਿਰੀ ਵਿੱਚ ਇੱਕ ਜੱਜ ਸਾਹਿਬ ਹੁੰਦੇ ਸਨ, ਜਦੋਂ ਵਕੀਲ ਬਹਿਸ ਕਰਦੇ ਸਨ ਤਾਂ ਜੱਜ ਸਾਹਿਬ ਉਨ੍ਹਾਂ ਵੱਲ ਦੇਖਦੇ ਰਹਿੰਦੇ ਤੇ ਪੈੱਨ ਦੀ ਪਿੱਠ ਨਾਲ ਆਪਣੇ ਨੱਕ ਵਿੱਚ ਖਾਜ ਵੀ ਕਰਦੇ ਸਨ। ਜੱਜ ਸਾਹਿਬ ਸਾਰੀ ਕਚਹਿਰੀ ਵਿੱਚ ਨੱਕ 'ਚ ਪੈੱਨ ਮਾਰਨ ਵਾਲੇ ਜੱਜ ਵਜੋਂ ਮਸ਼ਹੂਰ ਹੋ ਗਏ ਸਨ, ਪਰ....ਗੋਰਾ ਜੱਜ ਆਪਣੇ ਲਿਖਣ ਵਾਲੇ ਕਾਗਜ਼ਾਂ ਵੱਲ ਦੇਖ ਰਿਹਾ ਸੀ। ਕਦੇ-ਕਦੇ ਉਹ ਬਿਆਨ ਦੇ ਰਹੇ ਮੁੰਡੇ ਨੂੰ ਵਿੱਚ-ਵਿੱਚ ਕੁਝ ਪੁੱਛਦਾ ਸੀ ਤੇ ਨੋਟ ਕਰ ਲੈਂਦਾ ਸੀ। ਸਭਨਾਂ ਮੂਹਰੇ ਪਾਣੀ ਦੇ ਗਿਲਾਸ ਪਏ ਸਨ। ਬਿਆਨ ਦੇ ਰਿਹਾ ਗੋਰਾ ਮੁੰਡਾ ਵਾਰ-ਵਾਰ ਰਬੜ ਦੇ ਗਲਾਸ ਵਿੱਚੋਂ ਪਾਣੀ ਦੀਆਂ ਘੁੱਟਾਂ ਭਰਦਾ। ਕਦੇ ਥੋੜ੍ਹਾ ਕੁ ਖੰਘਦਾ ਤੇ ਗਲਾ ਸਾਫ਼ ਕਰਦਾ। ਕਦੇ ਪੈਂਟ ਉਤਾਂਹ ਚੁੱਕਦਾ। ਕਦੇ ਪੈਂਟ ਦੀਆਂ ਜੇਬਾਂ ਵਿੱਚ ਹੱਥ ਪਾਉਂਦਾ ਤੇ ਜਦੇ ਹੀ ਹੱਥ ਕੱਢ ਕੇ ਕੱਛਾਂ ਵਿੱਚ ਦੇ ਲੈਂਦਾ। ਆਪਣੀ ਗੱਲ ਦੱਸਦਾ ਵਿੱਚ-ਵਿੱਚ ਉਹ ਕਦੇ ਮੁਸਕਰਾ ਵੀ ਪੈਂਦਾ। ਜਦ ਉਸ ਦੇ ਗਲਾਸ ਵਿੱਚੋਂ ਪਾਣੀ ਮੁੱਕ ਗਿਆ ਤਾਂ ਲਾਗਿਓਂ ਹੀ ਅਸ਼ਰ, (ਅਰਦਲੀ ਨੂੰ ਏਥੇ ਅਸ਼ਰ ਕਹਿੰਦੇ ਹਨ, ਜਿਸ ਦੇ ਕਾਲਾ ਕੋਟ ਪਾਇਆ ਹੁੰਦਾ ਤੇ ਟਾਈ ਵੀ ਲੱਗੀ ਹੁੰਦੀ ਹੈ, ਇਹ 'ਫਲਾਣਾ ਸਿੰਘ ਬਨਾਮ ਢਮਕਾਣਾ ਸਿੰਘ ਹਾਜ਼ਰ ਹੋ' ਦੀਆਂ ਵਾਜ਼ਾਂ ਨਹੀਂ ਮਾਰਦਾ, ਲਿਸਟ ਵਿੱਚੋਂ ਨਾਂਅ ਪੜ੍ਹ ਕੇ ਮਿੱਥੇ ਹੋਏ ਵਕਤ 'ਤੇ ਪੇਸ਼ੀ ਪਵਾਉਂਦਾ ਹੈ।

ਅਦਾਲਤੀ ਕਾਰਵਾਈ ਸਮੇਂ ਕਾਗਜ਼ਾਂ-ਪੱਤਰਾਂ ਦੀ ਏਧਰ-ਓਧਰ ਤੇ ਵਕੀਲਾਂ ਤੇ ਅਦਾਲਤੀ ਸਟਾਫ਼ ਦੀ ਲੇਵਾ-ਦੇਵੀ ਵਿੱਚ ਮਦਦ ਕਰਦਾ ਹੈ, ਨਾ ਹੀ ਉਹ ਜੱਜ ਦੀ ਕੋਠੀ ਵਿੱਚ ਰੋਟੀ ਪਕਾਉਂਦਾ ਤੇ ਮੱਝਾਂ ਦਾਂ ਗੋਹਾ-ਕੂੜਾ ਕਰਦਾ ਹੈ, ਉਹ ਤਾਂ ਜੱਜ ਵਾਂਗ ਪੂਰੇ ਵੇਲੇ ਸਿਰ ਅਦਾਲਤ ਵਿੱਚ ਆਉਂਦਾ ਤੇ ਆਪਣੇ ਘਰ ਜਾਂਦਾ ਹੈ, ਮੈਂ ਭਾਰਤ ਦੀਆਂ ਅਦਾਲਤਾਂ ਦੇ ਅਰਦਲੀਆਂ ਬਾਰੇ ਸੋਚਦਾ ਰਿਹਾ....ਮੇਰੇ ਖ਼ਾਕੀ ਪੈਂਟ ਕਮੀਜ਼ ਹੁੰਦੀ ਸੀ ਤੇ ਪੈਰੀਂ ਘਸੀਆਂ ਚੱਪਲਾਂ...ਇਸ ਅਸ਼ਰ ਦਾ ਟੌਹਰ ਤਾਂ ਜੱਜ ਸਾਹਬ ਦੇ ਬਰਾਬਰ ਦਾ ਹੀ ਸੀ...ਨਾ ਇੱਥੇ ਅਰਦਲੀ ਕਿਸੇ ਸਾਹਬ ਦੀ ਘੰਟੀ ਸੁਣਦਾ ਹੈ ਤੇ ਨਾ ਕੋਈ ਸਾਹਬ ਘੰਟੀ ਵਜਾਉਂਦਾ ਹੈ...ਸਭ ਆਪਣੇ-ਆਪ ਉੱਤੇ ਨਿਰਭਰ ਹਨ, ਜੱਜ ਆਪਣੀ ਕਾਰ ਆਪ ਚਲਾ ਕੇ ਆਉਂਦਾ ਹੈ, ਤੇ ਸਾਡੇ ਮੁਲਕ ਵਿੱਚ ਕਿੰਨੇ ਲੋਕ ਘੰਟੀਆਂ ਸੁਣਨ 'ਤੇ ਰੱਖੇ ਹੋਏ ਹਨ ...ਇੱਕ-ਇੱਕ ਸਾਹਬ ਕੋਲ ਪੰਜ-ਪੰਜ ਅਰਦਲੀ ? ਕੀ ਤਰੱਕੀ ਕਰੂ ਇੰਡੀਆ ? ) , ਖ਼ੈਰ...! ਗੱਲ ਲੰਬੀ ਨਾ ਕਰਾਂ! ਅਸ਼ਰ ਨੇ ਮੁੰਡੇ ਨੂੰ ਜੱਗ ਵਿੱਚੋਂ ਪਾਣੀ ਦਾ ਗਲਾਸ ਭਰ ਕੇ ਦੇ ਦਿੱਤਾ।

ਇਹ ਕੇਸ ਸੈਕਸ ਨਾਲ ਸੰਬੰਧਤ ਸੀ। ਇਸ ਮੁੰਡੇ ਨਾਲ ਕੁਝ ਸਾਲ ਪਹਿਲਾਂ ਇੱਕ ਬੰਦੇ ਨੇ ਜ਼ਬਰਦਸਤੀ ਕੀਤੀ ਸੀ। ਇੱਕ ਬੰਦਾ ਵੀ ਪੁਲਸ ਵਾਲੇ ਨੇ ਆਪਣੇ ਕੋਲ ਬਿਠਾਇਆ ਹੋਇਆ ਸੀ, ਜੋ ਮੁਜਰਿਮ ਜਾਪਦਾ ਸੀ। ਉਸ ਦੀ ਉਮਰ 60 ਤੋਂ ਉੱਤੇ ਸੀ। ਮੁੰਡੇ ਦੀ ਮਾਂ ਦਾ ਬਿਆਨ ਵੀ ਹੋਇਆ। ਉਸ ਨੇ ਆਪਣੇ ਬਿਆਨ ਵਿੱਚ ਦੱਸਿਆ ਕਿ ਉਹ ਆਪਣੇ ਪਤੀ ਨਾਲੋਂ ਜੁਦਾ ਹੋ ਗਈ ਤੇ ਇਕੱਲੀ ਰਹਿ ਗਈ ਸੀ। ਉਹ ਆਪਣੇ ਦੋ ਬੱਚਿਆਂ ਨੂੰ ਪਾਲ ਰਹੀ ਸੀ। ਇਸ ਬੰਦੇ ਦਾ ਇਹਨਾਂ ਨਾਲ ਪਰਵਾਰਕ ਨਾਤਾ ਸੀ।

ਨੇੜੇ ਦੀ ਕੋਈ ਰਿਸ਼ਤੇਦਾਰੀ ਵੀ ਸੀ। ਇੱਕ ਦਿਨ ਇਸ ਬੰਦੇ ਨੇ ਉਸ ਦੇ ਮੁੰਡੇ ਨੂੰ ਘਰ ਇਕੱਲਿਆਂ ਦੇਖ ਕੇ ਉਸ ਨਾਲ ਰੇਪ ਕੀਤਾ। ਮੁੰਡੇ ਨੂੰ ਵਕੀਲ ਨੇ ਪੁੱਛਿਆ ਕਿ ਇਸ ਨੇ ਤੇਰੇ ਨਾਲ ਕਿਸ ਤਰ੍ਹਾਂ ਦੀ ਹਰਕਤ ਕੀਤੀ ਸੀ ਤਾਂ ਮੁੰਡੇ ਨੇ ਆਪਣੇ ਸਿਰ ਦੇ ਵਾਲਾਂ ਵਿੱਚ ਉਂਗਲ ਫੇਰ ਕੇ ਦੱਸਿਆ ਕਿ ਇਸ ਬੰਦੇ ਨੇ ਉਸ ਦੇ ਸਿਰ ਦੇ ਵਾਲਾਂ ਵਿੱਚ ਉਂਗਲਾਂ ਫੇਰਨੀਆਂ ਸ਼ੁਰੂ ਕਰ ਦਿੱਤੀਆਂ ਸਨ ਤੇ ਫੇਰ ਉਹ ਉਂਗਲਾਂ ਨੂੰ ਫੇਰਦਾ ਉਸ ਦੀ ਪਿੱਠ ਤੱਕ ਲਿਆਇਆ ਸੀ। ਮੁੰਡੇ ਨੇ ਉਸੇ ਤਰ੍ਹਾਂ ਆਪਣੀ ਪਿੱਠ 'ਤੇ ਉਂਗਲਾਂ ਫੇਰ ਕੇ ਪੂਰੇ ਵੇਰਵੇ ਨਾਲ ਦੱਸਿਆ।

ਅਦਾਲਤ ਵਿੱਚ ਹਾਜ਼ਰ ਵਕੀਲ ਤੇ ਜਿਊਰੀ ਸਭ ਜਣੇ ਹੀ ਇਸ ਕੇਸ ਨੂੰ ਬੜੀ ਗੰਭੀਰਤਾ ਤੇ ਇਕਾਗਰਤਾ ਨਾਲ ਸੁਣ ਰਹੇ ਸਨ, ਜਦ ਨੂੰ ਅਦਾਲਤੀ ਕੰਪਲੈਕਸ ਦੇ ਪਿਛਵਾੜੇ ਖੜ੍ਹੇ ਰੁੱਖਾਂ ਵਿੱਚੋਂ ਇੱਕ ਕੂੰਜ ਕੁਰਲਾਂਦੀ ਜਿਵੇਂ ਤਰਲੋ-ਮੱਛੀ ਹੋ ਰਹੀ ਹੋਵੇ...ਮੈਨੂੰ ਜਾਪਿਆ ਕਿ ਜਿਵੇਂ ਇਸ ਕੂੰਜ ਨਾਲ ਵਲੈਤ ਵਿੱਚ ਡਾਹਢਾ ਧੱਕਾ ਹੋਇਆ ਹੈ...ਇਹ ਇਨਸਾਫ਼ ਮੰਗਦੀ ਕੁਰਲਾ ਰਹੀ ਹੈ ਤੇ ਅਦਾਲਤ ਵਿੱਚ ਆਉਣ ਲਈ ਕੋਈ ਬੂਹਾ-ਬਾਰੀ ਭਾਲਦੀ ਹੈ।

*ਸੰਪਰਕ : 94174-21700*

14-May-Sunday.qxd 5/13/2023 10:11 PM Page 2



ਕਲਾ

ਜਗਤਾਰਜੀਤ ਸਿੰਘ

# ਸੁਰਜੀਤ ਕੌਰ ਅਤੇ ਉਸ ਦੀਆਂ ਕਲਾ-ਕਿਰਤਾਂ



ਚੱਲਦਾ-ਫਿਰਦਾ ਸਰੀਰ ਆਪਣੀ ਤਸਵੀਰ ਖਿਚਵਾ ਖੁਸ਼ ਹੁੰਦਾ ਹੈ। ਉਸ ਨੂੰ ਮੁੜ ਦੇਖ ਉਹ ਹੋਰ ਖੁਸ਼ ਹੁੰਦਾ ਹੈ। ਕਾਲ ਦੇ ਬੀਤਦਿਆਂ ਉਹ ਦੌੜ ਵੀ ਆਉਂਦਾ ਹੈ, ਜਦ ਸਰੀਰ ਤਸਵੀਰ ਨੂੰ ਪਿੱਛੇ ਛੱਡ ਆਪ ਅਗਾਂਹ ਤੁਰ ਜਾਂਦਾ ਹੈ। ਅਜਿਹਾ ਸਮਾਂ ਪਰਵਾਰ ਅਤੇ ਸਨੇਹੀਆਂ ਵਾਸਤੇ ਦੁਖਾਵਾਂ ਹੁੰਦਾ ਹੈ।

ਸੁਰਜੀਤ ਕੌਰ (8.4.2023) ਪ੍ਰਾਪਤ ਆਰਜ਼ਾ ਭੋਗ ਕੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਸੰਸਾਰੀ ਜੀਵ ਆਪਣੇ ਆਸਪਾਸ ਦੇ ਜਨ ਸਮੂਹ ਦਰਮਿਆਨ ਇੱਕ ਹੀ ਰੂਪ ਵਿੱਚ ਯਾਦ ਨਹੀਂ ਕੀਤਾ ਜਾਂਦਾ।

ਸੁਰਜੀਤ ਕੌਰ ਆਪਣੇ ਪਰਵਾਰ ਅੰਦਰ ਰਿਸ਼ਤਿਆਂ ਦੇ ਨਿੱਘ ਅਨੁਸਾਰ ਯਾਦ ਕੀਤੇ ਜਾ ਰਹੇ ਹਨ ਅਤੇ ਭਵਿੱਖ ਵਿੱਚ ਕੀਤੇ ਵੀ ਜਾਣਗੇ। ਉਹ ਸਿਰਫ ਪਰਵਾਰ ਤੱਕ ਸੀਮਤ ਨਹੀਂ ਸੀ। ਆਪਣੀ ਸਿੱਖਿਆ ਜੋ ਕਲਾ ਨਾਲ ਸੰਬੰਧਤ ਸੀ, ਦੇ ਇਲਾਵਾ ਆਪਣੇ ਕਿਰਿਆਸ਼ੀਲ ਕਲਾਤਮਿਕ ਕੰਮ ਸਦਕਾ ਉਹਨਾ ਦੀ ਜਾਣ-ਪਛਾਣ ਦਾ ਦਾਇਰਾ ਕਾਫੀ ਫੈਲਿਆ ਹੋਇਆ ਸੀ। ਇਸ ਦਾਇਰੇ 'ਚ ਆਉਣ ਵਾਲਿਆਂ ਦੀ ਗਿਣਤੀ-ਮਿਣਤੀ ਕਰਨੀ ਅਸੰਭਵ ਹੈ।

ਜਨਮ ਉਪਰੰਤ ਬੱਚਾ ਜਿਵੇਂ-ਜਿਵੇਂ ਵੱਡਾ ਹੁੰਦਾ ਹੈ, ਉਹ ਆਪਣੇ ਗੁਣ-ਲੱਛਣ ਵੀ ਘੜਨ ਲੱਗਦਾ ਹੈ। ਸਕੂਲੀ ਪੜ੍ਹਾਈ ਉਪਰੰਤ ਕਲਾ ਸੰਬੰਧਤ ਉੱਚ ਸਿੱਖਿਆ ਹਾਸਲ ਕੀਤੀ। ਪੀ ਐੱਚ ਡੀ ਕਰਕੇ ਡਾਕਟਰ ਦੀ ਉਪਾਧੀ ਪ੍ਰਾਪਤ ਕੀਤੀ। ਉਹਨਾ ਦੇ ਖੋਜ-ਕਾਰਜ ਦਾ ਵਿਸ਼ਾ ਸੋਭਾ ਸਿੰਘ ਦਾ ਕਲਾ ਖੇਤਰ ਸੀ।

ਇਸ ਸਿੱਖਿਆ ਅਤੇ ਵਿਸ਼ੇਸ਼ਤਾ ਨੇ ਸੁਰਜੀਤ ਕੌਰ ਨੂੰ ਅਧਿਆਪਕੀ ਕਾਰਜ ਦੇ ਰਾਹ ਉੱਪਰ ਤੋਰ ਦਿੱਤਾ। ਸੇਵਾ-ਮੁਕਤੀ ਤੱਕ ਉਹ ਵਿਦਿਆਰਥੀਆਂ ਨਾਲ ਜੁੜੇ ਰਹੇ। ਇਹ ਸੁਭਾਗਾ ਸਮਾਂ ਹੀ ਕਿਹਾ ਜਾ ਸਕਦਾ ਹੈ ਕਿ ਜੇ ਵਿਦਿਆਰਥੀ ਨੌਕਰੀ ਪੂਰੀ ਕਰ ਲੈਣ ਵਾਲੇ ਅਧਿਆਪਕ ਨੂੰ ਲੱਭਦੇ-ਲੱਭਦੇ ਉਸ ਦੇ ਘਰ ਅੱਪੜ ਜਾਣ।

ਅਧਿਆਪਕ ਸੁਰਜੀਤ ਕੌਰ ਦਾ ਆਪਣਾ ਕਲਾ ਸਫਰ ਜ਼ਿਆਦਾ ਸੁਖਦਾਇਕ ਨਹੀਂ ਸੀ। ਪਿਤਾ ਅਤੇ ਪਰਵਾਰ ਘਰ ਦੀਆਂ ਕੁੜੀਆਂ ਨੂੰ ਜ਼ਿਆਦਾ ਖੁੱਲ੍ਹ ਦੇਣ ਦੇ ਪੱਖ ਵਿੱਚ ਨਹੀਂ ਸੀ। ਇਸ ਦੇ ਬਾਵਜੂਦ ਸੁਰਜੀਤ ਕੌਰ ਨੇ ਆਪਣਾ ਰਾਹ ਚੁਣਿਆ। ਰਾਹ ਦੀਆਂ ਦੁਸ਼ਵਾਰੀਆਂ ਨੂੰ ਬੇਲਿਹਾਜ ਹੋ ਨਕਾਰਦਿਆਂ ਹੋਇਆਂ ਉਹਨਾ ਨੇ ਅਹਿਮ ਮੁਕਾਮ ਹਾਸਲ ਕੀਤਾ।

ਸੁਰਜੀਤ ਕੌਰ ਨਾਲ ਮੇਰੀ ਪਹਿਲੀ ਮੁਲਾਕਾਤ 'ਲਲਿਤ ਕਲਾ ਅਕਾਦਮੀ' ਦੀ ਗੈਲਰੀ ਵਿੱਚ ਹੋਈ ਸੀ। ਸਮਾਂ 1993 ਦੇ ਏਧਰ-ਉਧਰ ਦਾ ਕਿਹਾ ਜਾ ਸਕਦਾ ਹੈ। ਉਸ ਦੇ ਬਾਅਦ ਨੇੜ ਵਧਦਾ ਗਿਆ। ਮੇਰੀ ਪਹਿਲੀ ਕਿਤਾਬ 'ਕਲਾ ਅਤੇ ਕਲਾਕਾਰ' ਨੇ ਪੰਜਾਬੀ ਸਾਹਿਤ ਖੇਤਰ ਆਪਣੀ ਤਰ੍ਹਾਂ ਦਖਲ-ਅੰਦਾਜ਼ੀ ਕੀਤੀ। ਦੂਸਰੀ ਕਿਤਾਬ 'ਰੰਗ ਅਤੇ ਲਕੀਰਾਂ' ਦੀ ਤਿਆਰੀ ਹਿੱਤ ਸੁਰਜੀਤ ਕੌਰ ਨੂੰ ਕਈ ਵਾਰ ਮਿਲਿਆ। ਇਸ ਕਿਤਾਬ ਵਿੱਚ ਉਹਨਾ ਨਾਲ ਕੀਤੀ ਗੱਲਬਾਤ ਸ਼ਾਮਲ ਹੈ।

ਸੁਰਜੀਤ ਕੌਰ ਨਿਰੋਲ ਕਲਾ ਰਚਨਾ ਤੱਕ ਸੀਮਤ ਨਹੀਂ ਰਹੇ। ਉਹਨਾ ਨੇ ਸ਼ਬਦ ਸੰਸਾਰ ਨਾਲ ਖੁਦ ਨੂੰ ਘੁੱਟ ਕੇ ਜੋੜੀ ਰੱਖਿਆ। ਅਜਿਹਾ ਘੱਟ ਹੀ ਹੁੰਦਾ ਹੈ। ਪੇਂਟਰ ਖੁਦ ਨੂੰ ਸਾਹਿਤ ਤੋਂ ਦੂਰ ਰੱਖ ਖੁਸ਼ ਹੁੰਦਾ ਹੈ। ਇਹੋ ਹਾਲ ਲੇਖਕ ਵਰਗ ਬਾਰੇ ਕਹਿ ਸਕਦੇ ਹਾਂ। ਕਈ ਵਾਰ ਮਹਿਸੂਸ ਹੁੰਦਾ ਹੈ ਇੱਕ ਧਿਰ ਦੂਸਰੀ ਨੂੰ ਵਰਤ ਰਹੀ



ਹੈ, ਸਮਝ ਨਹੀਂ ਰਹੀ।

ਪੇਂਟਰ ਸੁਰਜੀਤ ਕੌਰ ਆਪਣੇ ਅੰਤਮ ਸਮੇਂ ਤੋਂ ਤਿੰਨ ਕੁ ਮਹੀਨੇ ਪਹਿਲਾਂ ਤੱਕ ਡਰਾਇੰਗ ਕਰਦੇ ਰਹੇ। ਉਹ ਪੇਪਰ ਉੱਪਰ ਚਾਰਕੋਲ ਜਾਂ ਪੇਸਟਲ ਰੰਗਾਂ ਨਾਲ ਚਿੱਤਰ ਉਸਾਰੀ ਕਰਦੇ। ਵਿਸ਼ਾ ਇਸਤਰੀ, ਪ੍ਰਕਿਰਤੀ, ਪੰਛੀ ਹੀ ਹੁੰਦੇ, ਪਰ ਉਹਨਾ ਦਾ ਰੱਖ-ਰਖਾਵ ਭਿੰਨ ਹੁੰਦਾ। ਇੱਕ ਗੱਲ ਦੀ ਹੈਰਾਨੀ ਹੁੰਦੀ ਕਿ ਹੱਥ ਦੀ ਗਤੀ ਉਹੀ ਰਹੀ, ਜੋ ਪਹਿਲਾਂ ਸੀ।


ਉਹਨਾ ਨਾਲ ਹਫਤੇ ਦਰਮਿਆਨ ਇੱਕ-ਦੋ ਵਾਰ ਗੱਲਬਾਤ ਹੋ ਹੀ ਜਾਂਦੀ। ਡਰਾਇੰਗ ਦੇ ਇਲਾਵਾ ਉਹਨਾ ਦਾ ਦੂਸਰਾ ਪੈਸ਼ਨ ਕਿਤਾਬ ਸੀ। ਕਿਤਾਬ ਸਮਾਪਤ ਕਰ ਲੈਣ ਉਪਰੰਤ ਉਸ ਦਾ ਤੱਤ ਸਾਰ ਜ਼ਰੂਰ ਸਾਂਝਾ ਕਰਦੇ। ਉਹਨਾ ਵੱਲੋਂ ਪੜ੍ਹੀ ਗਈ ਆਖਰੀ ਕਿਤਾਬ 'ਲਿਓਨਾਰਦੋ ਦੀ ਵਿੰਚੀ' ਦੀ ਜੀਵਨੀ ਸੀ। ਇਸ ਦਾ ਆਕਾਰ ਕਾਫੀ ਵੱਡਾ ਹੈ। ਉਹਨਾ ਤੋਂ ਪਤਾ ਲੱਗਾ ਕਿ ਇਹ ਕਿਤਾਬ ਅਦਭੁੱਤ ਹੈ ਅਤੇ ਵਰ੍ਹਿਆਂ ਪਹਿਲਾਂ ਪੜ੍ਹੀ ਸੀ। ਇਹੋ ਕਿਤਾਬ ਖਰੀਦ ਕੇ ਮੁੜ ਪੜ੍ਹੀ ਜਾ ਰਹੀ ਸੀ।

ਵਿੰਚੀ ਦੇ ਆਪਣੇ ਹਾਲਾਤ ਅਤੇ ਉਸ ਦੇ ਕੀਤੇ ਕੰਮ ਦਾ ਏਧਰ-ਉਧਰ ਖਿੱਲਰੇ ਹੋਣ ਦਾ ਅਸਰ ਪਾਠਕ ਸੁਰਜੀਤ ਕੌਰ ਵੀ ਮਹਿਸੂਸ ਕਰਨ ਲੱਗੀ ਸੀ।

ਇਸ ਦਾ ਨੇੜਲਾ ਕਾਰਨ ਬਣਿਆ ਕੀਮਤੀ ਕਿਤਾਬਾਂ ਦਾ ਸਿਉਂਕ ਵੱਲੋਂ ਖਾਧੇ ਜਾਣਾ।

ਕਹਿ ਸਕਦੇ ਹਾਂ ਸੁਰਜੀਤ ਕੌਰ ਉਹਨਾ ਕਲਾਕਾਰਾਂ ਵਿੱਚੋਂ ਹਨ, ਜਿਨ੍ਹਾਂ ਵਾਸਤੇ ਕਲਾ-ਰਚਨਾ ਜੀਵਨ ਦਾ ਬਦਲ ਰਿਹਾ। ਇਸੇ ਦਾ ਦੂਜਾ ਰੂਪ ਅਧਿਆਪਕੀ ਜੀਵਨ। ਪੰਜਾਬ ਵਿੱਚ ਕਲਾ ਦੇ ਨਾਂਅ ਥੱਲੇ ਜੋ ਕੁਝ ਹੋ ਰਿਹਾ ਹੈ, ਉਸ ਉੱਪਰ ਧਰਮ ਹਾਵੀ ਹੈ। ਦੁੱਖ ਦੀ ਗੱਲ ਹੈ, ਅਜਿਹਾ ਕੰਮ ਨੀਵੇਂ ਪੱਧਰ ਦਾ ਹੈ। ਸੁਰਜੀਤ ਕੌਰ ਨੇ ਵੀ ਆਪਣੇ ਕੰਮ ਦੀ ਸ਼ੁਰੂਆਤ ਧਰਮ ਨਾਲ ਜੁੜੇ ਚਿੱਤਰਾਂ ਤੋਂ ਕੀਤੀ, ਸੋਭਾ ਸਿੰਘ ਹੁਰਾਂ ਦੇ ਸੰਪਰਕ ਵਿੱਚ ਆਏ, ਪਰ ਜਲਦ ਹੀ ਖੁਦ ਨੂੰ ਉਸ ਪ੍ਰਭਾਵ ਤੋਂ ਮੁਕਤ ਕਰ ਆਧੁਨਿਕ ਪ੍ਰਗਟਾਵੇ ਵੱਲ ਮੋੜ ਲਿਆ। ਇਸ ਦੇ ਨਤੀਜੇ ਵਜੋਂ ਉਹਨਾ ਨੂੰ ਲਲਿਤ ਕਲਾ ਅਕਾਦਮੀ, ਪੰਜਾਬ ਦਾ ਤਿੰਨ ਵਾਰ ਪੁਰਸਕਾਰ ਮਿਲਿਆ।

ਉਹਨਾ ਦਾ ਪਹਿਲਾ ਕੰਮ ਇਸਤਰੀ ਕੇਂਦਰਤ ਹੈ। ਉਹ ਆਪਣੀ ਤਰ੍ਹਾਂ ਇਸਤਰੀ ਦੀ ਸੁਤੰਤਰਤਾ ਨੂੰ ਦੇਖਦੀ, ਪਰਖਦੀ ਹੈ। ਫਿਰ ਉਹ ਇਸਤਰੀ ਦੇ



ਮਾਨਸਿਕ ਦਵੰਦ ਪਕੜਨਾ ਲੋਚਦੇ ਹਨ। ਵਿਕਾਸ ਰਾਹੇ ਪਏ ਕੰਮ ਵਿੱਚ ਫੇਰ ਪੁਰਖ ਦਾ ਪਰਵੇਸ਼ ਹੁੰਦਾ ਹੈ।

ਇਹ ਤੰਦ ਉਸ ਵੇਲੇ ਟੁੱਟਦੀ ਹੈ, ਜਦ 'ਵੂਮੈਨ ਐਂਡ ਬਰਡ' ਦਾ ਦੌਰ ਸ਼ੁਰੂ ਹੁੰਦਾ ਹੈ। ਪੰਛੀ ਇੱਕ ਕਿਰਦਾਰ ਦੇ ਇਲਾਵਾ ਇਸਤਰੀ ਦਾ ਸਵੈ ਵੀ ਹੈ। ਪੰਛੀ ਦਾ ਆਕਾਰ ਕਦੇ ਛੋਟਾ ਹੋ ਜਾਂਦਾ ਹੈ ਅਤੇ ਕਦੇ ਅਤਿ ਵਿਸ਼ਾਲ। ਪ੍ਰਕਿਰਤੀ ਦੇ ਹੋਰ ਅੰਗ-ਅੰਸ਼ ਉਹਨਾ ਦੇ ਪ੍ਰਗਟਾਵੇ ਅੰਦਰ ਆਉਂਦੇ-ਜਾਂਦੇ ਰਹਿੰਦੇ ਹਨ।

ਕੁਦਰਤ ਨੂੰ ਦੇਖਣ-ਪਰਖਣ, ਪਿਆਰ ਕਰਨ ਵਾਲੀ ਸ਼ਖਸੀਅਤ ਅਠਾਈ ਅਪ੍ਰੈਲ ਦੋ ਹਜ਼ਾਰ ਤੇਈ ਨੂੰ ਖੁਦ ਕੁਦਰਤ ਵਿੱਚ ਵਿਲੀਨ ਹੋ ਗਈ। ਸਾਡੇ ਕੋਲ ਯਾਦ ਵਜੋਂ ਉਹਨਾ ਦਾ ਕੰਮ, ਤਸਵੀਰਾਂ ਅਤੇ ਗੱਲਾਂ ਹੀ ਰਹਿ ਗਈਆਂ ਹਨ।

ਮੋ: 98990-91186

---

ਜੋਗਿੰਦਰ ਕੌਰ ਅਗਨੀਹੋਤਰੀ

# ਵਾਸਤਾ ਈ ਰੱਬ ਦਾ ਤੂੰ ਜਾਈਂ ਵੇ ਕਬੂਤਰਾ...

ਇਹ ਗੱਲ ਬਿਲਕੁਲ ਠੀਕ ਐ ਕਿ ਮਨੁੱਖ ਦਾ ਜੀਵਨ ਪਸ਼ੂ-ਪੰਛੀਆਂ ਤੇ ਜੀਵ-ਜੰਤੂਆਂ ਨਾਲ ਹੀ ਖੁਸ਼ਹਾਲ ਹੈ। ਭਿੰਨ-ਭਿੰਨ ਪ੍ਰਕਾਰ ਦੇ ਜੀਵ-ਜੰਤੂ ਤੇ ਪਸ਼ੂ-ਪੰਛੀ ਮਨੁੱਖ ਦੀ ਕਿਰਤ ਵਿੱਚ ਵਾਧਾ ਕਰਨ ਵਿੱਚ ਸਹਾਈ ਹੁੰਦੇ ਹਨ। ਮੱਝਾਂ, ਗਾਵਾਂ, ਊਠ, ਬਲਦ, ਬੱਕਰੀਆਂ ਆਦਿ ਉਸ ਲਈ ਖਾਧ ਪਦਾਰਥ ਪੈਦਾ ਕਰਨ ਵਿੱਚ ਮਦਦ ਕਰਦੇ ਹਨ।

ਮੱਝਾਂ-ਗਾਵਾਂ ਦੇ ਦੁੱਧ ਤੋਂ ਅਨੇਕਾਂ ਵਸਤਾਂ ਬਣਦੀਆਂ ਹਨ। ਬੱਕਰੀ ਦਾ ਦੁੱਧ ਵੀ ਘਰ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਬੱਕਰੀ ਦਾ ਦੁੱਧ ਸਿਹਤ ਲਈ ਬਹੁਤ ਗੁਣਕਾਰੀ ਹੈ। ਨਵੇਂ ਜਨਮੇ ਬੱਚੇ ਨੂੰ ਬੱਕਰੀ ਦੇ ਦੁੱਧ ਦੀ ਗੁੜ੍ਹਤੀ ਦਿੱਤੀ ਜਾਂਦੀ ਹੈ। ਭੇਡਾਂ ਪਾਲਣਾ ਵੀ ਰੁਜ਼ਗਾਰ ਦਾ ਸਾਧਨ ਹੈ। ਇਨ੍ਹਾਂ ਦੀ ਉੱਨ ਉਤਾਰ ਕੇ ਵੇਚੀ ਜਾਂਦੀ ਹੈ। ਭੇਡ ਦਾ ਦੁੱਧ ਪੇਟ ਦੀਆਂ ਬਿਮਾਰੀਆਂ ਲਈ ਇਸਤੇਮਾਲ ਕੀਤਾ ਜਾਂਦਾ ਹੈ। ਲਕਵੇ ਦੀ ਬਿਮਾਰੀ ਤੋਂ ਪੀੜਤ ਵਿਅਕਤੀ ਦਾ ਮੂੰਹ ਜੇਕਰ ਟੇਢਾ ਹੋ ਜਾਵੇ ਤਾਂ ਭੇਡ ਦੇ ਦੁੱਧ ਦੀ ਮਾਲਸ਼ ਕਰਨਾ ਫਾਇਦੇਮੰਦ ਹੈ। ਕੁੱਤੇ ਮਨੁੱਖ ਦੀ ਰਾਖੀ ਲਈ ਕੰਮ ਕਰਦੇ ਹਨ। ਘੋੜੇ ਅਤੇ ਊਠ ਮਨੁੱਖ ਲਈ ਸਵਾਰੀ ਦਾ ਕੰਮ ਦਿੰਦੇ ਹਨ। ਗਧੇ, ਘੋੜੇ, ਖੱਚਰ ਭਾਰ ਢੋਣ ਦੇ ਕੰਮ ਆਉਂਦੇ ਹਨ। ਖਰਗੋਸ਼ ਪਾਲ ਕੇ ਉਨ੍ਹਾਂ ਦੀ ਜੱਤ ਵੀ ਵੇਚੀ ਜਾਂਦੀ ਹੈ। ਪੰਛੀਆਂ ਨੂੰ ਚਿੜੀਆਘਰ ਵਿੱਚ ਰੱਖ ਕੇ ਮਨੁੱਖਾਂ ਅਤੇ ਬੱਚਿਆਂ ਦੇ ਮਨੋਰੰਜਨ ਦਾ ਸਾਧਨ ਬਣਾਇਆ ਗਿਆ ਹੈ। ਸਿਰਫ ਆਜ਼ਾਦ ਪੰਛੀ ਹੀ ਖੁੱਲ੍ਹੇ ਵਾਤਾਵਰਨ ਦਾ ਅਨੰਦ ਮਾਣਦੇ ਹਨ, ਇਨ੍ਹਾਂ ਵਿੱਚ ਕਬੂਤਰ ਅਜਿਹਾ ਪੰਛੀ ਹੈ, ਜਿਸ ਨੂੰ ਪਾਲ ਕੇ ਉਸ ਤੋਂ ਕੰਮ ਲਿਆ ਜਾਂਦਾ ਹੈ। ਆਮ ਤੌਰ 'ਤੇ ਕਬੂਤਰ ਦੋ ਕਿਸਮ ਦੇ ਹੀ ਜਾਣੇ ਜਾਂਦੇ ਹਨ। ਚਿੱਟੇ ਤੇ ਸਲੇਟੀ। ਚਿੱਟੇ ਕਬੂਤਰਾਂ ਨੂੰ ਚੀਨੇ ਵੀ ਕਿਹਾ ਜਾਂਦਾ ਹੈ। ਸਲੇਟੀ ਕਬੂਤਰਾਂ ਨੂੰ ਗੋਲੇ ਕਿਹਾ ਜਾਂਦਾ ਹੈ। ਦੋਵੇਂ ਕਿਸਮਾਂ ਦੇ ਕਬੂਤਰ ਘਰਾਂ ਵਿੱਚ ਪਾਲੇ ਜਾਂਦੇ ਹਨ।

ਕਬੂਤਰ ਇੱਕ ਚੁਸਤ ਤੇ ਸਮਝਦਾਰ ਪੰਛੀ ਹੈ। ਚਿੱਠੀਆਂ-ਪੱਤਰਾਂ ਨੂੰ ਇਨ੍ਹਾਂ ਰਾਹੀਂ ਹੀ ਭੇਜਿਆ ਜਾਂਦਾ ਰਿਹਾ ਹੈ। ਰਾਜੇ-ਮਹਾਰਾਜੇ ਆਪਣੇ ਸੰਦੇਸ਼ ਇੱਕ-ਦੂਜੇ ਨੂੰ ਇਨ੍ਹਾਂ ਰਾਹੀਂ ਹੀ ਭੇਜਦੇ ਸਨ। ਕਬੂਤਰ ਇੱਕ ਡਾਕੀਏ ਦਾ ਕੰਮ ਕਰਦਾ ਸੀ। ਇਨ੍ਹਾਂ ਕਬੂਤਰਾਂ ਨੂੰ ਬਾਕਾਇਦਾ ਸਿਖਲਾਈ ਦਿੱਤੀ ਜਾਂਦੀ ਹੈ। ਕਬੂਤਰ 2000 ਕਿਲੋਮੀਟਰ ਤੱਕ ਜਾ ਸਕਦੇ ਹਨ। ਜਿਸ ਨੂੰ ਇਹ ਪੰਛੀ ਇੱਕ ਵਾਰ ਦੇਖ ਲਵੇ ਤਾਂ ਉਸ ਨੂੰ ਭੁੱਲਦਾ ਨਹੀਂ ਅਤੇ ਨਾ ਹੀ ਇਹ ਰਾਹ ਭੁੱਲਦਾ ਹੈ।

13 ਅਪ੍ਰੈਲ 1948 ਨੂੰ ਉਸ ਸਮੇਂ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਉੜੀਸਾ ਦੇ ਦੌਰੇ 'ਤੇ ਸਨ। ਉਨ੍ਹਾਂ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਕਟਕ ਵਿੱਚ ਹੋਣ ਵਾਲੇ ਪ੍ਰੋਗਰਾਮ ਵਿੱਚ ਦਰਸ਼ਕ ਤੇ ਵਕਤਾ ਦੇ ਬੈਠਣ ਵਾਲੀ ਥਾਂ ਇੱਕੋ ਹੋਵੇ, ਅਲੱਗ-ਅਲੱਗ ਥਾਵਾਂ ਨਾ ਹੋਣ। ਇਸ ਸੰਦੇਸ਼ ਨੂੰ ਸੰਬਲਪੁਰ ਤੋਂ ਕਟਕ ਵਿੱਚ ਤਾਇਨਾਤ ਅਧਿਕਾਰੀਆਂ ਨੂੰ ਕਬੂਤਰਾਂ ਦੇ ਰਾਹੀਂ ਹੀ ਭੇਜਿਆ ਗਿਆ। ਉਸ ਸਮੇਂ ਇਨ੍ਹਾਂ ਇਲਾਕਿਆਂ ਵਿੱਚ ਟੈਲੀਫੋਨ ਦੀ ਸੁਵਿਧਾ ਨਹੀਂ ਸੀ। ਜ਼ਰੂਰੀ ਕੰਮਾਂ ਦੇ ਸੰਦੇਸ਼ ਕਬੂਤਰਾਂ ਰਾਹੀਂ ਹੀ ਦਿੱਤੇ ਜਾਂਦੇ ਸਨ।

ਮੁਸ਼ਕਲ ਦੀ ਘੜੀ ਵਿੱਚ ਕਬੂਤਰਾਂ ਨੇ ਕਈ ਵਾਰ ਪ੍ਰਸ਼ਾਸਨ ਦਾ ਸਾਥ ਦਿੱਤਾ ਹੈ। 1982 ਵਿੱਚ ਉੜੀਸਾ ਵਿੱਚ ਜ਼ਬਰਦਸਤ ਹੜ੍ਹ ਆਉਣ ਕਾਰਨ ਟੈਲੀਫੋਨ ਦੀਆਂ ਤਾਰਾਂ ਬੁਰੀ ਤਰ੍ਹਾਂ ਨਸ਼ਟ ਹੋ ਗਈਆਂ ਤਾਂ ਇੱਕ ਵਿਭਾਗ ਦਾ ਸੁਨੇਹਾ ਦੂਜੇ ਵਿਭਾਗ ਤੱਕ ਕਬੂਤਰਾਂ ਰਾਹੀਂ ਹੀ ਪਹੁੰਚਾਇਆ ਗਿਆ। ਇਸ ਤਰ੍ਹਾਂ ਸੁਪਰ ਸਾਈਕਲੋਨ ਦੇ ਦੌਰਾਨ ਜਦੋਂ ਸਾਰੀਆਂ ਰੇਡੀਓ ਸੇਵਾਵਾਂ ਠੱਪ ਹੋ ਗਈਆਂ ਤਾਂ ਉਦੋਂ ਇਨ੍ਹਾਂ ਕਬੂਤਰਾਂ ਨੇ ਪੁਲਸ ਦਾ ਸਾਥ ਦਿੱਤਾ। ਅੱਜ ਦੇ ਵੱਟਸਐਪ ਤੇ ਵੀਡੀਓ ਕਾਲਿੰਗ ਦੇ ਜ਼ਮਾਨੇ ਵਿੱਚ ਵੀ ਇਸ ਵਿਰਾਸਤ ਨੂੰ ਸੰਭਾਲਣ ਲਈ ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟਸ ਐਂਡ ਕਲਚਰਲ ਹੈਰੀਟੇਜ ਨੇ ਇੱਕ ਪ੍ਰੋਗਰਾਮ ਆਯੋਜਿਤ ਕਰਕੇ ਕਬੂਤਰਾਂ ਨੂੰ ਭੁਵਨੇਸ਼ਵਰ ਤੋਂ ਕਟਕ ਤੱਕ ਸੰਦੇਸ਼ ਦੇ ਕੇ ਭੇਜਿਆ। ਅੱਜ ਵੀ ਉੜੀਸਾ ਵਿੱਚ ਪੁਲਸ ਦੀ ਦੇਖ-ਰੇਖ ਹੇਠ ਕੁੱਝ ਕਬੂਤਰ ਰੱਖੇ ਹੋਏ ਹਨ।



ਘਰਾਂ ਵਿੱਚ ਵੀ ਕਬੂਤਰਾਂ ਨੂੰ ਪਾਲਿਆ ਜਾਂਦਾ ਹੈ। ਇਨ੍ਹਾਂ ਕਬੂਤਰਾਂ ਨੂੰ ਮੁਕਾਬਲੇ ਲਈ ਤਿਆਰ ਕੀਤਾ ਜਾਂਦਾ ਹੈ। ਸਭ ਤੋਂ ਵੱਧ ਉੱਡਣ ਵਾਲੇ ਕਬੂਤਰ ਨੂੰ ਜੇਤੂ ਮੰਨਿਆ ਜਾਂਦਾ ਹੈ ਤੇ ਉਸ ਨੂੰ ਇਨਾਮ ਵੀ ਦਿੱਤਾ ਜਾਂਦਾ ਹੈ। ਕਈ ਵਾਰ ਕਬੂਤਰਾਂ ਦੇ ਮੁਕਾਬਲੇ ਵਿੱਚ ਪਹਿਲੇ, ਦੂਜੇ ਤੇ ਤੀਜੇ ਨੰਬਰ 'ਤੇ ਆਉਣ ਦੇ ਇਨਾਮ ਵੀ ਹੁੰਦੇ ਹਨ। ਅਨੇਕਾਂ ਲੋਕਾਂ ਨੇ ਇਨ੍ਹਾਂ ਨੂੰ ਵੀ ਕਮਾਈ ਦਾ ਸਾਧਨ ਬਣਾਇਆ ਹੋਇਆ ਹੈ। ਆਜ਼ਾਦ ਕਬੂਤਰ ਉੱਚੀਆਂ ਤੇ ਸੁੰਨਸਾਨ ਥਾਵਾਂ 'ਤੇ ਆਲ੍ਹਣੇ ਬਣਾਉਂਦੇ ਹਨ, ਪਰ ਆਬਾਦੀ ਵਿੱਚ ਜਿੱਥੇ ਮਨੁੱਖਾਂ ਦਾ ਬਸੇਰਾ ਹੋਵੇ। ਅਜਿਹੇ ਕਬੂਤਰ ਆਮ ਤੌਰ 'ਤੇ ਮੂੰਗੀ, ਮੋਠ, ਬਾਜਰਾ ਤੇ ਹੋਰ ਅਨਾਜ ਚੁਗ ਕੇ ਖਾਂਦੇ ਹਨ, ਪਰ ਪਾਲਤੂ ਕਬੂਤਰਾਂ ਨੂੰ ਸਰ੍ਹੋਂ, ਛੋਲੇ, ਬਾਜਰਾ, ਮੂੰਗੀ ਤੋਂ ਬਿਨਾਂ ਬਦਾਮ, ਕਾਜੂ, ਪਿਸਤਾ ਆਦਿ ਚੀਜ਼ਾਂ ਵੀ ਖਾਣ ਲਈ ਪਾਈਆਂ ਜਾਂਦੀਆਂ ਹਨ।

ਕਬੂਤਰ ਆਪਣੇ ਗਠੀਲੇ ਤੇ ਸੁੰਦਰ ਸਰੀਰ ਕਾਰਨ ਹੀ ਲੋਕਾਂ ਦਾ ਮਨਪਸੰਦ ਪੰਛੀ ਹੈ। ਇੱਕ ਸੁੰਦਰ ਗੱਭਰੂ ਦੀ ਤੁਲਨਾ ਕਬੂਤਰ ਨਾਲ ਕੀਤੀ ਜਾਂਦੀ ਹੈ। ਜਦੋਂ ਕੋਈ ਵਿਅਕਤੀ ਆਪਣੀ ਧੀ ਦਾ ਰਿਸ਼ਤਾ ਦੇਖਣ ਜਾਂਦਾ ਹੈ ਤਾਂ ਉਹ ਪਹਿਲਾਂ ਮੁੰਡੇ ਦੀ ਸੁੰਦਰਤਾ ਨੂੰ ਨਿਰਖਦਾ-ਪਰਖਦਾ ਹੈ ਤੇ ਫਿਰ ਘਰ-ਬਾਰ ਦੇਖਦਾ ਹੈ। ਘਰ-ਬਾਰ ਪਸੰਦ ਆਉਣ 'ਤੇ ਜਦੋਂ ਉਹ ਆਪਣੇ ਪਰਵਾਰ ਵਿੱਚ ਬੈਠ ਕੇ ਗੱਲ ਕਰਦਾ ਹੈ ਤਾਂ ਜਦੋਂ ਪਰਵਾਰ ਮੁੰਡੇ ਦੀ ਸੁੰਦਰਤਾ ਬਾਰੇ ਪੁੱਛਦਾ ਹੈ ਤਾਂ ਉਦੋਂ ਇਹ ਜਵਾਬ ਦਿੰਦਾ ਹੈ ਕਿ ਮੁੰਡਾ ਤਾਂ ਕਬੂਤਰ ਵਰਗਾ ਐ। ਇਸ ਵਿੱਚ ਸੁੰਦਰਤਾ ਤੇ ਸਿਆਣਪ ਦੋਵੇਂ ਹੀ ਆ ਜਾਂਦੇ ਹਨ।

ਰਿਗਵੇਦ ਵਿੱਚ ਵੀ ਕਬੂਤਰ ਦਾ ਜ਼ਿਕਰ ਆਉਂਦਾ ਹੈ। ਦੱਸਿਆ ਗਿਆ ਹੈ ਕਿ ਕਬੂਤਰ ਆਪਣੀ ਗਰਭਵਤੀ ਕਬੂਤਰੀ ਦੀ ਬਹੁਤ ਖਾਤਰਦਾਰੀ ਕਰਦਾ ਹੈ। ਇਹ ਆਪਣੇ ਬੱਚਿਆਂ ਨੂੰ ਪਾਲਣ ਵਿੱਚ ਵੀ ਪੂਰਾ ਸਹਿਯੋਗ ਦਿੰਦਾ ਹੈ।

ਚਿੱਟੇ ਕਬੂਤਰਾਂ ਨੂੰ ਚੀਨੇ ਵੀ ਕਿਹਾ ਜਾਂਦਾ ਹੈ।

ਚੀਨੇ ਕਬੂਤਰ ਸਲੇਟੀ ਕਬੂਤਰਾਂ ਨਾਲੋਂ ਵਧੇਰੇ ਸੁੰਦਰ ਮੰਨੇ ਜਾਂਦੇ ਹਨ। ਜਦੋਂ ਕੋਈ ਕੁੜੀ ਕਿਸੇ ਮੁੰਡੇ 'ਤੇ ਮੋਹਿਤ ਹੋ ਜਾਂਦੀ ਹੈ ਤਾਂ ਉਸ ਦੇ ਅੰਦਰ ਉਸ ਨੂੰ ਵਾਰ-ਵਾਰ ਦੇਖਣ ਦੀ ਚਾਹਨਾ ਹੁੰਦੀ ਹੈ, ਪਰ ਸਮਾਜਿਕ ਬੰਧਨਾਂ ਕਾਰਨ ਉਹ ਇੱਕ-ਦੂਜੇ ਨੂੰ ਮਿਲਣ ਤੋਂ ਅਸਮਰੱਥ ਹਨ। ਇਸ ਲਈ ਕਬੂਤਰਾਂ ਦੇ ਅੰਬਰ ਵਿੱਚ ਉਡਾਰੀਆਂ ਲਾਉਣ ਦੀ ਇਸ ਆਜ਼ਾਦੀ ਨੂੰ ਦੇਖ ਕੇ ਪ੍ਰੇਮਿਕਾ ਆਪਣੇ ਪ੍ਰੇਮੀ ਨੂੰ ਮਿਲਣ ਲਈ ਆਪਣੇ ਭਾਵਾਂ ਦਾ ਪ੍ਰਗਟਾਅ ਇੰਜ ਕਰਦੀ ਹੈ।

ਵੇ ਤੂੰ ਬਣ ਕੇ ਕਬੂਤਰ ਚੀਨਾ,<br>
ਘਰ ਸਾਡੇ ਪਾ ਲੈ ਆਲ੍ਹਣਾ।

ਪਹਿਲਾਂ ਬਾਹਰ ਨੌਕਰੀ ਕਰਨ ਵਾਲੇ ਜਵਾਨ ਜਾਂ ਫੌਜੀ ਜਵਾਨ ਆਪਣੀ ਪਤਨੀ/ਘਰਵਾਲੀ ਨੂੰ ਨਾਲ ਨਹੀਂ ਲੈ ਕੇ ਜਾਂਦੇ ਸਨ। ਇਸ ਲਈ ਔਰਤਾਂ ਆਪਣੇ ਪੇਕੇ ਘਰ ਜਾਂ ਸਹੁਰੇ ਘਰ ਹੀ ਰਹਿੰਦੀਆਂ ਸਨ। ਜੇ ਕਿਤੇ ਕਿਸੇ ਨੂੰ ਬਾਹਰ ਜਾਣ ਦਾ ਮੌਕਾ ਮਿਲ ਜਾਂਦਾ ਤਾਂ ਮੁੱਖੜੇ ਉੱਤੇ ਖੇੜਾ ਚਿੱਟੇ ਚਾਨਣ ਵਾਂਗ ਡੁੱਲ੍ਹ-ਡੁੱਲ੍ਹ ਪੈਂਦਾ। ਉਸ ਨੂੰ ਆਪਣੇ ਪਤੀ ਨਾਲ ਜਾਣ ਦੀ ਇੰਨੀ ਖੁਸ਼ੀ ਹੁੰਦੀ ਕਿ ਉਹ ਭੱਜ-ਭੱਜ ਕੇ ਤਿਆਰੀਆਂ ਕਰਦੀ। ਉਸ ਦੇ ਭਾਵ ਆਪ-ਮੁਹਾਰੇ ਮੂੰਹੋਂ ਫੁੱਟਦੇ।

ਚਿੱਟੇ ਕਬੂਤਰਾਂ ਦੀਆਂ ਚਿੱਟੀਆਂ ਵੇ ਅੱਖੀਆਂ,<br>
ਵਿੱਚ ਕਜਲੇ ਦੀ ਧਾਰੀ ਵੇ,<br>
ਸਾਡੀ ਹੋਈ ਸ਼ਿਮਲੇ ਦੀ ਤਿਆਰੀ ਵੇ।

ਪਾਲਤੂ ਕਬੂਤਰਾਂ ਲਈ ਖੁੱਡਾ ਬਣਾਇਆ ਜਾਂਦਾ ਹੈ। ਇਸ ਦੇ ਤਿੰਨ ਪਾਸੇ ਜਾਲੀ ਲੱਗੀ ਹੁੰਦੀ ਹੈ ਤੇ ਦਰਵਾਜ਼ਾ ਵੀ ਜਾਲੀ ਵਾਲਾ ਹੁੰਦਾ ਹੈ।

ਕਈ ਵਾਰ ਕਬੂਤਰ ਛਤਰੀ ਤੋਂ ਉੱਡ ਕੇ ਬਾਗੀ ਵੀ ਹੋ ਜਾਂਦੇ ਹਨ ਤੇ ਉਹ ਆਜ਼ਾਦ ਕਬੂਤਰਾਂ ਨਾਲ ਰਲ ਜਾਂਦੇ ਹਨ। ਇਸ ਤਰ੍ਹਾਂ ਇਕੱਲੀ ਔਰਤਾਂ ਦੀਆਂ ਰੀਝਾਂ ਅਧੂਰੀਆਂ ਰਹਿੰਦੀਆਂ ਹਨ। ਉਹ ਵੀ ਆਪਣੀ ਕਲਪਨਾ ਦਾ ਇਜ਼ਹਾਰ ਇਸ ਤਰ੍ਹਾਂ ਕਰਦੀ ਹੈ।

ਉੱਡਦਾ ਉੱਡਦਾ ਜਾਈਂ ਵੇ ਕਬੂਤਰਾ,<br>
ਸੁਨੇਹਾ ਮੇਰੇ ਢੋਲ ਨੂੰ ਪੁਚਾਈਂ ਵੇ ਕਬੂਤਰਾ।

ਸਮਾਜ ਵਿੱਚ ਤਰ੍ਹਾਂ-ਤਰ੍ਹਾਂ ਦੇ ਲੋਕ ਵਸਦੇ ਹਨ। ਕੁੱਝ ਵਿਆਹੇ ਵਰੇ ਹੋ ਕੇ ਵੀ ਪ੍ਰੇਮ ਦੀਆਂ ਪੀਂਘਾਂ ਚੜ੍ਹ ਲੈਂਦੇ ਹਨ ਤੇ ਚੋਰੀ-ਛੁਪੇ ਮਿਲਦੇ ਹਨ। ਲੋਕਾਂ ਦੇ ਕਹਿਣ ਅਨੁਸਾਰ ਗੱਲ ਤਾਂ ਖੂਹ ਵਿੱਚੋਂ ਵੀ ਬਾਹਰ ਨਿਕਲ ਆਉਂਦੀ ਹੈ। ਇਸ ਸਮਾਜ ਰੂਪੀ ਖੂਹ ਦੀਆਂ ਤਾਂ ਪੱਤਣਾਂ ਵੀ ਸਾਰਾ ਭੇਤ ਕੱਢ ਕੇ ਮੌਣ ਤੱਕ ਪਹੁੰਚਾ ਦਿੰਦੀਆਂ ਹਨ ਤੇ ਚੁਸਤ ਵਿਅਕਤੀ ਤਾਂ ਗੁੱਝੀਆਂ ਰਮਜ਼ਾਂ ਨੂੰ ਵੀ ਸਮਝ ਜਾਂਦੇ ਹਨ। ਇਸ ਤਰ੍ਹਾਂ ਦੀਆਂ ਘਟਨਾਵਾਂ ਅਚਨਚੇਤੀ ਵੀ ਵਾਪਰ ਜਾਂਦੀਆਂ ਹਨ। ਜੇਕਰ ਕੋਈ ਪ੍ਰੇਮੀ ਆਪਣੀ ਪ੍ਰੇਮਿਕਾ ਦੇ ਘਰ ਅੱਗੋਂ ਬੇਧਿਆਨੇ ਲੰਘ ਜਾਵੇ ਤੇ ਉਸ ਦਾ ਪੈਰ ਔਖੜ /ਓਖੜ ਜਾਵੇ ਤਾਂ ਫੇਰ ਦੋਵਾਂ ਦੀ ਖੈਰ ਨਹੀਂ। ਲੜਾਈ-ਝਗੜੇ ਵਾਲੀ ਗੱਲ ਨਹੀਂ, ਪਰ ਲੋਕਾਂ ਦੀ ਸੋਚ ਦੇ ਵਾਰੇ-ਵਾਰੇ ਜਾਈਏ ਜਿਹੜੇ ਲੋਕ ਗੀਤਾਂ ਰਾਹੀਂ ਹੀ ਬਹੁਤ ਕੁੱਝ ਹੱਸਦੇ-ਹੱਸਦੇ ਹੀ ਕਹਿ ਦਿੰਦੇ ਨੇ। ਕਹਿਣ ਵਾਲੇ ਕਹਿ ਦਿੰਦੇ ਨੇ ਤੇ ਸਹਿਣ ਵਾਲੇ ਸਹਿ ਜਾਂਦੇ ਹਨ। ਇਸ ਤਰ੍ਹਾਂ ਜੇਕਰ ਕਿਸੇ ਔਰਤ ਦੇ ਘਰ ਅੱਗੇ ਅਜਿਹੀ ਘਟਨਾ ਘਟਦੀ ਹੈ ਤਾਂ ਫੇਰ ਇਹ ਕਿਹਾ ਜਾਂਦਾ ਹੈ।

"ਖਾ ਗਿਆ ਨੀਂ ਤੇਰੇ ਬਾਰ 'ਗੇ, (ਅੱਗੇ)<br>
ਕਬੂਤਰ ਗਿਰਦੀ ਖਾ ਗਿਆ।"

ਕਬੂਤਰ ਦੇ ਪੈਰ ਸੋਹਣੇ ਹੁੰਦੇ ਹਨ। ਪਾਲਤੂ ਕਬੂਤਰਾਂ ਦੇ ਮਾਲਕ ਆਪਣੇ ਕਬੂਤਰਾਂ ਦੀ ਪਛਾਣ ਲਈ ਉਨ੍ਹਾਂ ਦੇ ਅੱਗੇ ਰੰਗ ਲਾ ਦਿੰਦੇ ਹਨ। ਕਬੂਤਰਾਂ ਨੂੰ ਸ਼ਿੰਗਾਰਨ ਲਈ ਉਨ੍ਹਾਂ ਦੇ ਝਾਂਜਰਾਂ ਪਾਈਆਂ ਜਾਂਦੀਆਂ ਹਨ, ਯਾਨੀ ਪੈਰੀਂ ਘੁੰਗਰੂ ਬੰਨ੍ਹ ਦਿੱਤੇ ਜਾਂਦੇ ਹਨ। ਅਜਿਹੇ ਕਬੂਤਰਾਂ ਨੂੰ ਦੇਖ ਕੇ ਮੁਟਿਆਰ ਦੇ ਅੰਦਰ ਝਾਂਜਰਾਂ ਪਾਉਣ ਦੀ ਇੱਛਾ ਪੈਦਾ ਹੁੰਦੀ ਹੈ। ਉਹ ਵੀ ਖੁਸ਼ੀ ਵਿੱਚ ਅੰਬਰੀਂ ਉਡਾਰੀ ਲਾਉਣਾ ਚਾਹੁੰਦੀ ਹੈ। ਝਾਂਜਰਾਂ ਪਾਉਣਾ ਤੇ ਛਣਕਾਉਣਾ ਸ਼ੌਕੀਨ ਔਰਤਾਂ ਦਾ ਸੁਭਾਅ ਹੈ।

ਇਹ ਝਾਂਜਰਾਂ ਹਾਣ ਦੇ ਗੱਭਰੂਆਂ ਦੇ ਅੰਦਰ ਹਲਚਲ ਮਚਾਉਂਦੀਆਂ ਹਨ। ਸਮਾਜ ਦਾ ਦੋਹਰਾ ਕਿਰਦਾਰ ਉਦੋਂ ਸਾਹਮਣੇ ਆਉਂਦਾ ਹੈ ਜਦੋਂ ਝਾਂਜਰਾਂ ਪਾਉਣ ਵਾਲੀ ਨੂੰ ਝਾਂਜਰਾਂ ਪਾਉਣ ਤੇ ਛਣਕਾਉਣ ਦੀ ਤਾਂ ਖੁੱਲ੍ਹ ਦਿੱਤੀ ਜਾਂਦੀ ਹੈ, ਪਰ ਝਾਂਜਰਾਂ ਵਾਲੀ ਦੇਖਣ ਵਾਲੇ ਗੱਭਰੂ ਨੂੰ ਰੋਕਣਾ ਚਾਹੁੰਦਾ ਹੈ। ਝਾਂਜਰ ਦੇ ਗਹਿਣੇ ਦੀ ਵੀ ਆਲੋਚਨਾ ਕੀਤੀ ਜਾਂਦੀ ਹੈ। ਝਾਂਜਰ ਪਾ ਕੇ ਮੁਟਿਆਰ ਨੂੰ ਵੀ ਆਪਣੇ-ਆਪ 'ਤੇ ਨਾਜ਼ ਹੁੰਦਾ ਹੈ ਤੇ ਦੇਖਣ ਵਾਲਿਆਂ ਨੂੰ ਵੀ ਉਹ ਚੰਗੀ ਲੱਗਦੀ ਹੈ। ਲੋਕ-ਗੀਤਾਂ ਵਿੱਚ ਝਾਂਜਰਾਂ ਵਾਲੀ ਨੂੰ ਗਿੱਧੇ ਵਿੱਚ ਨਚਾਉਣ ਲਈ ਝਾਂਜਰਾਂ ਪਾਈਆਂ ਹੋਣ ਕਾਰਨ ਉਸ ਦੀ ਤੁਲਨਾ ਕਬੂਤਰੀ ਨਾਲ ਕੀਤੀ ਜਾਂਦੀ ਹੈ।

ਅੱਡੀਆਂ ਕੂਚ ਕੇ ਝਾਂਜਰਾਂ ਪਾਈਆਂ,<br>
ਵਿੱਚ ਜੜਾਏ ਮਣਕੇ,<br>
ਉੱਠ ਕਲਬੂਤਰੀਏ<br>
ਨੱਚ ਲੈ ਪਟੋਲਾ ਬਣ ਕੇ।

ਇਸ ਤਰ੍ਹਾਂ ਸਾਡੇ ਸੱਭਿਆਚਾਰ ਵਿੱਚ ਪੰਛੀਆਂ ਨਾਲ ਵੀ ਸਾਂਝ ਬਣੀ ਹੋਈ ਹੈ।

ਮੋਬਾਈਲ-94178-40323

---

## ਬਾਲ ਕੋਨਾ

# "ਚੂਪੇ ਚੂਸੇ ਟੌਫੀਆਂ ਗੋਲੀਆਂ ਤੇ ਖੰਡ ਦੀਆਂ ਬਣੀਆਂ ਭੰਬੀਰੀਆਂ"

ਲੰਘਿਆ ਬਚਪਨ ਦੋਸਤੋ ਬਹੁਤ ਯਾਦ ਆਉਂਦਾ ਰਹਿੰਦਾ ਹੈ। ਆਮ ਕਹਾਵਤ ਹੈ ਕਿ ਬਚਪਨ ਬਾਦਸ਼ਾਹ ਹੁੰਦਾ ਹੈ, ਇਹ ਬਿਲਕੁਲ ਸਚਾਈ ਹੈ ਕਿਉਂਕਿ ਬਚਪਨ ਅਵਸਥਾ ਹੀ ਐਸੀ ਹੁੰਦੀ ਹੈ, ਜਿਸ ਵਿੱਚ ਚੜ੍ਹੀ-ਲੱਥੀ ਦੀ, ਘਾਟੇ-ਵਾਧੇ ਦੀ, ਲੂਣ-ਮਿਰਚ ਮਸਾਲੇ ਹਲਦੀ ਦੀ, ਘਰ ਦੇ ਲੈਣ ਦੇਣ ਦੀ, ਭਾਵ ਕਿਸੇ ਵੀ ਚੀਜ਼ ਦੀ ਕੋਈ ਪ੍ਰਵਾਹ ਨਹੀਂ ਹੁੰਦੀ। ਹੈ ਨਾ ਫਿਰ ਵਾਕਿਆ ਈ ਬਚਪਨ ਬਾਦਸ਼ਾਹ। ਇਕੱਲੀ ਖੇਡ ਹੀ ਪਿਆਰੀ ਹੁੰਦੀ ਆ। ਉਸ ਦਾ ਵੀ ਕੋਈ ਟਾਈਮ ਨਹੀਂ, ਨਾ ਹਨੇਰਾ ਵੇਖਣਾ, ਨਾ ਸਵੇਰਾ, ਬੱਸ ਖੇਡ 'ਚ ਮਗਨ ਰਹਿਣਾ।

ਛੋਟੇ ਹੁੰਦਿਆਂ ਜਦੋਂ ਵੀ ਸਕੂਲੇ ਜਾਣਾ ਤਾਂ ਜੇਕਰ ਘਰੋਂ ਪੰਜ ਪੈਸੇ, ਦਸ ਪੈਸੇ, ਚਵਾਨੀ ਜਾਂ ਅਠਾਨੀ ਮਿਲ ਜਾਣੀ ਤਾਂ ਪੁੱਠੀਆਂ-ਸਿੱਧੀਆਂ ਛਾਲਾਂ ਮਾਰਨੀਆਂ। ਤੇ ਜੇ ਕਿਤੇ ਬਾਪੂ ਨੇ ਭੁੱਲ-ਭੁਲੇਖੇ ਜਾਂ ਫਿਰ ਮਾਂ-ਦਾਦੀ ਤੋਂ ਚੋਰੀ ਇੱਕ ਰੁਪਈਆ ਦੇ ਦੇਣਾ ਤਾਂ ਫਿਰ ਅਸੀਂ ਬਾਦਸ਼ਾਹ ਹੁੰਦੇ ਸੀ। ਨਿਸ਼ਾਨੀ ਵਜੋਂ ਕਿਸੇ ਦੋਸਤ-ਮਿੱਤਰ ਨੂੰ ਟਿੱਚ ਸਮਝਣਾ, ਸਾਰਿਆਂ ਤੋਂ ਦੂਰੀ ਬਣਾ ਕੇ ਰੱਖਣਾ ਅਤੇ ਨਿਵੇਕਲੀ ਈ ਟੌਹਰ ਹੋਣੀ, ਇਸ ਤੋਂ ਸਾਰੇ ਯਾਰ ਬੇਲੀ ਅੰਦਾਜ਼ਾ ਲਾ ਲੈਂਦੇ ਸੀ ਕਿ ਅੱਜ ਇਹਦੀ ਜੇਬ ਦੂਜਿਆਂ ਨਾਲੋਂ ਕੁੱਝ ਭਾਰੀ ਜਾਪਦੀ ਹੈ, ਤਾਂ ਹੀ ਤਾਂ ਇਹ ਕਿਸੇ ਨਾਲ ਰਲਦਾ ਨਹੀਂ। ਕਈ ਵਾਰ ਮੇਰੇ ਵਰਗਾ ਕੋਈ ਤਿੜਕੇ ਕਹਿ ਵੀ ਦਿੰਦਾ ਸੀ ਕਿ ਕੋਈ ਨੀ ਮੈਂ ਵੀ ਵਿਖਾਊਂਗਾ ਕੱਲ੍ਹ ਨੂੰ ਆਪਦੀ ਵੱਖਰੀ ਟੌਹਰ। ਜਦੋਂ ਮੈਂ ਭਾਪੇ ਤੋਂ ਰੁਪਈਆ ਲਿਆਂਦਾ ਨਾ ਫਿਰ ਮੈਂ ਵੀ ਤੁਹਾਨੂੰ ਵਿਖਾ-ਵਿਖਾ ਕੇ ਖਾਵਾਂਗਾ ਚੀਜ਼ੀ।

ਤੇ ਚੀਜ਼ੀ ਕੀ ਹੁੰਦੀ ਸੀ ਓਨਾਂ ਸਮਿਆਂ ਵਿੱਚ, ਫੁੱਲੀਆਂ, ਪਤਾਸੇ, ਸੀਰਨੀ, ਸੰਤਰੇ ਦੀਆਂ ਗੋਲੀਆਂ, ਗਰਮੀ 'ਚ ਬਰਫ ਵਾਲੀਆਂ ਕੁਲਫੀਆਂ ਤੇ ਜਾਂ ਫਿਰ ਸੂਤੀ ਧਾਗੇ ਵਿੱਚ ਪਰੋਈਆਂ ਹੋਈਆਂ ਚੂਸਣੀਆਂ ਜਾਂ ਭੰਬੀਰੀਆਂ, ਜਿਹੜੀਆਂ ਦੋ ਕੰਮ ਦਿੰਦੀਆਂ ਸਨ। ਇੱਕ ਤਾਂ ਧਾਗੇ ਨੂੰ ਵੱਟ ਦੇ ਕੇ ਭੰਬੀਰੀ ਬਣਾ ਕੇ ਘੁਮਾਈ ਜਾਣਾ, ਕਦੇ-ਕਦੇ ਘੁੰਮਦੀ ਭੰਬੀਰੀ ਨੂੰ ਯਾਰ-ਬੇਲੀ ਦੀ ਬਾਂਹ, ਹੱਥ ਜਾਂ ਗੱਲ੍ਹ ਦੇ ਨੇੜੇ ਕਰਕੇ ਤੇਜ਼ੀ ਨਾਲ ਘੁੰਮਾ ਕੇ ਨਾਲ ਲਾ ਦੇਣਾ ਤੇ ਉਸ ਨੇ ਇੱਕ-ਦਮ ਡਰ ਜਾਣਾ। ਅਜੋਕੇ ਸਮਿਆਂ ਵਾਂਗ ਉਦੋਂ ਲੜਾਈਆਂ ਨਹੀਂ ਸਨ ਹੁੰਦੀਆਂ, ਐਵੇਂ ਮਾੜਾ ਜਿਹਾ ਰੋਸਾ ਕਰਨਾ ਤੇ ਅਗਲੇ ਪਲ ਘਿਓ ਖਿਚੜੀ ਜਾਂ ਕਹਿ ਦੇਣਾ ਕੋਈ ਨ੍ਹੀ ਕੱਲ੍ਹ ਨੂੰ ਮੈਂ ਵੀ ਭੰਬੀਰੀ ਲਿਆਊਂ ਤੇ ਤੇਰੇ ਇਵੇਂ ਈ ਲਾਊਂ, ਫਿਰ ਪਤਾ ਲੱਗੂ। ਤੇ ਇਹ ਭੰਬੀਰੀਆਂ ਜਿੰਨਾ ਚਿਰ ਘੁੰਮੀ ਜਾਂਦੀਆਂ, ਖੇਡੀ ਜਾਂਦੇ ਤੇ ਜਦੋਂ ਧਾਗਾ ਘਸ ਕੇ ਟੁੱਟ ਜਾਂਦਾ ਤਾਂ ਫਿਰ ਇਹਨੂੰ ਚੂਸ ਲੈਣਾ ਖਾ ਲੈਣਾ, ਫਿਰ ਇਹ ਚੀਜ਼ੀ ਬਣ ਜਾਂਦੀ ਸੀ।

ਇਸ ਤੋਂ ਬਿਨਾਂ ਕਿਸਮਤ ਪੁੜੀਆਂ ਹੁੰਦੀਆਂ ਸਨ, ਜੋ ਇੱਕ ਕਲੰਡਰ 'ਤੇ ਚਿਪਕਾਈਆਂ ਹੁੰਦੀਆਂ ਸਨ, ਪੰਜ ਪੈਸੇ, ਦਸ ਪੈਸੇ, ਚਵਾਨੀ-ਅਠਾਨੀ ਜਾਂ ਫਿਰ ਰੁਪੱਈਆ ਇਹਦਾ ਰੇਟ ਹੁੰਦਾ ਸੀ, ਜਾਂ ਸਾਡੇ 'ਚੋਂ ਕਈਆਂ ਨੇ ਆਪਣੀ ਕਿਸਮਤ ਅਜ਼ਮਾਉਣ ਲਈ ਉਹ ਪੱਟਣੀਆਂ। ਓਹਦੇ ਵਿੱਚੋਂ ਛਣਕਣੇ, ਨਮਕੀਨ ਗੋਲੀਆਂ ਜਾਂ ਹੋਰ ਕਈ ਕਿਸਮ ਦੇ ਇਹੋ ਜਿਹੇ ਖਿਡਾਉਣੇ ਨਿਕਲਣੇ, ਕਦੇ-ਕਦੇ ਆਪਦੇ ਗਾਹਕ ਬਣਾਈ ਰੱਖਣ ਲਈ ਦੁਕਾਨਦਾਰ ਨੇ ਇੱਕ-ਦੋ ਰੁਪਏ ਵੀ ਦੇ ਦੇਣੇ ਤਾਂ ਕਿ ਇਸੇ ਲਾਲਚ ਵਿੱਚ ਕੱਲ੍ਹ ਨੂੰ ਫਿਰ ਇਹ ਬੱਚੇ ਮੇਰੇ ਗਾਹਕ ਬਣੇ ਰਹਿਣ।

ਸੋ ਦੋਸਤੋ ਇਹ ਬਚਪਨ ਆਪਣੇ ਸਾਰਿਆਂ ਤੋਂ ਹੀ ਲੰਘ ਕੇ ਗਿਆ ਹੈ, ਤੇ ਇਹ ਵੀ ਮੈਨੂੰ ਪੂਰਾ ਯਕੀਨ ਹੈ ਕਿ ਜੋ ਦੋਸਤ-ਮਿੱਤਰ ਇਹੋ ਜਿਹੀਆਂ ਗੱਲਾਂਬਾਤਾਂ ਜਾਂ ਲੇਖ ਪੜ੍ਹਦਾ ਹੈ, ਉਹ ਆਪਣੇ ਇੱਕ ਵਾਰ ਬਚਪਨ ਦੇ ਜ਼ਰੂਰ ਦਰਸ਼ਨ ਕਰ ਲੈਂਦਾ ਹੈ, ਤੇ ਆਪਣੇ ਅਤੀਤ ਵਿੱਚ ਪਹੁੰਚ ਜਾਂਦਾ ਹੈ। ਇਸੇ ਲਈ ਹੀ ਇਹੋ ਜਿਹੀਆਂ ਯਾਦਾਂ ਸਮੇਂ-ਸਮੇਂ 'ਤੇ ਤੁਹਾਡੇ ਨਾਲ ਸਾਂਝੀਆਂ ਕਰ ਲਈਦੀਆਂ ਹਨ ਕਿ ਕਿਤੇ ਆਪਾਂ ਬੀਤੇ ਹੋਏ ਅਤੀਤ ਨੂੰ ਭੁੱਲ ਈ ਨਾ ਜਾਈਏ।

ਨੋਟ : ਬਹੁਤ ਸਾਰਾ ਪੁਰਾਤਨ ਵਿਰਸੇ ਨਾਲ ਸੰਬੰਧਤ ਸਾਡਾ ਅਤੀਤ ਤਸਵਿੰਦਰ ਸਿੰਘ ਬੜੈਚ ਨੇ ਆਪਣੇ ਦਿਵਾਲੇ ਪਿੰਡ (ਖੰਨਾ-ਸਮਰਾਲਾ ਰੋਡ) ਦੇ ਵਿੱਚ ਮਿਊਜ਼ਮ ਬਣਾ ਸੰਭਾਲ ਕੇ ਰੱਖਿਆ ਹੋਇਆ ਹੈ। ਬਹੁਤ ਸਾਰੇ ਵਿਰਸਾ ਪ੍ਰੇਮੀ ਓਥੇ ਪਹੁੰਚ ਕੇ ਵੇਖਦੇ ਹਨ ਤੇ ਤੁਸੀਂ ਵੀ ਸਮਾਂ ਕੱਢ ਕੇ ਜ਼ਰੂਰ ਜਾ ਕੇ ਵੇਖਿਓ।

— ਜਸਵੀਰ ਸ਼ਰਮਾ ਦੱਦਾਹੂਰ

### ਮੀਂਹ ਅਤੇ ਜਾਨਵਰ

ਉੱਡਗੇ ਕਿਧਰੇ ਪੰਖ ਪੰਖੇਰੂ<br>
ਦੇਂਦੇ ਨਹੀਂ ਦਿਖਾਈ<br>
ਲਓ ਵਰਖਾ ਆਈ..<br>
ਤਿਤਲੀ ਦੀ ਜਾਨ ਨੂੰ ਬਣੀਆਂ<br>
ਰੋੜੀਆਂ ਵਾਂਗੂੰ ਵੱਜਣ ਕਣੀਆਂ<br>
ਪੱਤਿਆਂ ਥੱਲੇ ਬੈਠੀ ਜਾਨ ਬਚਾਈ..<br>
ਗਲਿਹਰੀ ਦੀ ਜੁਗਤ ਨਿਆਰੀ<br>
ਵਾਲਾਂ ਨਾਲ ਢੱਕੀ ਪਿੱਠ ਸਾਰੀ<br>
ਪਿੱਠ ਉੱਪਰ ਦੇਖੋ ਪੂਛ ਫੈਲਾਈ...<br>
ਗੰਡੋਇਆਂ ਨੂੰ ਮੌਜਾਂ ਬਣੀਆਂ<br>
ਅੰਮ੍ਰਿਤ ਬਣ ਕੇ ਵਰ੍ਹੀਆਂ ਕਣੀਆਂ<br>
ਖੁੱਡਾਂ ਭਰੀਆਂ ਬਾਹਰ ਦੇਣ ਦਿਖਾਈ...<br>
ਕਣੀਆਂ ਨੇ ਲਾਈ ਫੁਹਾਰ<br>
ਡੱਡੂ ਹੋਏ ਫਿਰਨ ਤਿਆਰ<br>
ਕੱਪੜੇ ਪੀਲੇ ਪੀਲੇ ਫਿਰਦੇ ਪਾਈ....<br>
ਮਸਤੀ ਵਿੱਚ ਹਾਥੀ ਆਇਆ<br>
ਚਿੱਕੜ ਵਿੱਚ ਖੜਦੁੰਬ ਮਚਾਇਆ<br>
ਉੱਪਰ ਕਰਕੇ ਲੱਤਾਂ ਲੋਟਪੋਟਣੀ ਲਾਈ...<br>
ਪੰਛੀ ਉੱਡਦੇ ਨਹੀਂ ਥਿੜਕਦੇ<br>
ਖੰਭਾਂ ਉੱਤੇ ਤੇਲ ਛਿੜਕਦੇ<br>
ਖੰਭਾਂ ਉੱਤੇ ਤੇਲ ਛਿੜਕਦੇ<br>
ਖੰਭ ਤਿਲਕਣੇ ਜਾਣ ਉਡਾਰੀ ਲਾਈ...<br>
ਬਾਂਦਰ ਨੇ ਅਕਲ ਲੜਾਈ<br>
ਟੋਪੀ ਪੱਤੇ ਜੋੜ ਬਣਾਈ<br>
ਟੋਪੀ ਨੇ ਉਸ ਦੀ<br>
ਪਹਿਚਾਣ ਗੰਵਾਈ...<br>
ਇੱਲਾਂ ਹੁੰਦੀਆਂ ਨੇ ਹੁਸ਼ਿਆਰ<br>
ਉੱਡ ਜਾਵਣ ਬੱਦਲਾਂ ਤੋਂ ਪਾਰ<br>
ਕਣੀਆਂ ਨਾਲ ਹੁੰਦੀ ਮਗਜ਼ ਖਪਾਈ...<br>
ਮੱਛਰਾਂ ਨੂੰ ਮਿਲਿਆ ਪਾਣੀ<br>
ਰੌਣਕ ਰੋਗਾਂ ਦੀ ਲੱਗ ਜਾਣੀ<br>
ਓੜਪੋੜ ਕਰਨਾ ਪਊ ਰੱਖੋ ਸਫਾਈ...<br>
ਮੀਂਹ ਖੁਸ਼ੀਆਂ ਲੈ ਆਉਂਦਾ<br>
ਰੋਗਾਂ ਨੂੰ ਸੱਦ ਲਿਆਉਂਦਾ<br>
ਰੋਗੀ ਘਰ ਘਰ ਦਿਸੇ ਦਵਾਈ...<br>
ਮੈਨੂੰ ਮੇਰੀ ਮਾਂ ਘੂਰੇ<br>
ਦੇਖੋ ਕਿਵੇਂ ਦਿਖਾਉਂਦੀ ਹੂਰੇ<br>
ਮੀਂਹ ਵਿੱਚ ਵੜਿਆ ਹੋਊ ਧੁਲਾਈ...<br>
ਲਓ ਵਰਖਾ ਆਈ..

—ਪ੍ਰਿੰ. ਹਰੀ ਕ੍ਰਿਸ਼ਨ ਮਾਇਰ

# ਮੇਰਾ ਸਕੂਲ

ਮੈਂ ਸਰਕਾਰੀ ਸਕੂਲ ਕਾਲਝਰਾਣੀ ਦਾ ਜਾਇਆ,<br>
ਮਾਂ ਬੋਲੀ ਦਾ ਜਿਸ ਨੇ ਪਾਠ ਪੜ੍ਹਾਇਆ।<br>
ਮੇਰੇ ਵਰਗੇ ਕਿੰਨੀਆਂ ਹੀ ਜ਼ਿੰਦਗੀਆਂ ਵਿੱਚ,<br>
ਗਿਆਨ ਦਾ ਦੀਪ ਜਗਾਇਆ।<br>
ਮੈਂ ਸਰਕਾਰੀ ਸਕੂਲ ਕਾਲਝਰਾਣੀ ਦਾ ਜਾਇਆ,<br>
ਮਾਂ ਬੋਲੀ ਦਾ ਜਿਸ ਨੇ ਪਾਠ ਪੜ੍ਹਾਇਆ।

ਪ੍ਰਕਾਸ਼, ਦਵਿੰਦਰ ਸਰ ਕੰਪਿਊਟਰ ਪੜ੍ਹਾਉਂਦੇ,<br>
ਲੈਬ ਦੇ ਵਿੱਚ ਵਰਤ ਸਿਖਾਉਂਦੇ।<br>
ਕੰਪਿਊਟਰ ਦੇ ਇਤਿਹਾਸ 'ਚੋਂ ਗੁਜ਼ਰਦੇ,<br>
ਅਜੋਕੇ ਰੂਪ ਦੇ ਕੰਪਿਊਟਰ ਦਿਖਾਉਂਦੇ।<br>
ਗਿਆਨ ਵਿਗਿਆਨ ਦਾ ਭੰਡਾਰ ਨੇ ਉਹ,<br>
ਸਾਨੂੰ ਤਨਦੇਹੀ ਨਾਲ ਪੜ੍ਹਾਇਆ।<br>
ਮੈਂ ਸਰਕਾਰੀ ਸਕੂਲ ਕਾਲਝਰਾਣੀ ਦਾ ਜਾਇਆ,<br>
ਮਾਂ ਬੋਲੀ ਦਾ ਜਿਸ ਨੇ ਪਾਠ ਪੜ੍ਹਾਇਆ।

ਰੀਨਾ ਮੈਡਮ ਸਾਇੰਸ ਪੜ੍ਹਾਉਂਦੇ,<br>
ਪ੍ਰਯੋਗ ਵੀ ਕਰਕੇ ਦਿਖਾਉਂਦੇ।<br>
ਧਰਤੀ ਦੀ ਉਤਪਤੀ ਤੋਂ ਲੈ ਕੇ,<br>
ਡਾਰਵਿਨ ਦੇ ਸਿਧਾਂਤ ਸਮਝਾਉਂਦੇ।<br>
ਵਿਗਿਆਨ ਦੀਆਂ ਕਾਢਾਂ ਦਾ ਅਸੀਂ,<br>
ਬਹੁਤ ਖੂਬ ਆਨੰਦ ਉਠਾਇਆ।<br>
ਮੈਂ ਸਰਕਾਰੀ ਸਕੂਲ ਕਾਲਝਰਾਣੀ ਦਾ ਜਾਇਆ<br>
ਮਾਂ ਬੋਲੀ ਦਾ ਜਿਸ ਨੇ ਪਾਠ ਪੜ੍ਹਾਇਆ।

ਸਿਮਰ ਮੈਡਮ ਅੰਗਰੇਜ਼ੀ ਪੜ੍ਹਾਉਂਦੇ,<br>
ਉੱਤਰ ਵੀ ਬੋਰਡ 'ਤੇ ਲਿਖਾਉਂਦੇ।<br>
ਗਾਈਡ ਦੀ ਕਦੇ ਨਾ ਵਰਤੋਂ ਕਰਦੇ,<br>
ਸ਼ੈਕਸਪੀਅਰ ਦੀਆਂ ਕਹਾਣੀਆਂ ਸੁਣਾਉਂਦੇ।<br>
ਸਰਕਾਰੀ ਸਕੂਲ ਵੀ ਪੜ੍ਹਨ ਅੰਗਰੇਜ਼ੀ<br>
ਹੇਠਾਂ ਅਧਿਆਪਕਾਂ ਦੀ ਛਤਰ ਛਾਇਆ।<br>
ਮੈਂ ਸਰਕਾਰੀ ਸਕੂਲ ਕਾਲਝਰਾਣੀ ਦਾ ਜਾਇਆ<br>
ਮਾਂ ਬੋਲੀ ਦਾ ਜਿਸ ਨੇ ਪਾਠ ਪੜ੍ਹਾਇਆ।

ਪਰਮਜੀਤ ਮੈਡਮ ਹਿੰਦੀ ਪੜ੍ਹਾਉਂਦੇ,<br>
ਕੈ, ਖੈ ਨਾਲ ਸਿਖਾਉਂਦੇ।<br>
ਕਬੀਰ, ਰਹੀਮ, ਸੂਰਦਾਸ ਤੋਂ ਲੈ ਕੇ,<br>
ਮੁਨਸ਼ੀ ਜੀ ਦੀਆਂ ਕਹਾਣੀਆਂ ਸੁਣਾਉਂਦੇ।<br>
ਉਹਨਾਂ ਦੇ ਹੀ ਪਿਆਰ ਨੇ ਸਾਨੂੰ ਸਿੱਖਿਆ ਦੀਆਂ,<br>
ਪੌੜੀਆਂ 'ਤੇ ਚੜ੍ਹਾਇਆ।<br>
ਮੈਂ ਸਰਕਾਰੀ ਸਕੂਲ ਕਾਲਝਰਾਣੀ ਦਾ ਜਾਇਆ,<br>
ਮਾਂ ਬੋਲੀ ਦਾ ਜਿਸ ਨੇ ਪਾਠ ਪੜ੍ਹਾਇਆ।

ਸਮਾਜਿਕ ਵਿਸ਼ੇ ਦੀ ਗੱਲ ਜਦੋਂ ਚੱਲਦੀ,<br>
ਮਨੋਜ ਸਰ ਦੀ ਯਾਦ ਨਾ ਟਲਦੀ।<br>
ਹਰ ਵਿਸ਼ੇਸ਼ ਨੂੰ ਟਰਿੱਕ ਨਾਲ ਸਮਝਾਉਂਦੇ,<br>
ਉਹਨਾਂ ਦੇ ਸਿਖਾਏ ਫਲਸਫੇ,<br>
ਇਮਤਿਹਾਨਾਂ ਵਿੱਚ ਬੜੇ ਕੰਮ ਨੇ ਆਉਂਦੇ।<br>
ਧੰਨਵਾਦ ਕਰਾਂ ਇਹਨਾਂ ਦਾ ਜਿਹਨਾਂ ਨੇ,<br>
ਕਿੰਨੇ ਹੀ ਗਰੀਬ ਜ਼ਿੰਦਗੀਆਂ ਨੂੰ,<br>
ਪੜ੍ਹਾਈ ਦੇ ਨਾਲ ਰੁਸ਼ਨਾਇਆ।<br>
ਮੈਂ ਸਰਕਾਰੀ ਸਕੂਲ ਕਾਲਝਰਾਣੀ ਦਾ ਜਾਇਆ<br>
ਮਾਂ ਬੋਲੀ ਦਾ ਜਿਸ ਨੇ ਪਾਠ ਪੜ੍ਹਾਇਆ।

— ਰਜਵਿੰਦਰ ਪਾਲ ਸ਼ਰਮਾ

### ਸਮੇਂ ਦੀ ਕਦਰ

ਸਮਾਂ ਇੱਕ ਅਨਮੋਲ ਹੈ ਗਹਿਣਾ,<br>
ਇਸ ਨੇ ਹਮੇਸ਼ਾ ਚੱਲਦੇ ਰਹਿਣਾ।<br>
ਲੰਘ ਕੇ ਕਦੇ ਵਾਪਸ ਨਾ ਆਉਣਾ,<br>
ਪਿੱਛੇ ਰਹਿ ਜਾਂਦਾ ਪਛਤਾਉਣਾ।<br>
ਮੰਜ਼ਿਲ ਤੱਕ ਜੇ ਪਹੁੰਚ ਹੈ ਕਰਨੀ,<br>
ਕਦਰ ਸਮੇਂ ਦੀ ਪੂਰੀ ਕਰਨੀ।<br>
ਸਮੇਂ ਨੂੰ ਜੋ ਬਰਬਾਦ ਨੇ ਕਰਦੇ,<br>
ਜਿੱਤਾਂ ਪ੍ਰਾਪਤ ਕਦੇ ਨਾ ਕਰਦੇ।<br>
ਸਮਾਂ ਅਧਿਆਪਕ ਵਾਂਗ ਸਿਖਾਉਂਦਾ,<br>
ਆਪਣੇ ਪਰਾਏ ਦਾ ਫਰਕ ਸਮਝਾਉਂਦਾ।<br>
ਵਰਤਮਾਨ ਵਿੱਚ ਉਹ ਕਰੋ ਤਿਆਰੀ,<br>
ਭਵਿੱਖ ਲਈ ਜੋ ਹੋਵੇ ਮਿਆਰੀ।<br>
ਸਮਾਂ ਬੜਾ ਬਲਵਾਨ ਵਾਂਗ ਸ਼ਕਤੀ,<br>
ਸਫਲਤਾ ਲਈ ਕਰਨੀ ਪੈਂਦੀ ਭਗਤੀ।<br>
ਘੱਟ ਖਾਧੇ ਅਤੇ ਘੱਟ ਬੋਲੇ ਦਾ ਭੋਰਾ ਡਰ ਨ੍ਹੀ,<br>
'ਸ਼ਰਮਾ' ਸਮੇਂ ਦੀ ਕਦਰ ਹੈ ਕਰਨੀ।

- ਰਜਵਿੰਦਰ ਪਾਲ ਸ਼ਰਮਾ




ਅਰਸ਼ਪ੍ਰੀਤ ਸਿੰਘ, ਛੇਵੀਂ, ਜੀ ਐਮ ਐਸ, ਫਤਿਹਗੜ੍ਹ ਸਾਹਿਬ